ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!

ਚੜ੍ਹਦੀਕਲਾ

ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ

ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ

ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ

ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ

ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ



ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Friday, 18 July, 2025) ਪਟਿਆਲਾ ਸ਼ੁੱਕਰਵਾਰ, 18 ਜੁਲਾਈ, 2025, 3 ਸਾਵਣ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 197 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com


## ਹੁਣ ਤੱਕ 1563 ਭਾਰਤੀ ਨਾਗਰਿਕਾਂ ਨੂੰ ਅਮਰੀਕਾ ਤੋਂ ਦੇਸ਼ ਨਿਕਾਲਾ ਦਿੱਤਾ ਗਿਆ: ਜੈਸਵਾਲ

ਨਵੀਂ ਦਿੱਲੀ, 17 ਜੁਲਾਈ (ਚੜ੍ਹਦੀਕਲਾ ਬਿਊਰੋ): ਹੁਣ ਤੱਕ 1563 ਭਾਰਤੀ ਨਾਗਰਿਕਾਂ ਨੂੰ ਅਮਰੀਕਾ ਤੋਂ ਦੇਸ਼ ਨਿਕਾਲਾ ਦਿੱਤਾ ਗਿਆ। 20 ਜਨਵਰੀ ਤੋਂ 15 ਜੁਲਾਈ ਤੱਕ ਦਾ ਅੰਕੜਾ ਸਾਹਮਣੇ ਆਇਆ ਹੈ। ਜ਼ਿਆਦਾਤਰ ਲੋਕਾਂ ਦੀ ਵਪਾਰਕ ਉਡਾਣਾਂ ਰਾਹੀਂ ਵਾਪਸੀ ਹੋਈ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਵਲੋਂ ਅਮਰੀਕਾ ਤੋਂ ਦੇਸ਼ ਨਿਕਾਲਾ ਬਾਰੇ ਜਾਣਕਾਰੀ ਦਿੱਤੀ ਗਈ ਹੈ।

## ਪੰਜਾਬ ਸਮੇਤ ਦੇਸ਼ ਦੇ ਕਈ ਸੂਬਿਆਂ 'ਚ ਭਾਰੀ ਮੀਂਹ ਦਾ ਅਲਰਟ



**ਚੜ੍ਹਦੀਕਲਾ ਬਿਊਰੋ**

ਨਵੀਂ ਦਿੱਲੀ, 17 ਜੁਲਾਈ : ਦੇਸ਼ ਦੇ ਕਈ ਹਿੱਸਿਆਂ ਵਿੱਚ ਮਾਨਸੂਨ ਨੇ ਦਸਤਕ ਦੇ ਦਿੱਤੀ ਹੈ। ਕੁਝ ਰਾਜਾਂ ਵਿੱਚ ਲਗਾਤਾਰ ਹੋ ਰਹੀ ਮੋਹਲੇਧਾਰ ਬਾਰਿਸ਼ ਕਾਰਨ ਸਥਿਤੀ ਬਹੁਤ ਚਿੰਤਾਜਨਕ ਹੋ ਗਈ ਹੈ। ਮੌਸਮ ਵਿਭਾਗ ਨੇ ਕਈ ਰਾਜਾਂ ਵਿੱਚ ਸੰਤਰੀ ਅਤੇ ਪੀਲੇ ਅਲਰਟ ਜਾਰੀ ਕੀਤੇ ਹਨ। ਨਦੀਆਂ ਦੇ ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਤੋਂ ਉੱਪਰ ਚਲਾ ਗਿਆ ਹੈ ਅਤੇ ਹੜ੍ਹ ਵਰਗੀ ਸਥਿਤੀ ਪੈਦਾ ਹੋ ਗਈ ਹੈ। ਮੌਸਮ ਵਿਭਾਗ ਦੇ ਅਨੁਸਾਰ ਉੱਤਰਾਖੰਡ, ਉੱਤਰ ਪ੍ਰਦੇਸ਼, ਕੇਰਲ ਅਤੇ ਕਰਨਾਟਕ ਵਰਗੇ ਰਾਜਾਂ ਵਿੱਚ ਭਾਰੀ ਬਾਰਿਸ਼ ਲਈ ਸੰਤਰੀ ਅਲਰਟ ਜਾਰੀ ਕੀਤਾ ਗਿਆ ਹੈ। ਅਗਲੇ ਕੁਝ ਦਿਨਾਂ ਤੱਕ ਇਨ੍ਹਾਂ ਰਾਜਾਂ ਵਿੱਚ ਭਾਰੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਇਸ ਨਾਲ ਜਨਜੀਵਨ ਪ੍ਰਭਾਵਿਤ ਹੋ ਸਕਦਾ ਹੈ ਅਤੇ ਜ਼ਮੀਨ ਖਿਸਕਣ ਅਤੇ ਪਾਣੀ ਭਰਨ ਦਾ ਖ਼ਤਰਾ ਹੈ।

ਮੌਸਮ ਵਿਭਾਗ ਨੇ ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਅਤੇ ਦਿੱਲੀ-ਐੱਨਸੀਆਰ ਵਿੱਚ ਯੈਲੋ ਅਲਰਟ ਐਲਾਨਿਆ ਹੈ। ਇਸਦਾ ਮਤਲਬ ਹੈ ਕਿ ਇੱਥੇ ਵੀ ਮੌਸਮ ਵਿਗੜ ਸਕਦਾ ਹੈ। ਦਿੱਲੀ-ਐੱਨਸੀਆਰ ਵਿੱਚ ਰੁਕ-ਰੁਕ ਕੇ ਹੋ ਰਹੀ ਬਾਰਿਸ਼ ਕਾਰਨ ਸੜਕਾਂ 'ਤੇ ਪਾਣੀ ਭਰ ਗਿਆ ਹੈ ਅਤੇ ਆਵਾਜਾਈ ਦੀਆਂ ਸਮੱਸਿਆਵਾਂ ਵਧ ਗਈਆਂ ਹਨ। ਪੱਛਮੀ ਬੰਗਾਲ ਦੇ ਪੱਛਮੀ ਮੇਦਿਨੀਪੁਰ ਜ਼ਿਲ੍ਹੇ ਵਿੱਚ ਭਾਰੀ ਮੀਂਹ ਅਤੇ ਹੜ੍ਹਾਂ ਨੇ ਤਬਾਹੀ ਮਚਾ ਦਿੱਤੀ ਹੈ। ਇੱਥੇ ਹੜ੍ਹਾਂ ਨਾਲ ਲਗਭਗ 2 ਲੱਖ ਲੋਕ ਪ੍ਰਭਾਵਿਤ ਹੋਏ ਹਨ ਅਤੇ ਸੈਂਕੜੇ ਏਕੜ ਖੇਤੀਯੋਗ ਜ਼ਮੀਨ ਡੁੱਬ ਗਈ ਹੈ। ਨਦੀ ਦਾ ਪਾਣੀ ਰਿਹਾਇਸ਼ੀ ਇਲਾਕਿਆਂ ਵਿੱਚ ਦਾਖਲ ਹੋ ਗਿਆ ਹੈ, ਜਿਸ ਕਾਰਨ ਲੋਕ ਸੁਰੱਖਿਅਤ ਥਾਵਾਂ 'ਤੇ ਜਾ ਰਹੇ ਹਨ।ਬਿਹਾਰ ਵਿੱਚ ਲਗਾਤਾਰ ਹੋ ਰਹੀ ਬਾਰਿਸ਼ ਕਾਰਨ ਫਲਗੂ ਨਦੀ ਅਤੇ ਮੁਹਾਣੇ ਨਦੀ ਖ਼ਤਰੇ ਦੇ ਨਿਸ਼ਾਨ ਤੋਂ ਉੱਪਰ ਵਹਿ ਰਹੀਆਂ ਹਨ। ਬੋਧਗਯਾ ਦੇ ਕਈ ਪਿੰਡਾਂ ਵਿੱਚ ਪਾਣੀ ਦਾਖ਼ਲ ਹੋ ਗਿਆ ਹੈ ਅਤੇ ਸੈਂਕੜੇ ਘਰ ਡੁੱਬ ਗਏ ਹਨ। ਸਥਿਤੀ ਨੂੰ ਗੰਭੀਰ ਹੁੰਦੇ ਦੇਖ ਕੇ ਐੱਸਡੀਆਰਐੱਫ ਦੀ ਟੀਮ ਨੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ ਹਨ ਅਤੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਲਿਜਾਇਆ ਜਾ ਰਿਹਾ ਹੈ।

ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ਅਤੇ ਵਾਰਾਣਸੀ ਵਰਗੇ ਸ਼ਹਿਰਾਂ ਵਿੱਚ ਗੰਗਾ ਅਤੇ ਯਮੁਨਾ ਦੇ ਪਾਣੀ ਦਾ ਪੱਧਰ ਲਗਾਤਾਰ ਵੱਧ ਰਿਹਾ ਹੈ। ਪ੍ਰਯਾਗਰਾਜ ਦੇ 15 ਤੋਂ ਵੱਧ ਇਲਾਕੇ ਡੁੱਬ ਗਏ ਹਨ (ਬਾਕੀ ਸਫਾ 2 'ਤੇ)

### ਉੱਚ ਪੱਧਰੀ ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਵੱਲੋਂ ਨਵੇਂ ਹੁਕਮ ਜਾਰੀ

## ਸੂਬੇ 'ਚ ਸੁਰੱਖਿਅਤ ਮਾਹੌਲ ਬਣਾਈ ਰੱਖਣ ਲਈ ਪੂਰੇ ਇੰਤਜ਼ਾਮ ਕੀਤੇ ਜਾਣ: ਮਾਨ

### 'ਸੂਬੇ ਦੀ ਕਾਨੂੰਨ ਵਿਵਸਥਾ ਦੀ ਸਥਿਤੀ ਬਾਰੇ ਦਿੱਤੀ ਜਾਵੇ ਜਲਦ ਰਿਪੋਰਟ'



**ਚੜ੍ਹਦੀਕਲਾ ਬਿਊਰੋ**

ਚੰਡੀਗੜ੍ਹ, 17 ਜੁਲਾਈ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਵਿੱਚ ਕਾਨੂੰਨ ਵਿਵਸਥਾ ਦੇ ਮੁੱਦੇ 'ਤੇ ਪੁਲਿਸ ਅਧਿਕਾਰੀਆਂ ਨਾਲ ਉੱਚ ਪੱਧਰੀ ਮੀਟਿੰਗ ਕੀਤੀ। ਇਹ ਮੀਟਿੰਗ ਚੰਡੀਗੜ੍ਹ ਸਥਿਤ ਉਨ੍ਹਾਂ ਦੀ ਰਿਹਾਇਸ਼ 'ਤੇ ਹੋਈ। ਇਸ ਵਿੱਚ ਡੀ.ਜੀ.ਪੀ. ਗੌਰਵ ਯਾਦਵ ਅਤੇ ਹੋਰ ਸੀਨੀਅਰ ਪੁਲਿਸ ਅਧਿਕਾਰੀ ਮੌਜੂਦ ਸਨ। ਮੁੱਖ ਮੰਤਰੀ ਨੇ ਅਧਿਕਾਰੀਆਂ ਤੋਂ ਸੂਬੇ ਵਿੱਚ ਮੌਜੂਦਾ ਕਾਨੂੰਨ ਵਿਵਸਥਾ ਦੀ ਸਥਿਤੀ ਬਾਰੇ ਰਿਪੋਰਟ ਮੰਗੀ ਹੈ। ਮੁੱਖ ਮੰਤਰੀ ਨੇ ਹੁਕਮ ਦਿੱਤੇ ਹਨ ਕਿ ਸੂਬੇ ਵਿੱਚ ਸੁਰੱਖਿਅਤ ਮਾਹੌਲ ਬਣਾਈ ਰੱਖਣ ਲਈ ਪੂਰੇ ਪ੍ਰਬੰਧ ਕੀਤੇ ਜਾਣ। ਲੋਕਾਂ ਦਾ ਦਿਲ ਜਿੱਤਣ ਦੀ ਕੋਸ਼ਿਸ਼ ਵੀ ਕੀਤੀ ਜਾਵੇ। ਮੁੱਖ ਮੰਤਰੀ ਭਗਵੰਤ ਮਾਨ ਨੇ ਇਹ ਮੀਟਿੰਗ ਅਜਿਹੇ ਸਮੇਂ ਬੁਲਾਈ ਸੀ ਜਦੋਂ ਵਿਰੋਧੀ ਧਿਰ ਕਾਨੂੰਨ ਵਿਵਸਥਾ ਦੇ ਮੁੱਦੇ 'ਤੇ ਸਰਕਾਰ ਨੂੰ ਲਗਾਤਾਰ ਘੇਰ ਰਹੀ ਹੈ। ਵਿਰੋਧੀ ਧਿਰ ਨੇ ਵੀ ਵਿਸ਼ੇਸ਼ ਸੈਸ਼ਨ ਵਿੱਚ ਇਹ ਮੁੱਦਾ ਉਠਾਇਆ ਸੀ। ਅਜਿਹੀ ਸਥਿਤੀ ਵਿੱਚ ਮੁੱਖ ਮੰਤਰੀ ਹੁਣ ਇਸ ਮਾਮਲੇ 'ਤੇ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਕਰਨ ਦੇ ਮੂਡ ਵਿੱਚ ਨਹੀਂ ਹਨ। ਇਸ ਮੀਟਿੰਗ ਵਿੱਚ ਅੱਠ ਨਵੇਂ ਤਰੱਕੀ ਪ੍ਰਾਪਤ ਵਿਸ਼ੇਸ਼ ਡੀ.ਜੀ.ਪੀ. ਵੀ ਮੌਜੂਦ ਸਨ। ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਹੈ ਕਿ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ। ਸਾਰੇ ਜ਼ਿੰਮੇਵਾਰ ਲੋਕਾਂ ਨੂੰ ਇਸ ਪ੍ਰਤੀ ਸੁਚੇਤ ਰਹਿਣ ਲਈ ਕਿਹਾ ਗਿਆ ਹੈ। (ਬਾਕੀ ਸਫਾ 2 'ਤੇ)

### ਸ੍ਰੀ ਦਰਬਾਰ ਸਾਹਿਬ ਨੂੰ ਨੁਕਸਾਨ ਪਹੁੰਚਾਉਣ ਬਾਰੇ ਆਈ ਧਮਕੀ ਦਾ ਮਾਮਲਾ

## ਮੁੱਖ ਮੰਤਰੀ ਸੁਰੱਖਿਆ ਏਜੰਸੀਆਂ ਨਾਲ ਰੱਖ ਰਹੇ ਹਨ ਲਗਾਤਾਰ ਸੰਪਰਕ: ਨਿੱਜਰ



**ਬਬਲੂ ਮਹਾਜਨ**

ਅੰਮ੍ਰਿਤਸਰ, 17 ਜੁਲਾਈ : ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਨੁਕਸਾਨ ਪਹੁੰਚਾਉਣ ਬਾਰੇ ਈਮੇਲ ਉੱਤੇ ਆਈ ਧਮਕੀ ਤੋਂ ਬਾਅਦ ਪੁਲਿਸ ਪ੍ਰਸ਼ਾਸਨ ਲਗਾਤਾਰ ਸੁਰੱਖਿਆ ਪ੍ਰਬੰਧਾਂ ਦੇ ਨਾਲ-ਨਾਲ ਦੋਸ਼ੀ ਵਿਅਕਤੀ ਦੀ ਭਾਲ ਵਿੱਚ ਸਰਗਰਮ ਹੈ ਅਤੇ ਛੇਤੀ ਹੀ ਦੋਸ਼ੀ ਫੜ ਲਏ ਜਾਣਗੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕ ਡਾਕਟਰ ਇੰਦਰਬੀਰ ਸਿੰਘ ਨਿੱਜਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ.ਭਗਵੰਤ ਸਿੰਘ ਮਾਨ ਲਗਾਤਾਰ ਸੁਰੱਖਿਆ ਏਜੰਸੀਆਂ ਤੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਸੰਪਰਕ ਰੱਖ ਰਹੇ ਹਨ ਅਤੇ ਅਸੀਂ (ਬਾਕੀ ਸਫਾ 2 'ਤੇ)

### ਪੰਜਾਬ 'ਚ ਵੱਡਾ ਪ੍ਰਸ਼ਾਸਨਿਕ ਫੇਰਬਦਲ

## 9 ਆਈ.ਏ.ਐਸ.-ਪੀ.ਸੀ.ਐਸ. ਅਧਿਕਾਰੀ ਇਧਰੋਂ-ਉਧਰ

**ਚੜ੍ਹਦੀਕਲਾ ਬਿਊਰੋ**

ਚੰਡੀਗੜ੍ਹ, 17 ਜੁਲਾਈ :ਪੰਜਾਬ ਸਰਕਾਰ ਨੇ ਵੀਰਵਾਰ ਨੂੰ ਕਈ ਜ਼ਿਲ੍ਹਿਆਂ ਅਤੇ ਵਿਭਾਗਾਂ ਵਿੱਚ ਕੰਮ ਕਰ ਰਹੇ ਆਈ.ਏ.ਐਸ.ਅਤੇ ਪੀ.ਸੀ.ਐਸ. ਅਧਿਕਾਰੀਆਂ ਦੇ ਤਬਾਦਲੇ ਕਰ ਦਿੱਤੇ ਹਨ। ਸਰਕਾਰ ਵੱਲੋਂ




ਜਾਰੀ ਹੁਕਮਾਂ ਮੁਤਾਬਕ 9 ਸੀਨੀਅਰ ਅਧਿਕਾਰੀਆਂ ਨੂੰ ਤੁਰੰਤ ਪ੍ਰਭਾਵ ਨਾਲ ਨਵੀਆਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ। ਇਸ ਤਬਦੀਲੀ ਦਾ ਉਦੇਸ਼ ਪ੍ਰਸ਼ਾਸਕੀ ਪ੍ਰਣਾਲੀ ਨੂੰ ਹੋਰ ਮਜ਼ਬੂਤ, ਪ੍ਰਭਾਵਸ਼ਾਲੀ ਅਤੇ ਜਵਾਬਦੇਹ ਬਣਾਉਣਾ ਹੈ। ਅਰਵਿੰਦ ਕੁਮਾਰ ਐਮ.ਕੇ. (ਆਈ.ਏ.ਐਸ.) ਨੂੰ ਹੁਣ ਸਕੂਲ ਸਿੱਖਿਆ ਵਿਭਾਗ ਵਿੱਚ ਵਿਸ਼ੇਸ਼ ਸਕੱਤਰ ਅਤੇ ਡਾਇਰੈਕਟਰ ਜਨਰਲ, ਸਕੂਲ ਸਿੱਖਿਆ ਦੇ ਨਾਲ-ਨਾਲ ਡਾਇਰੈਕਟਰ, ਖਜ਼ਾਨਾ ਅਤੇ ਲੇਖਾ ਦਾ ਚਾਰਜ ਦਿੱਤਾ ਗਿਆ ਹੈ। ਗਿਰੀਸ਼ ਦਿਆਲਨ (ਆਈ.ਏ.ਐਸ.) ਨੂੰ ਹੁਣ ਰਜਿਸਟਰਾਰ, ਸਹਿਕਾਰੀ ਸਭਾਵਾਂ ਬਣਾਇਆ ਗਿਆ ਹੈ। ਉਹ ਪਹਿਲਾਂ ਸਕੂਲ ਸਿੱਖਿਆ ਅਤੇ ਉੱਚ ਸਿੱਖਿਆ ਵਿਭਾਗ ਵਿੱਚ ਡਾਇਰੈਕਟਰ ਜਨਰਲ ਸਨ। ਹਰਪ੍ਰੀਤ ਸਿੰਘ ਸੂਦਨ (ਆਈ.ਏ.ਐਸ.) ਨੂੰ ਵਿਸ਼ੇਸ਼ ਸਕੱਤਰ (ਮਾਲੀਆ) ਦੇ ਨਾਲ-ਨਾਲ ਖੇਡ ਅਤੇ ਯੁਵਾ ਸੇਵਾਵਾਂ ਵਿਭਾਗ ਦੇ ਡਾਇਰੈਕਟਰ ਅਤੇ (ਬਾਕੀ ਸਫਾ 2 'ਤੇ)

## ਪੰਜਾਬ ਪ੍ਰਦੂਸ਼ਨ ਰੋਕਥਾਮ ਬੋਰਡ ਵੱਲੋਂ ਰੋਪੜ ਥਰਮਲ ਪਲਾਂਟ 'ਤੇ 5 ਕਰੋੜ ਦਾ ਜੁਰਮਾਨਾ

ਚੰਡੀਗੜ੍ਹ, 17 ਜੁਲਾਈ (ਚੜ੍ਹਦੀਕਲਾ ਬਿਊਰੋ) : ਪੰਜਾਬ ਪ੍ਰਦੂਸ਼ਨ ਰੋਕਥਾਮ ਬੋਰਡ (ਪੀ.ਪੀ.ਸੀ.ਬੀ.) ਨੇ ਰੋਪੜ ਥਰਮਲ ਪਲਾਂਟ 'ਤੇ 5 ਕਰੋੜ ਰੁਪਏ ਦਾ ਜੁਰਮਾਨਾ ਲਗਾਇਆ ਹੈ। ਥਰਮਲ ਪਲਾਂਟ ਉੱਤੇ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਦੇ ਦੋਸ਼ ਲੱਗੇ ਸਨ। ਸ਼ਿਕਾਇਕਰਤਾਵਾਂ ਨੇ ਦੋਸ਼ ਲਾਇਆ ਸੀ ਥਰਮਲ ਪਲਾਂਟ ਦੀ ਸੁਆਹ ਉੱਡ-ਉੱਡ ਕੇ ਉਨ੍ਹਾਂ ਦੇ ਘਰਾਂ ਤੇ ਫ਼ਸਲਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ। ਇਸ ਤੋਂ ਬਾਅਦ ਅਧਿਕਾਰੀਆਂ ਨੇ ਜਾਇਜ਼ਾ ਲਿਆ ਤੇ ਸ਼ਿਕਾਇਤ ਨੂੰ ਠੀਕ ਪਾਇਆ ਗਿਆ। ਪੀ.ਪੀ.ਸੀ.ਬੀ. ਨੇ ਰੋਪੜ ਥਰਮਲ ਪਲਾਂਟ ਨੂੰ 15 ਦਿਨਾਂ ਦੇ ਅੰਦਰ 5 ਕਰੋੜ ਰੁਪਏ ਜਮ੍ਹਾਂ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ। ਪ੍ਰਦੂਸ਼ਨ ਰੋਕਥਾਮ ਬੋਰਡ ਨੇ ਰੋਪੜ ਥਰਮਲ ਪਲਾਂਟ (ਬਾਕੀ ਸਫਾ 2 'ਤੇ)

## ਸੀ.ਬੀ.ਆਈ. ਨੇ 5 ਸਾਲਾਂ 'ਚ ਵਿਦੇਸ਼ ਤੋਂ 134 ਭਗੌੜਿਆਂ ਨੂੰ ਵਾਪਸ ਲਿਆਉਣ ਵਿੱਚ ਮਦਦ ਕੀਤੀ: ਅਧਿਕਾਰੀ

**ਚੜ੍ਹਦੀਕਲਾ ਬਿਊਰੋ**




ਨਵੀਂ ਦਿੱਲੀ, 17 ਜੁਲਾਈ :ਅਧਿਕਾਰੀਆਂ ਨੇ ਦੱਸਿਆ ਕਿ ਸੀਬੀਆਈ ਨੇ ਪਿਛਲੇ ਪੰਜ ਸਾਲਾਂ ਵਿੱਚ ਵਿਦੇਸ਼ਾਂ ਤੋਂ 134 ਭਗੌੜਿਆਂ ਨੂੰ ਵਾਪਸ ਲਿਆਉਣ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ, ਜੋ 2010 ਤੋਂ 2019 ਦੇ ਪੂਰੇ ਦਹਾਕੇ ਦੌਰਾਨ ਵਾਪਸ ਲਿਆਂਦੇ ਗਏ ਵਿਅਕਤੀਆਂ ਦੀ ਗਿਣਤੀ ਤੋਂ ਲਗਭਗ ਦੁੱਗਣੀ ਹੈ।

ਇੰਟਰਪੋਲ ਦੇ ਨਾਲ-ਨਾਲ ਰਾਜ ਅਤੇ ਕੇਂਦਰੀ ਲਾਗੂਕਰਨ ਏਜੰਸੀਆਂ ਨਾਲ ਨਜ਼ਦੀਕੀ ਤਾਲਮੇਲ ਕਰਦੇ ਹੋਏ, ਸੀਬੀਆਈ 2020 ਤੋਂ ਇਨ੍ਹਾਂ 134 ਭਗੌੜਿਆਂ ਦੀ ਹਵਾਲਗੀ ਜਾਂ ਦੇਸ਼ ਨਿਕਾਲਾ ਸੁਰੱਖਿਅਤ ਕਰਨ ਵਿੱਚ ਕਾਮਯਾਬ ਰਹੀ ਹੈ। ਇਨ੍ਹਾਂ ਵਿੱਚੋਂ ਇਸ ਸਾਲ ਦੌਰਾਨ 23 ਭਗੋੜਿਆਂ ਨੂੰ ਵਾਪਸ ਲਿਆਂਦਾ ਗਿਆ ਹੈ।ਪਿਛਲੇ ਅੰਕੜਿਆਂ ਅਨੁਸਾਰ 2010 ਤੋਂ 2019 ਦੇ ਦਹਾਕੇ ਦੌਰਾਨ ਸਿਰਫ 74 ਭਗੌੜਿਆਂ ਨੂੰ ਵਾਪਸ ਲਿਆਂਦਾ ਗਿਆ ਸੀ। ਅਧਿਕਾਰੀਆਂ ਨੇ ਕਿਹਾ ਕਿ ਸਫਲਤਾ ਦਰ ਵਿੱਚ ਵਾਧੇ ਦਾ ਕਾਰਨ ਸਰਕਾਰ ਵੱਲੋਂ ਵਧਾਈਆਂ ਗਈਆਂ ਕੂਟਨੀਤਕ ਗਤੀਵਿਧੀਆਂ, ਵੀ.ਵੀ.ਆਈ.ਪੀ. ਦੌਰਿਆਂ ਰਾਹੀਂ ਭਾਰਤ ਦੀ ਪਹੁੰਚ, ਦੁਵੱਲੇ ਸਬੰਧਾਂ, ਤਕਨੀਕੀ ਤਰੱਕੀ, ਅਤੇ ਇੰਟਰਪੋਲ ਨਾਲ ਬਿਹਤਰ ਤਾਲਮੇਲ ਨੂੰ ਮੰਨਿਆ ਜਾ ਸਕਦਾ ਹੈ।

ਹਵਾਲਗੀ ਦੀ ਪ੍ਰਕਿਰਿਆ ਦੇ ਤਿੰਨ ਪੜਾਅ ਹਨ। ਇੰਟਰਪੋਲ ਵੱਲੋਂ ਇੱਕ ਰੈੱਡ ਨੋਟਿਸ ਜਾਰੀ ਕਰਨਾ, ਭਗੌੜੇ ਦਾ ਭੂ-ਸਥਾਨ, ਅਤੇ ਤੀਜਾ, ਕਾਨੂੰਨੀ ਅਤੇ ਕੂਟਨੀਤਕ ਕਾਰਵਾਈਆਂ ਤੋਂ ਬਾਅਦ ਹਵਾਲਗੀ, ਇਹ ਸਾਰੀਆਂ ਸਮਾਂ ਲੈਣ ਵਾਲੀਆਂ ਪ੍ਰਕਿਰਿਆਵਾਂ ਹਨ।

ਇੰਟਰਪੋਲ ਨੇ ਰੈੱਡ ਨੋਟਿਸ ਜਾਰੀ ਕਰਨ ਲਈ ਲੱਗਦੇ ਸਮੇਂ ਨੂੰ ਘਟਾਉਣ ਲਈ ਸੀਬੀਆਈ ਨੇ ਜਨਵਰੀ ਵਿੱਚ ਆਪਣਾ ਡਿਜੀਟਲ ਪੋਰਟਲ ਭਾਰਤਪੋਲ ਲਾਂਚ ਕੀਤਾ ਹੈ। ਇਹ ਪੋਰਟਲ ਦੇਸ਼ ਵਿੱਚ ਲੋੜੀਂਦੇ ਭਗੌੜੇ ਬਾਰੇ ਸਾਰੇ 195 ਦੇਸ਼ਾਂ ਨੂੰ ਸੁਚੇਤ ਕਰਦਾ ਹੈ। ਏਜੰਸੀ ਵੱਲੋਂ ਅੰਦਰੂਨੀ ਤੌਰ 'ਤੇ ਵਿਕਸਤ (ਬਾਕੀ ਸਫਾ 2 'ਤੇ)

## ਮਜੀਠੀਆ ਦੀ ਪਟੀਸ਼ਨ 'ਤੇ ਸਰਕਾਰ ਵੱਲੋਂ ਮੋਹਾਲੀ ਅਦਾਲਤ ਵਿੱਚ ਜਵਾਬ ਦਾਖ਼ਲ

### 'ਜੇਲ੍ਹ 'ਚ ਮਜੀਠੀਆ ਦੀ ਸੁਰੱਖਿਆ ਦੇ ਨੇ ਪੁਖ਼ਤਾ ਪ੍ਰਬੰਧ'

**ਚੜ੍ਹਦੀਕਲਾ ਬਿਊਰੋ**



ਮੋਹਾਲੀ, 17 ਜੁਲਾਈ : ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਸੀਨੀਅਰ ਅਕਾਲੀ ਦਲ ਦੇ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਨਵੀਂ ਨਾਭਾ ਜੇਲ੍ਹ ਵਿੱਚ ਆਪਣੀ ਬੈਰਕ ਬਦਲਣ ਲਈ ਮੋਹਾਲੀ ਅਦਾਲਤ ਵਿੱਚ ਪਟੀਸ਼ਨ ਦਾਇਰ ਕੀਤੀ ਹੈ। ਇਸ ਮਾਮਲੇ ਦੀ ਸੁਣਵਾਈ ਅੱਜ 17 ਜੁਲਾਈ ਨੂੰ ਅਦਾਲਤ ਵਿੱਚ ਹੋਈ ਸੀ। ਪਰ ਸਰਕਾਰ ਨੇ ਜਵਾਬ ਦਾਇਰ ਨਹੀਂ ਕੀਤਾ। ਹੁਣ ਇਸ ਮਾਮਲੇ ਦੀ ਸੁਣਵਾਈ 22 ਜੁਲਾਈ ਨੂੰ ਹੋਵੇਗੀ। ਉਨ੍ਹਾਂ ਦੀ ਜ਼ਮਾਨਤ ਪਟੀਸ਼ਨ ਵੀ ਉਸੇ ਦਿਨ ਵਿਚਾਰ ਅਧੀਨ ਹੈ।ਅੱਜ ਦੀ ਸੁਣਵਾਈ ਤਿੰਨ ਮੁੱਖ ਨੁਕਤਿਆਂ 'ਤੇ ਸੀ 1. ਸਰਕਾਰੀ ਵਕੀਲ ਪ੍ਰੀਤ ਇੰਦਰ ਪਾਲ ਸਿੰਘ ਨੇ ਕਿਹਾ ਕਿ ਮਜੀਠੀਆ ਨੇ ਅੱਜ ਵੱਖ-ਵੱਖ ਮੁੱਦਿਆਂ 'ਤੇ ਅਰਜ਼ੀਆਂ ਦਾਇਰ ਕੀਤੀਆਂ ਸਨ। ਬੈਰਕ ਤਬਦੀਲੀ ਅਤੇ ਗ੍ਰਿਫ਼ਤਾਰੀ ਦਾ ਆਧਾਰ ਮੁੱਖ ਮੁੱਦੇ ਸਨ। ਅਸੀਂ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਨੂੰ ਗ੍ਰਿਫ਼ਤਾਰੀ ਦਾ ਆਧਾਰ ਪਹਿਲਾਂ ਹੀ ਮਿਲ ਗਿਆ ਹੈ। ਸਮਾਂ (ਬਾਕੀ ਸਫਾ 2 'ਤੇ)

## ਭੂਚਾਲ ਨਾਲ ਮੁੜ ਕੰਬਿਆ ਮਿਆਂਮਾਰ

ਯੰਗੂਨ, 17 ਜੁਲਾਈ (ਚੜ੍ਹਦੀਕਲਾ ਬਿਊਰੋ) : 7.7 ਤੀਬਰਤਾ ਦੇ ਭੂਚਾਲ ਕਾਰਨ ਮਾਰਚ ਮਹੀਨੇ ਮਿਆਂਮਾਰ 'ਚ ਭਾਰੀ ਤਬਾਹੀ ਮਚੀ ਸੀ, ਜਿਸ ਨੂੰ ਹਾਲੇ ਲੋਕ ਭੁੱਲ ਨਹੀਂ ਸਕੇ ਕਿ ਇਸੇ ਦੌਰਾਨ ਹੁਣ ਇਕ ਵਾਰ ਫ਼ਿਰ ਤੋਂ ਮਿਆਂਮਾਰ ਤੋਂ ਵੱਡੀ ਖ਼ਬਰ ਸਾਹਮਣੇ ਆਈ ਹੈ, ਜਿੱਥੇ ਅੱਜ ਭਾਰਤੀ ਸਮੇਂ ਮੁਤਾਬਕ ਦੁਪਹਿਰ ਕਰੀਬ 1.24 ਵਜੇ 4.7 ਤੀਬਰਤਾ ਦਾ ਭੂਚਾਲ ਆ ਗਿਆ। ਨੈਸ਼ਨਲ ਸੈਂਟਰ ਫਾਰ ਸੀਸਮੋਲੌਜੀ ਤੋਂ ਮਿਲੀ ਜਾਣਕਾਰੀ ਮੁਤਾਬਕ ਭੂਚਾਲ ਦੀ ਤੀਬਰਤਾ 4.7 ਰਹੀ ਤੇ ਇਸ ਦੀ ਡੂੰਘਾਈ ਧਰਤੀ ਦੀ ਸਤ੍ਹਾ ਤੋਂ 80 ਕਿਲੋਮੀਟਰ ਹੇਠਾਂ ਰਹੀ। ਮਿਆਂਮਾਰ ਤੋਂ ਇਲਾਵਾ ਭਾਰਤ ਦੇ ਮਨੀਪੁਰ ਸੂਬੇ 'ਚ ਵੀ ਇਸ ਦੇ ਝਟਕੇ ਮਹਿਸੂਸ ਹੋਏ। ਫਿਲਹਾਲ ਇਸ ਭੂਚਾਲ ਕਾਰਨ ਕਿਸੇ ਤਰ੍ਹਾਂ ਦੇ ਜਾਨੀ-ਮਾਲੀ ਨੁਕਸਾਨ ਦੀ ਜਾਣਕਾਰੀ ਨਹੀਂ ਹੈ। ਜ਼ਿਕਰਯੋਗ ਹੈ ਕਿ 28 ਮਾਰਚ ਨੂੰ ਮਿਆਂਮਾਰ 'ਚ 7.7 ਤੀਬਰਤਾ ਦਾ ਸ਼ਕਤੀਸ਼ਾਲੀ ਭੂਚਾਲ (ਬਾਕੀ ਸਫਾ 2 'ਤੇ)

## ਕਾਂਗਰਸ ਨੇ ਮਨਰੇਗਾ ਦੇ ਸੰਚਾਲਨ ਨਾਲ ਜੁੜੀਆਂ ਖਾਮੀਆਂ 'ਤੇ ਕੇਂਦਰ ਨੂੰ ਘੇਰਦਿਆਂ ਐਨ.ਐਮ.ਐਮ.ਐਸ.ਐਪ ਦੀ ਕੀਤੀ ਆਲੋਚਨਾ

### 'ਅਵਿਵਹਾਰਕ' ਅਤੇ 'ਘਿਣਾਉਣੇ' ਮਾਡਲ ਨੂੰ ਤੁਰੰਤ ਵਾਪਸ ਲੈਣ ਦੀ ਕੀਤੀ ਮੰਗ

**ਚੜ੍ਹਦੀਕਲਾ ਬਿਊਰੋ**



ਨਵੀਂ ਦਿੱਲੀ, 17 ਜੁਲਾਈ :ਕਾਂਗਰਸ ਨੇ ਮਨਰੇਗਾ ਅਧੀਨ ਹਾਜ਼ਰੀ ਅਤੇ ਕੰਮਾਂ ਦੀ ਡਿਜੀਟਲ ਤਸਦੀਕ ਲਈ ਵਰਤੀ ਜਾਂਦੀ ਨੈਸ਼ਨਲ ਮੋਬਾਈਲ ਮਾਨੀਟਰਿੰਗ ਸਿਸਟਮ ਐਪਲੀਕੇਸ਼ਨ (ਐਨ.ਐਮ.ਐਮ.ਐਸ. ਐਪ) ਵਿਚ 'ਕਾਰਜਸ਼ੀਲ ਖਾਮੀਆਂ' ਨੂੰ ਲੈ ਕੇ ਮੋਦੀ ਸਰਕਾਰ 'ਤੇ ਨਿਸ਼ਾਨਾ ਸਾਧਿਆ ਹੈ। ਮੁੱਖ ਵਿਰੋਧੀ ਪਾਰਟੀ ਨੇ ਇਸ 'ਅਵਿਵਹਾਰਕ' ਅਤੇ 'ਘਿਣਾਉਣੇ' ਮਾਡਲ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਫਾਸਟ ਮੋਦੀ ਸਰਕਾਰ ਦਾ ਸਵੈ-ਘੋਸ਼ਿਤ ਆਦਰਸ਼ ਵਾਕ ਹੈ ਅਤੇ ਇਸ ਦਾ ਸ਼ਾਬਦਿਕ ਅਰਥ ਹੈ -'ਪਹਿਲਾਂ ਐਲਾਨ ਕਰੋ, ਫਿਰ ਸੋਚੋ'। ਰਮੇਸ਼ ਨੇ ਇੱਕ ਬਿਆਨ ਵਿੱਚ ਕਿਹਾ ਕਿ ਮਈ 2022 ਵਿੱਚ, ਮੋਦੀ ਸਰਕਾਰ ਨੇ ਹਾਜ਼ਰੀ ਅਤੇ ਕੰਮਾਂ ਦੀ ਡਿਜੀਟਲ ਤਸਦੀਕ ਲਈ ਮਨਰੇਗਾ ਵਿੱਚ ਨੈਸ਼ਨਲ ਮੋਬਾਈਲ ਮਾਨੀਟਰਿੰਗ ਸਿਸਟਮ (ਐਨ.ਐਮ.ਐਮ.ਐਸ.) ਐਪ ਪੇਸ਼ ਕੀਤਾ ਅਤੇ ਜਦੋਂ ਤੋਂ ਇਹ ਪੇਸ਼ ਕੀਤਾ ਗਿਆ ਹੈ, ਕਾਂਗਰਸ ਮੋਬਾਈਲ ਮਾਨੀਟਰਿੰਗ ਸਿਸਟਮ ਐਪਲੀਕੇਸ਼ਨ ਐਪ ਨਾਲ ਸੰਚਾਲਨ ਸਮੱਸਿਆਵਾਂ ਨੂੰ ਉਜਾਗਰ ਕਰ ਰਹੀ ਹੈ ਅਤੇ ਲੋਕਾਂ ਨੂੰ ਦੱਸ ਰਹੀ ਹੈ ਕਿ ਕਿਵੇਂ ਇਹ ਐਪ ਮਨਰੇਗਾ ਦੀ ਭਾਵਨਾ ਨੂੰ ਠੇਸ ਪਹੁੰਚਾ ਰਹੀ ਹੈ। ਉਨ੍ਹਾਂ ਕਿਹਾ, ਹੁਣ 8 ਜੁਲਾਈ, 2025 ਨੂੰ ਜਾਰੀ ਇੱਕ ਨੋਟੀਫਿਕੇਸ਼ਨ ਵਿੱਚ, ਕੇਂਦਰੀ ਪੇਂਡੂ ਵਿਕਾਸ ਮੰਤਰਾਲੇ ਨੇ ਅੰਤ ਵਿੱਚ ਮੋਬਾਈਲ ਮਾਨੀਟਰਿੰਗ ਸਿਸਟਮ ਐਪਲੀਕੇਸ਼ਨ ਐਪ ਨਾਲ ਜੁੜੀਆਂ ਵੱਖ-ਵੱਖ ਸਮੱਸਿਆਵਾਂ ਨੂੰ ਸਵੀਕਾਰ ਕਰ ਲਿਆ ਹੈ। ਕਾਂਗਰਸੀ ਨੇਤਾ ਨੇ ਦੱਸਿਆ ਕਿ ਮੋਬਾਈਲ (ਬਾਕੀ ਸਫਾ 2 'ਤੇ)

## ਪਹਿਲਗਾਮ ਅੱਤਵਾਦੀ ਹਮਲੇ ਦਾ ਬਦਲਾ ਲੈਣ ਲਈ 'ਆਪ੍ਰੇਸ਼ਨ ਸਿੰਧੂਰ' ਜਾਰੀ ਰਹਿਣਾ ਚਾਹੀਦੈ: ਓਵੈਸੀ

ਹੈਦਰਾਬਾਦ, 17 ਜੁਲਾਈ (ਚੜ੍ਹਦੀਕਲਾ ਬਿਊਰੋ) : ਆਲ ਇੰਡੀਆ ਮਜਲਿਸ-ਏ-ਇਤੇਹਾਦ-ਉਲ-ਮੁਸਲਿਮੀਨ (ਏ.ਆਈ.ਐਮ.ਆਈ.ਐਮ.) ਦੇ ਪ੍ਰਧਾਨ ਅਸਦੁਦੀਨ ਓਵੈਸੀ ਨੇ ਕਿਹਾ ਕਿ ਪਹਿਲਗਾਮ ਅਤਿਵਾਦੀ ਹਮਲੇ ਦਾ ਬਦਲਾ ਲਿਆ ਜਾਣਾ ਚਾਹੀਦਾ ਹੈ ਅਤੇ 'ਆਪ੍ਰੇਸ਼ਨ ਸਿੰਦੂਰ' ਜਾਰੀ ਰੱਖਣਾ ਚਾਹੀਦਾ ਹੈ। ਵਕਫ਼ (ਸੋਧ) ਐਕਟ ਦੇ ਵਿਰੋਧ ਵਿੱਚ ਬੁੱਧਵਾਰ ਰਾਤ ਨੂੰ ਤੇਲੰਗਾਨਾ ਦੇ ਬੋਧਨ ਕਸਬੇ ਵਿੱਚ ਆਯੋਜਿਤ ਇੱਕ ਜਨਤਕ ਮੀਟਿੰਗ ਨੂੰ ਸੰਬੋਧਨ ਕਰਦਿਆਂ, ਉਨ੍ਹਾਂ ਦੋਸ਼ ਲਗਾਇਆ ਕਿ ਪਹਿਲਗਾਮ ਅਤਿਵਾਦੀ ਹਮਲਾ ਪ੍ਰਧਾਨ ਮੰਤਰੀ ਮੋਦੀ ਸਰਕਾਰ ਦੀ ਸੁਰੱਖਿਆ ਵਿੱਚ ਲਾਪਰਵਾਹੀ ਦੀ ਇੱਕ ਉਦਾਹਰਣ ਹੈ। ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਦੁਆਰਾ ਪਹਿਲਗਾਮ ਅਤਿਵਾਦੀ ਹਮਲੇ ਦੀ (ਬਾਕੀ ਸਫਾ 2 'ਤੇ)

## ਬੱਚਿਆਂ ਨੂੰ ਮੋਬਾਇਲ ਦੇ ਘਾਤਕ ਪ੍ਰਯੋਗ ਤੋਂ ਬਚਾਉਣ ਲਈ ਸਿੱਖੀ ਸਿਧਾਂਤਾਂ ਅਤੇ ਕੀਰਤਨ ਨਾਲ ਜੋੜਨ ਦੀ ਲੋੜ: ਗਿ. ਰਘਬੀਰ ਸਿੰਘ

**ਬਬਲੂ ਮਹਾਜਨ**

ਅੰਮ੍ਰਿਤਸਰ, 17 ਜੁਲਾਈ : ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੇ ਕਿਹਾ ਕਿ ਬੱਚਿਆ ਨੂੰ ਸਿੱਖੀ ਸਿਧਾਂਤਾਂ ਨਾਲ ਜੋੜਨ ਅਤੇ ਮੋਬਾਇਲ ਦੇ ਘਾਤਕ ਪ੍ਰਯੋਗ ਤੋਂ ਬਚਾਉਣ ਹੇਤੂ ਮਾਪਿਆਂ ਨੂੰ ਸੇਧ ਦੇਣ ਪ੍ਰਤੀ ਇਹ ਗਲ ਆਖੀ ਕਿ ਅਜ ਦੇ ਸੋਸ਼ਲ ਮੀਡੀਆ ਦੇ ਯੁਗ ਵਿਚ ਬੱਚੇ ਅਤੇ ਯੁਵਾ ਪੀੜੀ ਪੂਰੀ ਤਰਾਂ ਨਾਲ ਮੋਬਾਇਲ ਵਿਚ ਗ੍ਰਸਤ ਹੈ। ਅਸੀਂ ਬਚਿਆਂ ਨੂੰ ਕਵੀਸ਼ਰੀ, ਢਾਡੀ ਅਤੇ ਕੀਰਤਨੀ ਜਥਿਆਂ ਨਾਲ ਜੋੜੀਏ ਤਾਂ ਜੋ ਉਹ ਆਪਣੇ ਸਿੱਖੀ ਸਿਧਾਂਤਾਂ 'ਤੇ ਚਲ ਕੇ ਬਾਣੀ ਅਤੇ ਬਾਣੇ ਤੇ ਧਾਰਨੀ ਬਣਨ।ਜੇਕਰ ਮਾਪੇ ਬੱਚਿਆ ਨੂੰ ਇਸ ਲਹਿਰ ਵੱਲ ਮੋੜਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਕੇਸ ਸਾਫ ਕਰਨ ਅਤੇ ਬੱਚਿਆਂ



ਨੂੰ ਖਾਣਾ ਖਵਾਉਣ ਵੇਲੇ ਮੋਬਾਇਲ ਦੇ ਆਹਰੇ ਲਾਉਣ ਦੀ ਆਦਤ ਤੋਂ ਬਚਾਉਣ ਦੀ ਲੋੜ ਹੈ। ਇਸ ਆਦਤ ਤੋਂ ਬਚਿਆਂ ਨੂੰ ਬਚਾਉਣ ਅਤੇ ਸਿੱਖੀ ਸਿਧਾਂਤਾਂ ਨਾਲ ਜੋੜਨ ਲਈ ਮਾਪਿਆਂ ਲਈ ਜ਼ਰੂਰੀ ਹੈ ਕਿ ਉਹ ਸਚਖੰਡ (ਬਾਕੀ ਸਫਾ 2 'ਤੇ)

## ਆਗਾਮੀ ਤਿਉਹਾਰੀ ਸੀਜ਼ਨ 'ਚ 2.16 ਲੱਖ ਅਸਥਾਈ ਨੌਕਰੀਆਂ ਪੈਦਾ ਹੋਣ ਦੀ ਉਮੀਦ: ਰਿਪੋਰਟ

ਮੁੰਬਈ, 17 ਜੁਲਾਈ (ਚੜ੍ਹਦੀਕਲਾ ਬਿਊਰੋ): ਆਉਣ ਵਾਲੇ ਤਿਉਹਾਰਾਂ ਦੇ ਸੀਜ਼ਨ ਦੌਰਾਨ ਦੇਸ਼ ਭਰ ਵਿੱਚ 2.16 ਲੱਖ ਤੋਂ ਵੱਧ ਅਸਥਾਈ ਨੌਕਰੀਆਂ ਪੈਦਾ ਹੋਣ ਦੀ ਉਮੀਦ ਹੈ। ਇਹ ਸਾਲਾਨਾ ਆਧਾਰ 'ਤੇ 15-20 ਫ਼ੀਸਦੀ ਦਾ ਵਾਧਾ ਹੈ। ਬੁੱਧਵਾਰ ਨੂੰ ਜਾਰੀ ਕੀਤੀ ਗਈ ਇੱਕ ਰਿਪੋਰਟ ਵਿੱਚ ਇਸਦੀ ਭਵਿੱਖਬਾਣੀ ਕੀਤੀ ਗਈ ਸੀ। ਵਰਕਫੋਰਸ ਸਲਿਊਸ਼ਨ ਫਰਮ ਐਡੇਕੋ ਇੰਡੀਆ ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਤਿਉਹਾਰਾਂ ਦੀ ਮੰਗ ਨੂੰ ਪੂਰਾ ਕਰਨ ਲਈ ਅਸਥਾਈ ਅਤੇ ਪਾਰਟ-ਟਾਈਮ ਰੁਜ਼ਗਾਰ ਵਿੱਚ ਵਾਧਾ ਪ੍ਰਚੂਨ, ਈ-ਕਾਮਰਸ, ਬੈਂਕਿੰਗ ਅਤੇ ਵਿੱਤੀ ਸੇਵਾਵਾਂ, ਲੌਜਿਸਟਿਕਸ, ਪਰਾਹੁਣਾਚਾਰੀ, ਯਾਤਰਾ ਅਤੇ ਤੇਜ਼ ਗਤੀ ਨਾਲ ਚੱਲਣ ਵਾਲੇ ਖਪਤਕਾਰ ਵਸਤੂਆਂ ਵਰਗੇ ਖੇਤਰਾਂ ਦੁਆਰਾ ਪ੍ਰੇਰਿਤ ਹੋਣ ਦੀ ਉਮੀਦ ਹੈ।ਰੱਖੜੀ, ਦੁਸਹਿਰਾ ਅਤੇ ਦੀਵਾਲੀ ਵਰਗੇ ਆਉਣ ਵਾਲੇ ਤਿਉਹਾਰਾਂ (ਬਾਕੀ ਸਫਾ 2 'ਤੇ)

### ਚਿੰਨਾਸਵਾਮੀ ਸਟੇਡੀਅਮ ਭਾਜੜ ਮਾਮਲਾ

## ਸੀ.ਏ.ਟੀ. ਦੇ ਫ਼ੈਸਲੇ ਵਿਰੁੱਧ ਕਰਨਾਟਕ ਹਾਈ ਕੋਰਟ ਪੁੱਜੀ ਆਰ.ਸੀ.ਬੀ.

**ਚੜ੍ਹਦੀਕਲਾ ਬਿਊਰੋ**

ਨਵੀਂ ਦਿੱਲੀ, 17 ਜੁਲਾਈ : ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐਲ.) ਫ੍ਰੈਂਚਾਇਜ਼ੀ ਰਾਇਲ ਚੈਲੇਂਜਰਜ਼ ਬੈਂਗਲੁਰੂ (ਆਰ.ਸੀ.ਬੀ.) ਨੇ ਕੇਂਦਰੀ ਪ੍ਰਸ਼ਾਸਕੀ ਟ੍ਰਿਬਿਊਨਲ (ਸੀ.ਏ.ਟੀ.) ਦੇ ਉਸ ਹੁਕਮ ਵਿਰੁੱਧ ਕਰਨਾਟਕ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ ਜਿਸ ਵਿੱਚ ਚਿੰਨਾਸਵਾਮੀ ਸਟੇਡੀਅਮ ਨੇੜੇ ਭਾਜੜ ਲਈ ਟੀਮ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਸੀ ਜਿਸ ਵਿੱਚ 11 ਲੋਕਾਂ ਦੀ ਮੌਤ ਹੋ ਗਈ ਸੀ। ਸੀ.ਏ.ਟੀ. ਨੇ ਦੇਖਿਆ ਸੀ ਕਿ ਆਰ.ਸੀ.ਬੀ. ਆਪਣੀ ਪਹਿਲੀ ਆਈ.ਪੀ.ਐਲ. ਖਿਤਾਬ ਜਿੱਤ ਤੋਂ ਬਾਅਦ ਸਟੇਡੀਅਮ ਦੇ ਬਾਹਰ ਲਗਭਗ 3-5 ਲੱਖ ਲੋਕਾਂ ਦੇ ਇਕੱਠੇ ਹੋਣ ਲਈ 'ਪਹਿਲੀ ਨਜ਼ਰੇ ਜ਼ਿੰਮੇਵਾਰ' ਸੀ। ਜਿਵੇਂ ਕਿ ਸੀ.ਏ.ਟੀ. ਨੇ ਆਪਣੀ ਰਿਪੋਰਟ ਵਿੱਚ ਕਿਹਾ ਸੀ ਕਿ ਇਹ ਐਲਾਨ 'ਅਚਾਨਕ' ਸੀ, ਜਿਸ ਨਾਲ ਪੁਲਿਸ ਨੂੰ ਤਿੰਨ ਤੋਂ ਪੰਜ ਲੱਖ ਲੋਕਾਂ ਦੀ ਭੀੜ ਲਈ ਤਿਆਰੀ ਕਰਨ ਦਾ ਕੋਈ ਸਮਾਂ ਨਹੀਂ ਮਿਲਿਆ। ਆਰ.ਸੀ.ਬੀ. ਨੇ ਦਾਅਵਾ ਕੀਤਾ ਕਿ ਸੀ.ਏ.ਟੀ. ਨੇ ਕੁਦਰਤੀ ਨਿਆਂ ਦੇ ਸਿਧਾਂਤਾਂ ਦੀ ਪਾਲਣਾ ਨਹੀਂ ਕੀਤੀ ਅਤੇ ਸੀ.ਏ.ਟੀ. ਦੇ ਨਤੀਜਿਆਂ ਨੂੰ ਚੁਣੌਤੀ ਦਿੱਤੀ, ਕਿਹਾ ਕਿ ਇਹ ਆਰ.ਸੀ.ਬੀ. ਨੂੰ ਸੁਣਵਾਈ ਦਾ ਮੌਕਾ ਦਿੱਤੇ ਬਿਨਾਂ ਕੀਤੇ ਗਏ ਸਨ। ਆਈ.ਪੀ.ਐਲ. ਫਰੈਂਚਾਈਜ਼ ਨੇ ਦੱਸਿਆ ਕਿ ਬੈਂਗਲੁਰੂ ਦੇ ਡੀ.ਐਮ. ਅਤੇ ਡਿਪਟੀ ਕਮਿਸ਼ਨਰ ਦੁਆਰਾ ਤੱਥ-ਖੋਜ ਜਾਂਚ ਕੀਤੀ ਜਾ ਰਹੀ ਹੈ, ਜਿਸ ਨਾਲ ਸੀ.ਏ.ਟੀ. ਦੇ ਨਿਰੀਖਣ ਸਮੇਂ ਤੋਂ (ਬਾਕੀ ਸਫਾ 2 'ਤੇ)

### ਮੁੱਖ ਮੰਤਰੀ ਵੱਲੋਂ ਕੇਂਦਰੀ ਖੁਰਾਕ ਮੰਤਰੀ ਨਾਲ ਮੁਲਾਕਾਤ

## ਆਰ.ਡੀ.ਐਫ. ਅਤੇ ਮੰਡੀ ਫ਼ੀਸ ਵਜੋਂ ਸੂਬੇ ਦੇ 9000 ਕਰੋੜ ਤੁਰੰਤ ਜਾਰੀ ਕਰਨ ਦੀ ਮੰਗ

**ਚੜ੍ਹਦੀਕਲਾ ਬਿਊਰੋ**

ਨਵੀਂ ਦਿੱਲੀ, 17 ਜੁਲਾਈ :ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪੇਂਡੂ ਵਿਕਾਸ ਫੰਡ (ਆਰ.ਡੀ.ਐਫ.) ਅਤੇ ਮੰਡੀ ਫੀਸ ਵਜੋਂ ਸੂਬੇ ਦੇ ਹਿੱਸੇ ਦੇ 9000 ਕਰੋੜ ਰੁਪਏ ਤੋਂ ਵੱਧ ਦੇ ਫੰਡ ਤੁਰੰਤ ਜਾਰੀ ਕਰਨ ਲਈ ਕੇਂਦਰੀ ਖਪਤਕਾਰ ਮਾਮਲੇ, ਖ਼ੁਰਾਕ ਅਤੇ ਜਨਤਕ ਵੰਡ ਮੰਤਰੀ ਪ੍ਰਹਿਲਾਦ ਜੋਸ਼ੀ ਦੇ ਦਖ਼ਲ ਦੀ ਮੰਗ ਕੀਤੀ।

ਮੁੱਖ ਮੰਤਰੀ ਨੇ ਅੱਜ ਸ਼ਾਮ ਇੱਥੇ ਸ੍ਰੀ ਜੋਸ਼ੀ ਨਾਲ ਉਨ੍ਹਾਂ ਦੀ ਸਰਕਾਰੀ ਰਿਹਾਇਸ਼ 'ਤੇ ਮੁਲਾਕਾਤ ਕੀਤੀ। ਮੁੱਖ ਮੰਤਰੀ ਨੇ ਉਨ੍ਹਾਂ ਕੋਲ ਸਾਉਣੀ 2021-22 ਤੋਂ ਪੇਂਡੂ ਵਿਕਾਸ ਫੰਡ ਦਾ ਭੁਗਤਾਨ ਨਾ ਹੋਣ ਅਤੇ ਸਾਉਣੀ ਸੀਜ਼ਨ2022-23 ਤੋਂ ਮੰਡੀ ਫੀਸ ਦਾ ਘੱਟ ਭੁਗਤਾਨ ਹੋਣ ਦਾ ਮਸਲਾ ਉਠਾਇਆ।ਮੁੱਖ ਮੰਤਰੀ ਨੇ ਦੱਸਿਆ ਕਿ ਇਸ ਫੰਡ ਦਾ ਉਦੇਸ਼ ਖੇਤੀਬਾੜੀ ਅਤੇ ਪੇਂਡੂ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਹੈ ਜਿਸ ਤਹਿਤ ਪੇਂਡੂ ਲਿੰਕ ਸੜਕਾਂ, ਮੰਡੀਆਂ ਦੇ ਬੁਨਿਆਦੀ ਢਾਂਚੇ, ਮੰਡੀਆਂ ਵਿੱਚ ਭੰਡਾਰਨ ਦੀ ਸਮਰੱਥਾ ਵਧਾਉਣਾ ਅਤੇ ਮੰਡੀਆਂ ਦੇ ਮਸ਼ੀਨੀਕਰਨ ਲਈ ਫੰਡ ਖਰਚੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਕੇਂਦਰੀ ਮੰਤਰਾਲੇ ਦੇ ਖ਼ੁਰਾਕ ਤੇ ਜਨਤਕ ਵੰਡ ਵਿਭਾਗ ਦੇ ਨਿਰਦੇਸ਼ਾਂ ਮੁਤਾਬਕ ਪੰਜਾਬ ਪੇਂਡੂ ਵਿਕਾਸ ਐਕਟ-1987 ਵਿੱਚ ਵੀ ਲੋੜੀਂਦੀ ਤਰਮੀਮ ਕਰ ਦਿੱਤੀ ਸੀ ਪਰ ਫੇਰ ਵੀ ਸਾਉਣੀ, 2021-22 ਤੋਂ ਸੂਬਾ ਸਰਕਾਰ ਨੂੰ ਆਰ.ਡੀ.ਐਫ. ਨਹੀਂ ਮਿਲਿਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ 7737.27 ਕਰੋੜ ਰੁਪਏ ਦਾ ਆਰ.ਡੀ.ਐਫ. ਅਤੇ 1836.62 ਕਰੋੜ ਰੁਪਏ ਦੀ ਮੰਡੀ ਫੀਸ ਕੇਂਦਰ ਸਰਕਾਰ ਕੋਲ ਲੰਬਿਤ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਇਹ ਫੰਡ ਜਾਰੀ ਨਾ ਹੋਣ ਕਰਕੇ ਸੂਬਾ ਗੰਭੀਰ ਵਿੱਤੀ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ ਜਿਸ ਨਾਲ ਪੇਂਡੂ ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਸੰਭਾਲ ਦੇ ਨਾਲ-ਨਾਲ ਪੇਂਡੂ ਅਰਥਚਾਰੇ ਉਤੇ ਬੁਰਾ ਅਸਰ ਪੈ ਰਿਹਾ ਹੈ। ਇਸ ਦੌਰਾਨ ਉਨ੍ਹਾਂ ਕਿਹਾ ਕਿ ਮੰਡੀ ਬੋਰਡ/ਪੇਂਡੂ ਵਿਕਾਸ ਬੋਰਡ ਆਪਣੇ ਕਰਜ਼ਿਆਂ/ਦੇਣਦਾਰੀਆਂ ਦਾ ਭੁਗਤਾਨ ਕਰਨ, ਮੌਜੂਦਾ ਪੇਂਡੂ ਬੁਨਿਆਦੀ ਢਾਂਚੇ ਦੀ ਮੁਰੰਮਤ/ਰੱਖ-ਰਖਾਅ ਕਰਨ, ਸਮੁੱਚੇ ਪੇਂਡੂ ਵਿਕਾਸ ਲਈ ਨਵਾਂ ਬੁਨਿਆਦੀ ਢਾਂਚਾ ਕਾਇਮ ਕਰਨ ਦੇ ਯੋਗ ਨਹੀਂ ਹੈ। ਇਨ੍ਹਾਂ ਤੱਥਾਂ ਦੇ ਮੱਦੇਨਜ਼ਰ ਭਗਵੰਤ ਸਿੰਘ ਮਾਨ ਨੇ ਕੇਂਦਰੀ ਮੰਤਰੀ ਨੂੰ ਵਡੇਰੇ ਜਨਤਕ ਹਿੱਤ ਵਿੱਚ ਸੂਬੇ ਨੂੰ ਬਕਾਇਆ ਫੰਡ ਛੇਤੀ ਤੋਂ ਛੇਤੀ ਜਾਰੀ ਕਰਨ ਦੀ ਅਪੀਲ ਕੀਤੀ।

ਮੁੱਖ ਮੰਤਰੀ ਨੇ ਕੇਂਦਰੀ ਮੰਤਰੀ ਨੂੰ ਜ਼ੋਰ ਦੇ ਕੇ ਕਿਹਾ ਕਿ ਪਿਛਲੇ ਦੋ ਸਾਲਾਂ ਤੋਂ ਸੂਬੇ ਵਿੱਚ ਢਕੀਆਂ ਹੋਈਆਂ ਸਟੋਰੇਜਥਾਵਾਂ ਦੀ ਨਿਰੰਤਰ ਘਾਟ ਹੈ। ਉਨ੍ਹਾਂ ਕਿਹਾ ਕਿ ਸਾਉਣੀ ਮੰਡੀਕਰਨ ਸੀਜ਼ਨ, 2023-24 ਦੌਰਾਨ ਮਿਲਿੰਗ ਵਾਲੇ ਚੌਲਾਂ ਲਈ ਜਗ੍ਹਾ ਦੀ ਘਾਟ ਕਾਰਨ ਡਲਿਵਰੀ ਦੀ ਮਿਆਦ 30 ਸਤੰਬਰ, 2024 ਤੱਕ ਵਧਾਉਣੀ ਪਈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿਛਲੇ ਸਾਉਣੀ ਸੀਜ਼ਨ ਦੌਰਾਨ ਮਿੱਲਰਾਂ ਵਿੱਚ ਬਹੁਤ ਰੌਲਾ-ਰੱਪਾ ਪਿਆ ਸੀ ਅਤੇ ਉਹ ਸ਼ੁਰੂ ਵਿੱਚ ਝੋਨਾ ਚੁੱਕਣ ਅਤੇ ਸਟੋਰ ਕਰਨ ਤੋਂ ਝਿਜਕ ਰਹੇ ਸਨ ਪਰ ਇਸ ਮੁੱਦੇ ਨੂੰ ਸੂਬਾ ਅਤੇ ਕੇਂਦਰ ਸਰਕਾਰ ਨੇ ਸਾਂਝੇ ਤੌਰ 'ਤੇ ਹੱਲ ਕਰ ਲਿਆ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਚੱਲ ਰਹੇ ਸਾਉਣੀ ਮੰਡੀਕਰਨ ਸੀਜ਼ਨ, 2024-25 ਵਿੱਚ ਵੀ ਐਫ.ਸੀ.ਆਈ. ਨੂੰ ਦਿੱਤੇ ਜਾਣ ਵਾਲੇ 117 ਲੱਖ ਮੀਟਰਕ ਟਨ (ਐਲ.ਐਮ.ਟੀ.) ਚੌਲਾਂ ਵਿੱਚੋਂ 30 ਜੂਨ, 2025 ਤੱਕ ਸਿਰਫ 102 ਲੱਖ ਮੀਟਰਕ ਟਨ ਚੌਲ ਦੀ ਡਲਿਵਰੀ ਦਿੱਤੀ ਜਾ ਚੁੱਕੀ ਹੈ ਜਦਕਿ 15 ਲੱਖ ਮੀਟਰਕ ਟਨ ਦੀ ਡਲਿਵਰੀ ਅਜੇ ਬਾਕੀ ਹੈ। (ਬਾਕੀ ਸਫਾ 2 'ਤੇ)

### ਪੰਜਾਬ ਸਮੇਤ ਦੇਸ਼ ਦੇ ਕਈ ਸੂਬਿਆਂ

ਅਤੇ ਲੱਗਭੱਗ 5 ਲੱਖ ਲੋਕ ਪ੍ਰਭਾਵਿਤ ਹੋਏ ਹਨ। ਇੱਥੋਂ ਤੱਕ ਕਿ ਸ਼ਹਿਰ ਦਾ ਸਭ ਤੋਂ ਵੱਡਾ ਸ਼ਮਸ਼ਾਨਘਾਟ 'ਦਾਰਾਗੰਜ' ਵੀ ਡੁੱਬ ਗਿਆ ਹੈ। ਵਾਰਾਣਸੀ ਵਿੱਚ ਗੰਗਾ ਦੇ ਸਾਰੇ ਘਾਟ ਡੁੱਬ ਗਏ ਹਨ ਅਤੇ ਕਿਸ਼ਤੀਆਂ ਦਾ ਸੰਚਾਲਨ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਘਾਟਾਂ 'ਤੇ ਸੈਲਫੀ ਲੈਣ ਅਤੇ ਫੋਟੋਆਂ ਖਿੱਚਣ 'ਤੇ ਵੀ ਪਾਬੰਦੀ ਲਗਾ ਦਿੱਤੀ ਗਈ ਹੈ ਤਾਂ ਜੋ ਹਾਦਸਿਆਂ ਤੋਂ ਬਚਿਆ ਜਾ ਸਕੇ।

ਕਿਹੜੇ ਰਾਜਾਂ 'ਚ ਪੈ ਸਕਦਾ ਮੀਂਹ

ਮੌਸਮ ਵਿਭਾਗ ਦੇ ਅਨੁਸਾਰ ਅਗਲੇ ਕੁਝ ਦਿਨਾਂ ਲਈ ਜਿਨ੍ਹਾਂ ਰਾਜਾਂ ਵਿੱਚ ਮੀਂਹ ਪੈ ਸਕਦਾ ਹੈ, ਉਹਨਾਂ ਵਿਚ ਹਰਿਆਣਾ, ਮੱਧ ਪ੍ਰਦੇਸ਼, ਪੱਛਮੀ ਰਾਜਸਥਾਨ, ਗੁਜਰਾਤ, ਛੱਤੀਸਗੜ੍ਹ, ਓਡੀਸ਼ਾ, ਬਿਹਾਰ, ਝਾਰਖੰਡ, ਪੱਛਮੀ ਬੰਗਾਲ, ਅਸਾਮ, ਮੇਘਾਲਿਆ, ਅਰੁਣਾਚਲ ਪ੍ਰਦੇਸ਼, ਤੇਲੰਗਾਨਾ, ਤਾਮਿਲਨਾਡੂ ਆਦਿ ਸ਼ਾਮਲ ਹਨ।

ਦੇਸ਼ ਦੇ ਕਈ ਹਿੱਸਿਆਂ ਵਿੱਚ ਨਦੀਆਂ ਖ਼ਤਰੇ ਦੇ ਨਿਸ਼ਾਨ ਨੂੰ ਪਾਰ ਕਰ ਗਈਆਂ ਹਨ। ਪ੍ਰਸ਼ਾਸਨ ਨੇ ਪ੍ਰਭਾਵਿਤ ਖੇਤਰਾਂ ਦੇ ਲੋਕਾਂ ਨੂੰ ਨਦੀਆਂ ਦੇ ਕਿਨਾਰਿਆਂ ਦੇ ਨੇੜੇ ਨਾ ਜਾਣ ਦੀ ਚੇਤਾਵਨੀ ਜਾਰੀ ਕੀਤੀ ਹੈ। ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਬਚਾਅ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ ਅਤੇ ਰਾਹਤ ਕੈਂਪ ਵੀ ਸਥਾਪਤ ਕੀਤੇ ਜਾ ਰਹੇ ਹਨ। ਮੌਸਮ ਵਿਭਾਗ ਅਤੇ ਪ੍ਰਸ਼ਾਸਨ ਲੋਕਾਂ ਨੂੰ ਲਗਾਤਾਰ ਸੁਚੇਤ ਕਰ ਰਿਹਾ ਹੈ ਕਿ ਉਹ ਦਰਿਆਵਾਂ ਦੇ ਕੰਢਿਆਂ 'ਤੇ ਨਾ ਜਾਣ, ਬੇਲੋੜੀ ਯਾਤਰਾ ਤੋਂ ਬਚਣ ਅਤੇ ਬੱਚਿਆਂ ਨੂੰ ਮੀਂਹ ਵਿੱਚ ਖੇਡਣ ਤੋਂ ਰੋਕਣ। ਜਿਨ੍ਹਾਂ ਇਲਾਕਿਆਂ ਵਿੱਚ ਹੜ੍ਹ ਦਾ ਖ਼ਤਰਾ ਹੈ, ਉੱਥੇ ਦੇ ਲੋਕਾਂ ਨੂੰ ਆਪਣੇ ਦਸਤਾਵੇਜ਼ ਅਤੇ ਜ਼ਰੂਰੀ ਚੀਜ਼ਾਂ ਸੁਰੱਖਿਅਤ ਥਾਂ 'ਤੇ ਰੱਖਣੀਆਂ ਚਾਹੀਦੀਆਂ ਹਨ।

### ਸੂਬੇ 'ਚ ਸੁਰੱਖਿਅਤ ਮਾਹੌਲ ਬਣਾਈ

ਇਹ ਮੀਟਿੰਗ ਇਸ ਲਈ ਵੀ ਮਹੱਤਵਪੂਰਨ ਸੀ, ਕਿਉਂਕਿ ਹਾਲ ਹੀ ਵਿੱਚ ਕਈ ਵੱਡੀਆਂ ਘਟਨਾਵਾਂ ਵਾਪਰੀਆਂ ਸਨ। ਇਨ੍ਹਾਂ ਸਾਰਿਆਂ 'ਤੇ ਚਰਚਾ ਕਰਨੀ ਪਵੇਗੀ ਅਤੇ ਉਨ੍ਹਾਂ ਦੇ ਪਿੱਛੇ ਦਾ ਕਾਰਨ ਜਾਣਨਾ ਪਵੇਗਾ। ਇਨ੍ਹਾਂ ਵਿੱਚੋਂ ਅਬੋਹਰ ਵਿੱਚ ਕਾਰੋਬਾਰੀ ਸੰਜੇ ਵਰਮਾ ਦਾ ਕਤਲ ਪ੍ਰਮੁੱਖ ਸੀ। ਹਾਲਾਂਕਿ, ਪੁਲਿਸ ਨੇ ਕੇਸ ਸੁਲਝਾ ਲਿਆ ਹੈ ਅਤੇ ਦੋਸ਼ੀਆਂ ਦਾ ਸਾਹਮਣਾ ਵੀ ਕੀਤਾ ਗਿਆ ਸੀ। ਪਰ ਵਿਰੋਧੀ ਧਿਰ ਨੇ ਇਸ ਮੁੱਦਾ ਚੁੱਕਿਆ ਹੈ। ਸ੍ਰੀ ਹਰਿਮੰਦਰ ਸਾਹਿਬ ਨੂੰ ਈਮੇਲਾਂ ਰਾਹੀਂ ਲਗਾਤਾਰ ਧਮਕੀਆਂ ਮਿਲ ਰਹੀਆਂ ਹਨ। ਇਸ ਤੋਂ ਇਲਾਵਾ, ਗੈਂਗਸਟਰ ਜੱਗੂ ਭਗਵਾਨਪੁਰੀਆ ਦੀ ਮਾਂ ਦੇ ਅੰਗ ਰੱਖਿਅਕ ਨੂੰ ਵੀ ਮਾਰ ਦਿੱਤਾ ਗਿਆ ਹੈ। ਅਮਰਨਾਥ ਯਾਤਰਾ ਚੱਲ ਰਹੀ ਹੈ ਅਤੇ ਇਸ ਮਹੀਨੇ ਪੰਚਾਇਤਾਂ ਦੀਆਂ ਉਪ ਚੋਣਾਂ ਵੀ ਹਨ।ਇਸ ਤੋਂ ਇਲਾਵਾ, ਹੁਣ ਬਾਰਸ਼ ਸ਼ੁਰੂ ਹੋ ਗਈ ਹੈ। ਅਜਿਹੀ ਸਥਿਤੀ ਵਿੱਚ, ਪਾਕਿਸਤਾਨ ਤੋਂ ਨਦੀਆਂ ਰਾਹੀਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੀਆਂ ਘਟਨਾਵਾਂ ਵੀ ਵਧਦੀਆਂ ਹਨ। ਇਸ 'ਤੇ ਵੀ ਸੁਚੇਤ ਰਹਿਣ ਲਈ ਕਿਹਾ ਗਿਆ ਹੈ।

### ਮੁੱਖ ਮੰਤਰੀ ਸੁਰੱਖਿਆ ਏਜੰਸੀਆਂ ਨਾਲ

ਪੰਜਾਬ ਸਰਕਾਰ ਵੱਲੋਂ ਇਹ ਸੁਰੱਖਿਆ ਦਵਾਉਂਦੇ ਹਾਂ ਤੇ ਸਾਡੇ ਵਾਲੀ ਕੋਈ ਗੱਲ ਨਹੀਂ ਹੈ। ਉਹਨਾਂ ਕਿਹਾ ਕਿ ਪੰਜਾਬ ਪੁਲਿਸ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਬਾਹਰ ਮਰਿਆਦਾ ਅਨੁਸਾਰ ਸੁਰੱਖਿਆ ਲਈ ਦਿਨ ਰਾਤ ਕੰਮ ਕਰ ਰਹੀ ਹੈ ਅਤੇ ਅੰਦਰ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੁਰੱਖਿਆ ਨੂੰ ਦੇਖ ਰਹੀ ਹੈ। ਉਹਨਾਂ ਕਿਹਾ ਕਿ ਅਸੀਂ ਇਸ ਮੁੱਦੇ ਉੱਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਵੀ ਮਿਲ ਕੇ ਇੱਕ ਟੀਮ ਵਜੋਂ ਕੰਮ ਕਰ ਰਹੇ ਹਾਂ ਅਤੇ ਸਮੁੱਚੀ ਨਾਨਕ ਨਾਮ ਲੇਵਾ ਸੰਗਤ ਨੂੰ ਇਹ ਭਰੋਸਾ ਦਿੰਦੇ ਹਾਂ ਕਿ ਇੱਥੇ ਡਰਣ ਵਾਲੀ ਕੋਈ ਗੱਲ ਨਹੀਂ ਹੈ, ਕਿਸੇ ਵੀ ਤਰ੍ਹਾਂ ਦਾ ਭੈਅ ਦੇਣ ਵਾਲੀ ਕੋਈ ਲੋੜ ਨਹੀਂ, ਤੁਸੀਂ ਗੁਰੂ ਘਰ ਉੱਤੇ ਵਿਸ਼ਵਾਸ ਰੱਖੋ, ਸਾਡੀਆਂ ਏਜੰਸੀਆਂ ਲਗਾਤਾਰ ਦੋਸ਼ੀ ਨੂੰ ਫੜਨ ਲਈ ਕੰਮ ਕਰ ਰਹੀਆਂ ਹਨ ਤੇ ਛੇਤੀ ਹੀ ਦੋਸ਼ੀ ਕਾਬੂ ਕਰ ਲੈ ਜਾਣਗੇ। ਉਹਨਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਆਉਣ ਵਾਲੀ ਸੰਗਤ ਦਾ ਰੁਝਾਨ ਵੀ ਇਹ ਦਰਸਾਉਂਦਾ ਹੈ ਕਿ ਸੰਗਤ ਨੇ ਕਿਸੇ ਵੀ ਤਰ੍ਹਾਂ ਦੀ ਕੋਈ ਖਤਰੇ ਵਾਲੀ ਗੱਲ ਮਹਿਸੂਸ ਨਹੀਂ ਕੀਤੀ ਅਤੇ ਉਹ ਆਪਣੀ ਸ਼ਰਧਾ ਭਾਵਨਾ ਦੇ ਨਾਲ ਆਮ ਦਿਨਾਂ ਵਾਂਗ ਗੁਰੂ ਘਰ ਨਤਮਸਤਕ ਹੋ ਰਹੇ ਹਨ।

ਇਸ ਮੌਕੇ ਡਾਕਟਰ ਨਿੱਜਰ, ਵਿਧਾਇਕ ਡਾਕਟਰ ਅਜੇ ਗੁਪਤਾ ਨੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਅਤੇ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਨੂੰ ਨਾਲ ਲੈ ਕੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ।

ਇਸ ਮੌਕੇ ਪ੍ਰੈਸ ਨਾਲ ਗੱਲਬਾਤ ਕਰਦੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਜਾਂਚ ਅਧਿਕਾਰੀ ਲਗਾਤਾਰ ਕੰਮ ਕਰ ਰਹੇ ਹਨ ਅਤੇ ਕੁਝ ਪਾਰਟੀਆਂ ਪੰਜਾਬ ਤੋਂ ਬਾਹਰ ਵੀ ਇਸ ਟਾਸਕ ਦੀ ਪੂਰਤੀ ਲਈ ਗਈਆਂ ਹਨ। ਅਸੀਂ ਸੈਂਟਰਲ ਏਜੰਸੀਆਂ ਦਾ ਸਹਿਯੋਗ ਵੀ ਲੈ ਰਹੇ ਹਾਂ ਅਤੇ ਅਸੀਂ ਕਾਫੀ ਹੱਦ ਤੱਕ ਜਾਂਚ ਵਿੱਚ ਅੱਗੇ ਵਧੇ ਹਾਂ। ਉਨ੍ਹਾਂ ਕਿਹਾ ਕਿ ਕਿਉਂਕਿ ਜਾਂਚ ਜਾਰੀ ਹੈ। ਇਸ ਕਾਰਨ ਮੈਂ ਕੁਝ ਬਹੁਤਾ ਦੱਸ ਨਹੀਂ ਸਕਾਂਗਾ।ਪਰ ਇਹ ਯਕੀਨੀ ਹੈ ਕਿ ਛੇਤੀ ਹੀ ਇਸ ਸਬੰਧੀ ਸਥਿਤੀ ਤੁਹਾਡੇ ਨਾਲ ਸਪੱਸ਼ਟ ਕਰਾਂਗੇ।

### ਮਜੀਠੀਆ ਦੀ ਪਟੀਸ਼ਨ 'ਤੇ ਸਰਕਾਰ

ਬਰਬਾਦ ਕੀਤਾ ਜਾ ਰਿਹਾ ਹੈ। ਅਦਾਲਤ ਨੇ ਜਵਾਬ ਦਾਇਰ ਕਰਨ ਲਈ ਕਿਹਾ ਹੈ। 2 ਬੈਰਕ ਬਦਲਣ ਦੀ ਪਟੀਸ਼ਨ ਦੇ ਮਾਮਲੇ ਵਿੱਚ, ਅਸੀਂ ਅਦਾਲਤ ਨੂੰ ਦੱਸਿਆ ਕਿ ਜੇਲ੍ਹ ਵਿੱਚ ਉਨ੍ਹਾਂ ਦੀ ਸੁਰੱਖਿਆ ਲਈ ਢੁੱਕਵੇਂ ਪ੍ਰਬੰਧ ਕੀਤੇ ਗਏ ਹਨ। ਅਸੀਂ ਆਪਣੀ ਰਿਪੋਰਟ ਪੇਸ਼ ਕਰ ਦਿੱਤੀ ਹੈ। ਇਸ ਦੇ ਨਾਲ ਹੀ, ਉਸਨੇ ਇੱਕ ਜਾਂ ਦੋ ਹੋਰ ਅਰਜ਼ੀਆਂ ਦਾਇਰ ਕੀਤੀਆਂ ਹਨ, ਜਿਨ੍ਹਾਂ ਦੇ ਜਵਾਬ ਮੰਗੇ ਗਏ ਹਨ। ਉਨ੍ਹਾਂ ਦੇ ਵੀ ਜਵਾਬ ਸਾਡੇ ਵੱਲੋਂ ਦੇਣੇ ਹਨ। 3. ਇੱਕ ਜਾਂ ਦੋ ਅਰਜ਼ੀਆਂ ਵੀ ਸਾਡੇ ਵੱਲੋਂ ਦਾਇਰ ਕੀਤੀਆਂ ਗਈਆਂ ਹਨ। ਉਨ੍ਹਾਂ ਦਾ ਜਵਾਬ ਮਜੀਠੀਆ ਵੱਲੋਂ ਆਉਣਾ ਹੈ। ਵਕੀਲਾਂ ਵੱਲੋਂ ਉਨ੍ਹਾਂ ਦੀ ਸੁਰੱਖਿਆ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਜੇਲ੍ਹ ਦੇ ਬਾਹਰ ਖ਼ਤਰਾ ਹੋ ਸਕਦਾ ਹੈ, ਪਰ ਜੇਲ੍ਹ ਦੇ ਅੰਦਰ ਸਖ਼ਤ ਪ੍ਰਬੰਧ ਕੀਤੇ ਜਾ ਰਹੇ ਹਨ। ਯਾਦ ਰਹੇ ਕਿ ਮੁੱਖ ਮੰਤਰੀ ਨੇ ਵਿਧਾਨ ਸਭਾ ਵਿੱਚ ਕਿਹਾ ਸੀ ਕਿ ਮਜੀਠੀਆ ਜੇਲ੍ਹ ਵਿੱਚ ਸਿਰਹਾਣਾ ਮੰਗ ਰਿਹਾ ਹੈ। ਉਨ੍ਹਾਂ ਨੂੰ ਕੋਈ ਵੀਆਈਪੀ ਸਹੂਲਤ ਨਹੀਂ ਦਿੱਤੀ ਜਾਵੇਗੀ।

### ਸੀ.ਬੀ.ਆਈ. ਨੇ 5 ਸਾਲਾਂ 'ਚ ਵਿਦੇਸ਼ਾਂ ਤੋਂ

ਕੀਤਾ ਗਿਆ। ਇਹ ਪਲੇਟਫਾਰਮ, ਸੀਬੀਆਈ ਰਾਹੀਂ ਭਾਰਤੀ ਪੁਲਿਸ ਏਜੰਸੀਆਂ ਨੂੰ ਇੰਟਰਪੋਲ ਨਾਲ ਜੋੜਦਾ ਹੈ।

ਇੱਕ ਅਧਿਕਾਰੀ ਨੇ ਕਿਹਾ, "ਪੋਰਟਲ ਨੇ ਬਿਹਤਰ ਦਸਤਾਵੇਜ਼ੀਕਰਨ ਨੂੰ ਯਕੀਨੀ ਬਣਾਇਆ ਹੈ, ਜਿਸ ਵਿੱਚ ਕਾਫੀ ਸਮਾਂ ਲੱਗਦਾ ਸੀ।"

ਇਸ ਤਾਲਮੇਲ ਵਾਲੇ ਯਤਨ ਦੀ ਇੱਕ ਤਾਜ਼ਾ ਉਦਾਹਰਣ ਮਹੱਤਵਪੂਰਨ ਸਫਲਤਾ ਅਮਰੀਕਾ ਵਿੱਚ ਨੇਹਲ ਮੋਦੀ ਦੀ ਗ੍ਰਿਫਤਾਰੀ ਸੀ। ਨੇਹਲ ਨੀਰਵ ਮੋਦੀ ਦਾ ਭਰਾ ਹੈ ਜੋ ਵਰਤਮਾਨ ਵਿੱਚ ਯੂ.ਕੇ. ਵਿੱਚ ਕੈਦ ਹੈ ਅਤੇ ਭਾਰਤ ਨੂੰ ਉਸਦੀ ਹਵਾਲਗੀ ਦੀ ਉਡੀਕ ਕਰ ਰਿਹਾ ਹੈ। ਨੀਰਵ ਮੋਦੀ ਨੇ ਆਪਣੇ ਚਾਚਾ ਮੇਹੁਲ ਚੋਕਸੀ ਨਾਲ ਮਿਲ ਕੇ ਧੋਖਾਧੜੀ ਵਾਲੇ ਲੈਟਰਸ ਆਫ ਅੰਡਰਟੇਕਿੰਗ ਰਾਹੀਂ ਪੰਜਾਬ ਨੈਸ਼ਨਲ ਬੈਂਕ ਵਿੱਚ 13,000 ਕਰੋੜ ਰੁਪਏ ਦਾ ਘਪਲਾ ਕੀਤਾ ਸੀ।

### ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ

ਨੂੰ ਚਲਾਉਣ ਉੱਤੇ ਪਾਬੰਦੀ ਲਗਾ ਦਿੱਤੀ ਤੇ ਕੋਲੇ ਦੀ ਤਾਜ਼ਾ ਸਪਲਾਈ ਬੰਦ ਕਰ ਦਿੱਤੀ ਗਈ। ਪੀ.ਪੀ.ਸੀ.ਬੀ. ਦੇ ਅਧਿਕਾਰੀਆਂ ਦੀ ਟੀਮ ਨੇ 29 ਮਾਰਚ, 2025 ਨੂੰ ਪਲਾਂਟ ਦੇ ਦੌਰੇ ਦੌਰਾਨ ਰੋਪੜ ਥਰਮਲ ਪਲਾਂਟ ਪ੍ਰਬੰਧਨ ਨੂੰ ਕੁੱਝ ਹਦਾਇਤਾਂ ਦੀ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ ਸਨ। ਮਾਮਲੇ ਦੀ ਅਗਲੀ ਸੁਣਵਾਈ ਅਗਸਤ ਦੇ ਦੂਜੇ ਹਫ਼ਤੇ ਤੈਅ ਕੀਤੀ ਗਈ ਹੈ। ਪ੍ਰਦੂਸ਼ਣ ਰੋਕਥਾਮ ਬੋਰਡ ਨੇ ਰੋਪੜ ਥਰਮਲ ਪਲਾਂਟ ਦੇ ਨਜ਼ਦੀਕੀ ਪਿੰਡ ਥੱਲੀ ਦੇ ਲੋਕਾਂ ਦੀ ਸ਼ਿਕਾਇਤ 'ਤੇ ਇਹ ਹੁਕਮ ਜਾਰੀ ਕੀਤਾ ਗਿਆ ਹੈ। ਉਨ੍ਹਾਂ ਨੇ ਦੋਸ਼ ਲਾਇਆ ਸੀ ਕਿ ਰੋਪੜ ਥਰਮਲ ਪਲਾਂਟ ਦੀ ਉਡਦੀ ਸੁਆਹ ਉਨ੍ਹਾਂ ਦੇ ਘਰਾਂ, ਫ਼ਸਲਾਂ ਅਤੇ ਜਿਹਤ ਵਸਤਾਂ 'ਤੇ ਜੰਮ ਰਹੀ ਹੈ। ਇਹ ਸ਼ਿਕਾਇਤ ਜਨਵਰੀ 2024 ਵਿੱਚ ਦਰਜ ਕਰਵਾਈ ਗਈ ਸੀ। ਪਿੰਡ ਵਾਸੀਆਂ ਦੀ ਸ਼ਿਕਾਇਤ 'ਤੇ ਪੀ.ਪੀ.ਸੀ.ਬੀ. ਦੇ ਅਧਿਕਾਰੀਆਂ ਨੇ ਰੋਪੜ ਥਰਮਲ ਪਲਾਂਟ ਦਾ ਦੌਰਾ ਕੀਤਾ ਸੀ ਅਤੇ ਇਸ ਦੌਰਾਨ ਵਾਤਾਵਰਣ ਕਾਨੂੰਨਾਂ ਦੀਆਂ ਕਈ ਸਪੱਸ਼ਟ ਉਲੰਘਣਾਵਾਂ ਪਾਈਆਂ ਗਈਆਂ ਸਨ। ਰੋਪੜ ਥਰਮਲ ਪਲਾਂਟ ਦੇ ਚੀਫ਼ ਇੰਜੀਨੀਅਰ ਹਰੀਸ਼ ਕੁਮਾਰ ਸ਼ਰਮਾ ਨੇ ਕਿਹਾ ਕਿ ਉਹ ਅਗਲੇ ਕੁਝ ਦਿਨਾਂ ਵਿੱਚ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਚੇਅਰਮੈਨ ਦੇ ਹੁਕਮਾਂ ਖ਼ਿਲਾਫ਼ ਅਪੀਲ ਕਰਨਗੇ।

### 9 ਆਈ.ਏ.ਐਸ.- ਪੀ.ਸੀ.ਐਸ.

ਉੱਚ ਸਿੱਖਿਆ ਵਿਭਾਗ ਦੇ ਡਾਇਰੈਕਟਰ ਵਜੋਂ ਨਿਯੁਕਤ ਕੀਤਾ ਗਿਆ ਹੈ। ਰਾਕੇਸ਼ ਕੁਮਾਰ ਪੋਪਲੀ (ਪੀ.ਸੀ.ਐਸ.) ਨੂੰ ਹੁਣ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ ਦੇ ਵਧੀਕ ਮੁੱਖ ਪ੍ਰਸ਼ਾਸਕ ਦੇ ਨਾਲ-ਨਾਲ ਗ੍ਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ), ਐਸ.ਏ.ਐਸ. ਨਗਰ ਦਾ ਵਧੀਕ ਮੁੱਖ ਪ੍ਰਸ਼ਾਸਕ ਨਿਯੁਕਤ ਕੀਤਾ ਗਿਆ ਹੈ। ਅਮਿਤ ਸਰੀਨ (ਪੀ.ਸੀ.ਐਸ.) ਨੂੰ ਸੰਯੁਕਤ ਸਕੱਤਰ, ਰੱਖਿਆ ਸੇਵਾਵਾਂ ਭਲਾਈ ਦੇ ਨਾਲ-ਨਾਲ ਸਕੱਤਰ, ਪੰਜਾਬ ਸੈਨਿਕ ਬੋਰਡ ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਅੰਕੁਰ ਮਹਿੰਦਰੂ (ਪੀ.ਸੀ.ਐਸ.) ਨੂੰ ਐਸ.ਡੀ.ਐਮ. ਮੁਕੇਰੀਆਂ ਨਿਯੁਕਤ ਕੀਤਾ ਗਿਆ ਹੈ। ਵਿਕਾਸ ਹੀਰਾ (ਪੀ.ਸੀ.ਐਸ.) ਨੂੰ ਲੁਧਿਆਣਾ ਏਰੀਆ ਵਿਕਾਸ ਅਥਾਰਟੀ ਦਾ ਵਧੀਕ ਮੁੱਖ ਪ੍ਰਸ਼ਾਸਕ ਨਿਯੁਕਤ ਕੀਤਾ ਗਿਆ ਹੈ। ਹਰਜੋਤ ਕੌਰ (ਪੀ.ਸੀ.ਐਸ.), ਜੋ ਫਿਰੋਜ਼ਪੁਰ ਵਿੱਚ ਸਹਾਇਕ ਕਮਿਸ਼ਨਰ (ਜਨਰਲ) ਸਨ, ਹੁਣ ਐਸ.ਡੀ.ਐਮ., ਪਟਿਆਲਾ ਹੋਣਗੇ। ਗੁਰਦੇਵ ਸਿੰਘ ਧਾਮ (ਪੀ.ਸੀ.ਐਸ.), ਜੋ ਕਿ ਐਸ.ਡੀ.ਐਮ.,ਪਟਿਆਲਾ ਸਨ, ਹੁਣ ਫਿਰੋਜ਼ਪੁਰ ਵਿੱਚ ਮੁੱਖ ਮੰਤਰੀ ਦੇ ਫੀਲਡ ਅਫਸਰ ਅਤੇ ਸਹਾਇਕ ਕਮਿਸ਼ਨਰ (ਜਨਰਲ) ਵਜੋਂ ਅਹੁਦਾ ਸੰਭਾਲਣਗੇ।


ਚੜ੍ਹਦੀਕਲਾ

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਿਟਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।

PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi

PRGI (RNI) Regd. No. 22972/1972


## ਪਹਿਲੇ ਸਫ਼ੇ ਦੀ ਬਾਕੀ

### ਭੂਚਾਲ ਨਾਲ ਇੱਕ ਵਾਰ

ਆਇਆ ਸੀ, ਜਿਸ ਕਾਰਨ ਉੱਥੇ ਭਾਰੀ ਤਬਾਹੀ ਮਚੀ ਸੀ ਤੇ 3000 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਸੀ। ਜਦਕਿ ਹਜ਼ਾਰਾਂ ਹੋਰ ਲੋਕ ਜ਼ਖ਼ਮੀ ਹੋ ਗਏ ਸਨ। ਇਸ ਭੂਚਾਲ ਕਾਰਨ ਦੇਸ਼ ਨੂੰ ਹਜ਼ਾਰਾਂ ਕਰੋੜ ਰੁਪਏ ਦਾ ਨੁਕਸਾਨ ਵੀ ਝੱਲਣਾ ਪਿਆ ਸੀ, ਜਿਸ ਕਾਰਨ ਹੁਣ ਭੂਚਾਲ ਦਾ ਨਾਂ ਸੁਣ ਕੇ ਵੀ ਲੋਕਾਂ ਦੇ ਮਨਾਂ 'ਚ ਦਹਿਸ਼ਤ ਛਾ ਜਾਂਦੀ ਹੈ।

### ਕਾਂਗਰਸ ਨੇ ਮਨਰੇਗਾ ਦੇ ਸੰਚਾਲਨ ਨਾਲ

ਮਾਨੀਟਰਿੰਗ ਸਿਸਟਮ ਐਪਲੀਕੇਸ਼ਨ ਐਪ ਮਸਟਰ ਰੋਲ 'ਤੇ ਨਕਲੀ ਕਾਮਿਆਂ' ਨੂੰ ਆਉਣ ਤੋਂ ਨਹੀਂ ਰੋਕ ਸਕਦਾ ਕਿਉਂਕਿ ਨਕਲੀ ਕਾਮੇ ਦਿਨ ਵਿੱਚ ਦੋ ਵਾਰ ਫੋਟੋਆਂ ਖਿੱਚਵਾ ਸਕਦੇ ਹਨ, ਅਤੇ ਇੱਕ ਮਿੰਟ ਲਈ ਵੀ ਕੰਮ ਕੀਤੇ ਬਿਨਾਂ ਤਨਖਾਹ ਪ੍ਰਾਪਤ ਕਰ ਸਕਦੇ ਹਨ। ਰਮੇਸ਼ ਨੇ ਕਿਹਾ,'ਜੋ ਸਾਹਮਣੇ ਆਇਆ ਹੈ- ਕਿ ਨਕਲੀ ਅਤੇ ਬੇਤਰਤੀਬ ਤਸਵੀਰਾਂ ਅਪਲੋਡ ਕੀਤੀਆਂ ਜਾ ਰਹੀਆਂ ਹਨ- ਇਹ ਸਬੂਤ ਹੈ ਕਿ ਐਨ.ਐਮ.ਐਮ.ਐਸ. ਪੂਰੀ ਤਰ੍ਹਾਂ ਬੇਕਾਰ ਹੈ।' ਰਾਮੇਸ਼ ਨੇ ਕਿਹਾ ਕਿ ਮੋਦੀ ਸਰਕਾਰ ਨੇ ਇਸ ਮੁੱਦੇ ਨੂੰ ਸਵੀਕਾਰ ਕਰਨ ਤੋਂ ਬਾਅਦ,ਅਜਿਹੇ ਹੱਲ ਲੱਭੇ ਹਨ ਜੋ ਸਮੱਸਿਆ ਤੋਂ ਵੀ ਭੈੜੇ ਹਨ ਉਨ੍ਹਾਂ ਕਿਹਾ ਕਿ ਮੋਬਾਈਲ ਮਾਨੀਟਰਿੰਗ ਸਿਸਟਮ ਐਪਲੀਕੇਸ਼ਨ ਐਪ ਫੋਟੋਆਂ ਹੁਣ ਇੰਚਾਰਜ ਅਧਿਕਾਰੀਆਂ ਦੁਆਰਾ ਸਰੀਰਕ ਤਸਦੀਕ ਦੇ ਆਧਾਰ 'ਤੇ ਵੀ ਲਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਪ੍ਰਸਤਾਵਿਤ ਹੱਲ ਨਰੇਗਾ ਕਰਮਚਾਰੀਆਂ ਦਾ ਉੱਪਰ ਤੋਂ ਹੇਠਾਂ ਤੱਕ ਕੀਮਤੀ ਸਮਾਂ ਬਰਬਾਦ ਕਰੇਗਾ। ਉਨ੍ਹਾਂ ਦਲੀਲ ਦਿੱਤੀ ਕਿ ਉਹ ਜਾਂ ਤਾਂ ਫੋਟੋਆਂ ਦੀ ਪੁਸ਼ਟੀ ਕਰ ਸਕਦੇ ਹਨ, ਜਿਵੇਂ ਕਿ ਨਵੀਨਤਮ ਆਦੇਸ਼ ਵਿੱਚ ਲਾਜ਼ਮੀ ਹੈ, ਜਾਂ ਉਹ ਆਪਣੀਆਂ ਨਿਯਮਤ ਡਿਊਟੀਆਂ 'ਤੇ ਜਾ ਸਕਦੇ ਹਨ।

### ਪਹਿਲਗਾਮ ਅੱਤਵਾਦੀ ਹਮਲੇ ਦਾ ਬਦਲਾ ਲੈਣ

ਸੁਰੱਖਿਆ ਅਸਫ਼ਲਤਾ ਦੀ ਜ਼ਿੰਮੇਵਾਰੀ ਖ਼ੁਦ ਲਏ ਜਾਣ ਸਬੰਧੀ ਕਥਿਤ ਟਿੱਪਣੀ ਦੇ ਲਈ ਓਵੈਸੀ ਨੇ ਉਨ੍ਹਾਂ ਉੱਤੇ ਨਿਸ਼ਾਨਾ ਸਾਧਿਆ ਹੈ। ਓਵੈਸੀ ਨੇ ਕਿਹਾ,'ਸਿਨਹਾ ਘਟਨਾ ਦੇ ਲੱਗਭੱਗ ਤਿੰਨ ਮਹੀਨੇ ਬਾਅਦ ਜ਼ਿੰਮੇਵਾਰੀ ਲੈ ਰਿਹਾ ਹੈ। ਜੇਕਰ ਉਹ ਇਸ ਲਈ ਜ਼ਿੰਮੇਵਾਰ ਹੈ, ਤਾਂ ਉਸ ਨੂੰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ।' ਕੇਂਦਰ ਵੱਲ ਇਸ਼ਾਰਾ ਕਰਦੇ ਹੋਏ, ਏ.ਆਈ.ਐਮ.ਆਈ.ਐਮ. ਪ੍ਰਧਾਨ ਨੇ ਕਿਹਾ,'ਪਹਿਲਗਾਮ ਦਾ ਬਦਲਾ ਲੈਣਾ ਚਾਹੀਦਾ ਹੈ। ਆਪ੍ਰੇਸ਼ਨ ਸਿੰਦੂਰ ਜਾਰੀ ਰੱਖੋ। ਅਸੀਂ ਤੁਹਾਡੇ ਤੋਂ ਉਦੋਂ ਤੱਕ ਪੁੱਛ-ਗਿੱਛ ਕਰਾਂਗੇ ਜਦੋਂ ਤੱਕ ਉਹ ਚਾਰ ਅੱਤਵਾਦੀ ਨਹੀਂ ਫੜੇ ਜਾਂਦੇ, ਜਿਨ੍ਹਾਂ ਨੇ 26 ਭਾਰਤੀਆਂ ਨੂੰ ਉਨ੍ਹਾਂ ਦਾ ਧਰਮ ਪੁੱਛਣ ਤੋਂ ਬਾਅਦ ਮਾਰ ਦਿੱਤਾ ਸੀ।' ਉਨ੍ਹਾਂ ਕਿਹਾ,'ਪਹਿਲਗਾਮ ਮੋਦੀ ਸਰਕਾਰ ਦੀ ਸੁਰੱਖਿਆ ਵਿੱਚ ਕੁਤਾਹੀ ਦੀ ਇੱਕ ਜ਼ਿੰਦਾ ਉਦਾਹਰਣ ਹੈ।'

### ਆਗਾਮੀ ਤਿਉਹਾਰੀ ਸੀਜ਼ਨ 'ਚ

ਦੌਰਾਨ ਤਿਉਹਾਰਾਂ ਦੀ ਵਿਕਰੀ ਅਤੇ ਵਿਆਹ ਦੇ ਸੀਜ਼ਨ ਦੌਰਾਨ ਤੇਜ਼ੀ ਨਾਲ ਵਿਕਰੀ ਦੀ ਉਮੀਦ ਵਿੱਚ ਅਸਥਾਈ ਕਰਮਚਾਰੀਆਂ ਦੀ ਭਰਤੀ ਦੀਆਂ ਗਤੀਵਿਧੀਆਂ ਵਿੱਚ ਤੇਜ਼ੀ ਆਈ ਹੈ। ਬਹੁਤ ਸਾਰੀਆਂ ਕੰਪਨੀਆਂ ਨੇ ਮੰਗ ਨੂੰ ਆਸਾਨੀ ਨਾਲ ਪੂਰਾ ਕਰਨ ਅਤੇ ਸੰਭਾਵਿਤ ਮਜ਼ਬੂਤ ਤਿਉਹਾਰੀ ਸਮੇਂ ਲਈ ਆਪਣੀ ਕਾਰਜਸ਼ੀਲ ਤਿਆਰੀ ਨੂੰ ਯਕੀਨੀ ਬਣਾਉਣ ਲਈ ਨਿਰਧਾਰਤ ਸਮੇਂ ਤੋਂ ਪਹਿਲਾਂ ਹੀ ਭਰਤੀਆਂ ਦਾ ਕੰਮ ਸ਼ੁਰੂ ਕਰ ਚੁੱਕੀ ਹੈ। ਏਡੇਕੋ ਇੰਡੀਆ ਦੇ ਡਾਇਰੈਕਟਰ ਅਤੇ ਜਨਰਲ ਸਟਾਫਿੰਗ ਦੇ ਮੁਖੀ ਦੀਪੇਸ਼ ਗੁਪਤਾ ਨੇ ਕਿਹਾ, 'ਇਸ ਸਾਲ ਦੇ ਤਿਉਹਾਰਾਂ ਦੇ ਸੀਜ਼ਨ ਵਿੱਚ ਇੱਕ ਤੇਜ਼ ਅਤੇ ਵਧੇਰੇ ਢਾਂਚਾਗਤ ਮੰਗ ਵਕਰ ਦੇਖਣ ਨੂੰ ਮਿਲ ਰਿਹਾ ਹੈ। ਅਸੀਂ ਇਸ ਮੰਗ ਨੂੰ ਪੂਰਾ ਕਰਨ ਲਈ ਪਹਿਲਾਂ ਹੀ ਸਰਗਰਮੀ ਨਾਲ ਤਿਆਰੀ ਕਰ ਲਈ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਸਾਲ ਭਰਤੀ ਵਿੱਚ ਵਾਧਾ ਖਪਤਕਾਰਾਂ ਦੀ ਭਾਵਨਾ ਵਿੱਚ ਸੁਧਾਰ, ਪੇਂਡੂ ਮੰਗ ਨੂੰ ਵਧਾਉਣ ਵਾਲੇ ਅਨੁਕੂਲ ਮਾਨਸੂਨ, ਚੋਣਾਂ ਤੋਂ ਬਾਅਦ ਆਰਥਿਕ ਆਸ਼ਾਵਾਦ ਅਤੇ ਹਮਲਾਵਰ ਤਿਉਹਾਰੀ ਇਸ਼ਤਿਹਾਰਾਂ ਦੁਆਰਾ ਚਲਾਇਆ ਜਾ ਰਿਹਾ ਹੈ। ਦਿੱਲੀ-ਐਨਸੀਆਰ, ਮੁੰਬਈ, ਬੰਗਲੁਰੂ ਅਤੇ ਚੇਨਈ ਵਰਗੇ ਮਹਾਂਨਗਰ ਤਿਉਹਾਰਾਂ ਦੀ ਭਰਤੀ ਦੀ ਮੰਗ ਵਿੱਚ ਮੋਹਰੀ ਹਨ, ਪਿਛਲੇ ਸਾਲ ਨਾਲੋਂ 19 ਫ਼ੀਸਦੀ ਵੱਧ ਮੌਕੇ ਹਨ। ਇਸ ਦੇ ਨਾਲ ਹੀ, ਲਖਨਊ, ਜੈਪੁਰ ਅਤੇ ਕੋਇੰਬਟੂਰ ਵਰਗੇ ਦੂਜੇ ਦਰਜੇ ਦੇ ਸ਼ਹਿਰਾਂ ਵਿੱਚ ਮੰਗ ਵਿੱਚ 42 ਫ਼ੀਸਦੀ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਇਹ ਦਰਸਾਉਂਦਾ ਹੈ ਕਿ ਤਿਉਹਾਰਾਂ ਦੀ ਭਰਤੀ ਦੀ ਪ੍ਰਕਿਰਿਆ ਨੇ ਇੱਕ ਵਿਆਪਕ ਰੂਪ ਧਾਰਨ ਕਰ ਲਿਆ ਹੈ।ਰਿਪੋਰਟ ਦੇ ਅਨੁਸਾਰ ਨਵੀਂ ਭਰਤੀ ਦੌਰਾਨ ਦਿੱਤੀ ਜਾਣ ਵਾਲੀ ਤਨਖਾਹ ਵਿੱਚ ਮਹਾਂਨਗਰਾਂ ਵਿੱਚ 12-15 ਫ਼ੀਸਦੀ ਅਤੇ ਉੱਭਰ ਰਹੇ ਸ਼ਹਿਰਾਂ ਵਿੱਚ 18-22 ਫ਼ੀਸਦੀ ਦਾ ਵਾਧਾ ਹੋਣ ਦੀ ਉਮੀਦ ਹੈ। ਇਸ ਦੇ ਨਾਲ ਲਚਕਦਾਰ, ਥੋੜ੍ਹੇ ਸਮੇਂ ਦੀਆਂ ਭੂਮਿਕਾਵਾਂ ਲਈ ਵੱਧਦੀ ਤਰਜੀਹ ਕਾਰਨ ਇਸ ਸਾਲ ਦੀ ਮੌਸਮੀ ਭਰਤੀ ਦੌਰਾਨ ਔਰਤਾਂ ਦੀ ਭਾਗੀਦਾਰੀ ਵਿੱਚ 23 ਫ਼ੀਸਦੀ ਦਾ ਵਾਧਾ ਦੇਖਿਆ ਜਾ ਰਿਹਾ ਹੈ। ਲੌਜਿਸਟਿਕਸ ਅਤੇ ਸਪਲਾਈ ਸੈਕਟਰ ਵਿੱਚ ਭਰਤੀ 30-35 ਫ਼ੀਸਦੀ ਵਧਣ ਦੀ ਉਮੀਦ ਹੈ, ਜਦੋਂ ਕਿ ਬੈਂਕਿੰਗ, ਵਿੱਤੀ ਸੇਵਾਵਾਂ ਅਤੇ ਬੀਮਾ ਸੈਕਟਰ ਵਿੱਚ 30 ਫ਼ੀਸਦੀ ਵਧਣ ਦੀ ਉਮੀਦ ਹੈ। ਈ-ਕਾਮਰਸ ਅਤੇ ਪ੍ਰਚੂਨ ਖੇਤਰ ਕੁੱਲ ਨਵੀਆਂ ਮੌਸਮੀ ਨੌਕਰੀਆਂ ਦਾ 35-40 ਫ਼ੀਸਦੀ ਹੋਣਗੇ, ਜਦੋਂ ਕਿ ਪ੍ਰਾਹੁਣਚਾਰੀ ਅਤੇ ਯਾਤਰਾ ਖੇਤਰਾਂ ਵਿੱਚ 20-25 ਫ਼ੀਸਦੀ ਦਾ ਵਾਧਾ ਦੇਖਣ ਨੂੰ ਮਿਲੇਗਾ।

### ਸੀ.ਏ.ਟੀ. ਦੇ ਫ਼ੈਸਲੇ ਵਿਰੁੱਧ ਕਰਨਾਟਕ

ਪਹਿਲਾਂ ਹੋ ਰਹੇ ਹਨ। ਜਦੋਂ ਤੱਥਾਂ ਦੇ ਨਤੀਜਿਆਂ ਦੀ ਅਜੇ ਵੀ ਉਡੀਕ ਹੈ ਅਤੇ ਉਕਤ ਘਟਨਾ ਵਿੱਚ ਪਟੀਸ਼ਨਕਰਤਾ ਦੀ ਕਥਿਤ ਭੂਮਿਕਾ ਬਾਰੇ ਕਿਸੇ ਵੀ ਸੰਸਥਾ ਦੁਆਰਾ ਕੋਈ ਨਿਰਣਾਇਕ ਸਿੱਟਾ ਨਹੀਂ ਕੱਢਿਆ ਗਿਆ ਹੈ, ਤਾਂ ਕੇਂਦਰੀ ਪ੍ਰਸ਼ਾਸਨਿਕ ਟ੍ਰਿਬਿਊਨਲ ਦੁਆਰਾ ਇਹਨਾਂ ਵਿਵਾਦਿਤ ਤੱਥਾਂ 'ਤੇ ਵਿਚਾਰ ਕਰਨਾ ਸਮੇਂ ਤੋਂ ਪਹਿਲਾਂ ਹੈ,ਪਟੀਸ਼ਨ ਵਿੱਚ ਕਿਹਾ ਗਿਆ ਹੈ। ਜਿੱਥੋਂ ਤੱਕ ਜਿੱਤ ਦੇ ਜਸ਼ਨ ਲਈ ਪੁਲਿਸ ਦੀ ਇਜਾਜ਼ਤ ਲੈਣ ਦਾ ਸਵਾਲ ਹੈ, ਆਰ.ਸੀ.ਬੀ. ਦਾ ਕਹਿਣਾ ਹੈ ਕਿ ਸੇਵਾ ਪ੍ਰਦਾਤਾ ਮੈਸਰਜ਼ ਡੀ.ਐਨ.ਏ. ਅਤੇ ਕੇ.ਐਸ.ਸੀ.ਏ. ਨਾਲ ਆਪਣੇ ਸਮਝੌਤੇ ਦੇ ਅਨੁਸਾਰ, ਇਹ ਉਹ ਸੰਸਥਾਵਾਂ ਸਨ ਜੋ ਜ਼ਰੂਰੀ ਇਜਾਜ਼ਤਾਂ ਪ੍ਰਾਪਤ ਕਰਨ ਅਤੇ ਲਾਗੂ ਕਾਨੂੰਨ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਸਨ। ਇਸ ਤਰ੍ਹਾਂ ਪਟੀਸ਼ਨ ਆਰ.ਸੀ.ਬੀ. ਵਿਰੁੱਧ ਕੀਤੀਆਂ ਗਈਆਂ ਟਿੱਪਣੀਆਂ ਨੂੰ ਹਟਾਉਣ ਦੀ ਮੰਗ ਕਰਦੀ ਹੈ। ਇਸ ਤੋਂ ਪਹਿਲਾਂ, ਕੇਂਦਰੀ ਪ੍ਰਸ਼ਾਸਕੀ ਟ੍ਰਿਬਿਊਨਲ (ਸੀ.ਏ.ਟੀ.) ਦੇ ਦੋ-ਮੈਂਬਰੀ ਬੈਂਚ ਨੇ ਰਾਇਲ ਚੈਲੇਂਜਰਜ਼ ਬੰਗਲੁਰੂ (ਆਰ.ਸੀ.ਬੀ.) ਨੂੰ 4 ਜੂਨ ਨੂੰ ਇੰਡੀਅਨ ਪ੍ਰੀਮੀਅਰ ਲੀਗਦੀ ਪਹਿਲੀ ਖਿਤਾਬ ਜਿੱਤ ਤੋਂ ਬਾਅਦ ਆਪਣੇ ਘਰੇਲੂ ਸਥਾਨ ਐਮ. ਚਿੰਨਾਸਵਾਮੀ ਸਟੇਡੀਅਮ ਦੇ ਬਾਹਰ 'ਲਗਭਗ ਤਿੰਨ ਤੋਂ ਪੰਜ ਲੱਖ ਲੋਕਾਂ' ਦੇ ਇਕੱਠ ਲਈ 'ਜ਼ਿੰਮੇਵਾਰ' ਮੰਨਿਆ, ਖ਼ਬਰ ਏਜੰਸੀ ਦੀ ਰਿਪੋਰਟ ਅਨੁਸਾਰ। ਜਸਟਿਸ ਬੀ.ਕੇ. ਸ਼੍ਰੀਵਾਸਤਵ ਅਤੇ ਸੰਤੋਸ਼ ਮਹਿਰਾ ਦੀ ਬੈਂਚ, ਜਿਸ ਦੀ ਮਲਕੀਅਤ ਡਿਆਜੀਓ ਹੈ, ਨੇ ਲੋੜੀਂਦੀਆਂ ਰੈਗੂਲੇਟਰੀ ਇਜਾਜ਼ਤਾਂ ਮੰਗੇ ਜਾਂ ਪ੍ਰਾਪਤ ਕੀਤੇ ਬਿਨਾਂ ਟਰਾਫੀ ਜਿੱਤ ਦੇ ਜਸ਼ਨਾਂ ਨਾਲ ਅੱਗੇ ਵਧ ਕੇ 'ਪ੍ਰੇਸ਼ਾਨ' ਪੈਦਾ ਕੀਤਾ ਸੀ। ਇਹ ਟਿੱਪਣੀਆਂ ਮੰਗਲਵਾਰ ਨੂੰ ਸੀ.ਏ.ਟੀ. ਦੁਆਰਾ ਜਾਰੀ ਕੀਤੇ ਗਏ 29 ਪੰਨਿਆਂ ਦੇ ਆਦੇਸ਼ ਦਾ ਹਿੱਸਾ ਸਨ, ਜਿਸ ਨੇ ਇੰਸਪੈਕਟਰ ਜਨਰਲ ਅਤੇ ਵਧੀਕ ਪੁਲਿਸ ਕਮਿਸ਼ਨਰ, ਬੰਗਲੁਰੂ (ਪੱਛਮ), ਵਿਕਾਸ ਕੁਮਾਰ ਦੁਆਰਾ ਦਾਇਰ ਇੱਕ ਕੇਸ ਦੀ ਸੁਣਵਾਈ ਕੀਤੀ। ਵਿਕਾਸ ਰਾਜ ਸਰਕਾਰ ਦੁਆਰਾ ਮੁਅੱਤਲ ਕੀਤੇ ਗਏ ਚਾਰ ਪੁਲਿਸ ਮੁਲਾਜ਼ਮਾਂ ਵਿੱਚ ਸ਼ਾਮਲ ਸੀ, ਜਿਸ ਵਿੱਚ 'ਡਿਊਟੀ ਵਿੱਚ ਕਾਫ਼ੀ ਲਾਪਰਵਾਹੀ' ਅਤੇ 'ਮਾਰਗਦਰਸ਼ਨ' ਨਾ ਮੰਗਣ ਦਾ ਦੋਸ਼ ਲਗਾਇਆ ਗਿਆ ਸੀ। ਜਿਸ ਕਾਰਨ ਸਥਿਤੀ 'ਕੰਟਰੋਲ ਤੋਂ ਬਾਹਰ ਹੋ ਗਈ, ਜਿਸਦਾ ਅਰਥ ਸੀ ਬਹੁਤ ਦੁੱਖ, ਕੀਮਤੀ ਜਾਨ ਦਾ ਨੁਕਸਾਨ ਅਤੇ ਸਰਕਾਰ ਲਈ ਸ਼ਰਮਿੰਦਗੀ'। ਵਿਕਾਸ ਨੇ ਆਪਣੀ ਮੁਅੱਤਲੀ ਨੂੰ ਚੁਣੌਤੀ ਦਿੱਤੀ, ਅਤੇ ਸੀ.ਏ.ਟੀ. ਨੇ ਸਰਕਾਰੀ ਹੁਕਮ ਨੂੰ ਰੱਦ ਕਰ ਦਿੱਤਾ, ਇਹ ਕਹਿੰਦੇ ਹੋਏ ਕਿ ਪੁਲਿਸ ਅਧਿਕਾਰੀ ਨੂੰ ਬਹਾਲ ਕੀਤਾ ਜਾਣਾ ਚਾਹੀਦਾ ਹੈ। ਸੀ.ਏ.ਟੀ. ਦੇ ਹੁਕਮ ਵਿੱਚ ਕਿਹਾ ਗਿਆ ਹੈ ਕਿ ਨਾ ਤਾਂ ਫਰੈਂਚਾਇਜ਼ੀ ਅਤੇ ਨਾ ਹੀ ਇਸ ਦੀ ਇਵੈਂਟ ਮੈਨੇਜਮੈਂਟ ਫਰਮ, ਡੀ.ਐਨ.ਏ. ਐਂਟਰਟੇਨਮੈਂਟ ਨੈੱਟਵਰਕ ਪ੍ਰਾਈਵੇਟ ਲਿਮਟਿਡ, ਨੇ ਸਟੇਡੀਅਮ ਵਿੱਚ ਖਿਤਾਬ ਜਸ਼ਨ ਪਰੇਡ ਕਰਵਾਉਣ ਲਈ ਕੋਈ ਇਜਾਜ਼ਤ ਮੰਗੀ। ਸੀ.ਏ.ਟੀ. ਨੇ ਇਹ ਵੀ ਦੱਸਿਆ ਕਿ ਅਜਿਹੇ ਸਮਾਗਮਾਂ ਦੇ ਆਯੋਜਨ ਲਈ, ਲਾਇਸੈਂਸਿੰਗ ਅਤੇ ਕੰਟਰੋਲਿੰਗ ਆਫ਼ ਅਸੈਂਬਲੀਜ਼ ਐਂਡ ਪਬਲਿਕ ਪ੍ਰੋਸੈਸ਼ਨ (ਬੈਂਗਲੁਰੂ ਸ਼ਹਿਰ) ਆਰਡਰ, 2009 ਦੇ ਤਹਿਤ ਇੱਕ ਹਫ਼ਤਾ ਪਹਿਲਾਂ ਅਰਜ਼ੀ ਦੇਣੀ ਪੈਂਦੀ ਹੈ। ਹਾਲਾਂਕਿ, ਨਾ ਤਾਂ ਆਰ.ਸੀ.ਬੀ. ਅਤੇ ਨਾ ਹੀ ਡੀ.ਐਨ.ਏ. ਨੇ ਅਜਿਹਾ ਕੀਤਾ। ਹੁਕਮ ਵਿੱਚ ਇਹ ਵੀ ਕਿਹਾ ਗਿਆ ਹੈ ਕਿ IPL ਫਾਈਨਲ ਵਾਲੇ ਦਿਨ, 3 ਜੂਨ ਨੂੰ, ਕਰਨਾਟਕ ਸਟੇਟ ਕ੍ਰਿਕਟ ਐਸੋਸੀਏਸ਼ਨ (ਕੇ.ਐਸ.ਸੀ.ਏ.) ਦੇ ਮੁੱਖ ਕਾਰਜਕਾਰੀ ਅਧਿਕਾਰੀ ਸ਼ੁਭੇਂਦੂ ਘੋਸ਼ ਨੇ ਟੀਮ ਦੀ ਇਵੈਂਟ ਮੈਨੇਜਮੈਂਟ ਫਰਮ ਵੱਲੋਂ ਕਬਨ ਪਾਰਕ ਪੁਲਿਸ ਸਟੇਸ਼ਨ (ਚਿੰਨਾਸਵਾਮੀ ਸਟੇਡੀਅਮ ਦੇ ਨਾਲ ਲੱਗਦੇ) ਨੂੰ ਇੱਕ ਪੱਤਰ ਲਿਖਿਆ ਸੀ ਕਿ ਟੀਮ ਦੀ ਟਰਾਫੀ ਜਿੱਤਣ 'ਤੇ, ਮੈਦਾਨ ਦੇ ਆਲੇ-ਦੁਆਲੇ 'ਸੰਭਾਵੀ ਜਿੱਤ ਪਰੇਡ' ਹੋਵੇਗੀ ਜੋ ਸਟੇਡੀਅਮ ਦੇ ਅੰਦਰ 'ਜਿੱਤ ਦੇ ਜਸ਼ਨਾਂ ਨਾਲ ਖਤਮ ਹੋਵੇਗੀ'। ਪਰੇਡ ਲਈ ਰਸਤਾ ਸਾਂਝਾ ਕੀਤਾ ਗਿਆ ਸੀ। ਪਰ ਇਜਾਜ਼ਤ ਨਹੀਂ ਮੰਗੀ ਗਈ ਸੀ। ਸੀ.ਏ.ਟੀ.ਦੇ ਹੁਕਮ ਵਿੱਚ ਕਿਹਾ ਗਿਆ ਹੈ ਕਿ ਜਦੋਂ ਪੱਤਰ ਜਮ੍ਹਾ ਕੀਤਾ ਗਿਆ ਸੀ, ਤਾਂ ਇਹ 'ਨਿਸ਼ਚਿਤ' ਨਹੀਂ ਸੀ ਕਿ ਆਰ.ਸੀ.ਬੀ. ਜਿੱਤੇਗਾ, ਅਤੇ ਇਸ ਕੋਲ ਜਿੱਤ ਪਰੇਡ ਅਤੇ ਜਸ਼ਨ ਮਨਾਉਣ ਲਈ 'ਇਜਾਜ਼ਤ ਦੇਣ ਲਈ ਕੋਈ ਬੇਨਤੀ' ਨਹੀਂ ਸੀ।

### ਬੱਚਿਆਂ ਨੂੰ ਮੋਬਾਇਲ ਦੇ ਘਾਤਕ ਪ੍ਰਯੋਗ ਤੋਂ

ਸ੍ਰੀ ਹਰਿਮੰਦਰ ਸਾਹਿਬ ਤੋਂ ਪ੍ਰਸਾਰਿਤ ਹੋਣ ਵਾਲਾ ਲਾਇਵ ਗੁਰਬਾਣੀ ਕੀਰਤਨ ਬੱਚਿਆਂ ਨੂੰ ਕੋਲ ਬਿਠਾ ਕੇ ਸਰਵਨ ਕਰਨ ਤਾਂ ਹੀ ਅਸੀ ਆਪਣੇ ਬੱਚਿਆਂ ਨੂੰ ਸੰਪੂਰਨ ਤੌਰ 'ਤੇ ਸਹੀ ਮਰਿਆਦਾ ਵਾਲਾ ਜੀਵਨ ਜੀਉਣ ਦੇ ਸਕਦੇ ਹਾਂ। ਗਿਆਨੀ ਜਗਬੀਰ ਸਿੰਘ ਨੇ ਕਿਹਾ ਕਿ 14 ਜੁਲਾਈ ਤੋਂ ਜੋ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਜੀ ਦੀ ਈਮੇਲ 'ਤੇ ਕੋਈ ਧਮਕੀ ਭਰੀਆਂ ਮੇਲਾਂ ਆ ਰਹੀਆਂ ਹਨ, ਜਿਹਨਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਔਰ ਇਹ ਮੇਲਾ ਲਗਾਤਾਰ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ, ਗੁਰਜੀਤ ਸਿੰਘ ਜੀ ਔਜਲਾ ਮੈਂਬਰ ਪਾਰਲੀਮੈਂਟ ਅਤੇ ਪੰਜਾਬ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਵੀ ਇਹ ਈ ਮੇਲਾਂ ਆਈਆਂ ਹਨ। ਪਰ ਬੜੀ ਅਫਸੋਸ ਦੀ ਗੱਲ ਹੈ ਕਿ ਹੁਣ ਤੱਕ ਸਰਕਾਰ ਤੇ ਪ੍ਰਸ਼ਾਸਨ ਦੇ ਹੱਥ ਇਹਦੇ ਤੋਂ ਬਿਲਕੁਲ ਖਾਲੀ ਨੇ ਕਿਸੇ ਵੀ ਸਿੱਟੇ ਤੱਕ ਸਰਕਾਰ ਜਾਂ ਪ੍ਰਸ਼ਾਸਨ ਨਹੀਂ ਪਹੁੰਚ ਸਕੇ। ਲੋਕਲ ਪ੍ਰਸ਼ਾਸਨ ਪੰਜਾਬ ਸਰਕਾਰ ਤੇ ਸੈਂਟਰ ਸਰਕਾਰ ਦੀਆਂ ਏਜੰਸੀਆਂ ਭਾਵੇਂ ਇਸ ਵਿਸ਼ੇ 'ਤੇ ਕੰਮ ਕਰ ਰਹੀਆਂ ਹਨ। ਪਰ ਹੁਣ ਤੱਕ ਕਿਸੇ ਵੀ ਰਿਜਲਟ ਦੇ ਕਰੀਬ ਏਜੰਸੀਆਂ ਨਹੀਂ ਪਹੁੰਚੀਆਂ। ਜੋ ਬੜੀ ਦੁੱਖਦਾਈ ਗੱਲ ਹੈ ਕਿ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਜੋ ਕਿ ਸਰਬ ਸਾਂਝੀ ਵਾਲਤਾ ਦਾ ਪ੍ਰਤੀਕ ਹੈ ,ਜਿਸ ਦਾ ਕਿਸੇ ਦੇ ਨਾਲ ਵੈਰ ਨਹੀਂ ਜਿਸ ਧਰਮ ਦਾ ਕਿਸੇ ਦੇ ਨਾਲ ਕੋਈ ਬੇਗਾਨਗੀ ਵਾਲਾ ਕੋਈ ਵਤੀਰਾ ਨਹੀਂ ਹੈ, ਔਰ ਜਿਸ ਪਾਵਨ ਅਸਥਾਨ 'ਤੇ ਹਰ ਵਰਗ ਦਾ ਹਰ ਧਰਮ ਦਾ ਹਰ ਦੇਸ਼ ਦਾ ਹਰ ਰੰਗ ਦਾ ਹਰ ਨਸਲ ਦਾ ਹਰ ਸੱਭਿਆਚਾਰ ਦਾ ਕੋਈ ਵਿਅਕਤੀ ਆ ਕੇ ਕਿਸੇ ਵੀ ਵੇਲੇ ਆ ਕੇ ਮੱਥਾ ਟੇਕ ਸਕਦਾ ਹੈ, ਪ੍ਰਸ਼ਾਦ ਛੱਕ ਸਕਦਾ ਹੈ, ਇਸ਼ਨਾਨ ਕਰ ਸਕਦਾ ਹੈ, ਸੇਵਾ ਕਰ ਸਕਦਾ ਹੈ, ਲੰਗਰ ਵਿੱਚ ਬੈਠ ਕੇ ਪੰਗਤ ਵਿੱਚ ਬੈਠ ਕੇ ਲੰਗਰ ਛਕ ਸਕਦਾ ਹੈ। ਇੱਥੇ ਆ ਕੇ ਠਹਿਰ ਸਕਦਾ ਹੈ, ਫਿਰ ਵੀ ਐਸੇ ਪਾਵਨ ਅਸਥਾਨ ਜੋ ਕਿ ਖੰਡਾਂ ਬ੍ਰਹਮੰਡਾਂ ਦੇ ਵਿੱਚ ਜਿਸ ਪਾਵਨ ਅਸਥਾਨ ਵਰਗਾ ਹੋਰ ਕੋਈ ਵੀ ਪਾਵਨ ਅਸਥਾਨ ਜਿਹੜਾ ਐਸਾ ਨਹੀਂ ਹੈ, ਜਿਸ ਦੇ ਸਿਰਜਣਾ ਖੁਦ ਅਕਾਲ ਪੁਰਖ ਪਰਮੇਸ਼ਰ ਨੇ ਆਪ ਕੀਤੀ ਹੈ।ਉਸ ਪਾਵਨ ਅਸਥਾਨ ਵਾਸਤੇ ਐਸੀਆਂ ਧਮਕੀ ਭਰੀਆਂ ਇਹ ਮੇਲਾਂ ਜੋ ਆ ਰਹੀਆਂ ਇਹ ਚਿੰਤਾ ਦਾ ਵਿਸ਼ਾ ਵੀ ਹੈ ਅਤੇ ਦੁੱਖਦਾਈ ਵੀ ਹੈ। ਕਿਉਂਕਿ ਐਸੇ ਅਸਥਾਨ 'ਤੇ ਇਹ ਮੇਲਾਂ ਜਿਹੜੀਆਂ ਕਰਨੀਆਂ ਨੇ ਇਹ ਕੋਈ ਮਨੁੱਖਾਂ ਵਾਲਾ ਵਰਤਾਰਾ ਤਾਂ ਹੋ ਨਹੀਂ ਸਕਦਾ। ਇਹ ਜਰੂਰ ਇਹਦੇ ਪਿੱਛੇ ਕੋਈ ਬਹੁਤ ਵੱਡੀ ਸਾਜਿਸ਼ ਹੈ ਜਾਂ ਸੰਗਤਾਂ ਨੂੰ ਭੈਭੀਤ ਕਰਨ ਵਾਸਤੇ ਸਭ ਕੀਤੀ ਹੋਈ ਹੋ ਸਕਦੀ ਹੈ। ਕਿਉਂਕਿ ਬਹੁਤ ਵੱਡੀ ਗਿਣਤੀ ਵਿੱਚ ਔਸਤਨ ਡੇਢ ਲੱਖ ਤੋਂ ਜਿਆਦਾ ਸੰਗਤ ਹਰ ਰੋਜ਼ ਗੁਰੂ ਰਾਮਦਾਸ ਦੇ ਚਰਨਾਂ 'ਤੇ ਮੱਥਾ ਟੇਕਦੀ ਹੈ ।ਓਹਨਾਂ ਦੇ ਮਨਾਂ ਨੂੰ ਭੈਭੀਤ ਕਰਨ ਵਾਸਤੇ ਜਿਹੜਾ ਵਰਤਾਰਾ ਇਹ ਮੇਲਾਂ ਭੇਜ ਕੇ ਕੀਤਾ ਹੈ। ਬੇਹੱਦ ਨਿੰਦਣਯੋਗ ਹੈ। ਪ੍ਰਸ਼ਾਸਨ ਆਪਣਾ ਕੰਮ ਕਰ ਰਿਹਾ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਸੁਰੱਖਿਆ ਨੂੰ ਲੈ ਕੇ ਆਪਣੇ ਪੱਧਰ 'ਤੇ ਬਹੁਤ ਵੱਡੀ ਨਿਗਰਾਨੀ ਕੀਤੀ ਜਾ ਰਹੀ ਹੈ। ਅਫ਼ਸੋਸ ਦੀ ਗੱਲ ਹੈ ਕਿ ਹੁਣ ਤੱਕ ਪ੍ਰਸ਼ਾਸਨ ਦੇ ਹੱਥ ਖਾਲੀ ਨੇ, ਏਜੰਸੀਆਂ ਦੇ ਹੱਥ ਹੁਣ ਤੱਕ ਖਾਲੀ ਨੇ ਅਤੇ ਹਾਲੇ ਤੱਕ ਕਿਸੇ ਤਰ੍ਹਾਂ ਦੇ ਕਿਸੇ ਨਤੀਜੇ ਤੱਕ ਕੋਈ ਏਜੰਸੀ ਨਹੀ ਪਹੁੰਚ ਸਕੀ । ਓਹਨਾਂ ਕਿਹਾ ਕਿ ਕਿਉਂਕਿ ਤਕਨੀਕ ਬਹੁਤ ਜਿਆਦਾ ਆ ਚੁੱਕੀ ਹੈ। ਹਰ ਬੰਦਾ ਬੱਚੇ ਤੋਂ ਲੈ ਕੇ ਬਜ਼ੁਰਗਾਂ ਤੱਕ ਉਹ ਇੰਟਰਨੈੱਟ ਦੇ ਨਾਲ ਜੁੜੇ ਹੋਏ ਨੇ। ਤਕਨੀਕ ਨਾਲ ਜੁੜੇ ਹੋਏ ਨੇ ਪਰ ਸਰਕਾਰਾਂ ਦੀਆਂ ਏਜੰਸੀਆਂ ਦੇ ਹੱਥ ਹੁਣ ਤੱਕ ਖਾਲੀ ਨੇ ਇਹ ਬੜੀ ਦੁੱਖ ਵਾਲੀ ਔਰ ਬੜੀ ਅਫਸੋਸ ਵਾਲੀ ਗੱਲ ਹੈ ਕਿ ਐਸੇ ਤਕਨੀਕ ਦਾ ਜੋ ਗਲਤ ਇਸਤੇਮਾਲ ਕਰ ਰਿਹਾ ਹੈ। ਸਰਕਾਰ ਹੁਣ ਤੱਕ ਉਹ ਬੰਦੇ ਦਾ ਪਤਾ ਨਹੀਂ ਕਰ ਸਕੀ।ਸਰਕਾਰ ਨੂੰ ਚਾਹੀਦਾ ਹੈ ਕਿ ਜਿਨ੍ਹਾਂ ਨੇ ਇਹ ਈਮੇਲਾਂ ਕੀਤੀਆਂ ਇਹਨਾਂ ਲੋਕਾਂ ਨੂੰ ਨੰਗੇ ਕਰਕੇ ਸਾਜਿਸ਼ ਕਰਤਾ ਜਿਹੜੇ ਨੇ ਉਹਨਾਂ ਨੂੰ ਸੰਗਤ ਦੇ ਸਾਹਮਣੇ ਪੇਸ਼ ਕਰਨਾ ਬੜਾ ਜਰੂਰੀ ਹੈ ਔਰ ਉਹਨਾਂ ਨੂੰ ਬਣਦੀ ਸਜ਼ਾ ਜਰੂਰ ਦਿੱਤੀ ਜਾਵੇ। ਇਸ ਮੌਕੇ ਉਹਨਾਂ ਸੰਗਤ ਨੂੰ ਅਪੀਲ ਕੀਤੀ, ਕਿ ਕਿਸੇ ਪ੍ਰਕਾਰ ਦਾ ਕੋਈ ਵੀ ਭੈ ਖੌਫ ਆਪਣੇ ਮਨ ਦੇ ਵਿੱਚ ਸੰਗਤ ਬਿਲਕੁਲ ਨਾ ਰੱਖੇ ਆਪਣੇ ਗੁਰੂ ਦੇ ਚਰਨਾਂ 'ਤੇ ਭਰੋਸਾ ਕਰਕੇ ਆਪਣੇ ਗੁਰੂ ਦੇ ਚਰਨਾਂ 'ਤੇ ਆਸਥਾ ਦੇ ਨਾਲ ਸ਼ਰਧਾ ਦੇ ਨਾਲ ਗੁਰੂ ਰਾਮਦਾਸ ਮਹਾਰਾਜ ਦੇ ਚਰਨ ਪਰਸਣ ਵਾਸਤੇ ਸੰਗਤ ਬਿਲਕੁਲ ਬੇਖੌਫ ਹੋ ਕੇ ਆਪਣੇ ਗੁਰੂ 'ਤੇ ਭਰੋਸਾ ਕਰਕੇ ਗੁਰੂ ਰਾਮਦਾਸ ਸਾਹਿਬ ਜੀ ਮਹਾਰਾਜ ਦੇ ਦਰਸ਼ਨ ਇਸ਼ਨਾਨ ਕਰਨ ਵਾਸਤੇ ਜ਼ਰੂਰ ਪਹੁੰਚੋ।

### ਆਰ.ਡੀ.ਐਫ. ਅਤੇ ਮੰਡੀ ਫੀਸ ਵਜੋਂ ਸੂਬੇ

ਉਨ੍ਹਾਂ ਕਿਹਾ ਕਿ ਪਿਛਲੇ 12 ਮਹੀਨਿਆਂ ਦੌਰਾਨ ਪ੍ਰਤੀ ਮਹੀਨਾ ਔਸਤਨ6.67ਐਲ.ਐਮ.ਟੀ. ਦੀ ਦਰ ਨਾਲ ਸਿਰਫ਼80ਐਲ.ਐਮ.ਟੀ. ਚੌਲ ਹੀ ਸੂਬੇ ਵਿੱਚੋਂ ਚੁੱਕੇ ਜਾਂ ਬਾਹਰ ਭੇਜੇ ਗਏ ਹਨ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਐਫ.ਸੀ.ਆਈ. ਨੇ ਜੂਨ, 2025 ਦੇ ਮਹੀਨੇ ਲਈ ਪੰਜਾਬ ਤੋਂ 14ਐਲ.ਐਮ.ਟੀ. ਚੌਲਾਂ ਦੀ ਢੋਆ-ਢੁਆਈ ਦੀ ਯੋਜਨਾ ਬਣਾਈ ਸੀ। ਪਰ ਅਸਲ ਵਿੱਚ ਸਿਰਫ਼8.5ਐਲ.ਐਮ.ਟੀ. ਚੌਲਾਂ ਦਾ ਹੀ ਨਿਪਟਾਰਾ ਹੋਇਆ ਹੈ। ਇਸ ਅਨੁਸਾਰ, ਮੁੱਖ ਮੰਤਰੀ ਨੇ ਕਿਹਾ ਕਿ ਜੁਲਾਈ, 2025 ਵਿੱਚ ਘੱਟੋ-ਘੱਟ 15 ਲੱਖ ਮੀਟਰਕ ਟਨ ਚੌਲਾਂ ਦੀ ਢੋਆ-ਢੁਆਈ ਦੀ ਲੋੜ ਹੈ ਤਾਂ ਜੋ 31 ਜੁਲਾਈ, 2025 ਤੱਕ ਮਿਲਿੰਗ ਪੂਰੀ ਕੀਤੀ ਜਾ ਸਕੇ। ਉਨ੍ਹਾਂ ਨੇ ਕੇਂਦਰੀ ਮੰਤਰੀ ਨੂੰ ਸੁਚੇਤ ਕੀਤਾ ਕਿ ਜੇਕਰ ਸਾਉਣੀ ਮੰਡੀਕਰਨਸੀਜ਼ਨ2024-25 ਦੇ ਚੌਲਾਂ ਦੀ ਡਲਿਵਰੀ ਜੁਲਾਈ ਮਹੀਨ ਦੇ ਅੰਦਰ ਪੂਰੀ ਨਹੀਂ ਹੁੰਦੀ ਹੈ ਤਾਂ ਇਸ ਨਾਲ ਮਿੱਲਰਾਂ ਵਿੱਚ ਮੁੜ ਰੋਹ ਪੈਦਾ ਹੋ ਸਕਦਾ ਹੈ।ਜਿਸ ਨਾਲ ਸਾਉਣੀ ਸੀਜ਼ਨ2025-26 ਵਿੱਚ ਝੋਨੇ ਦੀ ਖਰੀਦ ਦੌਰਾਨ ਹੋਰ ਵੀ ਵੱਡੀ ਚੁਣੌਤੀ ਪੈਦਾ ਹੋ ਸਕਦੀ ਹੈ ਕਿਉਂ ਜੋ ਝੋਨੇ ਦੀ ਖਰੀਦ ਇਕ ਅਕਤੂਬਰ, 2025 ਤੋਂ ਸ਼ੁਰੂ ਹੋਣ ਵਾਲੀ ਹੈ।

ਉਪਰੋਕਤ ਸਥਿਤੀ ਦੇ ਮੱਦੇਨਜ਼ਰ ਮੁੱਖ ਮੰਤਰੀ ਨੇ ਜੁਲਾਈ, 2025 ਵਿੱਚ ਘੱਟੋ-ਘੱਟ 15 ਲੱਖ ਮੀਟਰਕ ਟਨ ਚੌਲਾਂ ਦੀ ਢੋਆ-ਢੁਆਈ ਕਰਨ ਦੀ ਅਪੀਲ ਕੀਤੀ ਤਾਂ ਜੋ 31 ਜੁਲਾਈ, 2025 ਤੱਕ ਮਿਲਿੰਗ ਪੂਰੀ ਹੋ ਸਕੇ ਅਤੇ ਆਉਣ ਵਾਲੇ ਸੀਜ਼ਨ ਵਿੱਚ ਝੋਨੇ ਦੀ ਸੁਚਾਰੂ ਖਰੀਦ ਨੂੰ ਯਕੀਨੀ ਬਣਾਇਆ ਜਾ ਸਕੇ। ਦੇਸ਼ ਭਰ ਦੇ ਅਨਾਜ ਗੋਦਾਮ ਭਰੇ ਹੋਣ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕੇਂਦਰੀ ਮੰਤਰੀ ਨੂੰ ਵਾਜਬ ਕੀਮਤਾਂ 'ਤੇ ਬਾਇਓ-ਈਥਾਨੋਲ ਨਿਰਮਾਣ ਇਕਾਈਆਂ ਨੂੰ ਚੌਲਾਂ ਦੀ ਵੰਡ, ਓ.ਐਮ.ਐਸ.ਐਸ. ਅਧੀਨ ਉਦਾਰ ਲਿਫਟਿੰਗ, ਚੌਲਾਂ ਦੀ ਬਰਾਮਦ ਅਤੇ ਹੋਰ ਉਪਰਾਲੇ ਜਾਰੀ ਰੱਖਣ ਦੀ ਅਪੀਲ ਕੀਤੀ। ਇਸ ਤੋਂ ਇਲਾਵਾ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਚੱਲ ਰਹੇ ਸਾਉਣੀ ਸੀਜ਼ਨ2024-25 ਦੇ ਅੰਤ 'ਤੇ ਸੂਬਾ ਲੱਗਭੱਗ 145-150 ਲੱਖ ਮੀਟਰਕ ਟਨ ਚੌਲਾਂ ਦਾ ਭੰਡਾਰ ਕਰੇਗਾ, ਇਸ ਲਈ ਆਉਣ ਵਾਲੇ ਸਾਉਣੀ ਸੀਜ਼ਨ, 2026-27 ਵਿੱਚ ਹੋਰ 120 ਲੱਖ ਮੀਟਰਕ ਟਨ ਚੌਲਾਂ ਦੇ ਭੰਡਾਰਨ ਦੀ ਵਿਵਸਥਾ ਕਰਨ ਲਈ ਸੂਬੇ ਨੂੰ ਘੱਟੋ-ਘੱਟ 10-12 ਲੱਖ ਮੀਟਰਕ ਟਨ ਚੌਲਾਂ ਦੀ ਨਿਯਮਤ ਢੋਆ-ਢੁਆਈ ਅਲਾਟ ਕੀਤੀ ਜਾਣੀ ਚਾਹੀਦੀ ਹੈ। ਤਾਂ ਜੋ ਦਸੰਬਰ, 2025 ਵਿੱਚ ਸ਼ੁਰੂ ਹੋਣ ਵਾਲੇ ਚੌਲਾਂ ਦੀ ਪ੍ਰਾਪਤੀ ਲਈ ਸੂਬੇ ਵਿੱਚ ਘੱਟੋ-ਘੱਟ 40 ਲੱਖ ਮੀਟਰਕ ਟਨ ਜਗ੍ਹਾ ਹੋਵੇ।

ਚੌਲਾਂ ਦੇ ਭੰਡਾਰਨ ਲਈ ਵੱਧ ਤੋਂ ਵੱਧ ਉਪਲਬਧ ਢਕੇ ਹੋਏ ਗੋਦਾਮਾਂ ਦੀ ਵਰਤੋਂ ਕਰਨ ਲਈ ਮੁੱਖ ਮੰਤਰੀ ਨੇ ਜੋਸ਼ੀ ਨੂੰ ਜ਼ੋਰ ਦੇ ਕੇ ਕਿਹਾ ਕਿ ਉਹ ਚੌਲਾਂ ਦੇ ਭੰਡਾਰਨ ਲਈ ਕਣਕ ਲਈ ਵਰਤੇ ਜਾ ਰਹੇ ਢਕੇ ਹੋਏ ਗੋਦਾਮਾਂ ਦੀ ਸ਼ਨਾਖਤ ਕਰਨ, ਪ੍ਰਵਾਨਗੀ ਅਤੇ ਕਿਰਾਏ 'ਤੇ ਲੈਣ ਲਈ ਸਰਗਰਮ ਅਤੇ ਵਿਆਪਕ ਸੋਚ ਵਾਲਾ ਦ੍ਰਿਸ਼ਟੀਕੋਣ ਅਪਨਾਉਣ। ਉਨ੍ਹਾਂ ਕਿਹਾ ਕਿ ਇਸ ਪਹੁੰਚ ਨਾਲ ਇਹ ਉਮੀਦ ਕੀਤੀ ਜਾਂਦੀ ਹੈ ਕਿ ਐਫ.ਸੀ.ਆਈ. ਪੰਜਾਬ ਵਿੱਚ ਕੇ.ਐਮ.ਐਸ., 26-27 ਵਿੱਚ ਚੌਲਾਂ ਦੇ ਭੰਡਾਰਨ ਲਈ ਲਗਭਗ 7ਐਲ.ਐਮ.ਟੀ. ਕਣਕ ਵਾਲੇ ਗੋਦਾਮਾਂ ਦੀ ਵਰਤੋਂ ਕੀਤੀ ਜਾ ਸਕੇਗੀ। ਇਸ ਤੋਂ ਇਲਾਵਾ ਭਗਵੰਤ ਸਿੰਘ ਮਾਨ ਨੇ ਸੁਝਾਅ ਦਿੱਤਾ ਕਿ ਚੌਲਾਂ ਲਈ ਜਗ੍ਹਾ ਦੀ ਘਾਟ ਨੂੰ ਦੂਰ ਕਰਨ ਲਈ ਚੌਲਾਂ ਦੇ ਭੰਡਾਰਨ ਲਈ ਕਣਕ ਵਾਲੇ ਗੋਦਾਮਾਂ ਦੀ ਵਰਤੋਂ ਕਰਨ ਲਈ ਪੰਜਾਬ ਵਿੱਚ ਅਪਣਾਈ ਗਈ ਨੀਤੀ ਨੂੰ ਹੋਰ ਸੂਬਿਆਂ ਵਿੱਚ ਵੀ ਅਪਨਾਇਆ ਜਾ ਸਕਦਾ ਹੈ ਤਾਂ ਜੋ ਆਉਣ ਵਾਲੇ ਸਾਉਣੀ ਸੀਜ਼ਨ ਦੇ ਚੌਲਾਂ ਦੇ ਪ੍ਰਬੰਧ ਲਈ ਢਕੀ ਹੋਈ ਜਗ੍ਹਾ ਉਪਲਬਧ ਕਰਵਾਈ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਸਾਉਣੀ ਸੀਜ਼ਨ2020-21 ਵਿੱਚ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਤੋਂ ਆੜ੍ਹਤੀਆਂ ਕਮਿਸ਼ਨ ਨੂੰ ਅਲਹਿਦਾ (ਡੀ-ਲਿੰਕ) ਕੀਤਾ ਜਾਵੇ ਅਤੇ ਸਾਉਣੀ 2020-21 ਤੋਂ ਝੋਨੇ ਲਈ 45.88 ਰੁਪਏ ਪ੍ਰਤੀ ਕੁਇੰਟਲ ਅਤੇ ਕਣਕ ਲਈ 46 ਰੁਪਏ ਪ੍ਰਤੀ ਕੁਇੰਟਲ ਨਿਰਧਾਰਤ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਉਦੋਂ ਤੋਂ ਭਾਰਤ ਸਰਕਾਰ ਵੱਲੋਂ ਹਰ ਸਾਲ ਝੋਨੇ ਅਤੇ ਕਣਕ ਲਈ ਆੜ੍ਹਤੀਆ ਕਮਿਸ਼ਨ ਉਸੇ ਦਰ 'ਤੇ ਦੇਣ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ। ਹਾਲਾਂਕਿ ਰਾਜ ਖੇਤੀਬਾੜੀ ਮਾਰਕੀਟਿੰਗ ਬੋਰਡ ਦੇ ਉਪ-ਨਿਯਮਾਂ ਵਿੱਚ ਘੱਟੋ-ਘੱਟ ਸਮਰਥਨ ਮੁੱਲ 'ਤੇ 2.5 ਫੀਸਦੀ ਕਮਿਸ਼ਨ ਦੀ ਵਿਵਸਥਾ ਹੈ, ਜੋ ਆਉਣ ਵਾਲੇ ਸਾਉਣੀ ਸੀਜ਼ਨ ਲਈ 59.72 ਰੁਪਏ ਪ੍ਰਤੀ ਕੁਇੰਟਲ ਬਣਦੀ ਹੈ। ਇਸ ਦੇ ਮੱਦੇਨਜ਼ਰ ਭਗਵੰਤ ਸਿੰਘ ਮਾਨ ਨੇ ਕੇਂਦਰੀ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਸੂਬੇ ਵਿੱਚ ਆੜ੍ਹਤੀਆ ਕਮਿਸ਼ਨ ਨੂੰ ਪਹਿਲ ਦੇ ਆਧਾਰ 'ਤੇ ਸੋਧਣ ਤਾਂ ਜੋ ਸੂਬੇ ਦੇ ਕਿਸਾਨਾਂ ਨੂੰ ਸੀਜ਼ਨ ਦੌਰਾਨ ਸਰਕਾਰੀ ਏਜੰਸੀਆਂ ਨੂੰ ਆਪਣਾ ਝੋਨਾ ਘੱਟੋ-ਘੱਟ ਸਮਰਥਨ ਮੁੱਲ 'ਤੇ ਵੇਚਣ ਵਿੱਚ ਕਿਸੇ ਵੀ ਤਰ੍ਹਾਂ ਦੀ ਬੇਲੋੜੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਇਸ ਨਾਲ ਸੂਬੇ ਵਿੱਚ ਕਿਸਾਨਾਂ ਨੂੰ ਸ਼ਾਂਤ ਰੱਖਿਆ ਜਾ ਸਕੇਗਾ ਅਤੇ ਕਾਨੂੰਨ ਵਿਵਸਥਾ ਨੂੰ ਕਾਇਮ ਰੱਖਿਆ ਜਾ ਸਕੇਗਾ, ਕਿਉਂ ਜੋ ਅਜਿਹੀ ਸਥਿਤੀਆਂ ਇਸ ਸੰਵੇਦਨਸ਼ੀਲ ਸਰਹੱਦੀ ਸੂਬੇ ਵਿੱਚ ਬਿਲਕੁਲ ਗ਼ੈਰ-ਵਾਜਬ ਹਨ।

ਮੁੱਖ ਮੰਤਰੀ ਨੇ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਨੇ ਇਸ ਵਾਰ ਸੂਬੇ ਵਿੱਚ ਝੋਨੇ ਦੀ ਲੁਆਈ ਦੀਆਂ ਤਰੀਕਾਂ ਅਗਾਊਂ ਕਰ ਦਿੱਤੀਆਂ ਹਨ, ਇਸ ਲਈ ਕੇਂਦਰ ਸਰਕਾਰ ਨੂੰ ਝੋਨੇ ਦੀ ਖਰੀਦ 15 ਦਿਨ ਪਹਿਲਾਂ ਸ਼ੁਰੂ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਹੁਣ ਝੋਨੇ ਦੀ ਖਰੀਦ 15 ਸਤੰਬਰ ਤੋਂ ਸ਼ੁਰੂ ਹੋਣੀ ਚਾਹੀਦੀ ਹੈ ਤਾਂ ਜੋ ਸੂਬੇ ਦਾ ਕਿਸਾਨ ਆਪਣੀ ਫ਼ਸਲ ਨੂੰ ਸੁਚਾਰੂ ਅਤੇ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਵੇਚ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨਾਲ ਕਿਸਾਨ ਨਮੀ ਲਈ ਨਿਰਧਾਰਤ ਮਾਪਦੰਡਾਂ ਮੁਤਾਬਕ ਆਪਣੀ ਫਸਲ ਮੰਡੀਆਂ ਵਿੱਚ ਲਿਆ ਸਕਣਗੇ ਜਿਸ ਨਾਲ ਫਸਲ ਦੀ ਨਿਰਵਿਘਨ ਖਰੀਦ ਯਕੀਨੀ ਬਣਾਈ ਜਾ ਸਕੇਗੀ।

ਮੁੱਖ ਮੰਤਰੀ ਨੇ ਜੋਸ਼ੀ ਦੇ ਦਖ਼ਲ ਦੀ ਮੰਗ ਕਰਦਿਆਂ ਕਿਹਾ ਕਿ ਉਹ ਐਫ.ਸੀ.ਆਈ. ਦੇ ਸੀ.ਐਮ.ਡੀ. ਨੂੰ ਤੁਰੰਤ ਐਚ.ਐਲ.ਵੀ. ਦੀ ਮੀਟਿੰਗ ਬੁਲਾਉਣ ਦਾ ਨਿਰਦੇਸ਼ ਦੇਣ ਕਿਉਂਕਿ 10 ਸਾਲਾ ਪੀ.ਈ.ਜੀ ਸਕੀਮ ਅਧੀਨ ਗੋਦਾਮਾਂ ਦੀ ਉਸਾਰੀ ਲਈ ਸੂਬੇ ਨੂੰ 46ਐਲ.ਐਮ.ਟੀਕਵਰਡਸਟੋਰੇਜ ਸਮਰੱਥਾ ਮਨਜ਼ੂਰ ਕੀਤੀ ਗਈ ਹੈ ਅਤੇ ਰਾਜ ਦੀਆਂ ਏਜੰਸੀਆਂ ਨੇ 20ਐਲ.ਐਮ.ਟੀ ਲਈ ਟੈਂਡਰਿੰਗ ਪ੍ਰਕਿਰਿਆ ਪਹਿਲਾਂ ਹੀ ਪੂਰੀ ਕਰ ਲਈ ਹੈ। ਉਨ੍ਹਾਂ ਕਿਹਾ ਕਿ ਹਾਲਾਂਕਿ ਸਿਰਫ 2.5ਐਲ.ਐਮ.ਟੀ ਸਮਰੱਥਾ ਹੀ ਦਿੱਤੀ ਜਾ ਸਕੀ ਹੈ ਅਤੇ 8.55ਐਲ.ਐਮ.ਟੀਗੋਦਾਮਾਂ ਦੀ ਪ੍ਰਵਾਨਗੀ ਲਈ ਪ੍ਰਸਤਾਵ ਪਿਛਲੇ ਦੋ ਮਹੀਨਿਆਂ ਤੋਂ ਐਫ.ਸੀ.ਆਈ ਦੇ ਐਚ.ਐਲ.ਸੀ ਪੱਧਰ 'ਤੇ ਲੰਬਿਤ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ 9ਐਲ.ਐਮ.ਟੀ ਦੇ ਗੋਦਾਮਾਂ ਲਈ ਏਜੰਡਾਐਸ.ਐਲ.ਸੀ ਦੇ ਸਾਹਮਣੇ ਰੱਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕੁਝ ਥਾਵਾਂ'ਤੇ ਈ-ਟੈਂਡਰਾਂ ਵਿੱਚ ਘੱਟ ਹੁੰਗਾਰਾ ਮਿਲਣ ਕਾਰਨ ਐਮ.ਟੀ.ਐਫ ਦੇ ਕੁਝ ਨਿਯਮਾਂ ਅਤੇ ਸ਼ਰਤਾਂ ਵਿੱਚ ਢਿੱਲ ਦੇਣ ਦੀ ਬੇਨਤੀ ਕੀਤੀ ਗਈ ਸੀ, ਜਿਸ ਬਾਰੇ ਫੈਸਲਾ ਵੀ ਐਫ.ਸੀ.ਆਈ ਕੋਲ ਲੰਬਿਤ ਹੈ।ਸਾਉਣੀ ਖਰੀਦ ਸੀਜ਼ਨ2022-23 ਨਾਲ ਸਬੰਧਤਬੀ.ਆਰ.ਐਲਸਟੈਕਾਂ ਦੇ ਤਬਾਦਲੇ ਲਈ ਸਟੋਰੇਜਚਾਰਜਿਜ਼ ਨੂੰ ਰੀਫੰਡ ਕਰਨ ਦਾ ਮੁੱਦਾ ਉਠਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਾਉਣੀ ਖਰੀਦ ਸੀਜ਼ਨ2022-23 ਨਾਲ ਸਬੰਧਤਰਾਈਸਮਿੱਲਰਾਂ ਦੁਆਰਾ ਐਫ.ਸੀ.ਆਈ ਨੂੰ ਦਿੱਤੇ ਗਏ ਫੋਰਟੀਫਾਈਡਰਾਈਸ (ਐਫ.ਆਰ) ਦੇ 472ਸਟੈਕਾਂ ਨੂੰ ਫੋਰਟੀਫਾਈਡਰਾਈਸਕਾਰਨੇਲ (ਐਫ.ਆਰ.ਕੇ) ਦੇ ਪੌਸ਼ਟਿਕ ਪੱਧਰਾਂ ਦੇ ਉੱਚ ਪੱਧਰ ਕਾਰਨ ਐਫ.ਸੀ.ਆਈ ਦੁਆਰਾ ਅਸਵੀਕਾਰ ਸੀਮਾ ਤੋਂ ਪਰ੍ਹੇ (ਬੀ.ਆਰ.ਐਲ) ਐਲਾਨਿਆ ਗਿਆ ਸੀ। ਉਨ੍ਹਾਂ ਕਿਹਾ ਕਿ ਕਿਉਂਕਿ ਇਹ ਇੱਕ ਅਸਾਧਾਰਨ ਸਥਿਤੀ ਸੀ ਅਤੇ ਬੀ.ਆਰ.ਐਲ ਦੇ ਸਾਰੇ ਸਟੈਕਾਂ ਨੂੰ ਐਫ.ਸੀ.ਆਈ ਦੁਆਰਾ ਪੂਰੀ ਤਰ੍ਹਾਂ ਬਦਲ ਦਿੱਤਾ ਗਿਆ ਹੈ ਅਤੇ ਸਵੀਕਾਰ ਕਰ ਲਿਆ ਗਿਆ ਹੈ। ਇਸ ਲਈ. ਐਫ.ਸੀ.ਆਈ ਨੂੰ ਸਾਉਣੀ ਖਰੀਦ ਸੀਜ਼ਨ2022-23 ਦੇ ਅਜਿਹੇ ਬੀ.ਆਰ.ਐਲਸਟੈਕਾਂ ਕਾਰਨ ਕੱਟੇ ਗਏ ਸਟੋਰੇਜਚਾਰਜਿਜ਼ ਨੂੰ ਯਕਮੁਸ਼ਤ ਕਦਮ ਵਜੋਂ ਵਾਪਸ ਕਰਨ ਲਈ ਕਿਹਾ ਜਾ ਸਕਦਾ ਹੈ।

ਸੀ.ਸੀ.ਐਲ ਵਿੱਚ ਪਾੜੇ ਕਾਰਨ ਖਰੀਦ ਸਬੰਧੀ ਅਤੇ ਹੋਰ ਫੁਟਕਲ ਖਰਚਿਆਂ ਦੀ ਘੱਟ ਅਦਾਇਗੀ ਦੇ ਮੁੱਦੇ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕਣਕ ਅਤੇ ਝੋਨੇ ਦੀ ਖਰੀਦ ਭਾਰਤ ਸਰਕਾਰ ਦੀ ਕੀਮਤ ਸਹਾਇਤਾ ਯੋਜਨਾ ਤਹਿਤ ਕੀਤੀ ਜਾਂਦੀ ਹੈ ਅਤੇ ਇਸ ਨੂੰ ਪੂਰਾ ਕਰਨ ਲਈ ਵਿੱਤ, ਭਾਰਤੀ ਰਿਜ਼ਰਵ ਬੈਂਕ ਵੱਲੋਂ ਅਧਿਕਾਰਤ ਕੈਸ਼ਕ੍ਰੈਡਿਟਲਿਮਟ ਵਜੋਂ ਸਟੇਟ ਬੈਂਕ ਆਫ਼ ਇੰਡੀਆ ਰਾਹੀਂ ਉਪਲਬਧ ਕਰਵਾਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਆਪਣੀਆਂ 4 ਰਾਜ ਖਰੀਦ ਏਜੰਸੀਆਂ ਰਾਹੀਂ ਅਨਾਜ ਖਰੀਦ ਕਰਦੀ ਹੈ ਅਤੇ ਸਾਰੇ ਖਰੀਦ ਖਰਚੇ ਸੀ.ਸੀ.ਐਲ ਵਿੱਚੋਂ ਕੀਤੇ ਜਾਂਦੇ ਹਨ, ਜਿਸ ਦਾ ਭੁਗਤਾਨ ਖੁਰਾਕ ਅਤੇ ਜਨਤਕ ਵੰਡ ਵਿਭਾਗ ਦੁਆਰਾ ਜਾਰੀ ਆਰਜ਼ੀ/ਅੰਤਿਮ ਲਾਗਤ ਸ਼ੀਟ ਦੇ ਆਧਾਰ 'ਤੇ ਐਫ.ਸੀ.ਆਈ ਤੋਂ ਪ੍ਰਾਪਤ ਵਿਕਰੀ ਆਮਦਨ ਵਿੱਚੋਂ ਕੀਤਾ ਜਾਂਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਰਜ਼ੀ ਲਾਗਤ ਸ਼ੀਟ ਵਿੱਚ ਐਮ.ਐਸ.ਪੀ, ਵਿਧਾਨਕ ਖਰਚੇ ਅਤੇ ਟੈਕਸ, ਮੰਡੀ ਲੇਬਰ ਚਾਰਜਿਜ਼, ਆਵਾਜਾਈ ਅਤੇ ਹੈਂਡਲਿੰਗ ਖਰਚੇ, ਸੰਭਾਲ ਅਤੇ ਰੱਖ-ਰਖਾਅ ਖਰਚੇ, ਵਿਆਜ ਖਰਚੇ, ਮਿਲਿੰਗ ਖਰਚੇ, ਪ੍ਰਬੰਧਕੀ ਖਰਚੇ ਅਤੇ ਬਾਰਦਾਨੇ ਦੀ ਲਾਗਤ ਆਦਿ ਖਰਚੇ ਸ਼ਾਮਲ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਖਰੀਦ ਕਾਰਜਾਂ ਦੌਰਾਨ ਹੋਣ ਵਾਲੀ ਅਸਲ ਕੀਮਤ, ਐਮ.ਐਸ.ਪੀ ਅਤੇ ਵਿਧਾਨਕ ਖਰਚੇ ਅਤੇ ਟੈਕਸਾਂ ਨੂੰ ਛੱਡ ਕੇ, ਭਾਰਤ ਸਰਕਾਰ/ ਐਫ.ਸੀ.ਆਈ ਦੁਆਰਾ ਕੀਤੀ ਗਈ ਅਦਾਇਗੀ ਤੋਂ ਹਮੇਸ਼ਾ ਵੱਧ ਹੁੰਦੀ ਹੈ, ਜਿਸ ਕਾਰਨ ਹਰ ਸਾਲ ਨਕਦ ਕ੍ਰੈਡਿਟ ਖਾਤੇ ਵਿੱਚ ਲੱਗਭੱਗ1200 ਕਰੋੜ ਦਾ ਪਾੜਾ ਪੈਂਦਾ ਹੈ, ਜਿਸ ਨਾਲ ਸਰਕਾਰੀ ਖਜ਼ਾਨੇ 'ਤੇ ਹੋਰ ਅਣਉਚਿਤ ਬੋਝ ਪੈਂਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਮੰਤਰੀ ਦੁਆਰਾ ਫੁਟਕਲ ਖਰਚਿਆਂ ਦੀ ਘੱਟ ਅਦਾਇਗੀ ਅਤੇ ਪੀ.ਪੀ.ਆਈ ਦੇ ਤਰਕਸੰਗਤੀਕਰਨ ਦਾ ਮਾਮਲਾ ਸੂਬਾ ਸਰਕਾਰ ਵੱਲੋਂ ਵਾਰ-ਵਾਰ ਉਠਾਇਆ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕੇਂਦਰੀ ਮੰਤਰੀ ਨੂੰ ਪੀ.ਪੀ.ਆਈ ਵਿੱਚ ਮੁੱਦਿਆਂ ਨੂੰ ਹੱਲ ਕਰਨ ਅਤੇ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਤਰਕਸੰਗਤ ਬਣਾਉਣ ਦੀ ਅਪੀਲ ਕੀਤੀ।

## ਸਵੱਛ ਸਰਵੇਖਣ 2024-25 ਵਿੱਚ ਪੰਜਾਬ ਨੇ ਦਿਖਾਈ ਮਿਸਾਲੀ ਪ੍ਰਗਤੀ




ਚੰਡੀਗੜ੍ਹ,17 ਜੁਲਾਈ (ਅੰਮ੍ਰਿਤਪਾਲ ਸਿੰਘ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਗਤੀਸ਼ੀਲ ਅਤੇ ਦੂਰਦਰਸ਼ੀ ਅਗਵਾਈ ਹੇਠ ਪੰਜਾਬ ਵਿੱਚ ਸਫਾਈ ਅਤੇ ਸੈਨੀਟੇਸ਼ਨ ਦੀ ਸਥਿਤੀ ਵਿੱਚ ਲਗਾਤਾਰ ਸੁਧਾਰ ਹੋ ਰਿਹਾ ਹੈ।ਸੂਬੇ ਦੀਆਂ ਸ਼ਹਿਰੀ ਸਥਾਨਕ ਇਕਾਈਆਂ (ਯੂ.ਐਲ.ਬੀਜ਼) ਨੇ ਸਫਾਈ ਅਤੇ ਸੈਨੀਟੇਸ਼ਨ ਸਥਿਤੀ ਵਿੱਚ ਸੁਧਾਰ ਲਿਆਉਣ ਲਈ ਮਿਸਾਲੀ ਭੂਮਿਕਾ ਨਿਭਾਈ ਹੈ ਅਤੇ ਕੇਂਦਰੀ ਮਕਾਨ ਉਸਾਰੀ ਅਤੇ ਸ਼ਹਿਰੀ ਮਾਮਲਿਆਂ ਬਾਰੇ ਮੰਤਰਾਲੇ ਵੱਲੋਂ ਐਲਾਨੇ ਗਏ ਸਵੱਛ ਸਰਵੇਖਣ 2024-25 ਦੇ ਨਤੀਜਿਆਂ ਵਿੱਚ ਬਿਹਤਰ ਪ੍ਰਦਰਸ਼ਨ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਰਵਜੋਤ ਨੇ ਕਿਹਾ ਕਿ ਸੂਬੇ ਨੇ ਸਫਾਈ ਮਿਸ਼ਨ ਵਿੱਚ ਮਿਸਾਲੀ ਪ੍ਰਗਤੀ ਹਾਸਲ ਕੀਤੀ ਹੈ।ਉਨ੍ਹਾਂ ਮਾਣ ਅਤੇ ਸੰਤੁਸ਼ਟੀ ਪ੍ਰਗਟਾਉਂਦਿਆਂ ਕਿਹਾ ਕਿ ਸੂਬੇ ਵਿੱਚ 46 ਸ਼ਹਿਰੀ ਸਥਾਨਕ ਇਕਾਈਆਂ (ਯੂ.ਐਲ.ਬੀਜ਼) ਨੇ ਵਾਟਰ ਪਲੱਸ ਦਾ ਦਰਜ ਹਾਸਲ ਕੀਤਾ ਹੈ। ਜੋ ਕਿ ਇਸ ਸਬੰਧੀ ਭਾਰਤ ਵਿੱਚ ਸਰਬੋਤਮ ਦਰਜਾ ਹੈ।ਉਨ੍ਹਾਂ ਅੱਗੇ ਕਿਹਾ ਕਿ 52 ਯੂ.ਐਲ.ਬੀਜ਼ ਨੂੰ ਓ.ਡੀ.ਐਫ. ++, 43 ਨੂੰ ਓ.ਡੀ.ਐਫ.+, ਅਤੇ 22 ਨੂੰ ਓ.ਡੀ.ਐਫ ਦਰਜਾ ਦਿੱਤਾ ਗਿਆ ਹੈ।ਇਸ ਤੋਂ ਇਲਾਵਾ ਸਫਾਈ ਦੇ ਖੇਤਰ ਵਿੱਚ 9 ਯੂ.ਐਲ.ਬੀਜ਼ ਦੇਸ਼ ਦੀਆਂ 100 ਪ੍ਰਮੁੱਖ ਯੂ.ਐਲ.ਬੀਜ਼ ਵਿੱਚ ਸ਼ੁਮਾਰ ਹੋਈਆਂ ਹਨ।

ਡਾ. ਰਵਜੋਤ ਸਿੰਘ ਨੇ ਅੱਗੇ ਦੱਸਿਆ ਕਿ ਗਾਰਵੇਜ ਫਰੀ ਸਿਟੀ ਸਟਾਰ ਰੇਟਿੰਗ ਤਹਿਤ, 25 ਯੂ.ਐਲ.ਬੀ. ਨੂੰ ਵਨ ਸਟਾਰ ਰੇਟਿੰਗ ਪ੍ਰਾਪਤ ਹੋਈ ਹੈ ਜੋ ਕਿ ਸਾਲ 2016 ਤੋਂ ਤੱਕ ਦੀ ਸਭ ਤੋਂ ਰੇਟਿੰਗ ਹੈ।ਜ਼ਿਕਰਯੋਗ ਹੈ ਕਿ ਮੰਡੀ ਗੋਬਿੰਦਗੜ੍ਹ ਨੇ ਥਰੀ ਸਟਾਰ ਰੇਟਿੰਗ ਪ੍ਰਾਪਤ ਹੋਈ ਹੈ।ਜਦੋਂਕਿ ਬਠਿੰਡਾ ਨਗਰ ਨਿਗਮ ਨੂੰ ਸਵੱਛ ਸ਼ਹਿਰ ਲਈ ਸਟੇਟ ਪੁਰਸਕਾਰ ਪ੍ਰਾਪਤ ਹੋਇਆ ਹੈ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਯੂ.ਐਲ.ਬੀ. ਵਿੱਚ ਸਰੋਤਾਂ ਦੀ ਵੰਡ ਕਰਕੇ ਸਫਾਈ, ਸੈਨੀਟੇਸ਼ਨ ਸਹੂਲਤਾਂ ਅਤੇ ਠੋਸ ਰਹਿੰਦ-ਖੂੰਹਦ ਪ੍ਰਬੰਧਨ ਨੂੰ ਬਿਹਤਰ ਬਣਾਉਣ ਲਈ ਨਿਰੰਤਰ ਯਤਨ ਕੀਤਾ ਜਾ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਯੂ.ਐਲ.ਬੀ. ਨੂੰ ਫੰਡ ਪ੍ਰਦਾਨ ਕੀਤੇ ਜਾ ਰਹੇ ਹਨ ਅਤੇ ਸਵੱਛਤਾ ਤੇ ਸਫਾਈ ਸਮੇਤ ਵੱਖ-ਵੱਖ ਵਿਕਾਸ ਕਾਰਜਾਂ ਦੀ ਪ੍ਰਗਤੀ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ।ਮੰਤਰੀ ਨੇ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ, "ਇਹ ਹਾਲੇ ਸ਼ੁਰੂਆਤ ਹੈ, ਅਸੀਂ ਭਵਿੱਖ ਵਿੱਚ ਹੋਰ ਬਿਹਤਰ ਕਰਾਂਗੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਸ਼ਹਿਰਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ, ਤਾਂ ਜੋ ਸ਼ਹਿਰੀ ਨਾਗਰਿਕਾਂ ਨੂੰ ਹੋਰ ਬਿਹਤਰ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ।ਡਾ. ਰਵਜੋਤ ਨੇ ਸਾਰੇ ਨਗਰ ਨਿਗਮ ਕਮਿਸ਼ਨਰਾਂ, ਯੂ.ਐਲ.ਬੀਜ਼ ਅਤੇ ਪੀ.ਡਬਲਯੂ.ਐਸ.ਐਸ.ਬੀ. ਫੀਲਡ ਅਧਿਕਾਰੀਆਂ ਦਾ ਪੰਜਾਬ ਨੂੰ ਕੂੜਾ-ਮੁਕਤ ਸਾਫ਼ ਦਰਜਾ ਪ੍ਰਾਪਤ ਕਰਨ ਵਿੱਚ ਉਨ੍ਹਾਂ ਦੇ ਯਤਨਾਂ ਲਈ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਆਸ ਪ੍ਰਗਟਾਈ ਕਿ ਆਉਣ ਵਾਲੇ ਸਾਲਾਂ ਵਿੱਚ ਵੀ ਇਹ ਗਤੀ ਜਾਰੀ ਰਹੇਗੀ।ਉਨ੍ਹਾਂ ਦੁਹਰਾਇਆ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਰੰਗਲਾ, ਪ੍ਰਗਤੀਸ਼ੀਲ ਅਤੇ ਖੁਸ਼ਹਾਲ ਪੰਜਾਬ ਸਿਰਜਣ ਲਈ ਵਚਨਬੱਧ ਹੈ ਅਤੇ ਅਜਿਹੀਆਂ ਪ੍ਰਾਪਤੀਆਂ ਇਸ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਵੱਲ ਅਹਿਮ ਕਦਮ ਹਨ।

## ਪਟਨਾ ਵਿੱਚ ਆਈ.ਸੀ.ਯੂ. 'ਚ ਦਾਖ਼ਲ ਗੈਂਗਸਟਰ ਚੰਦਨ ਮਿਸ਼ਰਾ ਦੀ ਗੋਲ਼ੀਆਂ ਮਾਰ ਕੇ ਹੱਤਿਆ



ਪਟਨਾ, 17 ਜੁਲਾਈ (ਚ.ਨ.ਸ.) : ਬਿਹਾਰ ਦੇ ਪਟਨਾ ਦੇ ਪਾਰਸ ਹਸਪਤਾਲ ਵਿਚ ਦਾਖ਼ਲ ਗੈਂਗਸਟਰ ਚੰਦਨ ਮਿਸ਼ਰਾ ਦਾ ਹਸਪਤਾਲ ਦੇ ਅੰਦਰ ਹੀ ਅਪਰਾਧੀਆਂ ਨੇ ਕਤਲ ਕਰ ਦਿੱਤਾ ਹੈ। ਵੀਰਵਾਰ ਨੂੰ ਸ਼ਾਸਤਰੀ ਨਗਰ ਥਾਣਾ ਖੇਤਰ ਵਿੱਚ ਹਸਪਤਾਲ ਦੇ ਆਈਸੀਯੂ ਦੇ ਅੰਦਰ ਉਸ ਨੂੰ ਗੋਲੀ ਮਾਰ ਦਿੱਤੀ ਗਈ।

ਅਪਰਾਧੀਆਂ ਨੇ ਹਸਪਤਾਲ ਦੇ ਕਮਰਾ ਨੰਬਰ 209 ਵਿੱਚ ਇਸ ਘਟਨਾ ਨੂੰ ਅੰਜਾਮ ਦਿੱਤਾ। ਅਪਰਾਧੀਆਂ ਨੇ ਇਸ ਘਟਨਾ ਨੂੰ ਸਿਰਫ਼ 25 ਸਕਿੰਟਾਂ ਵਿੱਚ ਅੰਜਾਮ ਦਿੱਤਾ। ਜਿਸ ਵਿਅਕਤੀ ਦਾ ਕਤਲ ਕੀਤਾ ਗਿਆ ਹੈ ਉਸਦੀ ਪਛਾਣ ਚੰਦਨ ਮਿਸ਼ਰਾ ਵਜੋਂ ਹੋਈ ਹੈ। ਚੰਦਨ ਮਿਸ਼ਰਾ ਨੂੰ ਬੇਉਰ ਜੇਲ੍ਹ ਤੋਂ ਪੈਰੋਲ 'ਤੇ ਇਲਾਜ ਲਈ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਸੀ। ਚੰਦਨ ਮਿਸ਼ਰਾ ਬਕਸਰ ਦਾ ਰਹਿਣ ਵਾਲਾ ਸੀ ਅਤੇ ਕੇਸਰੀ ਨਾਮਕ ਵਿਅਕਤੀ ਦੇ ਕਤਲ ਕੇਸ ਵਿੱਚ ਦੋਸ਼ੀ ਸੀ।ਪੁਲਿਸ ਨੇ ਚੰਦਨ ਮਿਸ਼ਰਾ ਦੇ ਕਮਰੇ ਵਿੱਚੋਂ 12 ਖੋਲ ਬਰਾਮਦ ਕੀਤੇ ਹਨ। ਪੁਲਿਸ ਨੇ ਹਸਪਤਾਲ ਦੇ ਗਾਰਡ ਸਮੇਤ 12 ਲੋਕਾਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ ਅਤੇ ਮਾਮਲੇ ਵਿੱਚ ਉਨ੍ਹਾਂ ਤੋਂ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ। ਐਸਐਸਪੀ ਕਾਰਤਿਕ ਕੇ ਸ਼ਰਮਾ ਨੇ ਕਿਹਾ ਕਿ ਚੰਦਨ ਮਿਸ਼ਰਾ ਇੱਕ ਬਦਨਾਮ ਅਪਰਾਧੀ ਸੀ ਅਤੇ ਉਸ ਦੇ ਵਿਰੋਧੀ ਸਮੂਹ ਨੇ ਹਸਪਤਾਲ ਵਿੱਚ ਦਾਖ਼ਲ ਹੋ ਕੇ ਕਤਲ ਨੂੰ ਅੰਜਾਮ ਦਿੱਤਾ। ਉਨ੍ਹਾਂ ਕਿਹਾ ਕਿ ਪੁਲਿਸ ਨੂੰ ਅਪਰਾਧੀਆਂ ਦੀਆਂ ਤਸਵੀਰਾਂ ਮਿਲ ਗਈਆਂ ਹਨ ਅਤੇ ਉਨ੍ਹਾਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਪੁਲਿਸ ਦੇ ਅਨੁਸਾਰ, ਚੰਦਨ ਮਿਸ਼ਰਾ ਦੇ ਖ਼ਿਲਾਫ਼ ਕਤਲ ਅਤੇ ਗੈਂਗ ਵਾਰ ਨਾਲ ਸਬੰਧਤ ਦਰਜਨਾਂ ਮਾਮਲੇ ਦਰਜ ਸਨ। ਬਕਸਰ ਵਿੱਚ ਚੰਦਨ-ਸ਼ੇਰੂ ਗੈਂਗ ਦੀ ਦਹਿਸ਼ਤ ਸੀ ਅਤੇ ਬਾਅਦ ਵਿੱਚ ਸ਼ੇਰੂ ਅਤੇ ਚੰਦਨ ਵਿਚਕਾਰ ਦੁਸ਼ਮਣੀ ਹੋ ਗਈ। ਪੁਲਿਸ ਨੂੰ ਕਤਲ ਲਈ ਸ਼ੇਰੂ ਗੈਂਗ 'ਤੇ ਸ਼ੱਕ ਹੈ।

# ਕਟਾਰੂਚੱਕ ਨੇ 5 ਜ਼ਿਲ੍ਹਿਆਂ ਵਿੱਚ ਹਾਈਵੇਅ 'ਤੇ ਫੁੱਲਾਂ ਵਾਲੇ ਬੂਟੇ ਲਗਾਉਣ ਸਬੰਧੀ ਪਾਇਲਟ ਪ੍ਰੋਜੈਕਟ ਦਾ ਕੀਤਾ ਐਲਾਨ

## ਸ਼ਿਵ ਕੁਮਾਰ ਬਟਾਲਵੀ ਦੇ ਜਨਮ ਦਿਨ ਮੌਕੇ 23 ਜੁਲਾਈ ਤੋਂ ਬਟਾਲਾ ਵਿਖੇ ਹੋਣਗੇ ਮਹੀਨਾ ਭਰ ਚੱਲਣ ਵਾਲੇ ਕਵਿਤਾ ਤੇ ਭਾਸ਼ਣ ਮੁਕਾਬਲੇ



ਚੰਡੀਗੜ੍ਹ, 17 ਜੁਲਾਈ, (ਚ.ਨ.ਸ.) : ਵਾਤਾਵਰਣ ਨੂੰ ਸਾਫ਼-ਸੁਥਰਾ ਅਤੇ ਹਰਿਆ ਭਰਿਆ ਬਣਾਉਣ ਲਈ ਕਈ ਅਹਿਮ ਪਹਿਲਕਦਮੀਆਂ ਦਾ ਐਲਾਨ ਕਰਦੇ ਹੋਏ, ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਹਾਈਵੇਅ ਦੇ ਦੋਵੇਂ ਪਾਸੇ ਫੁੱਲਾਂ ਵਾਲੇ ਬੂਟੇ ਲਗਾਉਣ ਵਾਲੇ ਇੱਕ ਪਾਇਲਟ ਪ੍ਰੋਜੈਕਟ ਦਾ ਐਲਾਨ ਕੀਤਾ। ਇੱਕ ਸੂਬਾ ਪੱਧਰੀ ਵਿਸ਼ੇਸ਼ ਕਮੇਟੀ ਇਸ ਪ੍ਰੋਜੈਕਟ ਦੀ ਨਿਗਰਾਨੀ ਕਰੇਗੀ ਅਤੇ ਸਮੇਂ-ਸਮੇਂ ਇਸਦੀ ਸਮੀਖਿਆ ਵੀ ਕਰੇਗੀ।

ਮੁੱਢਲੇ ਗੇੜ ਵਿੱਚ, ਇਹ ਪ੍ਰੋਜੈਕਟ 5 ਜ਼ਿਲਿਆਂ: ਰੋਪੜ (ਵਿਸ਼ੇਸ਼ ਤੌਰ 'ਤੇ ਸ੍ਰੀ ਆਨੰਦਪੁਰ ਸਾਹਿਬ ), ਸ਼ਹੀਦ ਭਗਤ ਸਿੰਘ ਨਗਰ (ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਦੇ ਆਲੇ-ਦੁਆਲੇ ਦੇ ਖੇਤਰ ਵਿੱਚ ), ਸੰਗਰੂਰ, ਪਠਾਨਕੋਟ ਅਤੇ ਅੰਮ੍ਰਿਤਸਰ ਵਿੱਚ ਲਾਗੂ ਕੀਤਾ ਜਾਵੇਗਾ। ਪ੍ਰੋਜੈਕਟ ਤਹਿਤ ਇਨ੍ਹਾਂ ਜ਼ਿਲਿਆਂ ਵਿੱਚ ਹਾਈਵੇਅ ਦੇ ਸੱਜੇ -ਖੱਬੇ ਦੋਵੇਂ ਪਾਸੇ 500 ਮੀਟਰ ਦੀ ਦੂਰੀ 'ਤੇ 5, 6 ਅਤੇ 7 ਫੁੱਟ ਤੱਕ ਦੀ ਉਚਾਈ ਵਾਲੇ ਬੂਟੇ ਲਗਾਏ ਜਾਣਗੇ।

ਮੰਤਰੀ ਨੇ ਪੰਜਾਬ ਭਵਨ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬੂਟਿਆਂ ਦੇ ਵਧਣ-ਫੁੱਲਣ ਤੇ ਸਾਂਭ ਸੰਭਾਲ ਨੂੰ ਯਕੀਨੀ ਬਣਾਉਣ ਲਈ ਢੁਕਵੀਂ ਨਜ਼ਰਸਾਨੀ ਕੀਤੀ ਜਾਵੇਗੀ । ਇਸ ਤੋਂ ਇਲਾਵਾ, ਵਾੜ ਲਗਾਉਣ ਦਾ ਕੰਮ ਵੀ ਕੀਤਾ ਜਾਵੇਗਾ ਤਾਂ ਜੋ ਬੂਟਿਆਂ ਨੂੰ ਆਵਾਰਾ ਜਾਨਵਰਾਂ ਤੋਂ ਬਚਾਇਆ ਜਾ ਸਕੇ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸ਼$ਰੀ ਕਟਾਰੂਚੱਕ ਨੇ ਦੱਸਿਆ ਕਿ ਇਹ ਪ੍ਰੋਜੈਕਟ ਆਲੇ ਦੁਆਲੇ ਨੂੰ ਬਹੁਤ ਸਾਫ਼-ਸੁਥਰਾ ਅਤੇ ਹਰਾ-ਭਰਾ ਬਣਾਉਣ ਵੱਲ ਇੱਕ ਸੁਹਿਰਦ ਉਪਰਾਲਾ ਹੈ।ਮੰਤਰੀ ਨੇ ਕਿਹਾ ਕਿ ਇਹ ਪ੍ਰੋਜੈਕਟ ਮਨਰੇਗਾ ਅਧੀਨ ਕੰਮ ਕਰਦੇ ਲੋਕਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਵੀ ਯਕੀਨੀ ਬਣਾਏਗਾ।

ਦੂਜੀ ਅਹਿਮ ਪੇਸ਼ਕਦਮੀ ਦਾ ਉਦਘਾਟਨ ਕਰਦਿਆਂ ਮੰਤਰੀ ਨੇ ਦੱਸਿਆ ਕਿ ਅੱਜ ਦੀ ਪੀੜ੍ਹੀ ਨੂੰ ਰੁੱਖਾਂ ਅਤੇ ਵਾਤਾਵਰਣ ਦੀ ਸੁਰੱਖਿਆ ਪ੍ਰਤੀ ਸੰਵੇਦਨਸ਼ੀਲ ਬਣਾਉਣ ਲਈ, ਇਸ ਵਿਸ਼ੇ 'ਤੇ ਆਧਾਰਿਤ ਭਾਸ਼ਣ ਅਤੇ ਕਵਿਤਾ ਮੁਕਾਬਲੇ 23 ਜੁਲਾਈ ਤੋਂ ਬਟਾਲਾ ਵਿਖੇ ਪ੍ਰਸਿੱਧ ਕਵੀ ਸ਼ਿਵ ਕੁਮਾਰ ਬਟਾਲਵੀ ਦੇ ਜਨਮ ਦਿਵਸ ਵਾਲੇ ਦਿਨ ਤੋਂ ਸ਼ੁਰੂ ਕਰਵਾਏ ਜਾਣਗੇ। ਇਹ ਮੁਕਾਬਲੇ ਇੱਕ ਮਹੀਨੇ ਤੱਕ ਚੱਲਣਗੇ ਅਤੇ ਚਾਰ ਸ਼$ਰੇਣੀਆਂ :ਪ੍ਰਾਇਮਰੀ (ਪਹਿਲੀ ਤੋਂ ਪੰਜਵੀਂ ਜਮਾਤ), ਸੈਕੰਡਰੀ (ਛੇਵੀਂ ਤੋਂ ਦਸਵੀਂ ਜਮਾਤ), ਸੀਨੀਅਰ ਸੈਕੰਡਰੀ (ਗਿਆਰਵੀਂ ਤੇ ਬਾਰਵੀਂ) ਅਤੇ ਕਾਲਜ ਪੱਧਰ ਉੱਤੇ ਕਰਵਾਏ ਜਾਣਗੇ।

ਇਸ ਬਾਰੇ ਹੋਰ ਵਿਸਥਾਰ ਵਿੱਚ ਦੱਸਦਿਆਂ ਸ੍ਰੀ ਕਟਾਰੂਚੱਕ ਨੇ ਕਿਹਾ ਕਿ ਇਹਨਾਂ ਮੁਕਾਬਲਿਆਂ ਦੇ ਪਹਿਲੇ ਗੇੜ ਦੇ ਜੇਤੂ ਅੱਗੇ ਰਾਜ ਪੱਧਰ 'ਤੇ ਆਪਣੇ ਹੁਨਰ ਦਾ ਪ੍ਰਦਰਸ਼ਨ ਕਰਨਗੇ। ਰਾਜ ਪੱਧਰ 'ਤੇ ਚਾਰਾਂ ਸ਼$ਰੇਣੀਆਂ ਵਿੱਚੋਂ ਹਰੇਕ ਵਿੱਚ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਨੂੰ ਕ੍ਰਮਵਾਰ 51,000 ਰੁਪਏ, 31,000 ਰੁਪਏ ਅਤੇ 21,000 ਰੁਪਏ ਦੀ ਇਨਾਮ ਰਾਸ਼ੀ ਨਾਲ ਸਨਮਾਨਿਤ ਕੀਤਾ ਜਾਵੇਗਾ। ਸਿੱਖਿਆ ਵਿਭਾਗ ਦੀ ਦੇਖ-ਰੇਖ ਹੇਠ ਕਰਵਾਏ ਜਾਣ ਵਾਲੇ ਇਹਨਾਂ ਮੁਕਾਬਲਿਆਂ ਵਿੱਚ ਪੰਜਾਬੀ ਸਾਹਿਤ ਦੀਆਂ ਉੱਘੀਆਂ ਸ਼ਖਸੀਅਤਾਂ ਬਤੌਰ ਜੱਜ ਸ਼ਾਮਿਲ ਹੋਣਗੀਆਂ।

ਇੱਕ ਸਵਾਲ ਦੇ ਜਵਾਬ ਵਿੱਚ ਕੈਬਨਿਟ ਮੰਤਰੀ ਨੇ ਦੱਸਿਆ ਕਿ ਮੌਜੂਦਾ ਸਰਕਾਰ ਕੇ ਕਾਰਜਕਾਲ ਦੌਰਾਨ ਜੰਗਲਾਤ ਅਧੀਨ ਰਕਬੇ ਵਿੱਚ ਵਾਧਾ ਹੋਇਆ ਹੈ। ਤੱਥਾਂ ਦਾ ਹਵਾਲਾ ਦਿੰਦਿਆਂ ਸ੍ਰੀ ਕਟਾਰੂਚੱਕ ਨੇ ਕਿਹਾ ਕਿ 2021 ਵਿੱਚ ਜੰਗਲਾਤ ਅਧੀਨ ਖੇਤਰ 3144.47 ਵਰਗ ਕਿਲੋਮੀਟਰ ਸੀ ਜਦੋਂ ਕਿ 2023 ਵਿੱਚ ਇਹ ਵਧ ਕੇ 3321.24 ਵਰਗ ਕਿਲੋਮੀਟਰ ਹੋ ਗਿਆ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਸਕੱਤਰ ਸ੍ਰੀ ਪ੍ਰਿਯਾਂਕ ਭਾਰਤੀ, ਜੰਗਲਾਤ ਦੇ ਪ੍ਰਮੁੱਖ ਮੁੱਖ ਵਣਪਾਲ (ਜੰਗਲਾਤ ਬਲ ਦੇ ਮੁਖੀ) ਸ੍ਰੀ ਧਰਮਿੰਦਰ ਸ਼ਰਮਾ ਅਤੇ ਵਣਪਾਲ, ਜੰਗਲਾਤ (ਸ਼ਿਵਾਲਿਕ ਸਰਕਲ) ਸ੍ਰੀ ਕੰਨਨ ਮੌਜੂਦ ਸਨ।

# ਗਨੀਵ ਕੌਰ ਮਜੀਠੀਆ ਵੱਲੋਂ ਵਿਜੀਲੈਂਸ ਅਧਿਕਾਰੀਆਂ ਖਿਲਾਫ਼ ਮਾਮਲਾ ਦਰਜ ਕਰਨ ਦੀ ਮੰਗ, ਐੱਸ.ਐੱਸ.ਪੀ. ਨੂੰ ਲਿਖੀ ਚਿੱਠੀ



ਚੰਡੀਗੜ੍ਹ, 17 ਜੁਲਾਈ, (ਚ.ਨ.ਸ.) : ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਅਤੇ ਬਿਕਰਮ ਸਿੰਘ ਮਜੀਠੀਆ ਦੀ ਪਤਨੀ ਗਨੀਵ ਕੌਰ ਨੇ ਚੰਡੀਗੜ੍ਹ (ਯੂ.ਟੀ.) ਦੇ ਐੱਸ.ਐੱਸ.ਪੀ. ਨੂੰ ਚਿੱਠੀ ਲਿਖ ਕੇ ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਖਿਲਾਫ ਫੌਜਦਾਰੀ ਮਾਮਲਾ ਦਰਜ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ 25 ਜੂਨ ਨੂੰ ਗੈਰ ਕਾਨੂੰਨੀ ਤਰੀਕੇ ਨਾਲ ਘਰ 'ਚ ਦਾਖਲ ਹੋਣ ਦੇ ਇਲਜ਼ਾਮ ਲਾਏ ਹਨ। ਗਨੀਵ ਕੌਰ ਨੇ ਮੰਗ ਕੀਤੀ ਕਿ ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਵਿਰੁੱਧ ਬਿਨਾਂ ਵਾਰੰਟ ਦੇ ਉਨ੍ਹਾਂ ਦੇ ਸਰਕਾਰੀ ਨਿਵਾਸ ਦੀ ਗੈਰ-ਕਾਨੂੰਨੀ ਤਲਾਸ਼ੀ ਲੈਣ ਦੇ ਦੋਸ਼ ਹੇਠ ਅਪਰਾਧਿਕ ਮਾਮਲਾ ਦਰਜ ਕੀਤਾ ਜਾਵੇ। ਗਨੀਵ ਕੌਰ ਨੇ ਆਪਣੀ ਸ਼ਿਕਾਇਤ ਵਿੱਚ ਕਿਹਾ ਹੈ ਕਿ 25 ਜੂਨ, 2025 ਦੀ ਸਵੇਰ ਨੂੰ 10:15 ਵਜੇ ਦੇ ਕਰੀਬ ਵਿਜੀਲੈਂਸ ਬਿਊਰੋ ਦੇ ਲਗਭਗ 20 ਸਾਦੇ ਕੱਪੜਿਆਂ ਵਾਲੇ ਅਧਿਕਾਰੀ ਜ਼ਬਰਦਸਤੀ ਸੈਕਟਰ-4, ਚੰਡੀਗੜ੍ਹ ਦੇ ਮਕਾਨ ਨੰਬਰ 39 ਵਿੱਚ ਉਨ੍ਹਾਂ ਦੀ ਸਰਕਾਰੀ ਰਿਹਾਇਸ਼ ਵਿੱਚ ਦਾਖਲ ਹੋਏ। ਉਸ ਵੇਲੇ ਸਿਰਫ ਉਨ੍ਹਾਂ ਦੀ ਬਜ਼ੁਰਗ ਅਤੇ ਬੀਮਾਰ ਮਾਂ ਅਤੇ ਘਰੇਲੂ ਨੌਕਰਾਣੀ ਰਿਹਾਇਸ਼ 'ਤੇ ਮੌਜੂਦ ਸਨ। ਉਨ੍ਹਾਂ ਦੋਸ਼ ਲਗਾਇਆ ਕਿ ਅਰੁਣ ਸੈਣੀ ਦੀ ਨਿਗਰਾਨੀ ਹੇਠ, ਅਧਿਕਾਰੀਆਂ ਨੇ ਉਨ੍ਹਾਂ ਦੇ ਘਰ ਦੀ ਤਲਾਸ਼ੀ ਲਈ, ਅਲਮਾਰੀਆਂ ਅਤੇ ਦਰਾਜ਼ ਖੋਲ੍ਹੇ, ਸਮਾਨ ਸੁੱਟਿਆ ਅਤੇ ਉਨ੍ਹਾਂ ਦੇ ਨਿੱਜੀ ਹੈਂਡਬੈਗਾਂ ਨੂੰ ਵੀ ਦੇਖਿਆ। ਜਦੋਂ ਉਨ੍ਹਾਂ ਦੇ ਕਾਨੂੰਨੀ ਵਕੀਲ ਨੇ ਅਧਿਕਾਰੀਆਂ ਤੋਂ ਪੁੱਛਗਿੱਛ ਕੀਤੀ ਅਤੇ ਪਛਾਣ ਅਤੇ ਸਰਚ ਵਾਰੰਟ ਦੀ ਮੰਗ ਕੀਤੀ ਤਾਂ ਉਨ੍ਹਾਂ ਨੇ ਕਥਿਤ ਤੌਰ 'ਤੇ ਇਨਕਾਰ ਕਰ ਦਿੱਤਾ। ਉਨ੍ਹਾਂ ਅੱਗੇ ਕਿਹਾ ਕਿ ਸਿਰਫ ਅਰੁਣ ਸੈਣੀ ਨੇ ਆਪਣਾ ਨਾਮ ਦੱਸਿਆ, ਪਰ ਪਛਾਣ ਪੱਤਰ ਨਹੀਂ ਦਿਖਾਇਆ। ਗਨੀਵ ਮਜੀਠੀਆ ਨੇ ਮੰਗ ਕੀਤੀ ਹੈ ਕਿ ਗੈਰ-ਕਾਨੂੰਨੀ ਦਾਖਲੇ, ਅਣਅਧਿਕਾਰਤ ਤਲਾਸ਼ੀ ਅਤੇ ਘਰੇਲੂ ਸਟਾਫ ਨੂੰ ਧਮਕਾਉਣ ਲਈ ਆਈਪੀਸੀ ਦੀਆਂ ਧਾਰਾਵਾਂ 329, 330, 331, 332, 333, 198, 201, ਅਤੇ 61(2) ਦੇ ਤਹਿਤ ਅਪਰਾਧਿਕ ਮਾਮਲਾ ਦਰਜ ਕੀਤਾ ਜਾਵੇ। ਉਨ੍ਹਾਂ ਇਹ ਵੀ ਅਪੀਲ ਕੀਤੀ ਕਿ ਨਿਆਂ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਪੰਜਾਬ ਪੁਲਿਸ ਅਤੇ ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਵਿਰੁੱਧ ਤੁਰੰਤ ਕਾਰਵਾਈ ਕੀਤੀ ਜਾਵੇ।

# ਸਸਤਾ ਹੋਵੇਗਾ ਪੈਟਰੋਲ-ਡੀਜ਼ਲ, ਮੰਤਰੀ ਹਰਦੀਪ ਸਿੰਘ ਪੁਰੀ ਨੇ ਦਿੱਤੇ ਸੰਕੇਤ



ਨਵੀਂ ਦਿੱਲੀ, 17 ਜੁਲਾਈ, (ਚ.ਨ.ਸ.) : ਭਾਰਤ ਵਿਕਲੌਤਾ ਦੇਸ਼ ਹੈ ਜਾਂ ਉਨ੍ਹਾਂ ਕੁਝ ਦੇਸ਼ਾਂ ਵਿੱਚੋਂ ਇੱਕ ਹੈ ਜਿੱਥੇ ਪਿਛਲੇ 3 ਸਾਲਾਂ ਵਿੱਚ ਤੇਲ ਦੀਆਂ ਕੀਮਤਾਂ ਵਿੱਚ ਗਿਰਾਵਟ ਆਈ ਹੈ। ਪੈਟਰੋਲੀਅਮ ਮੰਤਰੀ ਹਰਦੀਪ ਸਿੰਘ ਪੁਰੀ ਨੇ ਵੀਰਵਾਰ ਨੂੰ ਕਿਹਾ ਕਿ ਜੇਕਰ ਕੱਚੇ ਤੇਲ ਦੀਆਂ ਕੀਮਤਾਂ ਅਗਲੇ ਦੋ ਤੋਂ ਤਿੰਨ ਮਹੀਨਿਆਂ ਤੱਕ ਮੌਜੂਦਾ ਪੱਧਰ 'ਤੇ ਰਹਿੰਦੀਆਂ ਹਨ, ਤਾਂ ਭਾਰਤ ਕੋਲ ਤੇਲ ਦੀਆਂ ਕੀਮਤਾਂ ਵਿੱਚ ਕਟੌਤੀ ਕਰਨ ਦੀ ਗੁੰਜਾਇਸ਼ ਹੈ। ਹਾਲਾਂਕਿ, ਉਨ੍ਹਾਂ ਇਹ ਵੀ ਕਿਹਾ ਕਿ ਇਹ ਫੈਸਲਾ ਉਦੋਂ ਹੀ ਲਾਗੂ ਹੋਵੇਗਾ ਜਦੋਂ ਸਥਿਤੀ ਸਥਿਰ ਰਹੇਗੀ। ਜੇਕਰ ਕੋਈ ਵੱਡੀ ਭੂ-ਰਾਜਨੀਤਿਕ ਘਟਨਾ, ਜਿਵੇਂ ਕਿ ਈਰਾਨ ਅਤੇ ਇਜ਼ਰਾਈਲ ਵਿਚਕਾਰ ਤਣਾਅ, ਸਾਹਮਣੇ ਆਉਂਦੀ ਹੈ, ਤਾਂ ਸਥਿਤੀ ਬਦਲ ਸਕਦੀ ਹੈ। ਉਨ੍ਹਾਂ ਇਹ ਗੱਲ ਊਰਜਾ ਸੰਵਾਦ 2025 ਵਿੱਚ ਕਹੀ। ਹਰਦੀਪ ਪੁਰੀ ਨੇ ਰੂਸ ਤੋਂ ਤੇਲ ਖਰੀਦਣ ਕਾਰਨ ਅਮਰੀਕਾ ਵੱਲੋਂ ਕੀਤੀ ਜਾ ਰਹੀ ਬਿਆਨਬਾਜ਼ੀ ਦਾ ਵੀ ਜਵਾਬ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਰਤ ਨੇ ਕੱਚੇ ਤੇਲ ਦੀ ਦਰਾਮਦ ਦੇ ਸਰੋਤਾਂ ਦੀ ਗਿਣਤੀ 27 ਤੋਂ ਵਧਾ ਕੇ 40 ਕਰ ਦਿੱਤੀ ਹੈ। ਇਸ ਦਾ ਮਤਲਬ ਹੈ ਕਿ ਜਦੋਂ ਭਾਰਤ ਪਹਿਲਾਂ 27 ਦੇਸ਼ਾਂ ਤੋਂ ਕੱਚਾ ਤੇਲ ਆਯਾਤ ਕਰਦਾ ਸੀ, ਹੁਣ ਉਨ੍ਹਾਂ ਦੀ ਗਿਣਤੀ 40 ਹੋ ਗਈ ਹੈ। ਉਨ੍ਹਾਂ ਦਾ ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਸਿਰਫ ਇੱਕ ਦਿਨ ਪਹਿਲਾਂ, ਯਾਨੀ ਬੁੱਧਵਾਰ ਨੂੰ, ਨਾਟੋ ਦੇ ਸਕੱਤਰ ਜਨਰਲ ਮਾਰਕ ਰੂਟ ਨੇ ਕਿਹਾ ਸੀ ਕਿ ਭਾਰਤ, ਚੀਨ ਅਤੇ ਬ੍ਰਾਜ਼ੀਲ ਵਰਗੇ ਦੇਸ਼ਾਂ ਨੂੰ ਪਾਬੰਦੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਕਿਉਂਕਿ ਉਹ ਰੂਸ ਨਾਲ ਲਗਾਤਾਰ ਵਪਾਰ ਕਰ ਰਹੇ ਹਨ। ਹਰਦੀਪ ਪੁਰੀ ਨੇ ਵੀਰਵਾਰ ਨੂੰ ਇਹ ਵੀ ਸਪੱਸ਼ਟ ਕੀਤਾ ਕਿ ਭਾਰਤ ਨੇ ਰੂਸ ਤੋਂ ਪਾਬੰਦੀਸ਼ੁਦਾ ਤੇਲ ਨਹੀਂ ਖਰੀਦਿਆ ਹੈ। ਉਨ੍ਹਾਂ ਕਿਹਾ ਸੀ ਕਿ ਰੂਸੀ ਤੇਲ 'ਤੇ ਕੋਈ ਵਿਸ਼ਵਵਿਆਪੀ ਪਾਬੰਦੀ ਨਹੀਂ ਸੀ, ਸਿਰਫ਼ ਕੀਮਤਾਂ ਇੱਕ ਨਿਸ਼ਚਿਤ ਸੀਮਾ ਨਾਲ ਬੱਝੀਆਂ ਸਨ। ਹਰਦੀਪ ਪੁਰੀ ਨੇ ਇਹ ਵੀ ਕਿਹਾ ਹੈ ਕਿ ਉਹ ਇਸ ਮਾਮਲੇ ਵਿੱਚ ਕਿਸੇ ਵੀ ਤਰ੍ਹਾਂ ਦਾ ਦਬਾਅ ਮਹਿਸੂਸ ਨਹੀਂ ਕਰ ਰਹੇ ਹਨ। ਉਨ੍ਹਾਂ ਕਿਹਾ, 'ਮੈਂ ਚਿੰਤਤ ਨਹੀਂ ਹਾਂ। ਜੇਕਰ ਕੁਝ ਹੁੰਦਾ ਹੈ, ਤਾਂ ਇਸ ਨਾਲ ਨਜਿੱਠਿਆ ਜਾਵੇਗਾ। ਸਾਡੇ ਕੋਲ ਲੋੜੀਂਦੀ ਸਪਲਾਈ ਉਪਲਬਧ ਹੈ।' ਤੇਲ ਕੰਪਨੀਆਂ ਦੀ ਕਮਾਈ ਹੁਣ ਮਜ਼ਬੂਤ ਹੋ ਗਈ ਹੈ। ਰੇਟਿੰਗ ਏਜੰਸੀਆਂ ਦੇ ਹਵਾਲੇ ਦੀ ਗੱਲ ਕਰੀਏ ਤਾਂ ਤੇਲ ਕੰਪਨੀਆਂ ਨੂੰ ਪੈਟਰੋਲ 'ਤੇ ਪ੍ਰਤੀ ਲੀਟਰ 12 ਤੋਂ 15 ਰੁਪਏ ਅਤੇ ਡੀਜ਼ਲ 'ਤੇ ਲਗਭਗ 6 ਰੁਪਏ ਦਾ ਮੁਨਾਫਾ ਕਮਾ ਰਹੀਆਂ ਹਨ। ਇਸ ਦੇ ਬਾਵਜੂਦ, ਕੰਪਨੀਆਂ ਨੇ ਪਿਛਲੇ ਇੱਕ ਸਾਲ ਵਿੱਚ ਇੱਕ ਵਾਰ ਵੀ ਕੀਮਤਾਂ ਨਹੀਂ ਘਟਾਈਆਂ। ਅਪ੍ਰੈਲ ਵਿੱਚ, ਜਦੋਂ ਕੀਮਤਾਂ ਵਿੱਚ ਕਮੀ ਦੀ ਉਮੀਦ ਸੀ, ਤਾਂ ਸਰਕਾਰ ਨੇ ਐਕਸਾਈਜ਼ ਡਿਊਟੀ ਵਿੱਚ 2 ਰੁਪਏ ਪ੍ਰਤੀ ਲੀਟਰ ਵਾਧਾ ਕੀਤਾ ਅਤੇ ਕੰਪਨੀਆਂ ਨੂੰ ਕੀਮਤਾਂ ਘਟਾਉਣ ਤੋਂ ਰਾਹਤ ਮਿਲੀ। ਸਰਕਾਰਾਂ ਵੀ ਇਸ ਮੁਨਾਫੇ ਵਿੱਚ ਪਿੱਛੇ ਨਹੀਂ ਹਨ। ਜੇਕਰ ਅਸੀਂ ਦਿੱਲੀ ਦੀ ਗੱਲ ਕਰੀਏ ਤਾਂ ਕੇਂਦਰ ਸਰਕਾਰ ਪੈਟਰੋਲ 'ਤੇ 21.90 ਰੁਪਏ ਅਤੇ ਰਾਜ ਸਰਕਾਰ 15.40 ਰੁਪਏ ਟੈਕਸ ਲੈਂਦੀ ਹੈ। ਯਾਨੀ ਕੁੱਲ 37.30 ਰੁਪਏ ਪ੍ਰਤੀ ਲੀਟਰ। ਡੀਜ਼ਲ 'ਤੇ ਇਹ ਟੈਕਸ 30.63 ਰੁਪਏ ਪ੍ਰਤੀ ਲੀਟਰ ਤੱਕ ਪਹੁੰਚਦਾ ਹੈ। ਇੱਕ ਔਸਤ ਸ਼ਹਿਰੀ ਹਰ ਮਹੀਨੇ 2.80 ਲੀਟਰ ਪੈਟਰੋਲ ਅਤੇ 6.32 ਲੀਟਰ ਡੀਜ਼ਲ ਦੀ ਵਰਤੋਂ ਕਰਦਾ ਹੈ। ਇਸ ਅਨੁਸਾਰ, ਹਰ ਮਹੀਨੇ ਲਗਭਗ 298 ਰੁਪਏ ਉਸਦੀ ਜੇਬ ਵਿੱਚੋਂ ਸਿਰਫ਼ ਟੈਕਸ ਦੇ ਰੂਪ ਵਿੱਚ ਕੱਢੇ ਜਾਂਦੇ ਹਨ।

# ਬਿਹਾਰ ਪੁਲਿਸ ਦੇ ਏ.ਡੀ.ਜੀ. (ਹੈੱਡਕੁਆਰਟਰ) ਕੁੰਦਨ ਕ੍ਰਿਸ਼ਨਨ ਨੇ ਕਿਸਾਨਾਂ ਉੱਤੇ ਲਗਾਏ ਇਲਜ਼ਾਮ

## ਮੀਂਹ ਮਗਰੋਂ ਇਹ ਸਾਰੇ ਕੰਮ ਵਿੱਚ ਲੱਗ ਜਾਂਦੇ ਹਨ ਫਿਰ 'ਤੇ ਘਟਨਾਵਾਂ ਘੱਟ ਜਾਂਦੀਆਂ ਹਨ



ਪਟਨਾ, 17 ਜੁਲਾਈ, (ਚ.ਨ.ਸ.) : ਬਿਹਾਰ ਪੁਲਿਸ ਦੇ ਏ.ਡੀ.ਜੀ. ਹੈੱਡਕੁਆਰਟਰ ਕੁੰਦਨ ਕ੍ਰਿਸ਼ਨਨ ਨੇ ਬੁੱਧਵਾਰ ਨੂੰ ਬਿਹਾਰ ਵਿੱਚ ਅਪਰਾਧਾਂ ਬਾਰੇ ਕਿਹਾ ਕਿ ਅਪ੍ਰੈਲ, ਮਈ ਅਤੇ ਜੂਨ ਵਿੱਚ ਰਾਜ ਵਿੱਚ ਵਧੇਰੇ ਕਤਲ ਹੋ ਰਹੇ ਹਨ। ਇਹ ਪਿਛਲੇ ਕਈ ਸਾਲਾਂ ਤੋਂ ਰੁਝਾਨ ਰਿਹਾ ਹੈ। ਇਹ ਰੁਝਾਨ ਉਦੋਂ ਤੱਕ ਜਾਰੀ ਰਹਿੰਦਾ ਹੈ ਜਦੋਂ ਤੱਕ ਮੀਂਹ ਨਹੀਂ ਪੈਂਦਾ। ਏ.ਡੀ.ਜੀ. ਹੈੱਡਕੁਆਰਟਰ ਕੁੰਦਨ ਕ੍ਰਿਸ਼ਨਨ ਦੇ ਅਨੁਸਾਰ, ਇਸ ਸਮੇਂ ਖੇਤੀ ਨਹੀਂ ਕੀਤੀ ਜਾਂਦੀ। ਕਿਸਾਨਾਂ ਕੋਲ ਕੰਮ ਨਹੀਂ ਹੁੰਦਾ। ਅਜਿਹੀ ਸਥਿਤੀ ਵਿੱਚ ਘਟਨਾਵਾਂ ਵਾਪਰਦੀਆਂ ਹਨ। ਜਦੋਂ ਮੀਂਹ ਸ਼ੁਰੂ ਹੁੰਦਾ ਹੈ, ਕਿਸਾਨ ਆਪਣੇ ਕੰਮ ਵਿੱਚ ਰੁੱਝ ਜਾਂਦੇ ਹਨ। ਅਜਿਹੀ ਸਥਿਤੀ ਵਿੱਚ ਘਟਨਾਵਾਂ ਘੱਟ ਜਾਂਦੀਆਂ ਹਨ। ਏ.ਡੀ.ਜੀ. ਹੈੱਡਕੁਆਰਟਰ ਕੁੰਦਨ ਕ੍ਰਿਸ਼ਨਨ ਨੇ ਕਿਹਾ ਕਿ ਬਿਹਾਰ ਐਸ.ਟੀ.ਐਫ. ਨੇ ਇਸ ਮਹੀਨੇ ਇੱਕ ਨਵਾਂ ਸੈੱਲ ਬਣਾਇਆ ਹੈ। ਇਸ ਸੈੱਲ ਦਾ ਕੰਮ ਪੈਸੇ ਲਈ ਕਤਲ ਕਰਨ ਵਾਲੇ ਸਾਬਕਾ ਸ਼ੂਟਰਾਂ ਦਾ ਡੇਟਾਬੇਸ ਤਿਆਰ ਕਰਨਾ ਹੈ।ਇਸ ਲਈ, ਨਵਾਂ ਸੈੱਲ ਸਾਰੇ ਕੰਟਰੈਕਟ ਕਿਲਰਾਂ ਦੇ ਪੂਰੇ ਵੇਰਵੇ ਇਕੱਠੇ ਕਰਕੇ ਉਨ੍ਹਾਂ ਦਾ ਇੱਕ ਡੋਜ਼ੀਅਰ ਤਿਆਰ ਕਰੇਗਾ। ਇਸ ਨਾਲ ਕਿਸੇ ਵੀ ਅਪਰਾਧ ਵਿੱਚ ਸ਼ਾਮਲ ਕਾਤਲਾਂ ਦੀ ਪਛਾਣ ਕਰਨਾ ਆਸਾਨ ਹੋ ਜਾਵੇਗਾ।ਕੰਟਰੈਕਟ ਕਿਲਰ ਦੀ ਫੋਟੋ, ਨਾਮ, ਪਤਾ ਸਮੇਤ ਸਾਰੀ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ। ਬਹੁਤ ਸਾਰੇ ਨੌਜਵਾਨ ਭਟਕ ਗਏ ਹਨ ਅਤੇ ਪੈਸਿਆਂ ਲਈ ਕਤਲ ਕਰਨ ਲੱਗ ਪਏ ਹਨ।ਇਨ੍ਹਾਂ ਨੌਜਵਾਨਾਂ ਨੂੰ ਸਹੀ ਰਸਤੇ 'ਤੇ ਲਿਆਉਣ ਲਈ ਸਾਰਿਆਂ ਨੂੰ ਇਕਜੁੱਟ ਹੋ ਕੇ ਯਤਨ ਕਰਨ ਦੀ ਲੋੜ ਹੈ। ਇਸ ਸਾਲ ਹੁਣ ਤੱਕ 700 ਵੱਡੇ ਅਪਰਾਧੀ ਫੜੇ ਜਾ ਚੁੱਕੇ ਹਨ।

ਪਾਠਕ ਆਪਣੇ ਹਾਕਰ ਤੋਂ
ਚੜ੍ਹਦੀਕਲਾ ਦੀ ਮੰਗ ਕਰਨ

ਚੜ੍ਹਦੀਕਲਾ ਪੜ੍ਹੋ !
ਚੜ੍ਹਦੀਕਲਾ ਵਿੱਚ ਰਹੋ !!

# ਬਾਬਾ ਹਰਨਾਮ ਸਿੰਘ ਨੂੰ ਡੇਰਾ ਖਾਲੀ ਕਰਨ ਦੇ ਹੁਕਮ, ਅਦਾਲਤ ਨੇ ਸੁਣਾਇਆ ਫ਼ੈਸਲਾ



ਹੁਸ਼ਿਆਰਪੁਰ, 17 ਜੁਲਾਈ, (ਚ.ਨ.ਸ.) : ਹੁਸ਼ਿਆਰਪੁਰ ਤੋਂ ਵੱਡੀ ਖ਼ਬਰ ਸਾਹਮਣੇ ਆਈ ਹੈ। ਦਰਅਸਲ ਬਾਬਾ ਹਰਨਾਮ ਸਿੰਘ ਧੁੰਮਾ ਨੂੰ ਡੇਰਾ ਖਾਲੀ ਕਰਨ ਦੇ ਹੁਕਮ ਦਿੱਤੇ ਗਏ ਹਨ। ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਸੂਸ 'ਚ ਸਥਿਤ ਗੁਰਦੁਆਰੇ ਨੂੰ ਲੈ ਕੇ ਚੱਲ ਰਹੇ ਇਕ ਮਾਮਲੇ 'ਚ ਅਦਾਲਤ ਵੱਲੋਂ ਵੱਡਾ ਫ਼ੈਸਲਾ ਸਾਹਮਣੇ ਆਇਆ ਹੈ। ਇਹ ਮਾਮਲਾ ਗੁਰਦੁਆਰੇ 'ਤੇ ਕਬਜ਼ੇ ਨੂੰ ਲੈ ਕੇ ਸੀ, ਜਿਸ 'ਚ ਬਾਬਾ ਗੁਰਨਾਮ ਸਿੰਘ ਧੁੰਮਾ ਨੂੰ ਡੇਰਾ ਖਾਲੀ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ। ਇਹ ਮਾਮਲਾ ਹੁਸ਼ਿਆਰਪੁਰ ਦੀ ਜ਼ਿਲ੍ਹਾ ਅਦਾਲਤ 'ਚ ਚੱਲ ਰਿਹਾ ਸੀ, ਜਿੱਥੇ ਪਿੰਡ ਵਾਸੀਆਂ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਗੁਰਦੁਆਰਾ ਪਿੰਡ ਦੀ ਸਾਂਝੀ ਜਾਇਦਾਦ ਹੈ ਅਤੇ ਉਸ 'ਤੇ ਕਿਸੇ ਵਿਅਕਤੀ ਜਾਂ ਡੇਰੇ ਦਾ ਨਿੱਜੀ ਕਬਜ਼ਾ ਗੈਰ-ਕਾਨੂੰਨੀ ਹੈ। ਲੰਬੀ ਚੱਲੀ ਕਾਨੂੰਨੀ ਕਾਰਵਾਈ ਤੋਂ ਬਾਅਦ ਅਦਾਲਤ ਨੇ ਪਿੰਡ ਦੇ ਹੱਕ ਵਿਚ ਫ਼ੈਸਲਾ ਸੁਣਾਇਆ ਹੈ। ਅਦਾਲਤ ਨੇ ਸਾਫ਼ ਕੀਤਾ ਕਿ ਗੁਰਦੁਆਰਾ ਕਿਸੇ ਇਕ ਵਿਅਕਤੀ ਦੀ ਜਾਇਦਾਦ ਨਹੀਂ, ਸਗੋਂ ਪਿੰਡ ਦੇ ਸਮੂਹ ਸਿੱਖ ਸੰਗਤ ਨਾਲ ਸਬੰਧਤ ਧਾਰਮਿਕ ਥਾਂ ਹੈ। ਇਸੇ ਮੱਦੇਨਜ਼ਰ ਬਾਬਾ ਗੁਰਨਾਮ ਸਿੰਘ ਧੁੰਮਾ ਨੂੰ ਤੁਰੰਤ ਡੇਰਾ ਖਾਲੀ ਕਰਨ ਅਤੇ ਪਿੰਡ ਵਾਸੀਆਂ ਨੂੰ ਗੁਰਦੁਆਰੇ ਦੀ ਸੰਭਾਲ ਸੌਂਪਣ ਦੇ ਹੁਕਮ ਦਿੱਤੇ ਗਏ ਹਨ।

ਫ਼ੈਸਲੇ ਤੋਂ ਬਾਅਦ ਪਿੰਡ ਵਿਚ ਖ਼ੁਸ਼ੀ ਦਾ ਮਾਹੌਲ ਹੈ ਅਤੇ ਲੋਕਾਂ ਨੇ ਅਦਾਲਤ ਦੇ ਇਨਸਾਫ਼ 'ਤੇ ਭਰੋਸਾ ਜਤਾਇਆ ਹੈ। ਸਥਾਨਕ ਸਰਪੰਚ ਅਤੇ ਸੰਗਤ ਨੇ ਕਿਹਾ ਕਿ ਹੁਣ ਗੁਰਦੁਆਰੇ ਦੀ ਮੈਨੇਜਮੈਂਟ ਗੁਰਮਤ ਅਨੁਸਾਰ ਚਲਾਈ ਜਾਵੇਗੀ ਅਤੇ ਥਾਂ ਨੂੰ ਵਿਵਾਦ ਤੋਂ ਮੁਕਤ ਰੱਖਿਆ ਜਾਵੇਗਾ। ਉਥੇ ਹੀ ਡੇਰੇ ਦੇ ਬਾਹਰ ਵੱਡੀ ਗਿਣਤੀ ਵਿਚ ਪੁਲਸ ਫੋਰਸ ਦੀ ਤਾਇਨਾਤੀ ਕੀਤੀ ਗਈ ਹੈ।

# ਅਹਿਮਦਾਬਾਦ ਜਹਾਜ਼ ਹਾਦਸੇ ਦੇ ਕਾਰਨਾਂ ਬਾਰੇ 'ਠੋਸ ਸਿੱਟੇ' 'ਤੇ ਪਹੁੰਚਣਾ ਜਲਦਬਾਜ਼ੀ : ਏ.ਏ.ਆਈ.ਬੀ.

ਅਹਿਮਦਾਬਾਦ, 17 ਜੁਲਾਈ, (ਚ.ਨ.ਸ.) : ਭਾਰਤੀ ਜਹਾਜ਼ ਦੁਰਘਟਨਾ ਜਾਂਚ ਏਜੰਸੀ ਨੇ ਕਿਹਾ ਕਿ ਪਿਛਲੇ ਮਹੀਨੇ ਵਾਪਰੇ ਦਰਦਨਾਕ ਏਅਰ ਇੰਡੀਆਂ ਬੋਇੰਗ ਜਹਾਜ਼ ਹਾਦਸਾ, ਜਿਸ ਵਿੱਚ 260 ਲੋਕਾਂ ਦੀ ਮੌਤ ਹੋ ਗਈ ਸੀ, ਉਸ ਹਾਦਸੇ ਦੇ ਕਾਰਨਾਂ ਬਾਰੇ ਕਿਸੇ ਠੋਸ ਸਿੱਟੇ 'ਤੇ ਪਹੁੰਚਣਾ ਬਹੁਤ ਹੀ ਜਲਦੀ ਹੋਵੇਗਾ।

ਏਅਰਕ੍ਰਾਫਟ ਐਕਸੀਡੈਂਟ ਇਨਵੈਸਟੀਗੇਸ਼ਨ ਬਿਊਰੋ (ਏ.ਏ.ਆਈ.ਬੀ.) ਦੇ ਮੁਖੀ 707 ਯੁਗਾਂਧਰ ਨੇ ਕਿਹਾ, "ਅਸੀਂ ਲੋਕਾਂ ਅਤੇ ਮੀਡੀਆ ਦੋਵਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਸਮੇਂ ਤੋਂ ਪਹਿਲਾਂ ਦੀਆਂ ਅਫ਼ਵਾਹਾਂ ਫੈਲਾਉਣ ਤੋਂ ਗੁਰੇਜ਼ ਕਰਨ ਜੋ ਜਾਂਚ ਪ੍ਰਕਿਰਿਆ ਦੀ ਅਖੰਡਤਾ ਨੂੰ ਕਮਜ਼ੋਰ ਕਰਨ ਦਾ ਜੋਖਮ ਰੱਖਦੇ ਹਨ, ਜਾਂਚ ਅਜੇ ਵੀ ਪੂਰੀ ਨਹੀਂ ਹੋਈ ਹੈ।" ਹਾਲਾਂਕਿ ਇਸ ਤੋਂ ਪਹਿਲਾਂ ਵਾਲ ਸਟਰੀਟ ਜਰਨਲ ਨੇ ਅਮਰੀਕੀ ਅਧਿਕਾਰੀਆਂ ਦੇ ਸਬੂਤਾਂ ਦੇ ਆਧਾਰ 'ਤੇ ਇੱਕ ਰਿਪੋਰਟ ਦਿੱਤੀ ਸੀ ਕਿ ਉਡਾਣ ਦੇ ਦੋ ਪਾਇਲਟਾਂ ਵਿਚਕਾਰ ਹੋਈ ਗੁਫ਼ਤਗੂ ਤੋਂ ਪਤਾ ਲੱਗਦਾ ਹੈ ਕਿ ਕੈਪਟਨ ਨੇ ਜਹਾਜ਼ ਦੇ ਈਂਧਣ ਦੀ ਪ੍ਰਕਿਰਿਆ ਨੂੰ ਕੱਟ ਦਿੱਤਾ ਸੀ। ਹਾਦਸੇ ਬਾਰੇ ਏ.ਏ.ਆਈ.ਬੀ. ਦੀ ਮੁੱਢਲੀ ਰਿਪੋਰਟ ਵਿੱਚ ਕਿਹਾ ਗਿਆ ਕਿ ਵਾਇਸ ਰਿਕਾਰਡਰ 'ਤੇ ਇੱਕ ਪਾਇਲਟ ਦੂਜੇ ਤੋਂ ਇਹ ਪੁੱਛਦਿਆਂ ਸੁਣਿਆ ਗਿਆ ਕਿ ਉਸ ਨੇ ਈਂਧਣ ਸਪਲਾਈ ਨੂੰ ਕਿਉਂ ਕੱਟ ਕੀਤਾ, ਜਦੋਂ ਕਿ ਦੂਜੇ ਪਾਇਲਟ ਨੇ ਸਾਫ਼ ਕਿਹਾ ਕਿ ਉਸ ਨੇ ਅਜਿਹਾ ਨਹੀਂ ਕੀਤਾ। ਹਾਲਾਂਕਿ ਇਸ ਰਿਪੋਰਟ ਵਿੱਚ ਇਹ ਸਾਫ਼ ਨਹੀਂ ਕੀਤਾ ਗਿਆ ਕਿ ਕਿ ਪਾਇਲਟ ਨੇ ਕਿਸ ਨੂੰ ਸਵਾਲ ਕੀਤਾ। ਫਲਾਈਟ ਡੈੱਕ ਵਿੱਚ ਦੋ ਪਾਇਲਟ ਕੈਪਟਨ ਸੁਮਿਤ ਸਭਰਵਾਲ ਤੇ ਫਸਟ ਅਫ਼ਸਰ ਕਲਾਈਵ ਕੁੰਦਰ ਸਨ, ਜਿਨ੍ਹਾਂ ਦਾ ਕੁੱਲ 15,638 ਘੰਟੇ ਅਤੇ 3,403 ਘੰਟੇ ਦਾ ਉਡਾਣ ਦਾ ਤਜਰਬਾ ਸੀ। ਹਾਲਾਂਕਿ ਜਰਨਲ ਦੀ ਰਿਪੋਰਟ ਮੁਤਾਬਿਕ ਜਹਾਜ਼ ਉਡਾ ਰਹੇ ਕੁੰਦਰ ਨੇ ਇਹ ਸਵਾਲ ਸਭਰਵਾਲ ਨੂੰ ਪੁੱਛਿਆ ਕਿ ਉਸ ਨੇ ਰਨਵੇਅ ਤੋਂ ਉਡਾਣ ਭਰਨ ਤੋਂ ਕੁਝ ਸਕਿੰਟਾਂ ਬਾਅਦ ਈਂਧਣ ਸਵਿੱਚਾਂ ਨੂੰ ਕਟਆਫ ਸਥਿਤੀ 'ਚ ਕਿਉਂ ਭੇਜਿਆ।

# ਹਰਪ੍ਰੀਤ ਸਿੰਘ ਅਤੇ ਅਮਨ ਕੁਮਾਰ ਦੀ ਸੁਪਰਡੈਂਟ (ਗ੍ਰੇਡ-2) ਵਜੋਂ ਪਦਉਨੱਤੀ



ਚੰਡੀਗੜ੍ਹ, 16 ਜੁਲਾਈ, (ਚ.ਨ.ਸ.) : ਡਾਇਰੈਕਟੋਰੇਟ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਵੱਲੋਂ ਜਾਰੀ ਹੁਕਮਾਂ ਰਾਹੀਂ ਦੋ ਸੀਨੀਅਰ ਸਹਾਇਕਾਂ ਸ੍ਰੀ ਹਰਪ੍ਰੀਤ ਸਿੰਘ ਅਤੇ ਸ੍ਰੀ ਅਮਨ ਕੁਮਾਰ ਨੂੰ ਸੁਪਰਡੈਂਟ (ਗ੍ਰੇਡ-2) ਵੱਜੋਂ ਪਦਉਨੱਤ ਕੀਤਾ ਗਿਆ ਹੈ। ਸੁਪਰਡੈਂਟ (ਗਰੇਡ-2) ਵੱਜੋਂ ਪਦਉਨੱਤ ਇਨ੍ਹਾਂ ਦੋਵੇਂ ਅਧਿਕਾਰੀਆਂ ਵੱਲੋਂ ਸੀਨੀਅਰ ਸਹਾਇਕ ਵੱਜੋਂ ਲੰਬੇ ਸਮੇਂ ਤੱਕ ਕਈ ਕੈਬਨਿਟ ਮੰਤਰੀਆਂ ਨਾਲ ਸੇਵਾਵਾਂ ਨਿਭਾਈਆਂ ਗਈਆਂ ਹਨ। ਇਸ ਮੌਕੇ ਤੇ ਦੋਵੇਂ ਕਰਮਚਾਰੀਆਂ ਨੂੰ ਪਰਿਵਾਰਿਕ ਮੈਂਬਰਾਂ ਅਤੇ ਸਟਾਫ ਦੇ ਸਾਥੀ ਕਰਮਚਾਰੀਆਂ ਅਜੀਤਪਾਲ ਸਿੰਘ, ਮਨਪ੍ਰੀਤ ਕੌਰ, ਅਕਸੈ ਬਜਾਜ, ਸੰਦੀਪ ਕੁਮਾਰ, ਹਰਦੀਪ ਸਿੰਘ, ਦੇਪੇਂਦਰ ਸਿੰਘ, ਨਿਰਮਲ ਕੁਮਾਰੀ,ਅਰੁਣ ਕੁਮਾਰ,ਸੋਫੀਆ ਵੱਲੋਂ ਵਧਾਈਆਂ ਅਤੇ ਪਦਉਨੱਤੀ ਦੇ ਅਹੁਦਿਆਂ ਦੀ ਸਫਲਤਾ ਪੂਰਵਕ ਨਿਭਾਉਣ ਲਈ ਸੁਭ ਕਾਮਨਾਵਾਂ ਦਿੱਤੀਆਂ ਗਈਆਂ। ਦੋਵੇਂ ਅਧਿਕਾਰੀਆਂ ਵੱਲੋਂ ਸਰਕਾਰ ਅਤੇ ਸਾਥੀ ਕਰਮਚਾਰੀਆਂ ਅਤੇ ਸਨੇਹੀਆਂ ਦਾ ਸੁਭ ਕਾਮਨਾਵਾਂ ਲਈ ਧੰਨਵਾਦ ਕਰਦਿਆਂ ਆਪਣੀਆਂ ਸੇਵਾਵਾਂ ਉਸੇ ਤਰ੍ਹਾਂ ਲਗਨ ਅਤੇ ਮਿਹਨਤ ਨਾਲ਼ ਨਿਭਾਏ ਜਾਣ ਦਾ ਭਰੋਸਾ ਦਿੱਤਾ ਗਿਆ।

# ਜਸਵੀਰ ਸਿੰਘ ਗੜ੍ਹੀ ਦਾ ਸ੍ਰੀ ਗੁਰੂ ਰਵਿਦਾਸ ਟੈਂਪਲ ਹੇਸਟਿੰਗ ਨਿਊਜ਼ੀਲੈਂਡ ਦੀ ਪ੍ਰਬੰਧਕੀ ਕਮੇਟੀ ਵੱਲੋਂ ਸਨਮਾਨ



ਚੰਡੀਗੜ੍ਹ, 17 ਜੁਲਾਈ, (ਚ.ਨ.ਸ.) : ਸ੍ਰੀ ਗੁਰੂ ਰਵਿਦਾਸ ਟੈਂਪਲ ਹੇਸਟਿੰਗ ਨਿਊਜ਼ੀਲੈਂਡ ਦੀ ਪ੍ਰਬੰਧਕੀ ਕਮੇਟੀ ਵੱਲੋਂ ਨਿਊਜ਼ੀਲੈਂਡ ਦੀ ਫੇਰੀ ਤੇ ਆਏ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਸ੍ਰੀ ਗੁਰੂ ਰਵਿਦਾਸ ਟੈਂਪਲ ਹੇਸਟਿੰਗ ਨਿਊਜ਼ੀਲੈਂਡ ਦੀ ਪ੍ਰਬੰਧਕੀ ਕਮੇਟੀ ਵਲੋਂ ਜਸਵੀਰ ਸਿੰਘ ਗੜ੍ਹੀ ਨੂੰ ਇਹ ਸਨਮਾਨ ਪੰਜਾਬ ਵਿੱਚ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨ ਅਤੇ ਸਮਾਜ ਦੇ ਮਸਲਿਆਂ ਨੂੰ ਹੱਲ ਕਰਵਾਉਣ ਲਈ ਲਗਾਤਾਰ ਕੀਤੇ ਜਾ ਰਹੇ ਯਤਨਾਂ ਲਈ ਕੀਤਾ ਗਿਆ।

ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਸ਼੍ਰੀ ਰਮਨ ਕਾਂਤ, ਉਪ-ਪ੍ਰਧਾਨ ਜਸਵਿੰਦਰ ਕੁਮਾਰ, ਸਕੱਤਰ ਜੋਗਾ ਸਿੰਘ, ਉਪ-ਸਕੱਤਰ ਰਵੀ ਕੁਮਾਰ, ਮਹਿਮੀ, ਖਜਾਨਚੀ ਮਨਜੀਤ ਸੰਧੂ, ਉਪ-ਖਜਾਨਚੀ ਜਸਵਿੰਦਰ ਸਹਜਲ਼, ਰਾਮਜੀਤ ਸਿੰਘ, ਚਰਨਦਾਸ, ਟਹਿਲ ਰਾਮ, ਮਹਿੰਦਰ ਪਾਲ, ਸੋਹਨ ਲਾਲ, ਗੁਰਬਖ਼ਸ਼ ਕੌਰ, ਕਸ਼ਮੀਰ ਕੌਰ, ਨੀਲਮ ਰਾਣੀ, ਹੇਮਾ ਚੁੰਬਰ, ਗੁਰਪ੍ਰੀਤ ਮੱਲ, ਮਨਜੀਤ ਸੰਧੂ, ਸੁਰਿੰਦਰ ਮਾਹੀ ਆਦਿ ਹਾਜਰ ਸਨ।

# ਯੁੱਧ ਨਸ਼ਿਆਂ ਵਿਰੁੱਧ 138ਵੇਂ ਦਿਨ 113 ਨਸ਼ਾ ਤਸਕਰ ਕਾਬੂ; 1.5 ਕਿਲੋ ਹੈਰੋਇਨ ਅਤੇ 5 ਕਿਲੋ ਅ.ਫੀਮ ਬਰਾਮਦ

## 'ਡੀ-ਅਡਿਕਸ਼ਨ' ਦੇ ਹਿੱਸੇ ਵਜੋਂ ਪੰਜਾਬ ਪੁਲਿਸ ਨੇ 90 ਵਿਅਕਤੀਆਂ ਨੂੰ ਨਸ਼ਾ ਛੱਡਣ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ

ਚੰਡੀਗੜ੍ਹ, 17 ਜੁਲਾਈ, (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚੋਂ ਨਸ਼ਿਆ ਦੇ ਮੁਕੰਮਲ ਖਾਤਮੇ ਲਈ ਜਾਰੀ ਜੰਗ ਯੁੱਧ ਨਸ਼ਿਆਂ ਵਿਰੁੱਧ ਦੇ 138ਵੇਂ ਦਿਨ ਪੰਜਾਬ ਪੁਲਿਸ ਨੇ 113 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 1.5 ਕਿਲੋ ਹੈਰੋਇਨ, 5 ਕਿਲੋ ਅਫੀਮ ਅਤੇ 31,237 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ । ਇਸ ਨਾਲ ਸਿਰਫ਼ 138 ਦਿਨਾਂ ਅੰਦਰ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੀ ਕੁੱਲ ਗਿਣਤੀ 22,377 ਹੋ ਗਈ ਹੈ।

ਇਹ ਆਪਰੇਸ਼ਨ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਗਿਆ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ।

ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਜਾਣਕਾਰੀ ਦਿੱਤੀ ਕਿ 93 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1300 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 180 ਤੋਂ ਵੱਧ ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚ 433 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੇ ਚਲਦਿਆਂ ਸੂਬੇ ਭਰ ਵਿੱਚ 81 ਐਫਆਈਆਰਜ਼ ਦਰਜ ਕੀਤੀਆਂ ਗਈਆਂ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 483 ਸ਼ੱਕੀ ਵਿਅਕਤੀਆਂ ਦੀ ਵੀ ਜਾਂਚ ਕੀਤੀ ਹੈ।

ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਨਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ 'ਡੀ-ਅਡਿਕਸ਼ਨ' ਹਿੱਸੇ ਵਜੋਂ ਅੱਜ 90 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਮੁੱਖ ਸਕੱਤਰ, ਯੂਟੀ ਚੰਡੀਗੜ੍ਹ ਰਾਸ਼ਟਰੀ ਟੇਬਲ ਟੈਨਿਸ ਚੈਂਪੀਅਨਸ਼ਿਪ ਦੇ ਸਮਾਪਤੀ ਸਮਾਰੋਹ ਵਿੱਚ ਸ਼ਾਮਲ ਹੋਏ




ਚੰਡੀਗੜ੍ਹ, 17 ਜੁਲਾਈ, (ਅੰਮ੍ਰਿਤਪਾਲ ਸਿੰਘ) : ਮੁੱਖ ਸਕੱਤਰ, ਯੂਟੀ ਚੰਡੀਗੜ੍ਹ, ਸ਼੍ਰੀ ਰਾਜੀਵ ਵਰਮਾ, ਆਈਏਐਸ, ਆਪਣੀ ਪਤਨੀ ਸ਼੍ਰੀਮਤੀ ਰਚਨਾ ਵਰਮਾ ਦੇ ਨਾਲ, ਸਪੈਸ਼ਲ ਓਲੰਪਿਕਸ ਭਾਰਤ (ਐਸਓਬੀ), ਚੰਡੀਗੜ੍ਹ ਦੁਆਰਾ ਟੇਬਲ ਟੈਨਿਸ ਹਾਲ, ਸੈਕਟਰ-23 ਵਿਖੇ ਆਯੋਜਿਤ ਰਾਸ਼ਟਰੀ ਟੇਬਲ ਟੈਨਿਸ ਚੈਂਪੀਅਨਸ਼ਿਪ ਦੇ ਸਮਾਪਤੀ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।

ਮੁੱਖ ਮਹਿਮਾਨ ਵਜੋਂ, ਸ਼੍ਰੀ ਵਰਮਾ ਨੇ ਜੇਤੂਆਂ ਨੂੰ ਸਨਮਾਨਿਤ ਕੀਤਾ ਅਤੇ ਉਨ੍ਹਾਂ ਦੇ ਸਮਰਪਣ, ਦ੍ਰਿੜਤਾ ਅਤੇ ਸ਼ਾਨਦਾਰ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ। ਸਾਰੇ ਭਾਗੀਦਾਰਾਂ ਨੂੰ ਵਧਾਈ ਦਿੰਦੇ ਹੋਏ, ਉਨ੍ਹਾਂ ਕਿਹਾ ਕਿ 'ਮਜ਼ਬੂਤ ਇੱਛਾ ਸ਼ਕਤੀ ਨਾਲ ਕੁਝ ਵੀ ਸੰਭਵ ਹੈ।' ਉਨ੍ਹਾਂ ਨੇ ਅੰਤਰਰਾਸ਼ਟਰੀ ਸਪੈਸ਼ਲ ਓਲੰਪਿਕ ਖੇਡਾਂ ਵਿੱਚ ਹਿੱਸਾ ਲੈਣ ਜਾ ਰਹੇ ਖਿਡਾਰੀਆਂ ਨੂੰ ਵੀ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ।

ਇਹ ਚੈਂਪੀਅਨਸ਼ਿਪ ਸਪੈਸ਼ਲ ਓਲੰਪਿਕਸ ਭਾਰਤ, ਚੰਡੀਗੜ੍ਹ ਦੁਆਰਾ 14 ਤੋਂ 18 ਜੁਲਾਈ 2025 ਤੱਕ ਆਯੋਜਿਤ ਕੀਤੀ ਗਈ ਸੀ ਅਤੇ ਇਸ ਵਿੱਚ ਉਤਸ਼ਾਹਜਨਕ ਰੈਲੀਆਂ, ਉਤਸ਼ਾਹੀ ਉਤਸ਼ਾਹ ਅਤੇ ਸ਼ਮੂਲੀਅਤ ਅਤੇ ਖੇਡ ਭਾਵਨਾ ਨਾਲ ਭਰੇ ਪ੍ਰੇਰਨਾਦਾਇਕ ਪਲ ਦੇਖੇ ਗਏ।

ਇਸ ਪ੍ਰੋਗਰਾਮ ਵਿੱਚ ਦੇਸ਼ ਭਰ ਦੇ 20 ਤੋਂ ਵੱਧ ਰਾਜਾਂ ਦੇ ਬੌਧਿਕ ਤੌਰ 'ਤੇ ਅਪਾਹਜ ਖਿਡਾਰੀਆਂ ਨੇ ਭਾਗ ਲਿਆ। ਭਾਗੀਦਾਰਾਂ ਨੇ ਸਬ-ਜੂਨੀਅਰ, ਜੂਨੀਅਰ ਅਤੇ ਸੀਨੀਅਰ ਸ਼੍ਰੇਣੀਆਂ ਵਿੱਚ ਅਨੁਸ਼ਾਸਨ, ਹੁਨਰ ਅਤੇ ਮਹਾਨ ਭਾਵਨਾ ਦਾ ਪ੍ਰਦਰਸ਼ਨ ਕੀਤਾ।

ਭਾਗ ਲੈਣ ਵਾਲੇ ਰਾਜਾਂ ਵਿੱਚ ਚੰਡੀਗੜ੍ਹ, ਪੰਜਾਬ, ਗੁਜਰਾਤ, ਬਿਹਾਰ, ਉੱਤਰ ਪ੍ਰਦੇਸ਼, ਦਿੱਲੀ, ਆਂਧਰਾ ਪ੍ਰਦੇਸ਼, ਛੱਤੀਸਗੜ੍ਹ, ਹਰਿਆਣਾ, ਹਿਮਾਚਲ ਪ੍ਰਦੇਸ਼, ਕਰਨਾਟਕ, ਜੰਮੂ ਅਤੇ ਕਸ਼ਮੀਰ, ਮਹਾਰਾਸ਼ਟਰ, ਪੁਡੂਚੇਰੀ, ਰਾਜਸਥਾਨ, ਤਾਮਿਲਨਾਡੂ, ਪੱਛਮੀ ਬੰਗਾਲ ਆਦਿ ਸ਼ਾਮਲ ਸਨ।

ਇਸ ਮੌਕੇ 'ਤੇ ਮੌਜੂਦ ਰਾਸ਼ਟਰਪਤੀ ਸ਼੍ਰੀਮਤੀ ਪ੍ਰੇਰਨਾ ਪੁਰੀ, ਆਈਏਐਸ, ਸਕੱਤਰ ਖੇਡ, ਚੰਡੀਗੜ੍ਹ; ਸ਼੍ਰੀ ਸੌਰਭ ਕੁਮਾਰ ਅਰੋੜਾ, ਪੀਸੀਐਸ, ਡਾਇਰੈਕਟਰ ਖੇਡ, ਚੰਡੀਗੜ੍ਹ; ਸ਼੍ਰੀ ਰਾਜੀਵ ਤਿਵਾੜੀ, ਡਾਇਰੈਕਟਰ ਲੋਕ ਸੰਪਰਕ, ਚੰਡੀਗੜ੍ਹ; ਡਾ. ਮਹਿੰਦਰ ਸਿੰਘ, ਸੰਯੁਕਤ ਨਿਰਦੇਸ਼ਕ ਖੇਡ, ਚੰਡੀਗੜ੍ਹ; ਸ਼੍ਰੀਮਤੀ ਦੀਪ੍ਰੀਤ ਸੇਖੋਂ, ਪ੍ਰਧਾਨ, ਸਪੈਸ਼ਲ ਓਲੰਪਿਕਸ ਭਾਰਤ, ਚੰਡੀਗੜ੍ਹ; ਸ਼੍ਰੀਮਤੀ ਸ਼ੀਤਲ ਨੇਗੀ, ਏਰੀਆ ਡਾਇਰੈਕਟਰ, ਐਸਓਬੀ ਚੰਡੀਗੜ੍ਹ; ਸ਼੍ਰੀ ਸੀ. ਰਾਜਸ਼ੇਖਰ, ਬੋਰਡ ਮੈਂਬਰ, ਐਸਓਬੀ ਅਤੇ ਰਾਸ਼ਟਰੀ ਖੇਡ ਮਾਹਿਰ ਮੌਜੂਦ ਸਨ।

ਇਸ ਤੋਂ ਇਲਾਵਾ, ਐਸਓਬੀ ਚੰਡੀਗੜ੍ਹ ਦੇ ਬੋਰਡ ਮੈਂਬਰ, ਵੱਖ-ਵੱਖ ਸੰਸਥਾਵਾਂ ਦੇ ਪ੍ਰਿੰਸੀਪਲ/ਮੁਖੀ, ਕੋਚ, ਬਹੁਤ ਸਾਰੇ ਵਲੰਟੀਅਰ ਅਤੇ ਸ਼ੁਭਚਿੰਤਕ ਵੀ ਇਸ ਸਮਾਗਮ ਵਿੱਚ ਮੌਜੂਦ ਸਨ ਜਿਨ੍ਹਾਂ ਦੇ ਸਮੂਹਿਕ ਯਤਨਾਂ ਨੇ ਇਸ ਚੈਂਪੀਅਨਸ਼ਿਪ ਨੂੰ ਇੱਕ ਵੱਡੀ ਸਫਲਤਾ ਦਿੱਤੀ।

# ਪੰਜਾਬ ਨੈਸ਼ਨਲ ਬੈਂਕ ਵੱਲੋਂ ਡਿਫੈਂਸ ਕਲੋਨੀ, ਪਠਾਨਕੋਟ ਵਿੱਚ ਮੇਗਾ ਰਿਟੇਲ ਲੋਨ ਆਉਟਰੀਚ ਕਾਰਜਕ੍ਰਮ ਦਾ ਆਯੋਜਨ

ਪਠਾਨਕੋਟ, 17 ਜੁਲਾਈ, (ਚ.ਨ.ਸ.) : ਭਾਰਤ ਦੇ ਅਗੇਵਾਂ ਸਰਵਜਨਕ ਖੇਤਰ ਦੇ ਬੈਂਕਾਂ ਵਿੱਚੋਂ ਇੱਕਪੰਜਾਬ ਨੈਸ਼ਨਲ ਬੈਂਕ (PNB) ਵੱਲੋਂ 17 ਜੁਲਾਈ 2025 ਨੂੰ ਡਿਫੈਂਸ ਕਾਲੋਨੀ, ਪਠਾਨਕੋਟ ਸਥਿਤ ਕਮਿਊਨਟੀ ਹਾਲ ਵਿੱਚਮੇਗਾ ਰਿਟੇਲ ਲੋਨ ਆਉਟਰੀਚ ਕਾਰਜਕ੍ਰਮਦਾ ਆਯੋਜਨ ਕੀਤਾ ਗਿਆ।

ਇਹ ਕਾਰਜਕ੍ਰਮ PNB ਦੀ ਗਾਹਕ-ਕੇਂਦਰਤ ਪਹਲ ਦਾ ਹਿੱਸਾ ਸੀ, ਜਿਸ ਦਾ ਉਦੇਸ਼ ਵੱਖ-ਵੱਖ ਲੋਨ ਉਤਪਾਦਾਂ ਅਤੇ ਸੇਵਾਵਾਂ ਰਾਹੀਂਹਰ ਗਾਹਕ ਨੂੰ ਸਸ਼ਕਤ ਬਣਾਉਣਾ (Empowering Every Customer)" ਹੈ। ਇਸ ਮੌਕੇ 'ਤੇ ਗਾਹਕਾਂ ਨੂੰ ਘਰ ਲੋਨ, ਵਾਹਨ ਲੋਨ, ਸਿੱਖਿਆ ਲੋਨ, ਨਿੱਜੀ ਲੋਨ ਅਤੇ ਹੋਰ ਵਿੱਤੀ ਯੋਜਨਾਵਾਂ ਬਾਰੇ ਜਾਣਕਾਰੀ ਅਤੇ ਸੁਵਿਧਾਵਾਂ ਉਪਲਬਧ ਕਰਵਾਈਆਂ ਗਈਆਂ।

ਕਾਰਜਕ੍ਰਮ ਦਾ ਨੇਤ੍ਰਤਵਸ਼੍ਰੀ ਦੇਵੇਂਦਰ ਕੁਮਾਰ ਤ੍ਰਿਪਾਠੀ (ਉਪ ਮਹਾਪ੍ਰਬੰਧਕ, ਮੁੱਖ ਦਫ਼ਤਰ)ਦੇ ਦਿਸ਼ਾ-ਨਿਰਦੇਸ਼ ਹੇਠ ਕੀਤਾ ਗਿਆ। ਇਸ ਮੌਕੇ 'ਤੇਮੰਡਲ ਮੁਖੀ ਸ਼੍ਰੀ ਸੰਜੀਤ ਕੁਮਾਰ,ਸ਼੍ਰੀ ਸ਼ਸ਼ਾਂਕ ਸ਼ੁਕਲਾ (ਮੁੱਖ ਪ੍ਰਬੰਧਕ),ਸ਼੍ਰੀ ਅਰੁਣ ਢੀਮਾਨ (ਮੁੱਖ ਪ੍ਰਬੰਧਕ),ਸ਼੍ਰੀ ਸੌਰਭ ਢੀਮਾਨ (ਪੀ.ਐਲ.ਪੀ. ਮੁਖੀ),ਸ਼੍ਰੀ ਰਾਜਨ ਮਲ੍ਹੋਤਰਾ (ਐਲ.ਡੀ.ਐਮ., ਗੁਰਦਾਸਪੁਰ),ਸ਼੍ਰੀ ਵਿਨੇ ਮਾਰਵਾ (ਐਲ.ਡੀ.ਐਮ., ਪਠਾਨਕੋਟ)ਸਮੇਤ ਕਈ ਉੱਚ ਅਧਿਕਾਰੀ, ਸ਼ਾਖਾ ਪ੍ਰਬੰਧਕ, ਗਾਹਕ, ਸਥਾਨਕ ਨਾਗਰਿਕ, ਭੂ-ਪੂਰਵ ਸੈਨਿਕ, ਬਿਲਡਰ, ਸੌਲਰ ਵੇਂਡਰ, ਵਾਹਨ ਡੀਲਰ ਅਤੇ ਹੋਰ ਹਿਤਧਾਰਕ ਮੌਜੂਦ ਰਹੇ।

ਮੁੱਖ ਮਹਿਮਾਨ ਸ਼੍ਰੀ ਦੇਵੇਂਦਰ ਕੁਮਾਰ ਤ੍ਰਿਪਾਠੀਨੇ ਕਿਹਾ: ਇਹ ਮੇਗਾ ਰਿਟੇਲ ਲੋਨ ਆਉਟਰੀਚ ਪਹਲ ਪੰਜਾਬ ਨੈਸ਼ਨਲ ਬੈਂਕ ਦੀ ਉਸ ਦ੍ਰਿਸ਼ਟੀ ਨੂੰ ਦਰਸਾਉਂਦੀ ਹੈ ਜਿਸ ਵਿੱਚ ਅਸੀਂ ਬੈਂਕਿੰਗ ਨੂੰ ਸਿਰਫ਼ ਸ਼ਾਖਾਵਾਂ ਤੱਕ ਸੀਮਿਤ ਨਹੀਂ ਰੱਖਦੇ, ਬਲਕਿ ਸਮਾਜ ਦੇ ਹਰ ਵਰਗ ਤੱਕ ਲੈ ਕੇ ਜਾਂਦੇ ਹਾਂ। ਸਾਡਾ ਲਕਸ਼ ਹੈ ਕਿ ਹਰ ਗਾਹਕ ਨੂੰ ਉਹਨਾਂ ਦੀ ਵਿੱਤੀ ਯਾਤਰਾ ਵਿੱਚ ਸਸ਼ਕਤ ਬਣਾਇਆ ਜਾਵੇ।

ਮੰਡਲ ਮੁਖੀ ਸ਼੍ਰੀ ਸੰਜੀਤ ਕੁਮਾਰਨੇ ਭਾਗੀਦਾਰਾਂ ਨੂੰ ਪੀਐਨਬੀ ਦੀਆਂ ਰਿਟੇਲ ਯੋਜਨਾਵਾਂ ਦੀ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਬੈਂਕ ਕਿਵੇਂ ਹਰ ਵਰਗ ਦੇ ਗਾਹਕ ਦੀਆਂ ਵਿੱਤੀ ਲੋੜਾਂ ਨੂੰ ਸਮਝਦਿਆਂ ਵਿਅਕਤੀਗਤ ਹੱਲ (Tailored Financial Solutions) ਮੁਹੱਈਆ ਕਰਵਾਉਂਦਾ ਹੈ।

ਕਾਰਜਕ੍ਰਮ ਦੌਰਾਨ ਕਈ ਗਾਹਕਾਂ ਨੂੰ ਲੋਨ ਮਨਜ਼ੂਰੀ ਪੱਤਰ ਸੌਂਪੇ ਗਏ। ਘਰ ਲੋਨ, ਵਾਹਨ ਲੋਨ, ਸਿੱਖਿਆ ਲੋਨ, ਰੀਅਲ ਐਸਟੇਟ ਬਿਲਡਰ ਯੋਜਨਾਵਾਂ, ਵਾਹਨ ਕੰਪਨੀਆਂ ਅਤੇ ਸੂਰਜੀ ਊਰਜਾ 'ਤੇ ਆਧਾਰਿਤਸੂਰਿਆ ਘਰ ਯੋਜਨਾਲਈ ਵਿਸ਼ੇਸ਼ ਕਾਊਂਟਰ ਲਗਾਏ ਗਏ।

ਡਿਜ਼ਿਟਲ ਬੈਂਕਿੰਗ ਅਤੇ ਵਿੱਤੀ ਸਾਖਰਤਾ ਬਾਰੇ ਜਾਣਕਾਰੀ ਲਈ ਵੀ ਵੱਖਰੇ ਕਾਊਂਟਰ ਉਪਲਬਧ ਰਹੇ।

ਕਾਰਜਕ੍ਰਮ ਦਾ ਸਮਾਪਨ ਧੰਨਵਾਦ ਪ੍ਰਗਟਾਵੇ ਨਾਲ ਕੀਤਾ ਗਿਆ, ਜਿਸ ਵਿੱਚ PNB ਵੱਲੋਂ ਹਰ ਗਾਹਕ ਨੂੰ ਸਸ਼ਕਤ ਬਣਾਉਣ ਦੇ ਸਲਪ ਨੂੰ ਦੁਹਰਾਇਆ ਗਿਆ।

ਹੋਰ ਜਾਣਕਾਰੀ ਲਈ, ਗਾਹਕ ਆਪਣੀ ਨੇੜੀ ਦੀ PNB ਸ਼ਾਖਾ ਨਾਲ ਸੰਪਰਕ ਕਰ ਸਕਦੇ ਹਨ ਜਾਂ PNB ONE ਐਪ ਅਤੇ ਬੈਂਕ ਦੀ ਵੈੱਬਸਾਈਟ 'ਤੇ ਵੇਰਵਾ ਪ੍ਰਾਪਤ ਕਰ ਸਕਦੇ ਹਨ।

# ਬਿਹਾਰ 'ਚ ਬਿਜਲੀ ਡਿੱਗਣ ਕਾਰਨ 19 ਲੋਕਾਂ ਦੀ ਮੌਤ

ਪਟਨਾ, 17 ਜੁਲਾਈ, (ਚ.ਨ.ਸ.) : ਬਿਹਾਰ ਦੇ 10 ਜ਼ਿਲ੍ਹਿਆਂ ਵਿੱਚ ਪਿਛਲੇ 24 ਘੰਟਿਆਂ ਵਿੱਚ ਬਿਜਲੀ ਡਿੱਗਣ ਕਾਰਨ 19 ਲੋਕਾਂ ਦੀ ਮੌਤ ਹੋ ਗਈ ਹੈ। ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਇਸ ਘਟਨਾ ਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਪ੍ਰਭਾਵਿਤ ਪਰਿਵਾਰਾਂ ਲਈ 4-4 ਲੱਖ ਰੁਪਏ ਦੇ ਮੁਆਵਜ਼ੇ ਦਾ ਐਲਾਨ ਵੀ ਕੀਤਾ ਹੈ। ਪਿਛਲੇ 24 ਘੰਟਿਆਂ ਵਿੱਚ ਨਾਲੰਦਾ ਵਿੱਚ 05, ਵੈਸ਼ਾਲੀ ਵਿੱਚ 04, ਬਾਂਕਾ ਵਿੱਚ 02, ਪਟਨਾ ਵਿੱਚ 02, ਸ਼ੇਖਪੁਰਾ ਵਿੱਚ 01, ਔਰੰਗਾਬਾਦ ਵਿੱਚ 01, ਸਮਸਤੀਪੁਰ ਵਿੱਚ 01, ਨਵਾਦਾ ਵਿੱਚ 01, ਜਮੂਈ ਵਿੱਚ 01 ਅਤੇ ਜਹਾਨਾਬਾਦ ਵਿੱਚ 01 ਲੋਕਾਂ ਦੀ ਬਿਜਲੀ ਡਿੱਗਣ ਕਾਰਨ ਮੌਤ ਹੋ ਗਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਹ ਆਫ਼ਤ ਦੀ ਇਸ ਘੜੀ ਵਿੱਚ ਪ੍ਰਭਾਵਿਤ ਪਰਿਵਾਰਾਂ ਦੇ ਨਾਲ ਹਨ। ਮੁੱਖ ਮੰਤਰੀ ਨੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਤੁਰੰਤ 4-4 ਲੱਖ ਰੁਪਏ ਦੀ ਐਕਸ-ਗ੍ਰੇਸ਼ੀਆ ਗ੍ਰਾਂਟ ਦੇਣ ਦੇ ਨਿਰਦੇਸ਼ ਦਿੱਤੇ ਹਨ। ਮੁੱਖ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਖਰਾਬ ਮੌਸਮ ਦੌਰਾਨ ਪੂਰੀ ਤਰ੍ਹਾਂ ਸੁਚੇਤ ਰਹਿਣ। ਖਰਾਬ ਮੌਸਮ ਦੀ ਸਥਿਤੀ ਵਿੱਚ, ਬਿਜਲੀ ਡਿੱਗਣ ਤੋਂ ਆਪਣੇ ਆਪ ਨੂੰ ਬਚਾਉਣ ਲਈ ਆਫ਼ਤ ਪ੍ਰਬੰਧਨ ਵਿਭਾਗ ਵੱਲੋਂ ਸਮੇਂ-ਸਮੇਂ ਤੇ ਜਾਰੀ ਕੀਤੇ ਗਏ ਸੁਝਾਵਾਂ ਦੀ ਪਾਲਣਾ ਕਰੋ। ਘਰ ਦੇ ਅੰਦਰ ਰਹੋ ਅਤੇ ਖ਼ਰਾਬ ਮੌਸਮ ਦੌਰਾਨ ਸੁਰੱਖਿਅਤ ਰਹੋ।

## ਸੰਪਾਦਕੀ

# ਕਹਿਣੀ ਤੇ ਕਥਨੀ ਵਿੱਚ ਫਰਕ

ਅੱਤਵਾਦ ਹੁਣ ਪੂਰੀ ਦੁਨੀਆ ਵਿੱਚ ਸ਼ਾਂਤੀ ਅਤੇ ਸਥਿਰਤਾ ਲਈ ਇੱਕ ਗੰਭੀਰ ਖ਼ਤਰਾ ਬਣ ਗਿਆ ਹੈ। ਇਸ ਨੂੰ ਜੜ੍ਹੋਂ ਪੁੱਟਣ ਲਈ ਸਮੂਹਿਕ ਯਤਨਾਂ ਬਾਰੇ ਕਈ ਦਾਅਵੇ ਕੀਤੇ ਜਾਂਦੇ ਹਨ, ਪਰ ਜ਼ਮੀਨੀ ਪੱਧਰ 'ਤੇ ਕੁਝ ਵੀ ਹੁੰਦਾ ਦਿਖਾਈ ਨਹੀਂ ਦੇ ਰਿਹਾ। ਇਸਦਾ ਕਾਰਨ ਕੁਝ ਦੇਸ਼ਾਂ ਦੀ ਕਹਿਣੀ ਅਤੇ ਕਰਨੀ ਵਿੱਚ ਅੰਤਰ ਹੈ, ਜੋ ਕਿ ਕਈ ਮੌਕਿਆਂ ਅਤੇ ਪਲੇਟਫਾਰਮਾਂ 'ਤੇ ਸਪੱਸ਼ਟ ਤੌਰ 'ਤੇ ਦਿਖਾਈ ਦਿੰਦਾ ਹੈ। ਇਸ ਮਾਮਲੇ ਵਿੱਚ ਭਾਰਤ ਦੀ ਨੀਤੀ ਅਤੇ ਇਰਾਦਾ ਪੂਰੀ ਤਰ੍ਹਾਂ ਸਪੱਸ਼ਟ ਹੈ ਕਿ ਅੱਤਵਾਦ ਨੂੰ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਦੇ ਨਾਲ ਹੀ, ਪਾਕਿਸਤਾਨ ਵਰਗੇ ਦੇਸ਼ ਦੋਹਰੇ ਮਾਪਦੰਡ ਅਪਣਾਉਂਦੇ ਹਨ ਅਤੇ ਇੱਕ ਪਾਸੇ ਆਪਣੇ ਆਪ ਨੂੰ ਅੱਤਵਾਦ ਦਾ ਸ਼ਿਕਾਰ ਕਹਿੰਦੇ ਹਨ, ਦੂਜੇ ਪਾਸੇ ਉਹ ਆਪਣੀ ਧਰਤੀ 'ਤੇ ਅੱਤਵਾਦੀਆਂ ਦੀ ਫੌਜ ਵੀ ਤਿਆਰ ਕਰ ਰਹੇ ਹਨ। ਇਨ੍ਹਾਂ ਤੱਥਾਂ ਦਾ ਮੁਲਾਂਕਣ ਸ਼ੰਘਾਈ ਸਹਿਯੋਗ ਸੰਗਠਨ (SCO) ਦੀਆਂ ਹਾਲੀਆ ਮੀਟਿੰਗਾਂ ਵਿੱਚ ਅੱਤਵਾਦ ਦੇ ਮੁੱਦੇ 'ਤੇ ਭਾਰਤ ਅਤੇ ਪਾਕਿਸਤਾਨ ਦੇ ਸਟੈਂਡ ਤੋਂ ਕੀਤਾ ਜਾ ਸਕਦਾ ਹੈ। ਮੰਗਲਵਾਰ ਨੂੰ ਚੀਨ ਦੇ ਤਿਆਨਜਿਨ ਵਿੱਚ ਹੋਈ ਸ਼ੰਘਾਈ ਸਹਿਯੋਗ ਸੰਗਠਨ ਵਿਦੇਸ਼ ਮੰਤਰੀਆਂ ਦੀ ਮੀਟਿੰਗ ਵਿੱਚ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਇਸ ਸਮੂਹ ਨੂੰ ਅੱਤਵਾਦ ਨਾਲ ਨਜਿੱਠਣ ਦੇ ਆਪਣੇ ਸੰਸਥਾਪਕ ਉਦੇਸ਼ 'ਤੇ ਕਾਇਮ ਰਹਿਣਾ ਚਾਹੀਦਾ ਹੈ। ਭਾਰਤ ਅੱਤਵਾਦ ਦੇ ਖਾਤਮੇ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਇਸ ਦਿਸ਼ਾ ਵਿੱਚ ਸਮੂਹਿਕ ਯਤਨਾਂ ਨੂੰ ਮਜ਼ਬੂਤ ਕਰਨ ਲਈ ਨਵੇਂ ਵਿਚਾਰਾਂ ਅਤੇ ਪ੍ਰਸਤਾਵਾਂ ਪ੍ਰਤੀ ਸਕਾਰਾਤਮਕ ਰਵੱਈਆ ਅਪਨਾ ਰਿਹਾ ਹੈ। ਐਸਸੀਓ ਦੀ ਸਥਾਪਨਾ ਦੇ ਮੁੱਖ ਉਦੇਸ਼ ਵਿੱਚ ਅੱਤਵਾਦ, ਵੱਖਵਾਦ ਅਤੇ ਕੱਟੜਵਾਦ ਨਾਲ ਲੜਨ ਦੇ ਮੁੱਦੇ ਵੀ ਸ਼ਾਮਲ ਸਨ। ਹਾਲਾਂਕਿ, ਇਸ ਸੰਗਠਨ ਵਿੱਚ ਪਾਕਿਸਤਾਨ ਅਤੇ ਚੀਨ ਦੀ ਦਖਲਅੰਦਾਜ਼ੀ ਨਾਲ ਇਨ੍ਹਾਂ ਮੁੱਦਿਆਂ ਨੂੰ ਹਾਸ਼ੀਏ 'ਤੇ ਧੱਕਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ਇਸ ਪਿੱਛੇ ਕੁਝ ਨਾਪਾਕ ਇਰਾਦੇ ਛੁਪੇ ਹੋਏ ਹਨ, ਜੋ ਅੱਤਵਾਦੀਆਂ ਨੂੰ ਫੰਡਿੰਗ ਅਤੇ ਉਨ੍ਹਾਂ ਨੂੰ ਹਥਿਆਰਾਂ ਵਜੋਂ ਵਰਤਣ ਤੋਂ ਪ੍ਰੇਰਿਤ ਹਨ। ਭਾਰਤ ਨੇ ਕਈ ਅੰਤਰਰਾਸ਼ਟਰੀ ਮੰਚਾਂ 'ਤੇ ਪਾਕਿਸਤਾਨ ਦੇ ਇਨ੍ਹਾਂ ਖਤਰਨਾਕ ਇਰਾਦਿਆਂ ਦਾ ਪਰਦਾਫਾਸ਼ ਕੀਤਾ ਹੈ। ਹਾਲਾਂਕਿ ਪਾਕਿਸਤਾਨ ਨੇ ਹਮੇਸ਼ਾ ਇਸ ਤੋਂ ਇਨਕਾਰ ਕੀਤਾ ਹੈ। ਐਸਸੀਓ ਕਾਨਫਰੰਸ ਵਿੱਚ ਵੀ ਇਸਨੇ ਪਹਿਲਗਾਮ ਅੱਤਵਾਦੀ ਹਮਲੇ ਵਿੱਚ ਆਪਣੀ ਭੂਮਿਕਾ ਨੂੰ ਸਵੀਕਾਰ ਨਹੀਂ ਕੀਤਾ। ਜਦੋਂ ਕਿ, ਕੰਧਾਰ ਜਹਾਜ਼ ਹਾਈਜੈਕਿੰਗ, ਮੁੰਬਈ ਹਮਲਾ, ਸੰਸਦ 'ਤੇ ਹਮਲਾ ਅਤੇ ਉੜੀ, ਪਠਾਨਕੋਟ ਅਤੇ ਪਹਿਲਗਾਮ ਹਮਲਿਆਂ ਵਿੱਚ ਇਸਦੀ ਸ਼ਮੂਲੀਅਤ ਸਬੂਤਾਂ ਦੇ ਨਾਲ ਸਾਹਮਣੇ ਆਈ ਹੈ। ਗਲੋਬਲ ਅੱਤਵਾਦ ਵਿੱਤ ਨਿਗਰਾਨੀ ਸੰਗਠਨ ਐਫਏਟੀਐਫ ਦੀ ਹਾਲੀਆ ਰਿਪੋਰਟ ਵਿੱਚ ਇਹ ਵੀ ਜ਼ਿਕਰ ਕੀਤਾ ਗਿਆ ਹੈ ਕਿ ਪਹਿਲਗਾਮ ਅੱਤਵਾਦੀ ਹਮਲਾ ਫੰਡਿੰਗ ਤੋਂ ਬਿਨਾਂ ਸੰਭਵ ਨਹੀਂ ਸੀ। ਇਸ ਤੋਂ ਪਹਿਲਾਂ, ਜੂਨ ਵਿੱਚ ਹੋਈ ਐਸਸੀਓ ਰੱਖਿਆ ਮੰਤਰੀਆਂ ਦੀ ਕਾਨਫਰੰਸ ਵਿੱਚ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਅੱਤਵਾਦ ਦਾ ਮੁੱਦਾ ਪ੍ਰਮੁੱਖਤਾ ਨਾਲ ਉਠਾਇਆ ਸੀ। ਪਹਿਲਗਾਮ ਅੱਤਵਾਦੀ ਹਮਲੇ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਕਿਹਾ ਸੀ ਕਿ ਕੁਝ ਦੇਸ਼ ਆਪਣੀਆਂ ਨੀਤੀਆਂ ਵਿੱਚ ਸਰਹੱਦ ਪਾਰ ਅੱਤਵਾਦ ਨੂੰ ਹਥਿਆਰ ਵਜੋਂ ਵਰਤ ਰਹੇ ਹਨ ਅਤੇ ਅੱਤਵਾਦੀਆਂ ਨੂੰ ਪਨਾਹ ਦੇ ਰਹੇ ਹਨ। ਇਸ ਤੋਂ ਬਾਅਦ ਜਦੋਂ ਕਾਨਫਰੰਸ ਦਾ ਸਾਂਝਾ ਐਲਾਨਨਾਮਾ ਤਿਆਰ ਕੀਤਾ ਗਿਆ ਤਾਂ ਉਸ ਵਿੱਚ ਪਹਿਲਗਾਮ ਅੱਤਵਾਦੀ ਹਮਲੇ ਦਾ ਕੋਈ ਜ਼ਿਕਰ ਨਹੀਂ ਸੀ ਅਤੇ ਭਾਰਤ ਨੇ ਇਸਦਾ ਸਖ਼ਤ ਵਿਰੋਧ ਕੀਤਾ। ਇਸ ਤੋਂ ਪਾਕਿਸਤਾਨ ਅਤੇ ਚੀਨ ਦੇ ਇਰਾਦਿਆਂ ਦਾ ਅੰਦਾਜ਼ਾ ਅਸਾਨੀ ਨਾਲ ਲਗਾਇਆ ਜਾ ਸਕਦਾ ਹੈ। ਜੇਕਰ ਇਹ ਦੇਸ਼ ਸੱਚਮੁੱਚ ਅੱਤਵਾਦ ਨੂੰ ਖਤਮ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਸਾਂਝੇ ਐਲਾਨਨਾਮੇ ਵਿੱਚ ਪਹਿਲਗਾਮ ਹਮਲੇ ਦੀ ਨਿੰਦਾ ਕਰਨ ਤੋਂ ਕਿਉਂ ਗੁਰੇਜ਼ ਕੀਤਾ? ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਜਿਹੇ ਦੋਹਰੇ ਮਾਪਦੰਡਾਂ ਨੂੰ ਖਤਮ ਕਰਨਾ ਬਹੁਤ ਜ਼ਰੂਰੀ ਹੈ ਅਤੇ ਸ਼ੰਘਾਈ ਸਹਿਯੋਗ ਸੰਗਠਨ ਵਰਗੇ ਪਲੇਟਫਾਰਮ ਨੂੰ ਅਜਿਹੀਆਂ ਤਾਕਤਾਂ ਦੀ ਖੁੱਲ੍ਹ ਕੇ ਆਲੋਚਨਾ ਕਰਨੀ ਚਾਹੀਦੀ ਹੈ। ਹੁਣ ਇਹ ਜ਼ਰੂਰੀ ਹੈ ਕਿ ਅੱਤਵਾਦ ਦੇ ਵਿੱਤਦਾਤਾਵਾਂ ਅਤੇ ਸਪਾਂਸਰਾਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਲਈ ਸੁਹਿਰਦ ਯਤਨ ਕੀਤੇ ਜਾਣ। -ਜਗਜੀਤ ਸਿੰਘ ਦਰਦੀ

# ਪੰਜਾਬ ਵਿੱਚ ਬਿਹਾਰ : ਹੁਣ ਵੋਟਾਂ ਦੀ ਰਾਜਨੀਤੀ ਵਿੱਚ ਵਿਰੋਧ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156

ਪੰਜਾਬ ਵਿੱਚ ਹੁਣ ਇੱਕ ਆਮ ਗੱਲਬਾਤ ਪ੍ਰਚਲਨ ਹੈ ਕਿ ਪੰਜਾਬ ਬਿਹਾਰ ਬਣ ਗਿਆ ਹੈ। ਪੰਜਾਬ ਵਿੱਚ ਪ੍ਰਵਾਸੀ ਬਿਹਾਰੀਆਂ ਅਰਥਾਤ ਭਈਆਂ ਦੀ ਗਿਣਤੀ ਬਿਹਾਰੀਆਂ ਤੇ ਬਾਹਰਲੇ ਮਜ਼ਦੂਰ ਇਸ ਤਰ੍ਹਾਂ ਪੱਕੇ ਤੌਰ 'ਤੇ ਵੱਸ ਰਹੇ ਹਨ ਕਿ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਦੀ ਡੈਮੋਗਰਾਫੀ ਤੇ ਪੰਜਾਬ ਦੀ ਸੱਭਿਆਚਾਰਕ ਸਮਾਜਿਕ ਪਰਿਵੇਸ਼ ਦੀ ਤਸਵੀਰ ਹੀ ਬਦਲ ਜਾਏਗੀ।

ਅੱਜ ਇਹ ਹੁਣ ਰਾਜਨੀਤਿਕ ਵਿਰੋਧ ਦੇ ਨਾਲ ਨਾਲ ਵੋਟਾਂ ਦੀ ਰਾਜਨੀਤੀ ਦਾ ਵੀ ਇੱਕ ਵੱਡਾ ਜ਼ਰੀਆ ਬਣ ਚੁੱਕਾ ਹੈ ਤੇ ਸਾਰੀਆਂ ਰਾਜਨੀਤਿਕ ਪਾਰਟੀਆਂ ਇਹ ਵਿਰੋਧ ਵੋਟਾਂ ਦੀ ਫ਼ਸਲ ਨੂੰ ਆਉਣ ਵਾਲੇ ਇਲੈਕਸ਼ਨ ਵਿੱਚ ਬਟੋਰਨ ਵਾਸਤੇ ਆਪਣੀ ਆਪਣੀ ਗੋਟੀ ਬਿਠਾ ਰਹੀਆਂ ਹਨ। ਅੱਜ ਪੰਜਾਬ ਦੇ ਪਿੰਡਾਂ ਵਿੱਚ ਪ੍ਰਵਾਸੀ ਬਿਹਾਰੀਆਂ ਦੇ ਵਿਰੋਧ ਦਾ ਮੁੱਦਾ ਇੱਕ ਜਟਿਲ ਅਤੇ ਸੰਵੇਦਨਸ਼ੀਲ ਵਿਸ਼ਾ ਹੈ, ਜਿਸ ਦੀਆਂ ਜੜ੍ਹਾਂ ਸਮਾਜਿਕ, ਆਰਥਿਕ ਅਤੇ ਸਿਆਸੀ ਕਾਰਨਾਂ ਵਿੱਚ ਪਈਆਂ ਹਨ।

ਇਸ ਮੁੱਦੇ ਦੇ ਵੱਖ-ਵੱਖ ਪਹਿਲੂਆਂ, ਅੰਕੜਿਆਂ ਅਤੇ ਬਿਹਾਰੀ ਪੰਜਾਬ ਦੇ ਸੰਕਲਪ ਦੀ ਚਰਚਾ ਵਿੱਚ ਪੰਜਾਬ ਵਿੱਚ ਪ੍ਰਵਾਸੀ ਬਿਹਾਰੀਆਂ ਦੀ ਮੌਜੂਦਗੀ ਹੁਣ ਪੰਜਾਬ ਦਾ ਵੱਡਾ ਮੁੱਦਾ ਹੈ। ਪੰਜਾਬ, ਭਾਰਤ ਦਾ ਇੱਕ ਅਜਿਹਾ ਰਾਜ ਹੈ ਜੋ ਆਪਣੀ ਖੇਤੀਬਾੜੀ ਅਤੇ ਉਦਯੋਗਿਕ ਖੁਸ਼ਹਾਲੀ ਲਈ ਜਾਣਿਆ ਜਾਂਦਾ ਹੈ। 2011 ਦੀ ਭਾਰਤੀ ਮਰਦਮਸ਼ੁਮਾਰੀ ਅਨੁਸਾਰ, ਪੰਜਾਬ ਦੀ ਕੁੱਲ ਅਬਾਦੀ 2.77 ਕਰੋੜ ਸੀ, ਜਿਸ ਵਿੱਚੋਂ 15-20% ਅਬਾਦੀ ਹੋਰ ਸੂਬਿਆਂ, ਖਾਸ ਕਰਕੇ ਬਿਹਾਰ, ਉੱਤਰ ਪ੍ਰਦੇਸ਼ ਅਤੇ ਓੜੀਸਾ ਤੋਂ ਆਏ ਪ੍ਰਵਾਸੀ ਮਜ਼ਦੂਰਾਂ ਦੀ ਸੀ।

ਪੰਜਾਬ ਵਿੱਚ ਬਿਹਾਰੀ ਪ੍ਰਵਾਸੀ ਮੁੱਖ ਤੌਰ 'ਤੇ ਖੇਤੀਬਾੜੀ, ਉਸਾਰੀ, ਉਦਯੋਗ ਅਤੇ ਹੋਰ ਮਜ਼ਦੂਰੀ ਵਾਲੇ ਕੰਮਾਂ ਵਿੱਚ ਸ਼ਾਮਲ ਹਨ। ਇਹ ਪ੍ਰਵਾਸੀ ਪੰਜਾਬ ਦੀ ਆਰਥਿਕਤਾ ਦਾ ਅਹਿਮ ਹਿੱਸਾ ਹਨ, ਕਿਉਂਕਿ ਉਹ ਅਜਿਹੇ ਕੰਮ ਕਰਦੇ ਹਨ ਜੋ ਸਥਾਨਕ ਲੋਕ ਅਕਸਰ ਨਹੀਂ ਕਰਨਾ ਚਾਹੁੰਦੇ। ਪ੍ਰਵਾਸੀਆਂ ਦੇ ਵਿਰੁੱਧ ਵਿਰੋਧ ਦੇ ਕਾਰਨ ਅੱਜ ਪੰਜਾਬ ਵਿੱਚ ਬਿਹਾਰੀ ਭਈਆਂ ਦੀ ਹਾਜ਼ਰੀ ਇਸਦੀ ਡੈਮੋਗ੍ਰਾਫੀ, ਅਪਰਾਧ, ਸਮਾਜਿਕ ਤੇ ਰਾਜਨੀਤਕ ਚਰਚਾ ਅਤੇ ਭਵਿੱਖ ਦਾ ਪੰਜਾਬ ਸਾਡੀ ਸੋਚ ਵਿੱਚ ਹੈ। ਪੰਜਾਬ, ਜਿਸ ਨੂੰ ਪੰਜ ਨਦੀਆਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਹੈ, ਆਪਣੀ ਸੱਭਿਆਚਾਰਕ ਵਿਰਾਸਤ, ਖੇਤੀਬਾੜੀ ਅਤੇ ਜੀਵੰਤ ਸਮਾਜਿਕ ਜੀਵਨ ਲਈ ਮਸ਼ਹੂਰ ਹੈ। ਪਰ ਪਿਛਲੇ ਕੁਝ ਦਹਾਕਿਆਂ ਵਿੱਚ, ਪੰਜਾਬ ਦੀ ਡੈਮੋਗ੍ਰਾਫੀ ਅਤੇ ਸਮਾਜਿਕ-ਰਾਜਨੀਤਕ ਚਿਹਰੇ ਵਿੱਚ ਮਹੱਤਵਪੂਰਨ ਬਦਲਾਅ ਆਏ ਹਨ, ਜਿਸ ਵਿੱਚ ਬਿਹਾਰੀ ਪ੍ਰਵਾਸੀਆਂ, ਜਿਨ੍ਹਾਂ ਨੂੰ ਆਮ ਬੋਲੀ ਵਿੱਚ ਬਿਹਾਰੀ ਭਈਆ ਕਿਹਾ ਜਾਂਦਾ ਹੈ, ਦੀ ਮੌਜੂਦਗੀ ਨੇ ਅਹਿਮ ਭੂਮਿਕਾ ਨਿਭਾਈ ਹੈ। ਅੱਜ ਪੰਜਾਬ ਵਿੱਚ ਬਿਹਾਰੀ ਪ੍ਰਵਾਸੀਆਂ ਦੀ ਹਾਜ਼ਰੀ, ਇਸ ਦੀ ਜ਼ਰੂਰਤ, ਡੈਮੋਗ੍ਰਾਫਿਕ ਪ੍ਰਭਾਵ, ਅਪਰਾਧ ਨਾਲ ਸਬੰਧਤ ਮੁੱਦਿਆਂ, ਸਮਾਜਿਕ ਅਤੇ ਰਾਜਨੀਤਕ ਚਰਚਾਵਾਂ ਅਤੇ ਭਵਿੱਖ ਦੇ ਪੰਜਾਬ ਦੀ ਸੰਭਾਵਿਤ ਸ਼ਕਲ 'ਤੇ ਰਾਜਨੀਤੀ ਹਾਵੀ ਹੋ ਰਹੀ ਹੈ।

ਕੀ ਪੰਜਾਬ ਵਿੱਚ ਬਿਹਾਰੀ ਪ੍ਰਵਾਸੀਆਂ ਦੀ ਹਾਜ਼ਰੀ ਅਤੇ ਜ਼ਰੂਰਤ ਹੁਣ ਵੱਡੀ ਗੱਲ ਹੈ।

ਬਿਹਾਰੀ ਪ੍ਰਵਾਸੀ ਪੰਜਾਬ ਵਿੱਚ ਮੁੱਖ ਤੌਰ 'ਤੇ ਆਰਥਿਕ ਮੌਕਿਆਂ ਦੀ ਭਾਲ ਵਿੱਚ ਆਏ ਹਨ। ਬਿਹਾਰ, ਜੋ ਆਪਣੀ ਆਰਥਿਕ ਤੰਗੀ, ਬੇਰੁਜ਼ਗਾਰੀ ਅਤੇ ਸੀਮਤ ਸਨਅਤੀ ਵਿਕਾਸ ਲਈ ਜਾਣਿਆ ਜਾਂਦਾ ਹੈ, ਤੋਂ ਵੱਡੀ ਗਿਣਤੀ ਵਿੱਚ ਮਜ਼ਦੂਰ ਪੰਜਾਬ ਵਰਗੇ ਰਾਜਾਂ ਵੱਲ ਪ੍ਰਵਾਸ ਕਰਦੇ ਹਨ, ਜਿੱਥੇ ਖੇਤੀਬਾੜੀ, ਉਦਯੋਗ ਅਤੇ ਸੇਵਾ ਖੇਤਰ ਵਿੱਚ ਮਜ਼ਦੂਰੀ ਦੀ ਮੰਗ ਰਹਿੰਦੀ ਹੈ। ਪੰਜਾਬ ਦੀ ਖੇਤੀਬਾੜੀ ਅਰਥਵਿਵਸਥਾ, ਜੋ ਕਣਕ, ਝੋਨੇ ਅਤੇ ਹੋਰ ਫਸਲਾਂ 'ਤੇ ਨਿਰਭਰ ਹੈ, ਨੂੰ ਸਸਤੀ ਅਤੇ ਮਿਹਨਤ ਮਜ਼ਦੂਰੀ ਦੀ ਲੋੜ ਹੁੰਦੀ ਹੈ। ਬਿਹਾਰੀ ਮਜ਼ਦੂਰ ਇਸ ਜ਼ਰੂਰਤ ਨੂੰ ਪੂਰਾ ਕਰਦੇ ਹਨ, ਜੋ ਅੱਜ ਨਾ ਸਿਰਫ਼ ਖੇਤਾਂ ਵਿੱਚ, ਸਗੋਂ ਉਸਾਰੀ, ਟਰਾਂਸਪੋਰਟ, ਰਿਕਸ਼ਾ ਚਲਾਉਣ ਅਤੇ ਛੋਟੇ-ਮੋਟੇ ਕਾਰੋਬਾਰਾਂ ਵਿੱਚ ਵੀ ਸਰਗਰਮ ਹਨ। ਇਸ ਤੋਂ ਇਲਾਵਾ ਪੰਜਾਬ ਦੀ ਸਥਾਨਕ ਅਬਾਦੀ ਵਿੱਚ ਵਿਦੇਸ਼ ਪ੍ਰਵਾਸ (ਖਾਸ ਕਰਕੇ ਕੈਨੇਡਾ, ਅਮਰੀਕਾ ਅਤੇ ਯੂਰਪ ਵੱਲ) ਦੀ ਵਧਦੀ ਪ੍ਰਵਿਰਤੀ ਨੇ ਸਥਾਨਕ ਮਜ਼ਦੂਰ ਸ਼ਕਤੀ ਵਿੱਚ ਕਮੀ ਪੈਦਾ ਕੀਤੀ ਹੈ। ਇਸ ਖਲਾਅ ਨੂੰ ਬਿਹਾਰੀ ਅਤੇ ਉੱਤਰ ਪ੍ਰਦੇਸ਼ ਵਰਗੇ ਰਾਜਾਂ ਤੋਂ ਆਏ ਪ੍ਰਵਾਸੀਆਂ ਨੇ ਭਰਿਆ ਹੈ। ਇਹ ਪ੍ਰਵਾਸੀ ਨਾ ਸਿਰਫ਼ ਸਸਤੀ ਮਜ਼ਦੂਰੀ ਪ੍ਰਦਾਨ ਕਰਦੇ ਹਨ, ਸਗੋਂ ਉਹਨਾਂ ਦੀ ਮਿਹਨਤ ਅਤੇ ਸਮਰਪਣ ਨੇ ਪੰਜਾਬ ਦੀ ਅਰਥਵਿਵਸਥਾ ਨੂੰ ਸਥਿਰਤਾ ਦਿੱਤੀ ਹੈ।

ਅੱਜ ਪੰਜਾਬ ਦੇ ਡੈਮੋਗ੍ਰਾਫਿਕ ਪ੍ਰਭਾਵ ਹੇਠ ਬਿਹਾਰੀ ਪ੍ਰਵਾਸੀਆਂ ਦੀ ਵਧਦੀ ਅਬਾਦੀ ਨੇ ਪੰਜਾਬ ਦੀ ਡੈਮੋਗ੍ਰਾਫੀ ਨੂੰ ਕਾਫੀ ਹੱਦ ਤੱਕ ਪ੍ਰਭਾਵਿਤ ਕੀਤਾ ਹੈ। ਸ਼ਹਿਰੀ ਖੇਤਰਾਂ ਜਿਵੇਂ ਕਿ ਲੁਧਿਆਣਾ, ਜਲੰਧਰ, ਅੰਮ੍ਰਿਤਸਰ ਅਤੇ ਪਟਿਆਲਾ ਵਿੱਚ, ਜਿੱਥੇ ਉਦਯੋਗ ਅਤੇ ਵਪਾਰਕ ਗਤੀਵਿਧੀਆਂ ਜ਼ਿਆਦਾ ਹਨ, ਬਿਹਾਰੀ ਪ੍ਰਵਾਸੀਆਂ ਦੀ ਗਿਣਤੀ ਵਧੀ ਹੈ। ਇਹ ਪ੍ਰਵਾਸੀ ਅਕਸਰ ਝੁੱਗੀ-ਝੌਂਪੜੀਆਂ ਜਾਂ ਸਸਤੇ ਕਿਰਾਏ ਦੇ ਮਕਾਨਾਂ ਵਿੱਚ ਰਹਿੰਦੇ ਹਨ, ਜਿਸ ਨਾਲ ਸ਼ਹਿਰੀ ਖੇਤਰਾਂ ਦੀ ਜਨਸੰਖਿਆ ਘਣਤਾ ਵਧੀ ਹੈ। ਇਸ ਦੇ ਨਾਲ ਹੀ, ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਵੀ ਬਿਹਾਰੀ ਮਜ਼ਦੂਰਾਂ ਦੀ ਮੌਜੂਦਗੀ ਵਧੀ ਹੈ, ਜਿੱਥੇ ਉਹ ਮੁੱਖ ਤੌਰ 'ਤੇ ਖੇਤੀਬਾੜੀ ਵਿੱਚ ਕੰਮ ਕਰਦੇ ਹਨ। ਇਸ ਨਾਲ ਪੰਜਾਬ ਦੇ ਪਿੰਡਾਂ ਦੀ ਸੱਭਿਆਚਾਰਕ ਅਤੇ ਸਮਾਜਿਕ ਰਚਨਾ ਵਿੱਚ ਵੀ ਬਦਲਾਅ ਆਇਆ ਹੈ। ਬਿਹਾਰੀ ਪ੍ਰਵਾਸੀਆਂ ਨੇ ਆਪਣੇ ਨਾਲ ਆਪਣੀ ਭਾਸ਼ਾ, ਰੀਤੀ-ਰਿਵਾਜ਼ ਅਤੇ ਸੱਭਿਆਚਾਰਕ ਪਹਿਚਾਣ ਵੀ ਲਿਆਂਦੀ ਹੈ, ਜਿਸ ਨਾਲ ਪੰਜਾਬੀ ਸਮਾਜ ਵਿੱਚ ਬਹੁ-ਸੱਭਿਆਚਾਰਕਤਾ ਦਾ ਇੱਕ ਨਵਾਂ ਰੂਪ ਵੇਖਣ ਨੂੰ ਮਿਲਿਆ ਹੈ।

ਹੁਣ ਇਹ ਵੀ ਸੱਚ ਹੈ ਕਿ ਅਪਰਾਧ ਨਾਲ ਸਬੰਧਤ ਮੁੱਦਿਆਂ ਵਿੱਚ ਬਿਹਾਰੀ ਪ੍ਰਵਾਸੀਆਂ ਦੀ ਮੌਜੂਦਗੀ ਨੂੰ ਕਈ ਵਾਰ ਸਥਾਨਕ ਅਪਰਾਧ ਦਰ ਵਿੱਚ ਵਾਧੇ ਨਾਲ ਜੋੜਿਆ ਜਾਂਦਾ ਹੈ, ਪਰ ਇਹ ਧਾਰਨਾ ਅਕਸਰ ਸਟੀਰੀਓਟਾਈਪਸ 'ਤੇ ਅਧਾਰਿਤ ਹੁੰਦੀ ਹੈ। ਬਿਹਾਰੀ ਮਜ਼ਦੂਰ, ਜੋ ਅਕਸਰ ਗਰੀਬੀ ਅਤੇ ਅਸੁਰੱਖਿਅਤ ਸਥਿਤੀਆਂ ਵਿੱਚ ਰਹਿੰਦੇ ਹਨ, ਕਈ ਵਾਰ ਅਪਰਾਧਕ ਗਤੀਵਿਧੀਆਂ ਦਾ ਸ਼ਿਕਾਰ ਬਣਦੇ ਹਨ ਜਾਂ ਉਹਨਾਂ ਨੂੰ ਅਪਰਾਧ ਨਾਲ ਜੋੜ ਦਿੱਤਾ ਜਾਂਦਾ ਹੈ। ਉਦਾਹਰਣ ਵਜੋਂ, ਛੋਟੇ-ਮੋਟੇ ਅਪਰਾਧ ਜਿਵੇਂ ਚੋਰੀ, ਝਗੜੇ ਜਾਂ ਨਸ਼ੀਲੇ ਪਦਾਰਥਾਂ ਦੀ ਵਰਤੋਂ ਨੂੰ ਕਈ ਵਾਰ ਪ੍ਰਵਾਸੀਆਂ ਨਾਲ ਜੋੜਿਆ ਜਾਂਦਾ ਹੈ, ਪਰ ਅਜਿਹੇ ਮੁੱਦਿਆਂ ਦੀ ਜੜ੍ਹ ਸਮਾਜਿਕ-ਆਰਥਿਕ ਅਸਮਾਨਤਾਵਾਂ ਅਤੇ ਸਰਕਾਰੀ ਨੀਤੀਆਂ ਦੀ ਕਮੀ ਵਿੱਚ ਹੁੰਦੀ ਹੈ।

ਹੁਣ ਪੰਜਾਬ ਵਿੱਚ ਸਮਾਜਿਕ ਅਤੇ ਰਾਜਨੀਤਕ ਚਰਚਾ ਵਿੱਚ ਬਿਹਾਰੀ ਪ੍ਰਵਾਸੀਆਂ ਦੀ ਮੌਜੂਦਗੀ ਨੇ ਪੰਜਾਬ ਦੇ ਸਮਾਜਿਕ ਅਤੇ ਰਾਜਨੀਤਕ ਖੇਤਰ ਵਿੱਚ ਵੀ ਚਰਚਾ ਨੂੰ ਜਨਮ ਦਿੱਤਾ ਹੈ। ਸਥਾਨਕ ਲੋਕਾਂ ਵਿੱਚ ਇੱਕ ਧੜਾ ਅਜਿਹਾ ਹੈ ਜੋ ਮੰਨਦਾ ਹੈ ਕਿ ਪ੍ਰਵਾਸੀਆਂ ਦੀ ਵਧਦੀ ਗਿਣਤੀ ਨੇ ਸਥਾਨਕ ਸੱਭਿਆਚਾਰ ਅਤੇ ਪਹਿਚਾਣ ਨੂੰ ਪ੍ਰਭਾਵਿਤ ਕੀਤਾ ਹੈ। ਉਹਨਾਂ ਦੀ ਭਾਸ਼ਾ, ਖਾਣ-ਪੀਣ ਦੀਆਂ ਆਦਤਾਂ ਅਤੇ ਜੀਵਨ ਸ਼ੈਲੀ ਨੂੰ ਪੰਜਾਬੀ ਸੱਭਿਆਚਾਰ ਨਾਲ ਮੇਲਣ ਵਿੱਚ ਸਮਾਂ ਲੱਗਦਾ ਹੈ, ਜਿਸ ਕਾਰਨ ਸਥਾਨਕ ਅਤੇ ਪ੍ਰਵਾਸੀ ਸਮੂਹਾਂ ਵਿੱਚ ਕਈ ਵਾਰ ਤਣਾਅ ਪੈਦਾ ਹੁੰਦਾ ਹੈ। ਰਾਜਨੀਤਕ ਤੌਰ 'ਤੇ ਕੁਝ ਸਿਆਸੀ ਪਾਰਟੀਆਂ ਨੇ ਪ੍ਰਵਾਸੀਆਂ ਦੀ ਮੌਜੂਦਗੀ ਨੂੰ ਚੋਣ ਮੁੱਦੇ ਵਜੋਂ ਵਰਤਿਆ ਹੈ। ਸਥਾਨਕ ਬਨਾਮ ਬਾਹਰੀ ਦੀ ਬਹਿਸ ਨੂੰ ਹਵਾ ਦੇ ਕੇ ਵੋਟ ਬੈਂਕ ਨੂੰ ਪ੍ਰਭਾਵਿਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ। ਹਾਲਾਂਕਿ, ਸੱਚਾਈ ਇਹ ਹੈ ਕਿ ਬਿਹਾਰੀ ਪ੍ਰਵਾਸੀ ਪੰਜਾਬ ਦੀ ਅਰਥਵਿਵਸਥਾ ਦਾ ਅਹਿਮ ਹਿੱਸਾ ਬਣ ਚੁੱਕੇ ਹਨ ਅਤੇ ਉਹਨਾਂ ਨੂੰ ਸਮਾਜ ਵਿੱਚ ਸ਼ਾਮਲ ਕਰਨ ਦੀ ਜ਼ਰੂਰਤ ਹੈ। ਸਮਾਜਿਕ ਚਰਚਾ ਦੇ ਮੁੱਦੇ ਵਿੱਚ ਪ੍ਰਵਾਸੀਆਂ ਦੀ ਸਿੱਖਿਆ, ਸਿਹਤ ਸਹੂਲਤਾਂ ਅਤੇ ਸਮਾਜਿਕ ਸੁਰੱਖਿਆ ਦੀਆਂ ਸਹੂਲਤਾਂ ਦੀ ਕਮੀ ਇੱਕ ਵੱਡਾ ਮੁੱਦਾ ਹੈ। ਬਹੁਤ ਸਾਰੇ ਪ੍ਰਵਾਸੀ ਅਜਿਹੀਆਂ ਸਥਿਤੀਆਂ ਵਿੱਚ ਰਹਿੰਦੇ ਹਨ, ਜਿੱਥੇ ਉਹਨਾਂ ਨੂੰ ਮੁਢਲੀਆਂ ਸਹੂਲਤਾਂ ਵੀ ਨਹੀਂ ਮਿਲਦੀਆਂ। ਇਸ ਨਾਲ ਸਥਾਨਕ ਅਤੇ ਪ੍ਰਵਾਸੀਆਂ ਵਿੱਚ ਸਮਾਜਿਕ ਦੂਰੀ ਵਧਦੀ ਹੈ, ਜੋ ਸਮਾਜਿਕ ਸਦਭਾਵਨਾ ਲਈ ਚੁਣੌਤੀ ਬਣਦੀ ਹੈ।

ਸਾਡੇ ਭਵਿੱਖ ਦਾ ਪੰਜਾਬ ਅਤੇ ਬਿਹਾਰੀ ਪ੍ਰਵਾਸੀਆਂ ਦਾ ਪ੍ਰਭਾਵਸ਼ਾਲੀ ਦਖਲ ਹੈ ਅਤੇ ਭਵਿੱਖ ਦੇ ਪੰਜਾਬ ਦੀ ਸ਼ਕਲ ਕਈ ਕਾਰਕਾਂ 'ਤੇ ਨਿਰਭਰ ਕਰੇਗੀ, ਜਿਨ੍ਹਾਂ ਵਿੱਚ ਬਿਹਾਰੀ ਪ੍ਰਵਾਸੀਆਂ ਦੀ ਮੌਜੂਦਗੀ ਇੱਕ ਅਹਿਮ ਭੂਮਿਕਾ ਅਦਾ ਕਰੇਗੀ। ਜੇਕਰ ਸਰਕਾਰ ਅਤੇ ਸਮਾਜ ਸਹੀ ਨੀਤੀਆਂ ਅਤੇ ਸਮਾਜਿਕ ਸਦਭਾਵਨਾ ਨੂੰ ਅੱਗੇ ਵਧਾਉਂਦੇ ਹਨ ਤਾਂ ਪੰਜਾਬ ਇੱਕ ਅਜਿਹਾ ਸੂਬਾ ਬਣ ਸਕਦਾ ਹੈ ਜੋ ਬਹੁ-ਸੱਭਿਆਚਾਰਕਤਾ ਦੀ ਮਿਸਾਲ ਹੋਵੇ। ਇਸ ਦੇ ਲਈ ਕੁਝ ਮਹੱਤਵਪੂਰਨ ਕਦਮਾਂ ਦੀ ਜ਼ਰੂਰਤ ਹੈ। ਹੁਣ ਸਮਾਜਿਕ ਸ਼ਮੂਲੀਅਤ ਵਾਲੀ ਗੱਲ ਪ੍ਰਵਾਸੀਆਂ ਨੂੰ ਸਥਾਨਕ ਸਮਾਜ ਵਿੱਚ ਸ਼ਾਮਲ ਕਰਨ ਲਈ ਸਿੱਖਿਆ, ਸਿਹਤ ਅਤੇ ਰਿਹਾਇਸ਼ੀ ਸਹੂ ਤਾਂ ਮੁਹੱਈਆ ਕਰਵਾਉਣੀਆਂ ਜ਼ਰੂਰੀ ਹਨ। ਸਥਾਨਕ ਸੱਭਿਆਚਾਰ ਅਤੇ ਪ੍ਰਵਾਸੀ ਸੱਭਿਆਚਾਰ ਦੇ ਵਿਚਕਾਰ ਸੇਤੂ ਬਣਾਉਣ ਲਈ ਸੱਭਿਆਚਾਰਕ ਪ੍ਰੋਗਰਾਮ ਅਤੇ ਸਾਂਝੇ ਤਿਉਹਾਰ ਮਨਾਏ ਜਾ ਸਕਦੇ ਹਨ।

ਅੱਜ ਰਾਜਨੀਤਕ ਸੰਵਾਦ ਲਈ ਸਿਆਸੀ ਪਾਰਟੀਆਂ ਨੂੰ ਪ੍ਰਵਾਸੀਆਂ ਦੇ ਮੁੱਦੇ ਨੂੰ ਸਿਆਸੀ ਮੁੱਦਾ ਬਣਾਉਣ ਦੀ ਬਜਾਏ, ਸਮਾਜਿਕ ਸਦਭਾਵਨਾ ਅਤੇ ਸਹਿਯੋਗ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਅਪਰਾਧ 'ਤੇ ਨਿਯੰਤਰਣ ਲਈ ਤੇ ਅਪਰਾਧ ਨੂੰ ਰੋਕਣ ਲਈ ਪੁਲਿਸ ਪ੍ਰਸ਼ਾਸਨ ਨੂੰ ਸਥਾਨਕ ਅਤੇ ਪ੍ਰਵਾਸੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਮਾਨ ਰੂਪ ਵਿੱਚ ਕੰਮ ਕਰਨਾ ਚਾਹੀਦਾ। ਪ੍ਰਵਾਸੀਆਂ ਨੂੰ ਸਟੀਰੀਓਟਾਈਪ ਕਰਨ ਦੀ ਬਜਾਏ, ਅਪਰਾਧ ਦੀ ਜੜ੍ਹ ਨੂੰ ਸਮਝਣ ਅਤੇ ਉਸ ਨੂੰ ਹੱਲ ਕਰਨ 'ਤੇ ਧਿਆਨ ਦੇਣਾ ਚਾਹੀਦਾ ਹੈ।

ਬਿਹਾਰ ਅਤੇ ਪੰਜਾਬ ਦਾ ਸਬੰਧ ਬੇਹੱਦ ਪੁਰਾਣਾ ਹੈ। ਬਿਹਾਰ ਅਤੇ ਪੰਜਾਬ ਦਾ ਸਬੰਧ ਸਿਰਫ਼ ਪ੍ਰਵਾਸ ਦੀਆਂ ਆਰਥਿਕ ਜ਼ਰੂਰਤਾਂ ਤੱਕ ਸੀਮਤ ਨਹੀਂ ਹੈ। ਦੋਵੇਂ ਸੂਬਿਆਂ ਦੀ ਸੱਭਿਆਚਾਰਕ ਅਤੇ ਇਤਿਹਾਸਕ ਜੁੜਤ ਵੀ ਹੈ। ਸਿੱਖ ਧਰਮ ਦੇ ਸੰਸਥਾਪਕ, ਸ੍ਰੀ ਗੁਰੂ ਨਾਨਕ ਦੇਵ ਜੀ, ਨੇ ਬਿਹਾਰ ਦੀ ਯਾਤਰਾ ਕੀਤੀ ਸੀ ਅਤੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਪਟਨਾ ਸਾਹਿਬ ਵਿੱਚ ਹੀ ਹੋਇਆ ਸੀ। ਗੁਰਦੁਆਰਾ ਸ੍ਰੀ ਹਰਿਮੰਦਰ ਸਾਹਿਬ ਇਸ ਦਾ ਪ੍ਰਮਾਣ ਹੈ। ਇਸ ਤਰ੍ਹਾਂ ਇਤਿਹਾਸਕ ਤੌਰ 'ਤੇ ਦੋਵੇਂ ਸੂਬਿਆਂ ਵਿੱਚ ਸਾਂਝੀ ਵਿਰਾਸਤ ਹੈ, ਜਿਸ ਨੂੰ ਅੱਗੇ ਵਧਾਇਆ ਜਾ ਸਕਦਾ ਹੈ।

ਵਿਰੋਧ ਦੀਆਂ ਘਟਨਾਵਾਂ ਅਤੇ ਅੰਕੜਿਆਂ ਅਨੁਸਾਰ ਪੰਜਾਬ ਦੇ ਪਿੰਡਾਂ ਵਿੱਚ ਪ੍ਰਵਾਸੀਆਂ ਦੇ ਵਿਰੁੱਧ ਵਿਰੋਧ ਦੀਆਂ ਖ਼ਬਰਾਂ ਸਪੱਸ਼ਟ ਅੰਕੜਿਆਂ ਦੀ ਘਾਟ ਕਾਰਨ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹਨ। ਤਾਜ਼ਾ ਰਿਪੋਰਟਾਂ ਅਨੁਸਾਰ ਵਿਰੋਧ ਦੀਆਂ ਘਟਨਾਵਾਂ ਜ਼ਿਆਦਾਤਰ ਸਥਾਨਕ ਪੱਧਰ 'ਤੇ ਸੀਮਤ ਰਹੀਆਂ ਹਨ ਅਤੇ ਇਹਨਾਂ ਵਿੱਚ ਸ਼ਾਮਲ ਹਨ। ਪਿੰਡਾਂ ਵਿੱਚ ਪੋਸਟਰ ਅਤੇ ਨਾਅਰੇਬਾਜ਼ੀ ਸ਼ੁਰੂ ਕੀਤੀ ਗਈ ਹੈ ਅਤੇ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ, ਪੰਜਾਬ ਦੇ ਕੁਝ ਪਿੰਡਾਂ ਵਿੱਚ ਬਾਹਰੀਆਂ ਨੂੰ ਬਾਹਰ ਕੱਢੋ ਜਿਹੇ ਪੋਸਟਰ ਲੱਗੇ ਸਨ। ਇਹ ਮੁੱਖ ਤੌਰ 'ਤੇ ਸਿਆਸੀ ਪਾਰਟੀਆਂ, ਖਾਸ ਕਰਕੇ ਭਾਜਪਾ ਦੇ ਵਿਰੁੱਧ ਸਨ, ਪਰ ਪ੍ਰਵਾਸੀਆਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ।

ਹੁਣ ਅੰਕੜਿਆਂ ਦੀ ਗੱਲ ਕਰੀਏ ਤਾਂ, ਪੰਜਾਬ ਵਿੱਚ ਪ੍ਰਵਾਸੀਆਂ ਦੀ ਸਹੀ ਗਿਣਤੀ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਹੈ, ਕਿਉਂਕਿ ਸਰਕਾਰੀ ਅੰਕੜੇ ਅਕਸਰ ਅਪਡੇਟ ਨਹੀਂ ਹੁੰਦੇ। 2011 ਦੀ ਮਰਦਮਸ਼ੁਮਾਰੀ ਦੇ ਅਨੁਸਾਰ, ਪੰਜਾਬ ਦੀ 15-20% ਅਬਾਦੀ ਪ੍ਰਵਾਸੀਆਂ ਦੀ ਸੀ, ਜਿਸ ਵਿੱਚ ਬਿਹਾਰੀ ਮਜ਼ਦੂਰਾਂ ਦਾ ਵੱਡਾ ਹਿੱਸਾ ਸੀ। ਹਾਲੀਆ ਅਨੁਮਾਨਾਂ ਅਨੁਸਾਰ, ਇਹ ਅੰਕੜਾ 25% ਤੱਕ ਵੀ ਪਹੁੰਚ ਸਕਦਾ ਹੈ, ਕਿਉਂਕਿ ਪੰਜਾਬ ਦੀ ਖੇਤੀ ਅਤੇ ਉਦਯੋਗਿਕ ਖੇਤਰਾਂ ਵਿੱਚ ਮਜ਼ਦੂਰਾਂ ਦੀ ਮੰਗ ਵਧੀ ਹੈ।

ਕੀ ਪੰਜਾਬ ਹੁਣ ਬਿਹਾਰੀ ਪੰਜਾਬ ਬਣ ਗਿਆ ਹੈ?

ਅੱਜ ਆਰਥਿਕ ਯੋਗਦਾਨ ਵਿੱਚ ਬਿਹਾਰੀ ਪ੍ਰਵਾਸੀ ਪੰਜਾਬ ਦੀ ਖੇਤੀਬਾੜੀ ਅਤੇ ਉਦਯੋਗ ਵਿੱਚ ਅਹਿਮ ਯੋਗਦਾਨ ਪਾਉਂਦੇ ਹਨ। ਉਹਨਾਂ ਦੀ ਮੌਜੂਦਗੀ ਤੋਂ ਬਿਨਾਂ, ਖੇਤੀਬਾੜੀ ਅਤੇ ਉਸਾਰੀ ਵਰਗੇ ਖੇਤਰਾਂ ਵਿੱਚ ਮਜ਼ਦੂਰਾਂ ਦੀ ਘਾਟ ਹੋ ਸਕਦੀ ਹੈ।

ਅੱਜ ਸਮਾਜਿਕ ਸਦਭਾਵਨਾ ਵਿੱਚ ਪੰਜਾਬ ਦੇ ਜ਼ਿਆਦਾਤਰ ਪਿੰਡਾਂ ਅਤੇ ਸ਼ਹਿਰਾਂ ਵਿੱਚ, ਪ੍ਰਵਾਸੀ ਅਤੇ ਸਥਾਨਕ ਲੋਕ ਸਦਭਾਵਨਾ ਨਾਲ ਰਹਿੰਦੇ ਹਨ। ਪ੍ਰਵਾਸੀਆਂ ਨੇ ਪੰਜਾਬੀ ਸਭਿਆਚਾਰ ਨੂੰ ਵੀ ਅਪਣਾਇਆ ਹੈ, ਜਿਵੇਂ ਕਿ ਪੰਜਾਬੀ ਭਾਸ਼ਾ ਸਿੱਖਣਾ ਅਤੇ ਸਥਾਨਕ ਤਿਉਹਾਰਾਂ ਵਿੱਚ ਹਿੱਸਾ ਲੈਣਾ ਆਦਿ। ਸਭਿਆਚਾਰਕ ਏਕਤਾ ਵਿੱਚ ਸਥਾਨਕ ਅਤੇ ਪ੍ਰਵਾਸੀ ਭਾਈਚਾਰਿਆਂ ਵਿਚਕਾਰ ਸਭਿਆਚਾਰਕ ਸਮਾਗਮਾਂ ਅਤੇ ਮੇਲ-ਮਿਲਾਪ ਨੂੰ ਉਤਸ਼ਾਹਿਤ ਤੇ ਪ੍ਰਵਾਸੀਆਂ ਦੀ ਸੁਰੱਖਿਆ ਅਤੇ ਅਧਿਕਾਰਾਂ ਨੂੰ ਯਕੀਨੀ ਬਣਾਉਣ ਲਈ ਸਖਤ ਕਾਨੂੰਨੀ ਪ੍ਰਬੰਧ ਕੀਤੇ ਜਾ ਸਕਦੇ ਹਨ। ਪੰਜਾਬ ਵਿੱਚ ਬਿਹਾਰੀ ਪ੍ਰਵਾਸੀਆਂ ਦਾ ਵਿਰੋਧ ਸਥਾਨਕ ਪੱਧਰ 'ਤੇ ਕੁਝ ਖੇਤਰਾਂ ਵਿੱਚ ਹੀ ਸੀਮਤ ਹੈ ਅਤੇ ਇਸ ਨੂੰ ਵਿਆਪਕ ਸਮੱਸਿਆ ਨਹੀਂ ਮੰਨਿਆ ਜਾ ਸਕਦਾ। ਬਿਹਾਰੀ ਪੰਜਾਬ ਦਾ ਸੰਕਲਪ ਜ਼ਿਆਦਾਤਰ ਸਿਆਸੀ ਬਿਆਨਬਾਜ਼ੀ ਦਾ ਹਿੱਸਾ ਹੈ ਅਤੇ ਇਸ ਵਿੱਚ ਅਤਿਕਥਨੀ ਸ਼ਾਮਲ ਹੈ। ਪੰਜਾਬ ਦੀ ਸਭਿਆਚਾਰਕ ਅਤੇ ਸਮਾਜਿਕ ਪਛਾਣ ਅਜੇ ਵੀ ਮਜ਼ਬੂਤ ਹੈ ਅਤੇ ਪ੍ਰਵਾਸੀਆਂ ਦੀ ਮੌਜੂਦਗੀ ਨੇ ਰਾਜ ਦੀ ਆਰਥਿਕਤਾ ਨੂੰ ਹੋਰ ਮਜ਼ਬੂਤ ਕੀਤਾ ਹੈ। ਸਮੱਸਿਆਵਾਂ ਦੇ ਹੱਲ ਲਈ ਸਮਾਜਿਕ ਸਦਭਾਵਨਾ, ਸਿੱਖਿਆ ਅਤੇ ਸਰਕਾਰੀ ਨੀਤੀਆਂ 'ਤੇ ਧਿਆਨ ਦੇਣ ਦੀ ਲੋੜ ਹੈ, ਤਾਂ ਜੋ ਸਥਾਨਕ ਅਤੇ ਪ੍ਰਵਾਸੀ ਭਾਈਚਾਰੇ ਇਕੱਠੇ ਮਿਲ ਕੇ ਪੰਜਾਬ ਦੀ ਤਰੱਕੀ ਵਿੱਚ ਯੋਗਦਾਨ ਪਾਉਣ।

# ਕਿਸਾਨੀ ਖ਼ੁਦਕੁਸ਼ੀਆਂ ਅਤੇ ਆਮਦਨ 'ਚ ਵਾਧੇ ਦੇ ਦਾਅਵਿਆਂ ਦੀ ਅਸਲੀਅਤ !

ਗੁਰਪ੍ਰੀਤ ਸਿੰਘ
95698-20314

ਮਦਰ ਇੰਡੀਆ ਫ਼ਿਲਮ ਤਾਂ ਮੈਨੂੰ ਲੱਗਦਾ ਹਰ ਕਿਸੇ ਨੇ ਵੇਖੀ ਹੀ ਹੋਣੀ ਹੈ। ਇਹ ਫ਼ਿਲਮ 1957 ਦੇ ਵਿੱਚ ਆਈ ਸੀ। ਇਸ ਫ਼ਿਲਮ ਦੇ ਵਿੱਚ ਜੋ ਕੁੱਝ ਵਿਖਾਇਆ ਗਿਆ ਸੀ, ਉਹ ਉਸ ਸਮੇਂ ਦੀ ਸਰਕਾਰ ਦੁਆਰਾ ਕੀਤੇ ਜਾ ਰਹੇ ਜ਼ੁਲਮਾਂ ਦਾ ਇੱਕ ਸੀਨ ਸੀ। ਫ਼ਿਲਮ ਕਰੀਬ ਢਾਈ ਘੰਟਿਆਂ ਦੀ ਸੀ। ਭਾਵੇਂ ਕਿ ਮਦਰ ਇੰਡੀਆ ਫ਼ਿਲਮ ਬਣੀ ਨੂੰ, ਅੱਜ ਕਰੀਬ 70 ਵਰ੍ਹੇ ਹੋ ਚੁੱਕੇ ਹਨ, ਪਰ ਫਿਰ ਵੀ ਜੋ ਕੁੱਝ ਉਸ ਫ਼ਿਲਮ ਦੇ ਵਿੱਚ ਵਿਖਾਇਆ ਗਿਆ ਸੀ, ਉਸ ਤੋਂ ਵੀ ਮਾੜੀ ਹਾਲਤ ਇਸ ਵੇਲੇ ਦੇਸ਼ ਦੇ ਹਲ ਵਾਹੁਣ ਵਾਲੇ, ਅਸਲ ਕਿਸਾਨਾਂ ਦੀ ਹੋ ਚੁੱਕੀ ਹੈ। ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਅਤੇ ਦਾਅਵਾ ਕਰਨ ਵਾਲੀ ਸਰਕਾਰ ਆਪਣੇ ਵਾਅਦੇ ਤੋਂ ਭਟਕਦੀ ਨਜ਼ਰ ਆ ਰਹੀ ਹੈ। 2022 ਤੱਕ ਇਸ ਸਰਕਾਰ ਨੇ ਦੇਸ਼ ਭਰ ਦੇ ਸਾਰੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕੀਤਾ ਸੀ। ਇਹ ਵਾਅਦਾ ਭਾਜਪਾ ਸਰਕਾਰ ਦੇ ਵੱਲੋਂ 2014 ਅਤੇ 2019 ਦੀਆਂ ਚੋਣਾਂ ਵਿੱਚ ਵੀ ਕੀਤਾ ਗਿਆ, ਪਰ ਉਦੋਂ ਤੋਂ ਲੈ ਕੇ ਹੁਣ ਤੱਕ ਕਿਸਾਨਾਂ ਦੀ ਆਮਦਨ ਤਾਂ ਦੁੱਗਣੀ ਨਹੀਂ ਹੋਈ, ਪਰ ਮਾਮੂਲੀ ਜਿਹੇ ਕਰਜ਼ੇ ਕਾਰਨ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੀ ਦਰ ਜ਼ਰੂਰ ਦੁੱਗਣੀ ਹੋਈ ਹੈ।

ਬੇਸ਼ੱਕ ਸਮੇਂ ਦੀਆਂ ਸਰਕਾਰਾਂ ਦੇ ਵੱਲੋਂ ਕਿਸਾਨਾਂ ਦੇ ਕਰਜ਼ੇ ਮਾਫ਼ ਕਰਨ ਦੇ ਦਾਅਵੇ ਅਤੇ ਵਾਅਦੇ ਕੀਤੇ ਜਾਂਦੇ ਨੇ, ਪਰ ਇਹ ਦਾਅਵੇ ਅਤੇ ਵਾਅਦੇ ਕੁੱਝ ਕੁ ਕਿਸਾਨਾਂ 'ਤੇ ਲਾਗੂ ਹੀ ਹੁੰਦੇ ਨੇ। ਧਨਾਢ ਜ਼ਿੰਮੀਦਾਰ ਹੀ ਇਸ ਦਾ ਫ਼ਾਇਦਾ ਲੈ ਲੈਂਦੇ ਨੇ, ਜਦੋਂ ਕਿ ਛੋਟੇ ਕਿਸਾਨ ਸਰਕਾਰਾਂ ਦੀਆਂ ਇਹਨਾਂ ਸਕੀਮਾਂ ਤੋਂ ਵਾਂਝੇ ਰਹਿ ਜਾਂਦੇ ਨੇ। ਗੱਲ ਇੱਥੇ ਨਹੀਂ ਮੁੱਕਦੀ, ਜਿਹੜੀ ਵੀ ਸਰਕਾਰ ਹੁਣ ਤੱਕ ਸੱਤਾ ਦੇ ਵਿੱਚ ਆਈ ਹੈ, ਉਸ ਦੇ ਵੱਲੋਂ ਖੇਤੀ ਨੂੰ ਇੱਕ ਤਰੀਕੇ ਦਾ ਆਪਣਾ ਬਿਜ਼ਨਸ ਬਣਾ ਕੇ ਰੱਖ ਦਿੱਤਾ ਹੈ, ਜਿਸ ਦਾ ਮਾਲਕ ਤਾਂ ਕਿਸਾਨ ਹੈ, ਪਰ ਇਸਦਾ ਸਭ ਤੋਂ ਵੱਡਾ ਫ਼ਾਇਦਾ ਕਾਰਪੋਰੇਟ ਘਰਾਣਿਆਂ ਨੂੰ ਹੀ ਪਹੁੰਚਾਇਆ ਜਾਂਦਾ ਹੈ।

ਤਿੰਨ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਕਿਸਾਨਾਂ ਦੇ ਵੱਲੋਂ ਦਿੱਲੀ ਦੀਆਂ ਬਰੂਹਾਂ 'ਤੇ ਜਿਹੜੀ ਲੜਾਈ ਲੜੀ ਗਈ ਸੀ, ਉਸ ਲੜਾਈ ਨੇ ਬੇਸ਼ੱਕ ਹਾਕਮ ਨੂੰ ਝੁਕਾ ਕੇ ਰੱਖ ਦਿੱਤਾ, ਪਰ ਉਸ ਲੜਾਈ ਨੇ ਕੇਂਦਰ ਦੇ ਨਾਲ ਇੱਕ ਨਵਾਂ ਪੇਚ ਕਿਸਾਨਾਂ ਦਾ ਫਸਾ ਦਿੱਤਾ। ਸਮੇਂ-ਸਮੇਂ 'ਤੇ ਸਰਕਾਰਾਂ ਦੇ ਵੱਲੋਂ ਕਿਸਾਨਾਂ 'ਤੇ ਵੱਖੋ-ਵੱਖਰੇ ਤਰੀਕਿਆਂ ਦੇ ਨਾਲ ਜ਼ੁਲਮ ਢਾਹੇ ਜਾ ਰਹੇ ਹਨ। ਕਿਤੇ ਤਾਂ ਨਵੇਂ ਖੇਤੀ ਖਰੜੇ ਰਾਹੀਂ ਕਿਸਾਨਾਂ ਨੂੰ ਲਤਾੜਿਆ ਜਾ ਰਿਹਾ ਹੈ ਅਤੇ ਕਿਤੇ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਲਈ ਲੈਂਡ ਪੂਲਿੰਗ ਪਾਲਿਸੀ ਵਰਗੀਆਂ ਨੀਤੀਆਂ ਲਿਆਈਆਂ ਜਾ ਰਹੀਆਂ ਹਨ। ਭਾਵੇਂ ਕਿ ਕਈ ਕਿਸਾਨ, ਜਿਨ੍ਹਾਂ ਨੂੰ ਅਸੀਂ ਵੱਡੇ ਜ਼ਿਮੀਂਦਾਰ ਕਹਿੰਦੇ ਹਾਂ, ਉਹ ਇਸ ਦੇ ਵਿੱਚ ਹਾਮੀ ਸਰਕਾਰ ਪੱਖੀ ਭਰਦੇ ਹੋਣਗੇ, ਪਰ ਅਸਲੀਅਤ ਇਹੋ ਹੈ ਕਿ ਇਸ ਦਾ ਨੁਕਸਾਨ ਛੋਟੇ ਜ਼ਿਮੀਦਾਰ ਜਾਂ ਫਿਰ ਕਹਿ ਲਓ ਛੋਟੇ ਕਿਸਾਨ ਨੂੰ ਹੀ ਹੁੰਦਾ ਹੈ।

ਮਹਾਰਾਸ਼ਟਰ ਤੋਂ ਪਿਛਲੇ ਦਿਨੀਂ ਇੱਕ ਤਸਵੀਰ ਸਾਹਮਣੇ ਆਈ ਸੀ, ਜਿਸ ਵਿੱਚ ਕਿਸਾਨ ਮਦਰ ਇੰਡੀਆ ਫ਼ਿਲਮ ਵਿੱਚ ਜਿਸ ਤਰੀਕੇ ਦੇ ਨਾਲ ਅਦਾਕਾਰਾ ਦੇ ਵੱਲੋਂ ਮੋਢੇ 'ਤੇ ਹਲ ਰੱਖ ਕੇ ਜ਼ਮੀਨ ਵਾਹੀ ਜਾ ਰਹੀ ਸੀ, ਬਿਲਕੁਲ ਉਸੇ ਤਰ੍ਹਾਂ ਹੀ ਮਹਾਰਾਸ਼ਟਰ ਦੇ ਕਿਸਾਨ ਦੇ ਵੱਲੋਂ ਖ਼ੁਦ ਬਲਦ ਬਣ ਕੇ ਜ਼ਮੀਨ ਵਾਹੁੰਦਿਆਂ ਦੀ ਇੱਕ ਵੀਡੀਓ ਵਾਇਰਲ ਹੋਈ ਸੀ। ਉਸ ਵੀਡੀਓ ਨੇ ਸਾਨੂੰ ਸਭ ਨੂੰ ਝੰਜੋੜ ਕੇ ਰੱਖ ਦਿੱਤਾ। ਮੇਰੇ ਵਰਗੇ ਹੋਰ ਕਈ ਪੱਤਰਕਾਰ ਹੋਣਗੇ, ਜਿਨ੍ਹਾਂ ਨੇ ਉਹ ਵੀਡੀਓ ਵੇਖੀਆਂ ਅਤੇ ਸੁਰਖ਼ੀਆਂ ਵੀ ਬਟੋਰੀਆਂ, ਆਪੋ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਉਕਤ ਵੀਡੀਓ ਨੂੰ ਸਾਂਝਾ ਵੀ ਕੀਤਾ ਗਿਆ। ਖ਼ੈਰ ਜਿਵੇਂ ਹੀ ਇਹ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਦੇ ਨਾਲ ਵਾਇਰਲ ਹੋਇਆ ਤਾਂ ਉੱਘੇ ਸਮਾਜ ਸੇਵੀ ਅਤੇ ਫ਼ਿਲਮ ਐਕਟਰ ਸੋਨੂੰ ਸੂਦ ਤੱਕ ਪੁੱਜੀ। ਸੋਨੂੰ ਸੂਦ ਮਦਦ ਲਈ ਅੱਗੇ ਆਏ ਤੇ ਵਾਅਦਾ ਕਰਤਾ ਕਿ ਮੈਂ ਇਸ ਕਿਸਾਨ ਨੂੰ ਬਲਦ ਲੈ ਕੇ ਦਿਆਂਗਾ ਅਤੇ ਕੁੱਝ ਮੁਆਵਜ਼ਾ ਦੇਣ ਦਾ ਵੀ ਐਲਾਨ ਕਰਤਾ, ਹਾਲਾਂਕਿ ਸੋਨੂੰ ਸੂਦ ਨੇ ਤਾਂ ਐਲਾਨ ਕਰਤਾ, ਪਰ ਸਰਕਾਰ ਸੁੱਤੀ ਰਹੀ। ਦਰਅਸਲ, ਮਹਾਰਾਸ਼ਟਰ ਦੇ ਲਾਤੂਰ ਜ਼ਿਲ੍ਹੇ ਦੇ ਹਦੋਲਤੀ ਪਿੰਡ ਤੋਂ 76 ਸਾਲਾ ਕਿਸਾਨ ਅੰਬਦਾਸ ਪਵਾਰ ਅਤੇ ਉਨ੍ਹਾਂ ਦੀ 73 ਸਾਲਾ ਪਤਨੀ ਦਾ ਇੱਕ ਵੀਡੀਓ ਸਾਹਮਣੇ ਆਇਆ। ਇਸ ਵੀਡੀਓ ਵਿੱਚ ਕਿਸਾਨ ਜੋੜਾ ਬਲਦ ਦੀ ਬਜਾਏ ਖ਼ੁਦ ਹਲ ਖਿੱਚ ਕੇ ਖੇਤ ਵਾਹੁੰਦਾ ਦਿਖਾਈ ਦੇ ਰਿਹਾ ਹੈ। ਕਿਸਾਨ ਅੰਬਦਾਸ ਪਵਾਰ ਕੋਲ ਬਲਦ ਖ਼ਰੀਦਣ ਲਈ ਪੈਸੇ ਨਹੀਂ ਹਨ ਅਤੇ ਉਹ ਪਿਛਲੇ 10 ਸਾਲਾਂ ਤੋਂ ਇਸ ਤਰ੍ਹਾਂ ਖੇਤੀ ਕਰ ਰਿਹਾ ਹੈ। ਇਸ ਵੀਡੀਓ ਦੇ ਸਾਹਮਣੇ ਆਉਣ ਤੋਂ ਬਾਅਦ ਮਹਾਰਾਸ਼ਟਰ ਦੀ ਰਾਜਨੀਤੀ ਵਿੱਚ ਹਲਚਲ ਮੱਚ ਗਈ ਅਤੇ ਵਿਰੋਧੀ ਧਿਰ ਦੇ ਨੇਤਾਵਾਂ ਨੇ ਕਿਸਾਨਾਂ ਦੀ ਹਾਲਤ ਨੂੰ ਲੈ ਕੇ ਵਿਧਾਨ ਸਭਾ ਦੇ ਬਾਹਰ ਵਿਰੋਧ ਪ੍ਰਦਰਸ਼ਨ ਕੀਤਾ। ਖੇਤੀਬਾੜੀ ਮੰਤਰੀ ਮਾਨਿਕਰਾਓ ਕੋਟਾਕੇ ਅਤੇ ਸਹਿਕਾਰਤਾ ਮੰਤਰੀ ਬਾਬਾਸਾਹਿਬ ਪਾਟਿਲ ਨੇ ਕਿਸਾਨ ਨਾਲ ਫ਼ੋਨ 'ਤੇ ਗੱਲ ਕੀਤੀ ਅਤੇ ਮਦਦ ਦਾ ਭਰੋਸਾ ਦਿੱਤਾ। ਇੱਕ ਰਿਪੋਰਟ ਦੇ ਅਨੁਸਾਰ ਲਾਤੂਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅੰਬਦਾਸ ਪਵਾਰ ਨੂੰ 8400 ਅਤੇ ਮੁਕਤਾਬਾਈ ਪਵਾਰ ਨੂੰ 8700 ਦੀ ਗਰਾਂਟ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਜਮਾਂ ਕਰਵਾ ਦਿੱਤੀ ਗਈ ਹੈ। ਖੇਤੀਬਾੜੀ ਵਿਭਾਗ ਵੱਲੋਂ ਕਿਸਾਨ ਨੂੰ ਬੀਜ ਅਤੇ ਖਾਦ ਵੀ ਦਿੱਤੀ ਗਈ ਹੈ। ਇਸ ਦੌਰਾਨ, ਮਹਾਰਾਸ਼ਟਰ ਸਰਕਾਰ ਦੇ ਰਾਹਤ ਅਤੇ ਮੁੜ ਵਸੇਬਾ ਮੰਤਰੀ, ਮਕਰੰਦ ਪਾਟਿਲ ਨੇ ਕਿਹਾ ਕਿ ਜਨਵਰੀ 2025 ਤੋਂ ਮਾਰਚ 2025 ਦੇ ਵਿਚਕਾਰ, ਰਾਜ ਵਿੱਚ ਕਿਸਾਨ ਖੁਦਕੁਸ਼ੀਆਂ ਦੇ 767 ਮਾਮਲੇ ਸਾਹਮਣੇ ਆਏ ਹਨ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ, ਰਾਹੁਲ ਗਾਂਧੀ ਨੇ ਇਨ੍ਹਾਂ ਅੰਕੜਿਆਂ ਨੂੰ ਲੈ ਕੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ, ਕਲਪਨਾ ਕਰੋ, ਸਿਰਫ਼ ਤਿੰਨ ਮਹੀਨਿਆਂ ਵਿੱਚ, ਮਹਾਰਾਸ਼ਟਰ ਵਿੱਚ 767 ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ, ਕੀ ਇਹ ਸਿਰਫ਼ ਇੱਕ ਅੰਕੜਾ ਹੈ? ਨਹੀਂ, ਇਹ 767 ਬਰਬਾਦ ਹੋਏ ਘਰ ਹਨ। 767 ਪਰਿਵਾਰ ਜੋ ਕਦੇ ਵੀ ਠੀਕ ਨਹੀਂ ਹੋ ਸਕਣਗੇ ਅਤੇ ਸਰਕਾਰ ਚੁੱਪ ਹੈ। ਰਾਹੁਲ ਅੱਗੇ ਕਹਿੰਦੇ ਨੇ ਕਿ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਉਹ ਕਿਸਾਨਾਂ ਦੀ ਆਮਦਨ ਦੁੱਗਣੀ ਕਰ ਦੇਣਗੇ। ਅੱਜ ਸਥਿਤੀ ਅਜਿਹੀ ਹੈ ਕਿ ਅੰਨਦਾਤਾ ਦੀ ਜ਼ਿੰਦਗੀ ਭੋਏਂ ਦੇ ਭਾਅ ਜਾ ਰਹੀ ਹੈ। ਇਹ ਸਿਸਟਮ ਲਗਾਤਾਰ ਕਿਸਾਨਾਂ ਨੂੰ ਚੁੱਪ-ਚਾਪ ਮਾਰ ਰਿਹਾ ਹੈ ਅਤੇ ਸਰਕਾਰ ਤਮਾਸ਼ਾ ਦੇਖ ਰਹੀ ਹੈ।

ਇਸੇ ਤਰ੍ਹਾਂ ਹੀ ਸਬਜ਼ੀਆਂ ਦਾ ਹਾਲ ਹੈ। ਕਿਸਾਨਾਂ ਦੇ ਕੋਲੋਂ ਤਾਂ ਸਬਜ਼ੀਆਂ ਸਸਤੇ ਭਾਅ ਦੇ ਵਿੱਚ ਮੰਡੀਆਂ ਦੇ ਵਿੱਚੋਂ ਖ਼ਰੀਦੀਆਂ ਜਾਂਦੀਆਂ ਹਨ, ਪਰ ਉਸ ਨੂੰ ਪੈਕਟਾਂ ਦੇ ਵਿੱਚ ਬੰਦ ਕਰਕੇ ਕਾਰਪੋਰੇਟ ਘਰਾਣੇ ਚੋਖੀਆਂ ਆਮਦਨਾਂ ਕਮਾ ਲੈਂਦੇ ਹਨ। ਕੀ ਸਰਕਾਰਾਂ ਨੂੰ ਨਹੀਂ ਚਾਹੀਦਾ ਕਿ ਇਸ 'ਤੇ ਕਾਨੂੰਨ ਬਣਾਇਆ ਜਾਵੇ, ਕਾਰਪੋਰੇਟ ਘਰਾਣੇ ਜਿਹੜੇ ਕਿ ਕਿਸਾਨਾਂ ਦੀ ਦਿਨ ਵੇਲੇ ਲੁੱਟ ਕਰਦੇ ਨੇ, ਉਨ੍ਹਾਂ ਦੇ ਖ਼ਿਲਾਫ਼ ਕੋਈ ਐਕਟ ਲਿਆਂਦਾ ਜਾਵੇ। ਵੈਸੇ ਦੇਸ਼ ਦੀ ਕੋਈ ਵੀ ਸਰਕਾਰ ਨਹੀਂ ਚਾਹੁੰਦੀ ਕਿ ਕਿਸਾਨ ਦੀ ਆਮਦਨ ਵਧੇ, ਕਿਉਂਕਿ ਇਹ ਚਾਹੁੰਦੀਆਂ ਹਨ ਕਿ ਕਿਸਾਨਾਂ ਨੂੰ ਦੱਬ ਕੇ ਹੀ ਰੱਖਿਆ ਜਾਵੇ। ਅੱਜ ਖੇਤੀ ਇਸ ਵੇਲੇ ਘਾਟੇ ਦਾ ਸੌਦਾ ਹੋ ਗਈ ਹੈ। ਸਾਡੇ ਮੁਲਕ ਦੇ ਅੰਦਰ ਧਰਮ ਜਾਤ ਪਾਤ ਦੇ ਹੀ ਮੁੱਦੇ ਸਭ ਤੋਂ ਜ਼ਿਆਦਾ ਉੱਭਰਦੇ ਰਹਿੰਦੇ ਹਨ। ਜਦੋਂ ਕਿਸਾਨਾਂ ਮਜ਼ਦੂਰਾਂ ਦੀ ਮਿਹਨਤ ਦੀ ਗੱਲ ਆਉਂਦੀ ਹੈ ਜਾਂ ਫਿਰ ਇਹ ਕਹਿ ਲਓ ਕਿ ਉਨ੍ਹਾਂ ਦੀਆਂ ਫ਼ਸਲਾਂ ਦੇ ਸਹੀ ਭਾਅ ਅਤੇ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੀ ਗੱਲ ਆਉਂਦੀ ਹੈ ਤਾਂ ਉਸ ਵੇਲੇ ਕੋਈ ਵੀ ਅੱਗੇ ਨਹੀਂ ਆਉਂਦਾ। ਸਾਰੀਆਂ ਧਿਰਾਂ ਚੁੱਪ ਹੋ ਜਾਂਦੀਆਂ ਹਨ, ਬੇਸ਼ੱਕ ਉਹ ਕਿਸੇ ਵੀ ਤਬਕੇ ਦੀਆਂ ਹੋਣ। ਵਿਰੋਧੀ ਧਿਰਾਂ ਵੀ ਓਨੀ ਦੇਰ ਤੱਕ ਹੀ ਕਿਸਾਨਾਂ ਦੇ ਨਾਲ ਖੜਦੀਆਂ ਹਨ, ਜਦੋਂ ਤੱਕ ਉਹ ਸੱਤਾ ਵਿੱਚ ਨਹੀਂ ਆਉਂਦੀਆਂ। ਜਿਹੜੀਆਂ ਪਾਰਟੀਆਂ ਵਿਰੋਧੀ ਧਿਰ ਵਿੱਚ ਹੁੰਦਿਆਂ ਕਿਸਾਨਾਂ ਦੀ ਆਵਾਜ਼ ਬੁਲੰਦ ਕਰਦੀਆਂ ਨੇ, ਉਨ੍ਹਾਂ ਦੇ ਸੱਤਾ ਦੇ ਵਿੱਚ ਆਉਂਦਿਆਂ ਹੀ ਪਤਾ ਨਹੀਂ ਉਨ੍ਹਾਂ ਨੂੰ ਕੀ ਸੱਪ ਸੁੰਘ ਜਾਂਦਾ ਹੈ ਕਿ ਉਹ ਕਿਸਾਨਾਂ ਦੀਆਂ ਮੰਗਾਂ ਸੁਣਨ ਦੀ ਬਜਾਏ, ਉਨ੍ਹਾਂ ਨੂੰ ਗੁੰਮਰਾਹ ਕਰਦੀਆਂ ਰਹਿੰਦੀਆਂ ਨੇ। ਇੱਥੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਜਿੰਨੀਆਂ ਵੀ ਸਰਕਾਰਾਂ ਆਈਆਂ ਨੇ, ਹਰ ਕਿਸੇ ਨੇ ਕਿਸਾਨ ਪੱਖੀ ਕੋਈ ਫ਼ੈਸਲੇ ਨਹੀਂ ਲਏ। ਜਿੰਨੇ ਵੀ ਫ਼ੈਸਲੇ ਲਏ ਨੇ, ਉਹ ਸਿਰਫ਼ ਤੇ ਸਿਰਫ਼ ਕਾਰਪੋਰੇਟ ਘਰਾਣਿਆਂ ਦੇ ਹੀ ਪੱਖੀ ਲਏ ਨੇ। ਕਾਲੇ ਤਿੰਨ ਖੇਤੀ ਕਾਨੂੰਨ, ਜਿਨ੍ਹਾਂ ਨੂੰ ਕਿਸਾਨਾਂ ਨੇ ਵਾਪਸ ਕਰਾਇਆ ਸੀ, ਉਹ ਵੀ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਹੀ ਸਨ। ਇਸ ਤੋਂ ਬਾਅਦ ਜਿਹੜਾ ਖੇਤੀ ਨੀਤੀ ਖਰੜਾ ਤਿਆਰ ਕੀਤਾ ਗਿਆ ਹੈ, ਉਹ ਵੀ ਕਿਸਾਨਾਂ ਦੇ ਵਿਰੋਧ ਵਿੱਚ ਹੀ ਹੈ। ਵਿਸ਼ਵ ਵਪਾਰ ਸੰਗਠਨ ਦੀਆਂ ਨੀਤੀਆਂ 'ਤੇ ਪਹਿਰਾ ਦਿੰਦਿਆਂ ਹੋਇਆਂ ਵੱਖੋ ਵੱਖ ਦੇਸ਼ਾਂ ਦੀਆਂ ਸਰਕਾਰਾਂ ਦੇ ਵੱਲੋਂ ਕਿਸਾਨਾਂ ਨੂੰ ਲਤਾੜਿਆ ਜਾ ਰਿਹਾ ਹੈ ਤੇ ਖੇਤੀ ਦੇ ਵਿੱਚੋਂ ਕਿਵੇਂ ਕਿਸਾਨਾਂ ਨੂੰ ਕੱਢਿਆ ਜਾਵੇ, ਉਸ ਦੇ ਵੱਲ ਧਿਆਨ ਦਿੱਤਾ ਜਾ ਰਿਹਾ ਹੈ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਪਰ ਇਸ ਦੇ ਵਿੱਚ ਵੀ ਇਸ ਵੇਲੇ ਖੇਤੀ ਤੋਂ ਵੱਧ ਫ਼ੈਕਟਰੀਆਂ ਅਤੇ ਹੋਰ ਕਾਰਖ਼ਾਨਿਆਂ ਤੋਂ ਇਲਾਵਾ ਨਵੇਂ ਨਵੇਂ ਸ਼ਹਿਰ ਵਸਾਉਣ ਦੀਆਂ ਗੱਲਾਂ ਹੋ ਰਹੀਆਂ ਨੇ, ਜਿਹੜੀਆਂ ਕਿ ਪੰਜਾਬ ਦੀ ਧਰਤੀ ਨੂੰ ਹੋਰ ਖੋਖਲਾ ਕਰਨਗੀਆਂ। ਇਸ ਵੇਲੇ ਦੁਨੀਆ ਭਰ ਦੇ ਵਿੱਚ ਤਬਾਹੀ ਮੱਚੀ ਪਈ ਹੈ। ਕਿਉਂਕਿ ਜਲ ਵਾਯੂ ਪਰਿਵਰਤਨ ਦੇ ਕਾਰਨ, ਜਿੱਥੇ ਸਮੇਂ ਤੋਂ ਪਹਿਲਾਂ ਮੀਂਹ ਪੈ ਰਹੇ ਹਨ, ਹੜ ਆ ਰਹੇ ਹਨ ਅਤੇ ਕਈ ਜਗਾਵਾਂ 'ਤੇ ਸਮੇਂ ਤੋਂ ਪਹਿਲਾਂ ਸੋਕਾ ਆ ਰਿਹਾ ਹੈ, ਲੋਕ ਪਾਣੀ ਨੂੰ ਤਰਸ ਰਹੇ ਨੇ, ਕਈ ਜਗਾਵਾਂ 'ਤੇ ਹੜ ਇੰਨਾ ਜ਼ਿਆਦਾ ਆ ਚੁੱਕਿਆ ਹੈ ਕਿ ਲੋਕ ਪਾਣੀ ਦੇ ਵਿੱਚ ਡੁੱਬ ਕੇ ਮਰ ਰਹੇ ਨੇ।

ਅਸਲ ਦੇ ਵਿੱਚ ਜਿੰਨੀ ਦੇਰ ਤੱਕ ਸਰਕਾਰਾਂ ਦੇ ਵੱਲੋਂ ਕੋਈ ਚੰਗੀਆਂ ਨੀਤੀਆਂ ਨਹੀਂ ਘੜੀਆਂ ਜਾਂਦੀਆਂ, ਉਦੋਂ ਤੱਕ ਸਾਡੇ ਮੁਲਕ ਦੇ ਕਿਸਾਨ-ਮਜ਼ਦੂਰ ਮਰਦੇ ਹੀ ਰਹਿਣਗੇ। ਕਿਸਾਨਾਂ ਦੀ ਆਮਦਨ ਵਧੇ, ਇਸ ਤੇ ਸਰਕਾਰ ਸਿਰਫ਼ ਤੇ ਸਿਰਫ਼ ਬਿਆਨਬਾਜ਼ੀ ਅਤੇ ਇਸ਼ਤਿਹਾਰਬਾਜ਼ੀ ਦੇ ਵਿੱਚ ਹੀ ਚਾਹੁੰਦੀ ਹੈ ਕਿ ਕਿਸਾਨਾਂ ਦੀ ਆਮਦਨ ਵਧਦੀ ਰਹੇ। ਇਸ ਵੇਲੇ ਦੇਸ਼ ਦੀ ਸਰਕਾਰ ਦੇ ਵੱਲੋਂ ਭਾਵੇਂ ਕਿ ਕਿਸਾਨਾਂ ਦੇ ਹੱਕ ਵਿੱਚ ਵੱਡੇ ਵੱਡੇ ਬਿਆਨ ਦਿੱਤੇ ਜਾ ਰਹੇ ਹਨ ਅਤੇ ਕਈ ਤਰ੍ਹਾਂ ਦੇ ਵਾਅਦੇ ਕਰਨ ਦੇ ਨਾਲ ਨਾਲ ਕਿਸਾਨਾਂ ਦੀਆਂ ਫ਼ਸਲਾਂ 'ਤੇ ਐਮਐਸਪੀ ਵਧਾਉਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ, ਪਰ ਅਸਲ ਦੇ ਵਿੱਚ ਕਿਸਾਨਾਂ ਦੀ ਲਾਗਤ ਦਾ ਮੁੱਲ ਵੀ ਸਰਕਾਰਾਂ ਦੇ ਵੱਲੋਂ ਨਹੀਂ ਦਿੱਤਾ ਜਾ ਰਿਹਾ।

ਦੇਸ਼ ਦੇ ਕਿਸਾਨਾਂ ਦੀ ਹਾਲਤ ਇਸ ਵੇਲੇ ਬੇਹੱਦ ਮਾੜੀ ਹੈ। ਚਾਹੀਦਾ ਇਹ ਹੈ ਕਿ ਸਰਕਾਰ ਕਿਸਾਨਾਂ ਦੀ ਮਾੜੀ ਹਾਲਤ ਦੇ ਵੱਲ ਵੇਖ ਕੇ, ਕੋਈ ਕਿਸਾਨਾਂ ਦੇ ਹਿੱਤ ਵਿੱਚ ਕਾਨੂੰਨ ਬਣਾਵੇ ਨਾ ਕਿ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਕੋਈ ਕਾਨੂੰਨ ਬਣਾ ਕੇ ਕਿਸਾਨਾਂ ਦੀ ਲੁੱਟ ਕਰੇ। ਜੇਕਰ ਅੰਨਦਾਤਾ ਬਚੇਗਾ ਤਾਂ ਹੀ ਮੁਲਕ ਬਚੇਗਾ ਨਹੀਂ ਤਾਂ, ਮੁਲਕ ਨਹੀਂ ਬਚੇਗਾ। ਜਿਹੜੇ ਕੁੱਝ ਕੁ ਲੋਕ ਇਸ ਵੇਲੇ ਕਿਸਾਨਾਂ ਦਾ ਵਿਰੋਧ ਕਰ ਰਹੇ ਹਨ, ਜੇਕਰ ਉਹ ਚਾਹੁੰਦੇ ਹਨ ਕਿ ਉਹ ਵੀ ਬਚੇ ਰਹਿਣ ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਦੇ ਨਾਲ ਖੜਨ। ਸਰਕਾਰਾਂ ਦੇ ਨਾਲ ਖੜ੍ਹ ਕੇ ਉਨ੍ਹਾਂ ਨੂੰ ਸਿਰਫ਼ ਤੇ ਸਿਰਫ਼ ਇੱਕ ਧਿਰ ਦਾ ਸਾਥ ਤਾਂ ਮਿਲ ਜਾਵੇਗਾ, ਪਰ ਰੋਟੀ ਨਹੀਂ ਮਿਲੇਗੀ। ਕਾਰਪੋਰੇਟ ਘਰਾਣੇ ਕਦੋਂ ਤੱਕ ਉਕਤ ਲੋਕਾਂ ਨੂੰ ਰੋਟੀ ਦੇ ਪਾਉਣਗੇ, ਜਿਹੜੇ ਇਸ ਵੇਲੇ ਕਿਸਾਨਾਂ ਦੇ ਵਿਰੁੱਧ ਬੋਲ ਰਹੇ ਹਨ। ਕਿਸਾਨ ਆਪਣੀਆਂ ਹੱਕੀ ਮੰਗਾਂ ਦੇ ਲਈ ਹੀ ਧਰਨੇ ਮੁਜ਼ਾਹਰੇ ਕਰਦੇ ਨੇ, ਪਰ ਕੁੱਝ ਅਖੌਤੀ ਇਨਕਲਾਬੀ ਇਹਨਾਂ ਮੁਜ਼ਾਹਰਿਆਂ ਦਾ ਮਜ਼ਾਕ ਉਡਾਉਂਦੇ ਨੇ, ਜਦੋਂ ਕਿ ਸੱਤਾ ਤੋਂ ਬਾਹਰ ਰਹਿੰਦਿਆਂ ਉਹ ਇਹਨਾਂ ਧਰਨਿਆਂ ਨੂੰ ਹੀ ਆਪਣਾ ਅਸਲ ਏਜੰਡਾ ਦੱਸ ਕੇ ਲੋਕ ਹਿੱਤਾਂ ਦੀਆਂ ਦੁਹਾਈਆਂ ਦਿੰਦੇ ਹੁੰਦੇ ਸਨ, ਖ਼ੈਰ ਵੇਖਦੇ ਹਾਂ ਕਿ ਅੱਗੇ ਸਰਕਾਰ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਬਾਰੇ ਕੋਈ ਵਿਚਾਰ ਜਾਂ ਫਿਰ ਫ਼ੈਸਲਾ ਲੈਂਦੀ ਹੈ ਜਾਂ ਫਿਰ ਇਸੇ ਤਰ੍ਹਾਂ ਹੀ ਕਿਸਾਨ ਮਰਦੇ ਰਹਿਣਗੇ।

# ਸਿਹਤ ਕਾਰਡ ਸਕੀਮ ਹੋ ਸਕਦੈ ਜਨ-ਹਿਤੈਸ਼ੀ ਕਦਮ



ਡਾ.ਪ੍ਰਭਦੀਪ ਸਿੰਘ ਚਾਵਲਾ
ਮੋ:9814656257

ਸਿਹਤ ਇਨਸਾਨ ਦੀ ਸਭ ਤੋਂ ਮਹੱਤਵਪੂਰਨ ਦੌਲਤ ਹੈ। ਪਰ ਅਚਾਨਕ ਬਿਮਾਰ ਪੈ ਜਾਣ ਜਾਂ ਗੰਭੀਰ ਰੋਗ ਦਾ ਸਾਹਮਣਾ ਕਰਨਾ ਨਾ ਸਿਰਫ ਤਕਲੀਫਦੇਹ ਹੁੰਦਾ ਹੈ, ਸਗੋਂ ਇਹ ਆਰਥਿਕ ਤੌਰ 'ਤੇ ਵੀ ਬਹੁਤ ਭਾਰੀ ਪੈਂਦਾ ਹੈ। ਕਈ ਵਾਰ ਦਵਾਈਆਂ ਅਤੇ ਇਲਾਜ ਦੇ ਭਾਰੀ ਖਰਚੇ ਕਾਰਨ ਪਰਿਵਾਰ ਗੰਭੀਰ ਮੁਸੀਬਤ ਵਿੱਚ ਫਸ ਜਾਂਦੇ ਹਨ। ਇਸੇ ਚੁਣੌਤੀ ਨੂੰ ਧਿਆਨ ਵਿੱਚ ਰੱਖਦੇ ਹੋਏ, ਪੰਜਾਬ ਸਰਕਾਰ ਨਵਾਂ ਮੁਫਤ ਇਲਾਜ ਸਿਹਤ ਕਾਰਡ ਸਕੀਮ ਲਾਂਚ ਕਰਨ ਜਾ ਰਹੀ ਹੈ। ਇਹ ਇੱਕ ਬਹੁਤ ਹੀ ਸ਼ਲਾਘਾਯੋਗ ਅਤੇ ਜਨ-ਹਿਤੈਸ਼ੀ ਕਦਮ ਹੋ ਸਕਦਾ ਹੈ।

ਸਿਹਤ ਕਾਰਡ ਤੁਹਾਡੇ ਲਈ ਕਿਵੇਂ ਫਾਇਦੇਮੰਦ ਹੋਵੇਗਾ- ਮੁਫਤ ਇਲਾਜ ਦੀ ਗਰੰਟੀ: ਇਸ ਕਾਰਡ ਦੇ ਜ਼ਰੀਏ, ਰਾਜ ਦੇ ਸਾਰੇ ਨਾਗਰਿਕਾਂ ਨੂੰ ਸਕੀਮ ਵਿੱਚ ਸ਼ਾਮਲ ਸਰਕਾਰੀ ਅਤੇ ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਵਿੱਚ ਮੁਫਤ ਇਲਾਜ ਮਿਲ ਸਕੇਗਾ। ਭਾਰੀ ਖਰਚਿਆਂ ਤੋਂ ਰਾਹਤ: ਦਿਲ ਦਾ ਦੌਰਾ, ਕੈਂਸਰ, ਗੰਭੀਰ ਚੋਟਾਂ, ਸਰਜਰੀ ਜਾਂ ਹੋਰ ਮਹਿੰਗੇ ਇਲਾਜਾਂ ਦਾ ਬੋਝ ਹਸਪਤਾਲ ਤੇ ਸਰਕਾਰ ਉਠਾਏਗੀ, ਜਿਸ ਨਾਲ ਪਰਿਵਾਰਾਂ ਨੂੰ ਆਪਣੀਆਂ ਜ਼ਮੀਨਾਂ, ਜੇਵਰ ਆਦਿ ਵੇਚਣ ਜਾਂ ਕਿਸੇ ਕਰਜ਼ੇ ਤੋਂ ਬਚਾਇਆ ਜਾ ਸਕੇਗਾ।

**ਗੁਣਵੱਤਾ ਪੂਰਨ ਸਿਹਤ ਸੇਵਾਵਾਂ ਤੱਕ ਪਹੁੰਚ** : ਕਾਰਡ ਧਾਰਕਾਂ ਨੂੰ ਸਕੀਮ ਵਿੱਚ ਵਧੀਆ ਵੱਡੇ ਪ੍ਰਾਈਵੇਟ ਹਸਪਤਾਲਾਂ ਵਿੱਚ ਵੀ ਚੰਗੀਆਂ ਸਿਹਤ ਸੇਵਾਵਾਂ ਪ੍ਰਾਪਤ ਕਰਨ ਦਾ ਮੌਕਾ ਮਿਲੇਗਾ, ਜਿੱਥੇ ਇਲਾਜ ਸੁਵਿਧਾਵਾਂ ਅਤੇ ਸਹੂਲਤਾਂ ਅਕਸਰ ਬਿਹਤਰ ਹੁੰਦੀਆਂ ਹਨ। ਇਸ ਨਾਲ ਸਰਕਾਰੀ ਹਸਪਤਾਲਾਂ 'ਤੇ ਦਬਾਅ ਕੁੱਝ ਘੱਟ ਹੋਵੇਗਾ, ਜਿਸ ਨਾਲ ਉੱਥੇ ਸਿਹਤ ਸੇਵਾਵਾਂ ਦੀ ਗੁਣਵੱਤਾ ਵਿੱਚ ਵੀ ਸੁਧਾਰ ਆ ਸਕਦਾ ਹੈ।

ਸਿਹਤ ਕਾਰਡ ਸਕੀਮ ਅਧੀਨ ਮੁਫਤ ਅਤੇ ਕੈਸ਼ਲੈੱਸ ਇਲਾਜ ਲਈ ਹਸਪਤਾਲਾਂ ਨਾਲ ਸਮਝੌਤੇ 'ਚ ਕੁੱਝ ਗੱਲਾਂ ਦਾ ਧਿਆਨ ਵਿਚ ਰੱਖਣੀਆਂ ਜ਼ਰੂਰੀ ਹਨ- ਹਸਪਤਾਲਾਂ ਨਾਲ ਇੰਪੈਨਲਮੈਂਟ ਪ੍ਰਕਿਰਿਆ ਅਤੇ ਸਮਝੌਤਾ : ਸਿਰਫ ਉਸ ਹਸਪਤਾਲ ਨਾਲ ਸਪੱਸ਼ਟ ਸਮਝੌਤਾ ਕੀਤਾ ਜਾਵੇ, ਜਿਸ ਵਿੱਚ ਇਲਾਜ ਦੀਆਂ ਦਰਾਂ ਅਤੇ ਗੁਣਵੱਤਾ ਦੇ ਮਿਆਰ ਸ਼ਾਮਲ ਹੋਣ। ਹਰੇਕ ਜਨਤਕ ਅਤੇ ਪ੍ਰਾਈਵੇਟ ਹਸਪਤਾਲ ਨਾਲ ਇਲਾਜ ਪੈਕੇਜਾਂ ਦੀ ਰੇਟ ਸੂਚੀ, ਗੁਣਵੱਤਾ ਦੇ ਮਿਆਰ, ਰਿਪੋਰਟਿੰਗ ਪ੍ਰਕਿਰਿਆ ਅਤੇ ਜਵਾਬਦੇਹੀ ਨੂੰ ਸਪੱਸ਼ਟ ਕਰਦਾ ਹੋਇਆ ਕਾਨੂੰਨੀ ਤੌਰ 'ਤੇ ਬੰਨ੍ਹਣ ਵਾਲਾ ਸਮਝੌਤਾ ਹੋਣਾ ਚਾਹੀਦਾ ਹੈ। ਹਸਪਤਾਲਾਂ ਨੂੰ ਸ਼ਾਮਿਲ ਕਰਨ ਸਮੇਂ ਉਸ ਹਸਪਤਾਲ ਦੇ ਇਨਫ੍ਰਾਸਟ੍ਰਕਚਰ, ਡਾਕਟਰਾਂ ਦੀ ਯੋਗਤਾ, ਮਸ਼ੀਨਰੀ, ਸੇਵਾਵਾਂ ਦੀ ਸਮਰੱਥਾ ਅਤੇ ਪਹਿਲਾਂ ਦੇ ਰਿਕਾਰਡ ਦੇ ਆਧਾਰ 'ਤੇ ਹੋਣੀ ਚਾਹੀਦੀ ਹੈ।

**ਆਨਲਾਈਨ ਪੋਰਟਲ** : ਸਿਹਤ ਕਾਰਡ ਸਕੀਮ ਲਈ ਇੱਕ ਵੱਖਰਾ ਮਜ਼ਬੂਤ, ਆਨਲਾਈਨ ਪੋਰਟਲ ਹੋਣਾ ਚਾਹੀਦਾ ਹੈ ਜਿੱਥੇ ਹਰ ਮਰੀਜ਼ ਦਾ ਰਿਕਾਰਡ, ਇਲਾਜ ਦਾ ਵੇਰਵਾ, ਖਰਚੇ ਅਤੇ ਦਾਅਵੇ ਰੀਅਲ-ਟਾਈਮ ਵਿੱਚ ਦਰਜ ਅਤੇ ਟਰੈਕ ਕੀਤੇ ਜਾਣ। ਬਾਇਓਮੈਟ੍ਰਿਕ (ਅੰਗੂਠੇ ਦਾ ਨਿਸ਼ਾਨ) ਜਾਂ ਫੋਟੋ ਵਰਗੇ ਤਰੀਕੇ ਨਾਲ ਮਰੀਜ਼ ਦੀ ਪਛਾਣ ਸੁਨਿਸ਼ਚਿਤ ਕੀਤੀ ਜਾਵੇ।

**ਧੋਖਾਧੜੀ 'ਤੇ ਕਾਬੂ** : ਸਰਕਾਰੀ ਟੀਮਾਂ ਦੁਆਰਾ ਪ੍ਰਾਈਵੇਟ ਹਸਪਤਾਲਾਂ ਦੇ ਅਚਾਨਕ ਮੁਆਇਨੇ ਅਤੇ ਡੀਟੇਲਡ ਆਡਿਟ ਹੋਣੇ ਚਾਹੀਦੇ ਹਨ। ਫਰਜ਼ੀ ਮਰੀਜ਼ ਦਰਜ ਕਰਨ, ਜ਼ਰੂਰਤ ਤੋਂ ਵੱਧ ਇਲਾਜ ਦੱਸਣ ਜਾਂ ਪੈਕੇਜ ਤੋਂ ਬਾਹਰ ਦੇ ਖਰਚੇ ਵਸੂਲਣ ਵਰਗੀਆਂ ਧੋਖਾਧੜੀਆਂ 'ਤੇ ਸਖਤ ਕਾਰਵਾਈ ਹੋਣੀ ਚਾਹੀਦੀ ਹੈ (ਜੁਰਮਾਨਾ, ਸਮਝੌਤਾ ਰੱਦ ਕਰਨਾ, ਮੁਕੱਦਮਾ ਚਲਾਉਣਾ)। ਸਾਲ ਵਿੱਚ ਇੱਕ ਦੋ ਵਾਰ ਬਾਹਰਲੀਆਂ ਆਡਿਟ ਏਜੰਸੀਆਂ ਤੋਂ ਵੀ ਚੈੱਕ ਕਰਵਾਇਆ ਜਾ ਸਕਦਾ ਹੈ। ਸਿਰਫ ਖਰਚੇ ਵਸੂਲਣਾ ਹੀ ਨਹੀਂ, ਇਲਾਜ ਦੀ ਗੁਣਵੱਤਾ ਨੂੰ ਵੀ ਪ੍ਰਮਾਣਿਤ ਕੀਤਾ ਜਾਵੇ।

**ਹਸਪਤਾਲ ਦੀ ਚੋਣ ਅਤੇ ਜਾਣਕਾਰੀ** : ਮਰੀਜ਼ ਨੂੰ ਇਲਾਜ ਦੇ ਵਿਕਲਪਾਂ ਅਤੇ ਸੰਭਾਵਿਤ ਜ਼ੋਖਮਾਂ ਜਾਂ ਔਕੜਾਂ ਬਾਰੇ ਸਪੱਸ਼ਟ ਜਾਣਕਾਰੀ ਦਿੱਤੀ ਜਾਵੇ। ਜੇਕਰ ਸਮਰੱਥਾ ਹੋਵੇ, ਤਾਂ ਮਰੀਜ਼ ਨੂੰ ਸਕੀਮ ਅਧੀਨ ਆਉਣ ਵਾਲੇ ਕਈ ਹਸਪਤਾਲਾਂ ਵਿੱਚੋਂ ਚੋਣ ਕਰਨ ਦਾ ਅਧਿਕਾਰ ਹੋਵੇ। ਉਸਨੂੰ ਧੱਕੇ ਨਾਲ ਕਿਸੇ ਹਸਪਤਾਲ ਵੱਲ ਧੱਕਿਆ ਨਾ ਜਾਵੇ।

**ਕਾਰਡ ਧਾਰਕਾਂ ਨਾਲ ਭੇਦਭਾਵ** : ਕਾਰਡ ਧਾਰਕ ਮਰੀਜ਼ਾਂ ਨਾਲ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ ਅਤੇ ਉਹਨਾਂ ਨੂੰ ਉਹੀ ਦੇਖਭਾਲ ਅਤੇ ਸਨਮਾਨ ਮਿਲਣਾ ਚਾਹੀਦਾ ਹੈ ਜੋ ਪੂਰੀ ਕੀਮਤ ਅਦਾ ਕਰਨ ਵਾਲੇ ਮਰੀਜ਼ਾਂ ਨੂੰ ਮਿਲਦਾ ਹੈ।

**ਪਾਰਦਰਸ਼ੀ ਪੈਕੇਜ ਰੇਟ** : ਹਰ ਬਿਮਾਰੀ/ਇਲਾਜ ਲਈ ਮਿਆਰੀ ਪੈਕੇਜ ਕੀਮਤਾਂ ਪਹਿਲਾਂ ਹੀ ਤੈਅ ਕੀਤੀਆਂ ਜਾਣ ਅਤੇ ਜਨਤਕ ਕੀਤੀਆਂ ਜਾਣ। ਇਹ ਦਰਾਂ ਸਮੁੱਚੇ ਇਲਾਜ ਜਿਸ ਵਿੱਚ ਲੈਬ ਟੈਸਟ, ਦਵਾਈਆਂ, ਸਰਜਰੀ, ਰਹਿਣ-ਖਰਚ ਆਦਿ ਨੂੰ ਕਵਰ ਕਰਨ ਵਾਲੀਆਂ ਹੋਣੀਆਂ ਚਾਹੀਦੀਆਂ ਹਨ। ਮਰੀਜ਼ ਨੂੰ ਇਲਾਜ ਬਾਰੇ ਪੂਰੀ ਜਾਣਕਾਰੀ ਅਤੇ ਹਸਪਤਾਲ ਚੁਣਨ ਦਾ ਅਧਿਕਾਰ ਮਿਲੇ।

**ਸਿਹਤ ਕਾਰਡ ਬਨਾਉਣ ਦੀ ਪ੍ਰਕਿਰਿਆ** : ਕਾਰਡ ਬਣਵਾਉਣ ਦੀ ਪ੍ਰਕਿਰਿਆ ਬਹੁਤ ਸੌਖੀ ਅਤੇ ਕਾਗਜ਼ੀ ਕਾਰਵਾਈ ਤੋਂ ਮੁਕਤ ਹੋਣੀ ਚਾਹੀਦੀ ਹੈ। ਆਧਾਰ ਕਾਰਡ ਨਾਲ ਲਿੰਕ ਕਰਨਾ ਫਾਇਦੇਮੰਦ ਹੋ ਸਕਦਾ ਹੈ। ਪਰ ਹਰ ਲਾਭਪਾਤਰੀ ਲਈ ਆਭਾ ਆਈ.ਡੀ ਬਨਾਉਣੀ ਲਾਜ਼ਮੀ ਕੀਤੀ ਜਾਵੇ ਤਾਂ ਜੋ ਹਰ ਮਰੀਜ਼ ਦਾ ਸਿਹਤ ਰਿਕਾਰਡ ਡਿਜ਼ੀਟਲ ਹੋ ਜਾਵੇ।

**ਹੈਲਪਲਾਈਨ** : ਮਰੀਜ਼ਾਂ ਲਈ ਅਸਾਨੀ ਨਾਲ ਸ਼ਿਕਾਇਤ ਦਰਜ ਕਰਵਾਉਣ ਅਤੇ ਉਨ੍ਹਾਂ ਦੀ ਤੁਰੰਤ ਮਦਦ ਲਈ ਇੱਕ ਯਾਦ-ਰੱਖਣ ਵਾਲਾ ਨੰਬਰ ਹੋਣਾ ਚਾਹੀਦਾ ਹੈ ਜੋ ਸਿਹਤ ਕਾਰਡ ਦੇ ਉੱਪਰ ਹੀ ਲਿਖਿਆ ਹੋਵੇ ਤਾਂ ਜੋ ਤੁਰੰਤ ਲੋੜ ਪੈਣ 'ਤੇ ਕਾਰਡ ਧਾਰਕ ਕਾਲ ਕਰਕੇ ਹੈਲਪਲਾਈਨ ਦੀ ਮਦਦ ਲੈ ਸਕੇ।

**ਭੁਗਤਾਨ ਅਤੇ ਪਾਰਦਰਸ਼ਤਾ** : ਇੰਪੈਨਲਡ ਹਸਪਤਾਲਾਂ ਨੂੰ ਦਾਅਵਿਆਂ ਦਾ ਭੁਗਤਾਨ 30 ਦਿਨਾਂ ਅੰਦਰ-ਅੰਦਰ ਕਰੋ, ਦੇਰੀ ਨਾਲ ਭੁਗਤਾਨ ਹਸਪਤਾਲਾਂ ਦੇ ਉਤਸ਼ਾਹ ਨੂੰ ਘਟਾਉਂਦਾ ਹੈ ਅਤੇ ਸਕੀਮ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

**ਜਨਤਕ ਜਾਗਰੂਕਤਾ**: ਹਰ ਪਿੰਡ-ਕਸਬੇ ਵਿੱਚ ਸਿਹਤ ਸਟਾਫ ਅਤੇ ਭਰਤੀ ਸਿਹਤ ਬੀਮਾ ਕਾਰਡ ਯੋਜਨਾ ਦਾ ਸਟਾਫ ਲੋਕਾਂ ਨੂੰ ਸਮਝਾਏ ਕਿ ਕਾਰਡ ਕਿਵੇਂ, ਕਿੱਥੇ ਅਤੇ ਕਦੋਂ ਵਰਤਣਾ ਹੈ, ਸੂਚੀਬੱਧ ਹਸਪਤਾਲਾਂ ਦੀ ਸੂਚੀ ਅਤੇ ਹਸਪਤਾਲਾਂ ਵਿੱਚ ਮੌਜੂਦ ਸੁਵਿਧਾਵਾਂ ਬਾਰੇ ਸੁਚੇਤ ਕੀਤਾ ਜਾਵੇ।

ਇਹ ਸਿਹਤ ਕਾਰਡ ਪੰਜਾਬੀਆਂ ਲਈ ਆਰਥਿਕ ਸੁਰੱਖਿਆ ਕਵਚ ਬਣ ਸਕਦਾ ਹੈ, ਪਰ ਇਸਦੀ ਸਫਲਤਾ ਪਾਰਦਰਸ਼ੀ ਯੋਜਨਾ, ਸਖ਼ਤ ਨਿਗਰਾਨੀ ਅਤੇ ਜਨਤਕ ਸਹਿਯੋਗ 'ਤੇ ਨਿਰਭਰ ਹੈ। ਸਰਕਾਰ ਨੂੰ ਪੁਰਾਣੀਆਂ ਸਿਹਤ ਬੀਮਾ ਕਾਰਡ ਯੋਜਨਾਵਾਂ ਤੋਂ ਹਾਸਲ ਤਜ਼ਰਬਿਆਂ ਤੋਂ ਸਬਕ ਲੈਣੇ ਚਾਹੀਦੇ ਹਨ ਤਾਂ ਜੋ ਇਸ ਨਵੀਂ ਸਿਹਤ ਬੀਮਾ ਯੋਜਨਾ ਲੋਕਾਂ ਲਈ ਲਾਹੇਵੰਦ ਸਿੱਧ ਹੋਵੇ।

# ਮਾਝਾ-ਦੁਆਬਾ
ਆਸ ਪਾਸ

## ਵਰਲਡ ਸਿੱਖ ਚੈਂਬਰ ਆਫ਼ ਕਾਮਰਸ ਵੱਲੋਂ ਜਥੇਦਾਰ ਗੜਗੱਜ ਦਾ ਸਨਮਾਨ



ਅੰਮ੍ਰਿਤਸਰ, 17 ਜੁਲਾਈ, (ਬਬਲੂ ਮਹਾਜਨ) : ਵਰਲਡ ਸਿੱਖ ਚੈਂਬਰ ਆਫ਼ ਕਾਮਰਸ ਦੇ ਵਫਦ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵਿਸ਼ੇਸ਼ ਮੁਲਾਕਾਤ ਕਰਕੇ ਉਨ੍ਹਾਂ ਦਾ ਸਿਰੋਪਾਓ, ਸ੍ਰੀ ਸਾਹਿਬ ਅਤੇ ਫੁੱਲਾਂ ਦਾ ਸਿਹਰਾ ਦੇ ਕੇ ਸਨਮਾਨ ਕੀਤਾ। ਇਸ ਵਫਦ ਵਿੱਚ ਭਾਰਤ ਦੇ ਦਸ ਵੱਖ-ਵੱਖ ਸੂਬਿਆਂ ਤੋਂ 30 ਤੋਂ ਵੱਧ ਵਰਲਡ ਸਿੱਖ ਚੈਂਬਰ ਆਫ਼ ਕਾਮਰਸ ਦੇ ਮੈਂਬਰ ਸ਼ਾਮਲ ਸਨ। ਵਫਦ ਵੱਲੋਂ ਇਸ ਮੌਕੇ ਹਾਜ਼ਰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਟੇਕ ਸਿੰਘ ਨੂੰ ਵੀ ਸਿਰੋਪਾਓ ਅਤੇ ਫੁੱਲਾਂ ਦੇ ਸਿਹਰੇ ਨਾਲ ਸਨਮਾਨ ਕੀਤਾ ਗਿਆ।

ਵਫਦ ਵੱਲੋਂ ਮੁਲਾਕਾਤ ਦੌਰਾਨ ਪੰਥਕ ਅਤੇ ਕੌਮੀ ਸਰੋਕਾਰਾਂ ਨਾਲ ਜੁੜੇ ਕੁਝ ਸੁਝਾਅ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਦਿੱਤੇ ਗਏ ਕਿ ਸਿੱਖ ਸ਼ਕਤੀ ਨੂੰ ਇਕਜੁੱਟ ਕਰਕੇ ਸਾਰਥਕ ਢੰਗ ਨਾਲ ਕੌਮ ਦੇ ਭਵਿੱਖ ਅਤੇ ਲੋੜਵੰਦਾਂ ਦੀ ਭਲਾਈ ਲਈ ਲਗਾਇਆ ਜਾ ਸਕੇ। ਵਫਦ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸਮਾਗਮਾਂ ਨੂੰ ਯਾਦਗਾਰੀ ਬਣਾਉਣ ਲਈ ਵੀ ਆਖਿਆ ਅਤੇ ਇਸ ਲਈ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ। ਵਫਦ ਵੱਲੋਂ ਇੱਕ ਸੁਤੰਤਰ ਸਿੱਖ ਐਜੂਕੇਸ਼ਨ ਬੋਰਡ ਦੀ ਸਥਾਪਨਾ ਦਾ ਸੁਝਾਅ ਵੀ ਦਿੱਤਾ ਗਿਆ। ਇਸ ਦੇ ਨਾਲ ਹੀ ਪੰਥਕ ਇਕਜੁੱਟਤਾ ਅਤੇ ਕੌਮ ਵੱਲੋਂ ਸਾਰਥਕ ਢੰਗ ਨਾਲ ਲੰਗਰ ਲਗਾਉਣ ਉੱਤੇ ਸ਼ਕਤੀ ਤੇ ਸਾਧਨ ਖਰਚ ਕਰਨ ਸਬੰਧੀ ਵੀ ਵਿਚਾਰਾਂ ਹੋਈਆਂ।

ਵਰਲਡ ਸਿੱਖ ਚੈਂਬਰ ਆਫ਼ ਕਾਮਰਸ ਦੇ ਪ੍ਰਧਾਨ ਸ. ਪਰਮੀਤ ਸਿੰਘ ਨੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਨਿਭਾਈ ਜਾ ਰਹੀ ਭੂਮਿਕਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਿੰਘ ਸਾਹਿਬ ਨਾਲ ਇਹ ਮੁਲਾਕਾਤ ਸਿੱਖ ਸ਼ਕਤੀ ਨੂੰ ਸਮੂਹਿਕ ਰੂਪ ਵਿੱਚ ਸਮਰੱਥ ਬਣਾਉਣ ਅਤੇ ਪ੍ਰਗਤੀਸ਼ੀਲ ਪੰਥਕ ਇਕਜੁੱਟਤਾ ਲਈ ਇਤਿਹਾਸਕ ਰਹੀ। ਉਨ੍ਹਾਂ ਭਵਿੱਖ ਵਿੱਚ ਸੰਯੁਕਤ ਉਪਰਾਲਿਆਂ ਲਈ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ।

## ਹੈਰੀਟੇਜ ਸਟਰੀਟ ਉੱਪਰ ਲੱਗੇ ਵਾਟਰ ਏ.ਟੀ.ਐਮ. ਹੋਏ ਚਾਲੂ




ਅੰਮ੍ਰਿਤਸਰ, 17 ਜੁਲਾਈ, (ਬਬਲੂ ਮਹਾਜਨ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ਹਿਰਾਂ ਦੀਆਂ ਸੜਕਾਂ ਨੂੰ ਸੁਰੱਖਿਅਤ ਅਤੇ ਸਾਫ ਸੁਥਰਾ ਬਣਾਉਣ ਲਈ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਦਾ ਸਹਿਯੋਗ ਲੈਣ ਲਈ ਜੋ ਰੋਡ ਅਡਾਪਸ਼ਨ ਦੀ ਤਜਵੀਜ਼ ਦਿੱਤੀ ਗਈ ਸੀ, ਉਸ ਉੱਤੇ ਕੰਮ ਕਰਦੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੱਲੋਂ ਕੀਤੀ ਗਈ ਕੋਸ਼ਿਸ਼ ਨੇ ਵਧੀਆ ਪ੍ਰਭਾਵ ਦੇਣਾ ਸ਼ੁਰੂ ਕਰ ਦਿੱਤਾ ਹੈ। ਡਿਪਟੀ ਕਮਿਸ਼ਨਰ ਸ੍ਰੀਮਤੀ ਸਾਹਨੀ ਵੱਲੋਂ ਵਿਰਾਸਤੀ ਮਾਰਗ ਜੋ ਕਿ ਸ੍ਰੀ ਦਰਬਾਰ ਸਾਹਿਬ ਨੂੰ ਜਾਣ ਵਾਲਾ ਮੁੱਖ ਰਸਤਾ ਹੈ, ਵਿਖੇ ਕੀਤੇ ਗਏ ਨਿਰੀਖਣ ਸਦਕਾ ਉੱਥੇ ਸਾਫ ਸਫਾਈ ਦਾ ਕੰਮ ਬਿਹਤਰ ਹੋਇਆ ਹੈ, ਇਸ ਦੇ ਨਾਲ ਹੀ ਉੱਥੇ ਸੰਗਤਾਂ ਦੀ ਸਹੂਲਤ ਲਈ ਲਗਾਏ ਗਏ ਵਾਟਰ ਏ ਟੀ ਐਮ ਵੀ ਚਾਲੂ ਕੀਤੇ ਜਾ ਰਹੇ ਹਨ। ਉਹਨਾਂ ਦੱਸਿਆ ਕਿ ਅੱਜ ਤੱਕ ਸੱਤ ਵਾਟਰ ਏ ਟੀ ਐਮ ਚਾਲੂ ਹੋ ਗਏ ਹਨ ਅਤੇ ਤਿੰਨ ਚਲਾਉਣ ਲਈ ਕੰਮ ਜਾਰੀ ਹੈ।

ਅੱਜ ਡਿਪਟੀ ਕਮਿਸ਼ਨਰ ਸ਼੍ਰੀਮਤੀ ਸਾਹਨੀ ਨੇ ਜ਼ਿਲ੍ਹੇ ਦੀਆਂ ਸਾਰੀਆਂ ਸੜਕਾਂ ਉੱਤੇ ਅਧਿਕਾਰੀਆਂ ਵੱਲੋਂ ਕੀਤੇ ਗਏ ਨਿਰੀਖਣ ਲਈ ਵਿਸ਼ੇਸ਼ ਮੀਟਿੰਗ ਕੀਤੀ। ਇਸ ਵਿੱਚ ਉਹਨਾਂ ਨੇ ਅਧਿਕਾਰੀਆਂ ਦੇ ਨਾਲ ਨਾਲ ਜ਼ਿਲ੍ਹੇ ਦੀ ਸਨਅਤ ਵੱਲੋਂ ਫੀਡਬੈਕ ਵਜੋਂ ਮਿਲ ਰਹੇ ਸਹਿਯੋਗ ਲਈ ਧੰਨਵਾਦ ਵੀ ਕੀਤਾ। ਉਹਨਾਂ ਕਿਹਾ ਕਿ ਅਸੀਂ ਜੋ ਲੋਕਾਂ ਨਾਲ ਗੂਗਲ ਲਿੰਕ ਸ਼ੇਅਰ ਕਰਕੇ ਫੀਡਬੈਕ ਲਈ ਸੀ, ਉਸ ਵਿੱਚ ਲੋਕਾਂ ਨੇ ਸੈਂਕੜੇ ਦੀ ਗਿਣਤੀ ਵਿੱਚ ਭਾਗ ਲਿਆ ਹੈ ਅਤੇ ਅਸੀਂ ਉਨ੍ਹਾਂ ਵਿਚਾਰਾਂ ਤੋਂ ਵਧੀਆ ਅਗਵਾਈ ਲੈ ਕੇ ਕੰਮ ਕਰ ਰਹੇ ਹਾਂ।

ਉਹਨਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬਰਸਾਤ ਦੇ ਚਲਦੇ ਤਰਜ਼ੀਹੀ ਅਧਾਰ ਉੱਤੇ ਸੜਕਾਂ ਉੱਤੇ ਖੜ੍ਹਾ ਹੁੰਦਾ ਪਾਣੀ ਕੱਢਣ ਦੇ ਪ੍ਰਬੰਧ ਤੁਰੰਤ ਕੀਤੇ ਜਾਣ, ਸਟਰੀਟ ਲਾਈਟਾਂ ਚਾਲੂ ਕੀਤੀਆਂ ਜਾਣ ਅਤੇ ਸੀਵਰੇਜ਼ ਹੋਲ ਦਾ ਖਾਸ ਖਿਆਲ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਸ਼ਹਿਰਾਂ ਅਤੇ ਕਸਬਿਆਂ ਦੀਆਂ ਸੜਕਾਂ ਉੱਤੇ ਦੁਕਾਨਦਾਰਾਂ ਵੱਲੋਂ ਕੀਤੇ ਨਜਾਇਜ਼ ਕਬਜ਼ੇ ਅਤੇ ਬਰਸਾਤ ਕਾਰਨ ਡਿੱਗੇ ਦਰਖਤਾਂ ਨੂੰ ਤੁਰੰਤ ਹਟਾਇਆ ਜਾਵੇ। ਉਹਨਾਂ ਇਸ ਤੋਂ ਇਲਾਵਾ ਆਵਾਜਾਈ ਵਿੱਚ ਵਿਘਨ ਪਾਉਂਦੇ ਦਰਖਤਾਂ ਨੂੰ ਛਾਂਗਣ ਦੀ ਹਦਾਇਤ ਵੀ ਕੀਤੀ। ਅੱਜ ਦੀ ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ ਰੋਹਿਤ ਗੁਪਤਾ, ਵਧੀਕ ਡਿਪਟੀ ਕਮਿਸ਼ਨਰ ਅਮਨਦੀਪ ਕੌਰ, ਸਹਾਇਕ ਕਮਿਸ਼ਨਰ ਸੁਰਿੰਦਰ ਸਿੰਘ, ਐਸਡੀਐਮ ਮਨਕੰਵਲ ਸਿੰਘ ਚਾਹਲ, ਐਸਡੀਐਮ ਗੁਰਸਿਮਰਨ ਸਿੰਘ ਢਿੱਲੋਂ ਅਤੇ ਸਾਰੇ ਵਿਭਾਗਾਂ ਦੇ ਜ਼ਿਲ੍ਹਾ ਮੁਖੀ ਹਾਜ਼ਰ ਸਨ।

## ਪਿਮਸਿਪ ਪ੍ਰੋਜੈਕਟ ਅਧੀਨ ਚਲ ਰਹੇ ਵਿਕਾਸ ਕੰਮਾਂ ਦੀ ਵਧੀਕ ਕਮਿਸ਼ਨਰ ਵੱਲੋਂ ਸਮੀਖਿਆ



ਅੰਮ੍ਰਿਤਸਰ, 17 ਜੁਲਾਈ, (ਗੁਰਦਿਆਲ ਸਿੰਘ) : ਅੱਜ ਨਗਰ ਨਿਗਮ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਮਿਊਂਸੀਪਲ ਸਰਵਿਸਿਜ ਇੰਪਰੂਵਮੈਂਟ ਪ੍ਰੋਜੈਕਟ ਦੀ ਸਮੀਖਿਆ ਕਰਨ ਲਈ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਵੱਲੋਂ ਇਕ ਮੀਟਿੰਗ ਕੀਤੀ ਗਈ। ਇਹ ਪ੍ਰੋਜੈਕਟ ਵਿਸ਼ਵ ਬੈਂਕ ਅਤੇ ਏ.ਆਈ.ਆਈ. ਬੀ ਦੇ ਸਹਿਯੋਗ ਨਾਲ ਨਗਰ ਨਿਗਮ ਅੰਮ੍ਰਿਤਸਰ ਵਲੋਂ ਚਲਾਇਆ ਜਾ ਰਿਹਾ ਹੈ ਅਤੇ ਇਸ ਪ੍ਰੋਜੇਕਟ ਅਧੀਨ ਅੰਮ੍ਰਿਤਸਰ ਬਲਕ ਵਾਟਰ ਸਪਲਾਈ ਸਕੀਮ ਪ੍ਰੋਜੈਕਟ ਤੇ ਕੰਮ ਕੀਤਾ ਜਾ ਰਿਹਾ ਹੈ ਜਿਸ ਦੇ ਤਹਿਤ ਆਉਣ ਵਾਲੇ ਸਮੇਂ ਵਿੱਚ ਅਪਰ ਬਾਰੀ ਦੁਆਬ ਨਹਿਰ ਦਾ ਪਾਣੀ ਸਾਫ ਕਰਕੇ ਘਰ-2 ਪਹੁੰਚਾਇਆ ਜਾਵੇਗਾ। ਮੀਟਿੰਗ ਦੌਰਾਨ ਵਧੀਕ ਕਮਿਸ਼ਨਰ ਨੂੰ ਇਸ ਪ੍ਰੋਜੈਕਟ ਅਧੀਨ ਚਲ ਰਹੇ ਵਿਕਾਸ ਕਾਰਜਾ ਦੀ ਪ੍ਰਗਤੀ ਰਿਪੋਰਟ ਜਾਣਕਾਰੀ ਦਿਤੀ ਗਈ ਅੱਜ ਦੀ ਇਸ ਮੀਟਿੰਗ ਵਿੱਚ ਪ੍ਰੋਜੈਕਟ ਮੈਨੇਜਰ ਕੁਲਦੀਪ ਸਿੰਘ ਸੈਨੀ ਐਸ.ਈ ਪ੍ਰੋਜੈਕਟ ਜਤਿਨ ਵਾਸੂਦੇਵ, ਨਰਿੰਦਰ ਪਾਲ ਸਿੰਘ ਸੀਨੀਅਰ ਕਨਸਟਰਕਸ਼ਨ ਮੈਨੇਜਰ ਅਸ਼ਵਨੀ ਸ਼ਰਮਾ, ਰਣਜੀਤ ਸਿੰਘ ਐਸ.ਡੀ.ਓ, ਮਨਮੀਤ ਸਿੰਘ, ਅਤੇ ਐਲ.ਐਂਡ.ਟੀ ਕੰਪਨੀ ਦੇ ਕਲਸਟਰ ਹੈਡ ਤੋ ਇਲਾਵਾ ਹੋਰ ਅਧਿਕਾਰੀ ਸ਼ਾਮਲ ਸਨ।

ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਨੇ ਦਸਿਆ ਕਿ ਪੰਜਾਬ ਮਿਊਂਸੀਪਲ ਸਰਵਿਸਜ਼ ਇੰਪਰੂਵਮੈਂਟ ਪ੍ਰੋਜੈਕਟ ਅਧੀਨ ਸਾਰੇ ਵਿਕਾਸ ਦੇ ਕੰਮ ਬੜੇ ਤੇਜ਼ੀ ਨਾਲ ਮੁਕੰਮਲ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ ਐਲ.ਐਂਡ.ਟੀ ਕੰਪਨੀ ਨੂੰ ਕਿਹਾ ਗਿਆ ਕਿ ਕੰਪਨੀ ਵੱਲੋਂ ਹਰ ਮੀਟਿੰਗ ਵਿੱਚ ਕੰਮ ਪੂਰਾ ਕਰਨ ਦੀ ਸਮੇਂ ਸੀਮਾ ਨੂੰ ਧਿਆਨ ਵਿੱਚ ਰਖਦੇ ਹੋਏ ਮਜਦੂਰਾਂ ਦੀ ਗਿਣਤੀ ਜਲਦੀ ਤੋ ਜਲਦੀ ਵਧਾਉਣ ਦਾ ਆਸ਼ਵਾਸ਼ਨ 'ਤੇ ਦਿੱਤਾ ਜਾਂਦਾ ਰਿਹਾ ਹੈ ਪਰ ਅਸਲ ਵਿੱਚ ਅਜੇ ਤੱਕ ਮਜਦੂਰਾਂ ਦੀ ਗਿਣਤੀ ਨਹੀ ਵਧਾਈ ਗਈ, ਜਿਸ ਨਾਲ ਟੰਕੀਆਂ ਬਣਾਉਣ ਦੇ ਸਾਰੇ ਕੰਮ ਬੜੀ ਹੀ ਧੀਮੀ ਗਤੀ ਨਾਲ ਕੀਤੇ ਜਾ ਰਹੇ ਹਨ। ਵਧੀਕ ਕਮਿਸ਼ਨਰ ਨੇ ਕੰਪਨੀ ਦੇ ਕਲਸਟਰ ਹੈਡ ਸੰਜੇ ਕੁਮਾਰ ਨੂੰ ਉਚੇਚੇ ਤੌਰ ਤੇ ਜਲਦ ਜਲਦ ਮਜ਼ਦੂਰਾਂ ਦੀ ਗਿਣਤੀ ਵਧਾਉਣ ਅਤੇ ਸਾਰੀਆਂ ਟੰਕੀਆਂ ਦਾ ਕੰਮ ਜੰਗੀ ਪੱਧਰ 'ਤੇ ਨਿਬੇੜਨ ਦੀਆਂ ਹਦਾਇਤਾਂ ਦਿੱਤੀਆਂ। ਉਹਨਾਂ ਇਹ ਵੀ ਕਿਹਾ ਕਿ ਕੰਪਨੀ ਵਲੋਂ ਪਾਇਪਾ ਵਿਛਾਉਣ ਦਾ ਕੰਮ ਵੀ ਬੜਾ ਹੀ ਧੀਮੀ ਗਤੀ ਨਾਲ ਕੀਤਾ ਜਾ ਰਿਹਾ ਹੈ ਅਤੇ ਜੋ ਸੜਕਾਂ ਪਾਇਪਾ ਵਿਛਾਉਣ ਲਈ ਤੋੜੀਆਂ ਗਈਆਂ ਹਨ ਉਹਨਾਂ ਦੀ ਰੈਸਟੋਰੇਸ਼ਨ ਵੀ ਸਹੀ ਤਰੀਕੇ ਨਹੀ ਕੀਤੀ ਜਾ ਰਹੀ। ਵਧੀਕ ਕਮਿਸ਼ਨਰ ਨੇ ਕੰਪਨੀ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕੰਮ ਵਿੱਚ ਤੇਜੀ ਲਿਆਂਦੀ ਜਾਵੇ ਅਤੇ ਤੋੜੀਆਂ ਸੜਕਾਂ ਦੀ ਰੈਸਟੋਰੇਸ਼ਨ ਦਾ ਕੰਮ ਵੀ ਜਲਦ ਤੋ ਜਲਦ ਕੀਤਾ ਜਾਵੇ ਕਿਉਂ ਜੋ ਬਰਸਾਤ ਦੇ ਮੌਸਮ ਵਿੱਚ ਸ਼ਹਿਰਵਾਸੀਆਂ ਨੂੰ ਬੜੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਧੀਕ ਕਮਿਸ਼ਨਰ ਨੇ ਦਸਿਆ ਕਿ ਇਸ ਪ੍ਰੋਜੈਕਟ ਅਧੀਨ ਆਉਣ ਵਾਲੇ ਸਮੇਂ ਵਿੱਚ ਨਗਰ ਨਿਗਮ ਦੀਆਂ ਸੇਵਾਵਾ ਨੂੰ ਡਿਜੀਟਲਾਇਜ਼ ਕੀਤਾ ਜਾ ਰਿਹਾ ਹੈ, ਤਾਂ ਸ਼ਹਿਰਵਾਸੀਆ ਨੂੰ ਸੇਵਾਵਾਂ ਦਾ ਲਾਭ ਆਸਾਨੀ ਨਾਲ ਅਤੇ ਸਮੇਂ ਸਿਰ ਮਿਲ ਸਕੇ।

## ਸਰਹੱਦੀ ਖੇਤਰ ਭੂਰੇ ਗਿੱਲ ਵਿਖੇ ਨਸ਼ਾ ਸਮਗਲਰ ਦਾ ਘਰ ਪੰਚਾਇਤ ਵਿਭਾਗ ਨੇ ਢਾਹਿਆ




ਅਜਨਾਲਾ, 17 ਜੁਲਾਈ, (ਸੁਖਦੇਵ ਸਿੰਘ ਖਾਲਸਾ) : ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਵਿੱਚੋਂ ਨਸ਼ੇ ਦੇ ਖਾਤਮੇ ਲਈ ਸ਼ੁਰੂ ਕੀਤੇ ਗਏ ਯੁੱਧ ਨਸ਼ੇ ਵਿਰੁੱਧ ਤਹਿਤ ਕਾਰਵਾਈ ਕਰਦੇ ਹੋਏ ਪੰਚਾਇਤ ਵਿਭਾਗ ਨੇ ਪੁਲਿਸ ਦੀ ਮਦਦ ਨਾਲ ਸਰਹੱਦੀ ਪਿੰਡ ਭੂਰੇ ਗਿੱਲ, ਥਾਣਾ ਰਮਦਾਸ ਦੇ ਰਹਿਣ ਵਾਲੇ ਗਗਨਦੀਪ ਸਿੰਘ ਪੁੱਤਰ ਇਕਬਾਲ ਸਿੰਘ, ਜੋ ਕਿ ਚਿੱਟੇ ਦਾ ਸਮਗਲਰ ਹੈ, ਦਾ ਨਜਾਇਜ਼ ਬਣਾਇਆ ਗਿਆ ਘਰ ਮਲੀਆਮੇਟ ਕਰ ਦਿੱਤਾ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਪੁਲਿਸ ਮੁਖੀ ਮਨਿੰਦਰ ਸਿੰਘ ਨੇ ਦੱਸਿਆ ਕਿ ਉਕਤ ਗਗਨਦੀਪ ਸਿੰਘ ਖਿਲਾਫ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਵਿੱਚ ਵੱਖ-ਵੱਖ ਧਰਾਵਾਂ ਅਧੀਨ ਛੇ ਮੁਕਦਮੇ ਦਰਜ ਹਨ ਅਤੇ ਇਸ ਨੇ ਪਿੰਡ ਭੂਰੇ ਗਿੱਲ ਦੀ ਪੰਚਾਇਤੀ ਜਮੀਨ ਉਤੇ ਨਾਜਾਇਜ਼ ਕਬਜ਼ਾ ਕਰਕੇ ਆਪਣਾ ਘਰ ਬਣਾਇਆ ਹੋਇਆ ਸੀ। ਜਿਸ ਸਬੰਧ ਵਿੱਚ ਪਿੰਡ ਦੀ ਸਮੁੱਚੀ ਪੰਚਾਇਤ ਅਤੇ ਸਰਪੰਚ ਵੱਲੋਂ ਇਸ ਦੇ ਖਿਲਾਫ ਮਤਾ ਪਾ ਕੇ ਬੀਡੀਪੀਓ ਰਮਦਾਸ ਦੀ ਸਹਾਇਤਾ ਮੰਗੀ ਗਈ ਅਤੇ ਅੱਜ ਬੀਡੀਪੀਓ ਰਮਦਾਸ ਸ੍ਰੀ ਪਵਨ ਕੁਮਾਰ ਵੱਲੋਂ ਪੁਲਿਸ ਦੀ ਮਦਦ ਨਾਲ ਨਸ਼ਟ ਕਰਕੇ ਉਸ ਦਾ ਕਬਜ਼ਾ ਬੀਡੀਪੀਓ ਰਮਦਾਸ ਰਾਹੀਂ ਪਿੰਡ ਦੀ ਪੰਚਾਇਤ ਨੂੰ ਦਿੱਤਾ ਗਿਆ। ਉਹਨਾਂ ਕਿਹਾ ਕਿ ਪੰਜਾਬ ਪੁਲਿਸ ਨਸ਼ੇ ਦੇ ਖਾਤਮੇ ਲਈ ਨਸ਼ਾ ਤਸਕਰਾਂ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਅਮਲ ਵਿੱਚ ਲਿਆਵੇਗੀ। ਇਸ ਮੌਕੇ ਪਹੁੰਚੇ ਐਸ ਪੀ ਹੈਡਕੁਆਰਟਰ ਸ੍ਰੀ ਅਦਿਤਿਆ ਵਾਰੀਅਰ ਨੇ ਦੱਸਿਆ ਕਿ ਗਗਨਦੀਪ ਸਿੰਘ ਇਸ ਵਕਤ ਭਗੌੜਾ ਚੱਲ ਰਿਹਾ ਹੈ। ਗਗਨਦੀਪ ਸਿੰਘ ਵੱਲੋਂ ਨਸ਼ਿਆਂ ਦਾ ਕਾਰੋਬਾਰ ਕਰਕੇ ਨਸ਼ਿਆਂ ਦੀ ਕਾਲੀ ਕਮਾਈ ਨਾਲ ਇਹ ਘਰ ਬਣਾਇਆ ਹੋਇਆ ਸੀ ਇਸ ਲਈ ਇਹ ਘਰ ਜਾਬਤੇ ਅਨੁਸਾਰ ਖਾਲੀ ਕਰਵਾ ਕੇ ਜਗ੍ਹਾ ਪੰਚਾਇਤ ਦੇ ਹਵਾਲੇ ਕੀਤੀ ਗਈ ਹੈ। ਉਹਨਾਂ ਕਿਹਾ ਕਿ ਗਗਨਦੀਪ ਸਿੰਘ ਵਰਗੇ ਹੋਰ ਨਸ਼ਾ ਤਸਕਰਾਂ ਨੂੰ ਇਹ ਸਖਤ ਤਾੜਨਾ ਹੈ ਕਿ ਉਹ ਜਾਂ ਤਾਂ ਮਾੜੇ ਕੰਮ ਛੱਡ ਕੇ ਮੁੱਖਧਾਰਾ ਵਿੱਚ ਸ਼ਾਮਿਲ ਹੋ ਕੇ ਆਮ ਜਿੰਦਗੀ ਬਤੀਤ ਕਰਨ, ਨਹੀਂ ਤਾਂ ਜੇਲ ਜਾਣ ਲਈ ਤਿਆਰ ਰਹਿਣ। ਅਜਿਹੇ ਹੋਰ ਨਸ਼ਾ ਤਸਕਰਾਂ ਦੇ ਖਿਲਾਫ ਆਉਣ ਵਾਲੇ ਦਿਨਾਂ ਵਿੱਚ ਸਖਤ ਕਾਰਵਾਈ ਕੀਤੀ ਜਾਵੇਗੀ।

## ਬੱਚਿਆਂ ਤੋਂ ਭੀਖ ਮੰਗਵਾਉਣ ਵਾਲੇ ਪਹਿਲੇ ਰੈਕੇਟ ਦਾ ਪਰਦਾਫਾਸ਼



ਅੰਮ੍ਰਿਤਸਰ, 17 ਜੁਲਾਈ, (ਬਬਲੂ ਮਹਾਜਨ) : ਆਮ ਆਦਮੀ ਪਾਰਟੀ ਦੀ ਦੂਰਦਰਸ਼ੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚੌਕਾਂ ਤੇ ਹੋਰ ਜਨਤਕ ਥਾਵਾਂ 'ਤੇ ਹੋ ਰਹੀ ਬੱਚਿਆਂ ਦੀ ਭੀਖ ਮੰਗਵਾਈ ਖ਼ਿਲਾਫ਼ ਸਖ਼ਤ ਅਤੇ ਤੁਰੰਤ ਕਾਰਵਾਈ ਕੀਤੀ ਜਾ ਰਹੀ ਹੈ। ਇਸ ਦਿਸ਼ਾ ਵਿੱਚ ਅੰਮ੍ਰਿਤਸਰ ਵਿੱਚ ਬੱਚਿਆਂ ਦੀ ਭੀਖ ਮੰਗਵਾਉਣ ਵਾਲੇ ਰੈਕੇਟ ਖ਼ਿਲਾਫ਼ ਪਹਿਲਾ ਕੇਸ ਦਰਜ ਕਰਕੇ ਇਕ ਇਤਿਹਾਸਕ ਕਦਮ ਚੁੱਕਿਆ ਗਿਆ ਹੈ, ਜੋ ਕਿ ਬੱਚਿਆਂ ਦੀ ਰੱਖਿਆ ਅਤੇ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਇਸ ਮੁਹਿੰਮ ਦੀ ਨਿਗਰਾਨੀ ਮਿਸ ਗੁੰਜੀਤ ਰੁਚੀ ਬਾਵਾ, ਉਪ-ਚੇਅਰਪਰਸਨ, ਪੰਜਾਬ ਰਾਜ ਬਾਲ ਅਧਿਕਾਰ ਸੁਰੱਖਿਆ ਆਯੋਗ ਅਤੇ ਅੰਮ੍ਰਿਤਸਰ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਕੀਤੀ ਜਾ ਰਹੀ ਹੈ। ਰੈਸਕਿਊ ਓਪਰੇਸ਼ਨ ਦੌਰਾਨ ਕਈ ਬੱਚਿਆਂ ਨੂੰ ਭੀਖ ਮੰਗਣ ਲਈ ਮਜਬੂਰ ਕਰਨ ਵਾਲਿਆਂ ਦੇ ਚੰਗੁਲ ਤੋਂ ਬਚਾਇਆ ਗਿਆ।

ਇਸ ਮਾਮਲੇ ਬਾਰੇ ਗੱਲ ਕਰਦਿਆਂ ਮਿਸ ਗੁੰਜੀਤ ਰੁਚੀ ਬਾਵਾ ਨੇ ਕਿਹਾ ਕਿ ਇਹ ਕੇਵਲ ਇੱਕ ਕੇਸ ਨਹੀਂ — ਇਹ ਸਮਾਜ ਲਈ ਇਕ ਚੇਤਾਵਨੀ ਹੈ। ਬੱਚਿਆਂ ਤੋਂ ਭੀਖ ਮੰਗਵਾਉਣਾ ਆਧੁਨਿਕ ਗੁਲਾਮੀ ਦਾ ਰੂਪ ਹੈ ਅਤੇ ਇਹ ਬੱਚਿਆਂ ਦੇ ਅਧਿਕਾਰਾਂ ਦੀ ਘੋਰ ਉਲੰਘਣਾ ਹੈ। ਅਸੀਂ ਕਿਸੇ ਨੂੰ ਵੀ ਬੱਚਿਆਂ ਦਾ ਸ਼ੋਸ਼ਣ ਕਰਨ ਦੀ ਇਜਾਜ਼ਤ ਨਹੀਂ ਦੇਵਾਂਗੇ।

ਕਮਿਸ਼ਨ ਜ਼ਿਲ੍ਹੇ ਦੇ ਪ੍ਰਸ਼ਾਸਨਾਂ ਨਾਲ ਮਿਲ ਕੇ ਐਸੇ ਰੈਕੇਟਾਂ ਖ਼ਿਲਾਫ਼ ਕਠੋਰ ਕਾਰਵਾਈ ਕਰੇਗਾ। ਅਸੀਂ ਇਹ ਯਕੀਨੀ ਬਣਾਵਾਂਗੇ ਕਿ ਐਸੀਆਂ ਗਤੀਵਿਧੀਆਂ ਨੂੰ ਜੜ੍ਹ ਤੋਂ ਖ਼ਤਮ ਕਰ ਦਿੱਤਾ ਜਾਵੇ। ਹਰ ਬੱਚਾ ਸੁਰੱਖਿਅਤ, ਇੱਜ਼ਤਦਾਰ ਅਤੇ ਖੁਸ਼ਹਾਲ ਬਚਪਨ ਦਾ ਹੱਕਦਾਰ ਹੈ। ਅਸੀਂ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਾਂ।

## ਚੀਫ਼ ਖ਼ਾਲਸਾ ਦੀਵਾਨ ਵੱਲੋਂ ਕੀਰਤਨ ਦਰਬਾਰ ਦੀਆਂ ਤਿਆਰੀਆਂ ਮੁਕੰਮਲ

### ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸੀ.ਕੇ.ਡੀ. ਸਕੂਲਾਂ 'ਚ ਦੀਪਮਾਲਾ ਕਰਨ ਦੇ ਨਿਰਦੇਸ਼ ਜਾਰੀ



ਅੰਮ੍ਰਿਤਸਰ, 17 ਜੁਲਾਈ, (ਬਬਲੂ ਮਹਾਜਨ) : ਚੀਫ਼ ਖ਼ਾਲਸਾ ਦੀਵਾਨ ਅਤੇ ਇਸ ਅਧੀਨ ਚੱਲ ਰਹੇ ਸਮੂਹ ਅਦਾਰਿਆਂ ਵੱਲੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ 20 ਜੁਲਾਈ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਸੀ.ਸੈ.ਪਬਲਿਕ ਸਕੂਲ, ਜੀ.ਟੀ.ਰੋਡ ਵਿਖੇ ਸ਼ਾਮ 4:30 ਤੋ ਰਾਤ 9:30 ਵਜੇ ਤੱਕ ਵਿਸ਼ਾਲ ਪੱਧਰ 'ਤੇ ਕਰਵਾਏ ਜਾ ਰਹੇ ਅਲੌਕਿਕ ਕੀਰਤਨ ਦਰਬਾਰ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਇਸ ਸੰਬੰਧ ਵਿਚ ਦੀਵਾਨ ਦੇ ਮੁੱਖ ਦਫ਼ਤਰ ਵਿਖੇ ਹੋਈ ਮੀਟਿੰਗ ਦੌਰਾਨ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਅਤੇ ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸ਼ਾਮ 4:15 ਵਜੇ ਅਰਦਾਸ ਕਰਕੇ ਬੈਂਡ ਦੀਆਂ ਧੁਨਾਂ, ਨਰਸਿੰਗੇ ਦੀ ਗੂੰਜ ਅਤੇ ਫੁੱਲਾਂ ਦੀ ਵਰਖਾ ਵਿਚ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਫੁੱਲਾਂ ਅਤੇ ਰੌਸ਼ਨੀਆਂ ਨਾਲ ਸ਼ਿੰਗਾਰੇ ਦਰਬਾਰ ਵਿਚ ਬਹੁਤ ਸ਼ਰਧਾ ਅਤੇ ਸਤਿਕਾਰ ਨਾਲ ਸੁਸ਼ੋਭਿਤ ਕੀਤਾ ਜਾਵੇਗਾ। ਉਹਨਾਂ ਨੇ ਦੱਸਿਆ ਕਿ ਜਿਹੜੇ ਕੀਰਤਨੀ ਜੱਥੇ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਜਸ ਨਾਲ ਜੋੜਣਗੇ। ਇਸ ਕੀਰਤਨ ਦਰਬਾਰ ਵਿਚ ਪੰਥ ਦੀਆਂ ਮਹਾਨ ਸ਼ਖ਼ਸੀਅਤਾਂ ਐਡਵੋਕੇਟ ਹਰਜਿੰਦਰ ਸਿੰਘ ਜੀ ਧਾਮੀ, ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਹੈਂਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸਮੇਤ ਹੋਰ ਉੱਘੀਆਂ ਸਖ਼ਸੀਅਤਾਂ ਹਾਜ਼ਰੀ ਭਰਨ ਪਹੁੰਚ ਰਹੀਆਂ ਹਨ।

ਚੀਫ਼ ਖ਼ਾਲਸਾ ਦੀਵਾਨ ਵੱਲੋਂ ਗੁਰਪੁਰਬ ਦੇ ਸੰਬੰਧ ਵਿਚ ਸ਼ਹਿਰ ਦੇ ਸੀ.ਕੇ.ਡੀ ਸਕੂਲਾਂ ਵਿਚ ਮਿਤੀ 18 ਤੋ 21 ਜੁਲਾਈ ਤੱਕ ਦੀਪਮਾਲਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਮੀਟਿੰਗ ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ, ਸਥਾਨਕ ਪ੍ਰਧਾਨ ਕੁਲਜੀਤ ਸਿੰਘ ਸਾਹਨੀ, ਆਨਰੇਰੀ ਸਕੱਤਰ ਰਮਣੀਕ ਸਿੰਘ, ਐਡੀ.ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਐਡੀ.ਆਨਰੇਰੀ ਸਕੱਤਰ/ਮੁੱਖ ਦਫ਼ਤਰ ਮੈਂਬਰ ਇੰਚਾਰਜ ਸ੍ਰ.ਹਰਵਿੰਦਰ ਪਾਲ ਸਿੰਘ ਚੁੱਘ, ਤਰਲੋਚਨ ਸਿੰਘ, ਗੁਰਭੇਜ ਸਿੰਘ, ਪ੍ਰੋ.ਭੁਪਿੰਦਰ ਸਿੰਘ ਸੇਠੀ, ਡਾਇਰੈਕਟਰ ਡਾ.ਏ.ਪੀ.ਐਸ ਚਾਵਲਾ ਆਦਿ ਹਾਜ਼ਰ ਸਨ।

## ਮਾਲ ਵਿਭਾਗ ਅਤੇ ਡਰਾਈਵਿੰਗ ਲਾਇਸੰਸ ਨਾਲ ਸਬੰਧਤ 32 ਸੇਵਾਵਾਂ ਹੁਣ ਮਿਲਣਗੀਆਂ ਸੇਵਾ ਕੇਂਦਰਾਂ ਤੋਂ

ਜਲੰਧਰ, 17 ਜੁਲਾਈ, (ਸੰਦੀਪ ਕੌਲ) : ਆਮ ਲੋਕਾਂ ਨੂੰ ਵੱਡੀ ਸਹੂਲਤ ਦਿੰਦੇ ਹੋਏ ਪੰਜਾਬ ਸਰਕਾਰ ਵੱਲੋਂ ਮਾਲ ਵਿਭਾਗ ਨਾਲ ਸਬੰਧਤ 5 ਸੇਵਾਵਾਂ ਅਤੇ ਡਰਾਈਵਿੰਗ ਲਾਇਸੰਸ ਅਤੇ ਆਰ.ਸੀ. ਨਾਲ ਸੰਬੰਧਿਤ ਟਰਾਂਸਪੋਰਟ ਵਿਭਾਗ ਦੀਆਂ 27 ਸੇਵਾਵਾਂ ਹੁਣ ਸੇਵਾ ਕੇਂਦਰਾਂ 'ਤੇ ਉਪਲਬਧ ਕਰਵਾ ਦਿੱਤੀਆਂ ਗਈਆਂ ਹਨ।

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਹੁਣ ਡੀਡ ਰਜਿਸਟ੍ਰੇਸ਼ਨ, ਡੀਡ ਦਾ ਖਰੜਾ ਤਿਆਰ ਕਰਨਾ, ਪੂਰਵ-ਪੜਤਾਲ ਲਈ ਡੀਡ ਜਮ੍ਹਾ ਕਰਨੀ, ਅਪਾਇੰਟਮੈਂਟ, ਸਟੈਂਪ ਡਿਊਟੀ ਦਾ ਭੁਗਤਾਨ, ਇੰਤਕਾਲ ਲਈ ਬੇਨਤੀ (ਵਿਰਾਸਤ ਜਾਂ ਰਜਿਸਟਰਡ ਡੀਡ ਦੇ ਆਧਾਰ ਤੇ), ਰਪਟਾਂ ਦੇ ਦਾਖ਼ਲੇ ਲਈ ਬੇਨਤੀ (ਅਦਾਲਤੀ ਆਦੇਸ਼ਾਂ, ਬੈਂਕ ਕਰਜ਼ੇ/ਗਿਰਵੀਨਾਮੇ ਜਾਂ ਬੈਂਕ ਕਰਜ਼ਿਆਂ/ਗਿਰਵੀਨਾਮੇ ਦੀ ਮੁਆਫ਼ੀ ਨਾਲ ਸਬੰਧਤ), ਫ਼ਰਦ ਬਦਰ ਲਈ ਬੇਨਤੀ (ਰਿਕਾਰਡ ਵਿੱਚ ਸੁਧਾਰ), ਡਿਜੀਟਲ ਤੌਰ 'ਤੇ ਦਸਤਖ਼ਤ ਕੀਤੀ ਫ਼ਰਦ ਲਈ ਬੇਨਤੀ ਤੋਂ ਇਲਾਵਾ ਡਰਾਈਵਿੰਗ ਲਾਇਸੰਸ ਨਾਲ ਸੰਬੰਧਿਤ 15 ਅਤੇ ਆਰ.ਸੀ. ਨਾਲ ਸਬੰਧਤ 12 ਸੇਵਾਵਾਂ ਹੁਣ ਸੇਵਾ ਕੇਂਦਰ ਤੋਂ ਮਿਲਣਗੀਆਂ।

ਡਾ. ਅਗਰਵਾਲ ਨੇ ਦੱਸਿਆ ਕਿ ਡਰਾਈਵਿੰਗ ਲਾਇਸੰਸ ਨਾਲ ਸਬੰਧਤ ਸੇਵਾਵਾਂ ਵਿੱਚ ਲਰਨਰ ਲਾਇਸੰਸ ਨਾਲ ਸਬੰਧਤ ਸੇਵਾਵਾਂ, ਜਿਵੇਂ ਕਿ ਨਵੀਂ ਅਰਜ਼ੀ, ਪਤੇ ਦੀ ਤਬਦੀਲੀ, ਨਾਮ ਦੀ ਤਬਦੀਲੀ, ਡੁਪਲੀਕੇਟ ਲਰਨਲ ਲਾਇਸੰਸ ਤੋਂ ਇਲਾਵਾ ਡਰਾਇੰਵਿੰਗ ਲਾਇੰਸਸ ਨਾਲ ਸਬੰਧਤ ਸੇਵਾਵਾਂ ਜਿਵੇਂ ਕਿ ਡੁਪਲੀਕੇਟ ਲਾਇਸੰਸ, ਨਵੀਨੀਕਰਨ, ਰਿਪਲੇਸਮੈਂਟ, ਪਤੇ ਦੀ ਤਬਦੀਲੀ, ਨਾਮ ਦੀ ਤਬਦੀਲੀ, ਜਨਮ ਮਿਤੀ ਦੀ ਦਰੁੱਸਤੀ, ਡਰਾਈਵਿੰਗ ਲਾਇਸੰਸ ਐਕਸਟ੍ਰੈਕਟ ਪ੍ਰੋਵੀਜ਼ਨਿੰਗ, ਲਾਇੰਸਸ ਸਰੈਂਡਰ, ਪਬਲਿਕ ਸਰਵਿਸ ਵਹੀਕਲ ਦਾ ਬੈਜ, ਕਡੰਕਟਰ ਲਾਇਸੰਸ ਦਾ ਨਵੀਨੀਕਰਨ, ਲਰਨਰ ਲਾਇਸੰਸ ਦੀ ਮਿਆਦ ਵਿਚ ਵਾਧਾ ਸ਼ਾਮਲ ਹਨ।

ਆਰ ਸੀ ਨਾਲ ਸਬੰਧਤ ਸੇਵਾਵਾਂ ਵਿੱਚ ਡੁਪਲੀਕੇਟ ਆਰ.ਸੀ., ਗੈਰ-ਵਪਾਰਕ ਵਾਹਨ ਦੀ ਮਾਲਕੀ ਤਬਦੀਲੀ, ਹਾਇਰ ਪ੍ਰਚੇਜ਼ ਦੀ ਨਿਰੰਤਰਤਾ (ਮਾਲਕੀ ਤਬਦੀਲੀ/ਨਾਮ ਤਬਦੀਲੀ ਦੀ ਸੂਰਤ ਵਿੱਚ), ਹਾਇਰ ਪ੍ਰਚੇਜ਼ ਐਗਰੀਮੈਂਟ ਦੀ ਇੰਡੋਰਸਮੈਂਟ, ਵਪਾਰਕ ਵਾਹਨਾਂ ਨੂੰ ਫਿਟਨੈੱਸ ਸਰਟੀਫਿਕੇਟ (ਹੈਵੀ/ਮੀਡੀਅਮ/ਤਿੰਨ ਪਹੀਆ/ ਚਾਰ ਪਹੀਆ/ਐਲ.ਐਮ.ਵੀ.), ਵਾਧੂ ਲਾਈਫ਼ ਟਾਈਮ ਟੈਕਸ ਦੀ ਅਦਾਇਗੀ (ਮਾਲਕੀ ਤਬਦੀਲੀ ਦੀ ਸੂਰਤ ਵਿੱਚ), ਆਰ.ਸੀ. ਦੇ ਵੇਰਵੇ ਦੇਖਣ ਲਈ, ਆਰ.ਸੀ. ਲਈ ਐਨ.ਓ.ਸੀ., ਟਰਾਂਸਪੋਰਟ ਸੇਵਾਵਾਂ ਲਈ ਰਿਕਾਰਡ ਵਿਚ ਮੋਬਾਇਲ ਨੰਬਰ ਦਾ ਅਪਡੇਟ, ਆਰ.ਸੀ. ਵਿਚ ਪਤੇ ਦੀ ਤਬਦੀਲੀ ਸ਼ਾਮਲ ਹਨ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜੋ ਨਾਗਰਿਕ ਸੇਵਾ ਕੇਂਦਰ ਨਹੀਂ ਆ ਸਕਦੇ, ਉਹ ਫੋਨ ਨੰਬਰ 1076 ਡਾਇਲ ਕਰਕੇ ਇਨ੍ਹਾਂ ਸੇਵਾਵਾਂ ਦਾ ਲਾਭ ਡੋਰ ਸਟੈੱਪ ਡਲਿਵਰੀ ਰਾਹੀਂ ਘਰ ਬੈਠੇ ਵੀ ਪ੍ਰਾਪਤ ਕਰ ਸਕਦੇ ਹਨ।

## ਸਰਹੱਦ ਪਾਰੋਂ ਹਥਿਆਰਾਂ ਦੀ ਤਸਕਰੀ ਦੇ ਨੈੱਟਵਰਕ ਦਾ ਪਰਦਾਫਾਸ਼; 10 ਪਿਸਤੌਲਾਂ ਸਮੇਤ ਇੱਕ ਕਾਬੂ




ਅੰਮ੍ਰਿਤਸਰ, 17 ਜੁਲਾਈ, (ਬਬਲੂ ਮਹਾਜਨ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ, ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਪਾਕਿਸਤਾਨ ਨਾਲ ਸਬੰਧਤ ਸਰਹੱਦ ਪਾਰੋਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਮਾਡਿਊਲ ਦੇ ਇੱਕ ਸੰਚਾਲਕ ਨੂੰ .30 ਬੋਰ ਦੇ 10 ਆਧੁਨਿਕ ਪਿਸਤੌਲਾਂ ਅਤੇ ਮੈਗਜ਼ੀਨਾਂ ਸਮੇਤ ਗ੍ਰਿਫ਼ਤਾਰ ਕਰਕੇ ਇਸ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਦੀ ਪਛਾਣ ਹਰਜਿੰਦਰ ਸਿੰਘ ਵਾਸੀ ਪਿੰਡ ਡੱਲ, ਤਰਨਤਾਰਨ ਵਜੋਂ ਹੋਈ ਹੈ। ਦੱਸਣਯੋਗ ਹੈ ਕਿ ਉਹ ਇੱਕ ਬਦਨਾਮ ਨਸ਼ਾ ਤਸਕਰ ਹੈ, ਜਿਸ ਵਿਰੁੱਧ ਐਨਡੀਪੀਐਸ ਐਕਟ ਨਾਲ ਸਬੰਧਤ ਦੋ ਮਾਮਲੇ ਦਰਜ ਹਨ ਅਤੇ ਹਾਲ ਹੀ ਵਿੱਚ ਉਹ ਜੇਲ੍ਹ ਤੋਂ ਜ਼ਮਾਨਤ 'ਤੇ ਰਿਹਾਅ ਹੋਇਆ ਹੈ।

ਇਹ ਸਫ਼ਲਤਾ ਸੀਆਈ ਅੰਮ੍ਰਿਤਸਰ ਵੱਲੋਂ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਅਤੇ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਅਜਿਹੇ ਮਾਡਿਊਲ ਦੇ ਤਿੰਨ ਕਾਰਕੁਨਾਂ ਸਰਬਜੀਤ ਸਿੰਘ ਅਤੇ ਕੁਲਵਿੰਦਰ ਸਿੰਘ ਦੋਵੇਂ ਵਾਸੀ ਫਿਰੋਜ਼ਪੁਰ ਅਤੇ ਅਸ਼ਮਨਦੀਪ ਸਿੰਘ ਵਾਸੀ ਤਰਨ ਤਾਰਨ ਨੂੰ ਅੱਠ ਆਧੁਨਿਕ ਹਥਿਆਰਾਂ, 1 ਕਿਲੋ ਹੈਰੋਇਨ ਅਤੇ 2.9 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਸਮੇਤ ਗ੍ਰਿਫ਼ਤਾਰ ਕਰਕੇ ਹੋਈ ਹੈ।

## ਸਾਂਸਦ ਔਜਲਾ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਦੇ 'ਤੇ ਗ੍ਰਹਿ ਮੰਤਰੀ ਸ਼ਾਹ ਨੂੰ ਪੱਤਰ ਲਿਖਿਆ



ਅੰਮ੍ਰਿਤਸਰ, 17 ਜੁਲਾਈ, (ਗੁਰਦਿਆਲ ਸਿੰਘ) : ਸ੍ਰੀ ਹਰਿਮੰਦਰ ਸਾਹਿਬ ਨੂੰ ਆਰਡੀਐਕਸ ਨਾਲ ਉਡਾਉਣ ਦੀ ਧਮਕੀ ਵਾਲੇ ਈਮੇਲ ਮਿਲਣ ਤੋਂ ਬਾਅਦ, ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਇਸ ਮਾਮਲੇ ਨੂੰ ਜਲਦੀ ਤੋਂ ਜਲਦੀ ਹੱਲ ਕੀਤਾ ਜਾਵੇ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਸੂਚਿਤ ਕਰਨ ਤੋਂ ਬਾਅਦ ਹੀ ਈਮੇਲ ਬਾਰੇ ਜਾਣਕਾਰੀ ਮਿਲੀ।

ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਉਨ੍ਹਾਂ ਦੇ ਦਫ਼ਤਰ ਵਿੱਚ ਇੱਕ ਈਮੇਲ ਆਈ ਸੀ ਪਰ ਇਹ ਸਪੈਮ ਈਮੇਲ ਹੋਣ ਕਾਰਨ ਸਟਾਫ਼ ਦੇ ਧਿਆਨ ਵਿੱਚ ਨਹੀਂ ਆਈ। ਈਮੇਲ ਬਹੁਤ ਉਲਝਣ ਵਾਲੀ ਹੈ ਅਤੇ ਸਮਝਣ ਵਿੱਚ ਮੁਸ਼ਕਲ ਹੈ, ਪਰ ਜਦੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਉਨ੍ਹਾਂ ਨੂੰ ਇਸ ਬਾਰੇ ਦੱਸਿਆ, ਤਾਂ ਇਸਦੀ ਖੋਜ ਕੀਤੀ ਗਈ ਅਤੇ ਫਿਰ ਈਮੇਲ ਮਿਲੀ। ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਇਹ ਬਹੁਤ ਗੰਭੀਰ ਮੁੱਦਾ ਹੈ ਅਤੇ ਉਹ ਇਸ ਮੁੱਦੇ ਦਾ ਸਥਾਈ ਹੱਲ ਚਾਹੁੰਦੇ ਹਨ, ਜਿਸ ਕਾਰਨ ਉਨ੍ਹਾਂ ਨੇ ਅੱਜ ਗ੍ਰਹਿ ਮੰਤਰੀ ਨੂੰ ਮਿਲਣ ਦੀ ਕੋਸ਼ਿਸ਼ ਕੀਤੀ, ਪਰ ਜਦੋਂ ਮੀਟਿੰਗ ਨਹੀਂ ਹੋ ਸਕੀ ਤਾਂ ਉਨ੍ਹਾਂ ਨੇ ਇੱਕ ਪੱਤਰ ਲਿਖ ਕੇ ਇਸ ਮੁੱਦੇ 'ਤੇ ਗੰਭੀਰਤਾ ਨਾਲ ਵਿਚਾਰ ਕਰਨ ਅਤੇ ਦਖਲ ਦੇਣ ਦੀ ਮੰਗ ਕੀਤੀ।

ਸੰਸਦ ਮੈਂਬਰ ਗੁਰਜੀਤ ਔਜਲਾ ਨੇ ਕਿਹਾ ਕਿ ਅਪਰਾਧੀਆਂ ਨੂੰ ਤਕਨੀਕੀ ਤੌਰ 'ਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕਰਕੇ ਫੜਿਆ ਜਾਣਾ ਚਾਹੀਦਾ ਹੈ, ਜਦੋਂ ਕਿ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਨੂੰ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉੱਚ-ਤਕਨੀਕੀ ਨਿਗਰਾਨੀ ਬੁਨਿਆਦੀ ਢਾਂਚਾ, ਜਿਸ ਵਿੱਚ ਆਰਡੀਐਕਸ/ਬੰਬ ਡਿਟੈਕਟਰ, ਸਮਾਨ ਸਕੈਨਰ, ਚਿਹਰੇ ਦੀ ਪਛਾਣ ਕਰਨ ਵਾਲੇ ਕੈਮਰੇ, ਡਰੋਨ ਨਿਗਰਾਨੀ ਪ੍ਰਣਾਲੀਆਂ ਅਤੇ ਰਸਾਇਣਕ/ਰੇਡੀਓਲੋਜੀਕਲ ਸੈਂਸਰ ਸ਼ਾਮਲ ਹਨ, ਸਥਾਪਿਤ ਕੀਤੇ ਜਾਣੇ ਚਾਹੀਦੇ ਹਨ।

ਉਨ੍ਹਾਂ ਕਿਹਾ ਕਿ ਧਾਰਮਿਕ ਸਥਾਨਾਂ ਨੂੰ ਭਵਿੱਖ ਵਿੱਚ ਹੋਣ ਵਾਲੇ ਕਿਸੇ ਵੀ ਖਤਰੇ ਨੂੰ ਰੋਕਣ ਲਈ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਨਾ ਸਿਰਫ਼ ਪਾਕਿਸਤਾਨ ਨਾਲ ਆਪਣੀ ਅੰਤਰਰਾਸ਼ਟਰੀ ਸਰਹੱਦ ਕਾਰਨ ਸਗੋਂ ਇਸਦੇ ਅੰਤਰਰਾਸ਼ਟਰੀ ਹਵਾਈ ਅੱਡੇ ਅਤੇ ਸਰਹੱਦ ਪਾਰ ਤੀਰਥ ਮਾਰਗਾਂ ਕਾਰਨ ਵੀ ਇੱਕ ਬਹੁਤ ਹੀ ਸੰਵੇਦਨਸ਼ੀਲ ਖੇਤਰ ਹੈ। ਇਸ ਲਈ ਉਨ੍ਹਾਂ ਇਸ ਮਾਮਲੇ ਵਿੱਚ ਤੁਰੰਤ ਅਤੇ ਨਿੱਜੀ ਦਖਲ ਦੀ ਮੰਗ ਕੀਤੀ। ਪੰਜਾਬ ਦੇ ਲੋਕ ਅਤੇ ਦੁਨੀਆ ਭਰ ਦੇ ਸਿੱਖ ਧਰਮ ਦੇ ਸਾਰੇ ਪੈਰੋਕਾਰ ਆਪਣੀ ਵਿਰਾਸਤ, ਵਿਸ਼ਵਾਸ ਅਤੇ ਸੁਰੱਖਿਆ ਦੀ ਰੱਖਿਆ ਲਈ ਭਾਰਤ ਸਰਕਾਰ ਤੋਂ ਫੈਸਲਾਕੁੰਨ ਕਾਰਵਾਈ ਦੀ ਉਮੀਦ ਕਰਦੇ ਹਨ।

## ਪੰਜਾਬ ਸਰਕਾਰ ਵਪਾਰੀਆਂ ਦੀ ਸਹੂਲਤ ਅਤੇ ਵਿਕਾਸ ਲਈ ਲਗਾਤਾਰ ਯਤਨਸ਼ੀਲ : ਮੋਹਿੰਦਰ ਭਗਤ



ਜਲੰਧਰ, 17 ਜੁਲਾਈ, (ਸੰਦੀਪ ਕੌਲ) : ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਅੱਜ ਪੰਜਾਬ ਸਰਕਾਰ ਵੱਲੋਂ ਵਪਾਰੀਆਂ ਦੇ ਹਿੱਤਾਂ ਦੀ ਰਾਖੀ ਲਈ ਦ੍ਰਿੜ੍ਹ ਵਚਨਬੱਧਤਾ ਦੁਹਰਾਈ।

ਇੱਥੇ ਸਰਕਟ ਹਾਊਸ ਵਿਖੇ ਜਲੰਧਰ ਇੰਪਰੂਵਮੈਂਟ ਟਰੱਸਟ ਦੀ ਚੇਅਰਪਰਸਨ ਰਾਜਵਿੰਦਰ ਕੌਰ ਥਿਆੜਾ, ਹਲਕਾ ਇੰਚਾਰਜ ਨਿਤਿਨ ਕੋਹਲੀ, ਆਪ ਆਗੂ ਦਿਨੇਸ਼ ਢੱਲ ਸਮੇਤ ਵਧੀਕ ਡਿਪਟੀ ਕਮਿਸ਼ਨਰ (ਜ) ਅਮਨਿੰਦਰ ਕੌਰ, ਸਟੇਟ ਜੀ.ਐਸ.ਟੀ. ਵਿਭਾਗ ਦੇ ਸੀਨੀਅਰ ਅਧਿਕਾਰੀਆਂ ਅਤੇ ਵਪਾਰੀਆਂ ਨਾਲ ਮੀਟਿੰਗ ਦੌਰਾਨ ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਰਾਜ ਸਰਕਾਰ ਵਪਾਰੀ ਵਰਗ ਨਾਲ ਚੱਟਾਨ ਵਾਂਗ ਖੜ੍ਹੀ ਹੈ ਅਤੇ ਉਨ੍ਹਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ।

ਸ਼੍ਰੀ ਭਗਤ ਨੇ ਸਟੇਟ ਜੀ.ਐਸ.ਟੀ. ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਵਪਾਰੀਆਂ ਨੂੰ ਆਪਣੇ ਵਪਾਰ ਦੌਰਾਨ ਕੋਈ ਦਿੱਕਤ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਕਿ ਵਪਾਰੀ ਵਰਗ ਹਮੇਸ਼ਾ ਤੋਂ ਕਿਸੇ ਵੀ ਰਾਜ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਰਿਹਾ ਹੈ, ਜਿਨ੍ਹਾਂ ਦੇ ਯੋਗਦਾਨ ਨੂੰ ਕਦੇ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਵਪਾਰੀਆਂ ਦੀਆਂ ਮੰਗਾਂ ਅਤੇ ਸਮੱਸਿਆਵਾਂ ਦੀ ਸੁਣਵਾਈ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਪਾਰੀਆਂ ਦੀ ਸਹੂਲਤ ਅਤੇ ਵਿਕਾਸ ਲਈ ਲਗਾਤਾਰ ਯਤਨਸ਼ੀਲ ਹੈ ਅਤੇ ਜਲਦ ਹੀ ਵਪਾਰੀ ਵਰਗ ਦੇ ਮੁੱਦਿਆਂ ਦਾ ਢੁੱਕਵਾਂ ਹੱਲ ਕੱਢ ਕੇ ਉਨ੍ਹਾਂ ਨੂੰ ਰਾਹਤ ਪਹੁੰਚਾਈ ਜਾਵੇਗੀ। ਉਨ੍ਹਾਂ ਅਧਿਕਾਰੀਆਂ ਨੂੰ ਵਪਾਰੀਆਂ ਦੀਆਂ ਜ਼ਿਲ੍ਹਾ ਪੱਧਰ ਨਾਲ ਸਬੰਧਤ ਮੁਸ਼ਕਲਾਂ ਦਾ ਫੌਰੀ ਹੱਲ ਯਕੀਨੀ ਬਣਾਉਣ ਦੀ ਹਦਾਇਤ ਕੀਤੀ ਅਤੇ ਨਾਲ ਹੀ ਸੂਬਾ ਪੱਧਰ ਨਾਲ ਸਬੰਧਤ ਮੁੱਦੇ ਮੁੱਖ ਮੰਤਰੀ ਪੰਜਾਬ ਦੇ ਧਿਆਨ ਵਿੱਚ ਲਿਆਉਣ ਦਾ ਭਰੋਸਾ ਦਿਵਾਇਆ, ਤਾਂ ਜੋ ਉਨ੍ਹਾਂ ਦਾ ਜਲਦ ਤੋਂ ਜਲਦ ਹੱਲ ਕੀਤਾ ਜਾ ਸਕੇ।

ਕੈਬਨਿਟ ਮੰਤਰੀ ਨੇ ਵਪਾਰੀ ਵਰਗ ਨੂੰ ਵਿਸ਼ਵਾਸ ਦਿਵਾਇਆ ਕਿ ਸਰਕਾਰ ਹਰ ਪੱਧਰ 'ਤੇ ਉਨ੍ਹਾਂ ਦੇ ਨਾਲ ਖੜ੍ਹੀ ਹੈ ਅਤੇ ਕਾਰੋਬਾਰੀਆਂ ਦੀ ਭਲਾਈ ਯਕੀਨੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

## ਸ਼੍ਰੋਮਣੀ ਕਮੇਟੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਜਾਣ ਦੇ ਇੱਛੁਕ ਸ਼ਰਧਾਲੂਆਂ ਤੋਂ ਪਾਸਪੋਰਟ ਮੰਗੇ



ਅੰਮ੍ਰਿਤਸਰ, 17 ਜੁਲਾਈ, (ਗੁਰਦਿਆਲ ਸਿੰਘ) : ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸ਼ਰਧਾਲੂਆਂ ਦਾ ਜਥਾ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਵਿਖੇ ਨਵੰਬਰ 2025 ਵਿਚ ਭੇਜਿਆ ਜਾਵੇਗਾ। ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਵੀਜ਼ਾ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਸ਼ਰਧਾਲੂ ਆਪਣੇ ਪਾਸਪੋਰਟ 4 ਅਗਸਤ 2025 ਤੱਕ ਜਮ੍ਹਾਂ ਕਰਵਾ ਸਕਣਗੇ। ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਜਥਾ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਭੇਜਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਜਿਹੜੇ ਸ਼ਰਧਾਲੂ ਇਸ ਇਤਿਹਾਸਕ ਪੁਰਬ ਮੌਕੇ ਪਾਕਿਸਤਾਨ ਸਥਿਤ ਗੁਰਦੁਆਰਾ ਪ੍ਰਕਾਸ਼ ਅਸਥਾਨ ਸ੍ਰੀ ਨਨਕਾਣਾ ਸਾਹਿਬ ਸਮੇਤ ਹੋਰ ਗੁਰਧਾਮਾਂ ਦੇ ਦਰਸ਼ਨ ਕਰਨਾ ਚਾਹੁੰਦੇ ਹਨ ਉਹ ਆਪਣੇ ਪਾਸਪੋਰਟ ਸ਼੍ਰੋਮਣੀ ਕਮੇਟੀ ਦੇ ਹਲਕਾ ਮੈਂਬਰ ਦੀ ਸ਼ਿਫਾਰਸ ਸਹਿਤ 4 ਅਗਸਤ 2025 ਤੀਕ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਯਾਤਰਾ ਵਿਭਾਗ ਵਿਚ ਭੇਜਣ।

ਸ. ਪ੍ਰਤਾਪ ਸਿੰਘ ਨੇ ਜਾਣਕਾਰੀ ਦਿੱਤੀ ਕਿ ਸ਼ਰਧਾਲੂਆਂ ਲਈ ਪਾਸਪੋਰਟ ਦੇ ਨਾਲ ਪਛਾਣ ਦੇ ਸਬੂਤ ਵਜੋਂ ਅਧਾਰ ਕਾਰਡ ਜਾਂ ਵੋਟਰ ਕਾਰਡ ਦੀ ਫੋਟੋ ਕਾਪੀ ਲਗਾਉਣੀ ਜ਼ਰੂਰੀ ਹੈ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਉਹ ਸਮੇਂ ਸਿਰ ਆਪਣੇ ਪਾਸਪੋਰਟ ਅਤੇ ਦਸਤਾਵੇਜ਼ ਸ਼੍ਰੋਮਣੀ ਕਮੇਟੀ ਨੂੰ ਦੇਣ ਤਾਂ ਜੋ ਵੀਜ਼ਾ ਪ੍ਰਕਿਰਿਆ ਪੂਰੀ ਕਰਨ ਲਈ ਅਗਲੀ ਕਾਰਵਾਈ ਕੀਤੀ ਜਾ ਸਕੇ।

## ਭੀਖ ਮੰਗਣ ਵਾਲੇ ਬੱਚਿਆਂ ਦਾ ਕਰਵਾਇਆ ਜਾਵੇਗਾ ਡੀ.ਐਨ.ਏ. ਟੈਸਟ

ਅੰਮ੍ਰਿਤਸਰ, 17 ਜੁਲਾਈ, (ਬਬਲੂ ਮਹਾਜਨ) : ਅੰਮ੍ਰਿਤਸਰ 'ਚ ਛੋਟੇ ਬੱਚਿਆਂ ਨੂੰ ਭੀਖ ਮੰਗਣ ਲਈ ਮਜਬੂਰ ਕਰਨ ਵਾਲਿਆਂ ਖਿਲਾਫ਼ ਹੁਣ ਪੰਜਾਬ ਸਰਕਾਰ ਸਖ਼ਤ ਰੁਖ ਅਖਤਿਆਰ ਕਰ ਰਹੀ ਹੈ। ਅੱਜ ਗੋਲਡਨ ਗੇਟ ਤੇ ਡੀਸੀ ਅੰਮ੍ਰਿਤਸਰ ਦੇ ਹੁਕਮਾਂ ਅਤੇ ਜ਼ਿਲ੍ਹਾ ਬਾਲ ਸੁਰੱਖਿਆ ਵਿਭਾਗ ਦੀ ਅਗਵਾਈ ਹੇਠ ਚਲਾਈ ਗਈ ਵਿਸ਼ੇਸ਼ ਮੁਹਿੰਮ ਦੌਰਾਨ ਭੀਖ ਮੰਗਣ ਵਾਲੀਆਂ ਔਰਤਾਂ ਅਤੇ ਬੱਚਿਆਂ ਦੀ ਜਾਂਚ ਕੀਤੀ ਗਈ। ਇਸ ਮੌਕੇ 'ਤੇ ਸਮਾਜ ਸੇਵੀ ਹਰਮਨਪ੍ਰੀਤ ਸਿੰਘ ਨੇ ਮੀਡੀਆ ਨੂੰ ਦੱਸਿਆ ਕਿ ਕਈ ਔਰਤਾਂ ਦਿਨ ਦੀ ਸ਼ੁਰੂਆਤ ਚ ਛੋਟੇ ਬੱਚਿਆਂ ਨੂੰ ਆਟੋ ਰਾਹੀਂ ਲਿਆਉਂਦੀਆਂ ਹਨ ਅਤੇ ਉਨ੍ਹਾਂ ਤੋਂ ਭੀਖ ਮੰਗਵਾਈ ਜਾਂਦੀ ਸੀ। ਇਸ ਗੈਰ ਕਾਨੂੰਨੀ ਕੰਮ ਨੂੰ ਰੋਕਣ ਲਈ ਉਹਨਾਂ ਨੇ ਪ੍ਰਸ਼ਾਸਨ ਨਾਲ ਮਿਲ ਕੇ ਕੰਮ ਕੀਤਾ। ਕਾਰਵਾਈ ਦੌਰਾਨ ਇੱਕ ਔਰਤ ਅਤੇ ਦੋ ਬੱਚਿਆਂ ਨੂੰ ਕਾਬੂ ਕੀਤਾ ਗਿਆ ਹੈ। ਜ਼ਿਲ੍ਹਾ ਬਾਲ ਸਿੱਖਿਆ ਅਫਸਰ ਤਰਨਜੀਤ ਸਿੰਘ ਨੇ ਦੱਸਿਆ ਕਿ ਬੱਚਿਆਂ ਨੂੰ ਰੈਸਕਿਊ ਕਰਕੇ ਉਨ੍ਹਾਂ ਦੀ ਵੈਕਸੀਨੇਸ਼ਨ ਅਤੇ ਆਵਸ਼ਕ ਜਾਂਚ ਕੀਤੀ ਗਈ। ਉਨ੍ਹਾਂ ਨੂੰ ਬਾਲ ਭਲਾਈ ਕਮੇਟੀ ਦੇ ਹਵਾਲੇ ਕੀਤਾ ਜਾਵੇਗਾ। ਇਸ ਕਾਰਵਾਈ ਹੇਠ ਕਈ ਭੀਖ ਮੰਗਣ ਵਾਲਿਆਂ ਦੇ ਡੀਐਨਏ ਟੈਸਟ ਕੀਤੇ ਜਾ ਰਹੇ ਹਨ ਅਤੇ ਉਨ੍ਹਾਂ ਦੇ ਆਧਾਰ ਕਾਰਡ ਦੇ ਆਧਾਰ ਤੇ ਉਨ੍ਹਾਂ ਦੀ ਪਛਾਣ ਕਰਕੇ ਜਿੱਥੇ ਦੇ ਰਹਿਣ ਵਾਲੇ ਹਨ, ਉੱਥੇ ਭੇਜਣ ਦੀ ਪ੍ਰਕਿਰਿਆ ਵੀ ਚਲ ਰਹੀ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਪੰਜਾਬ ਦੀ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਬਲਜੀਤ ਕੌਰ ਨੇ ਕਿਹਾ ਸੀ ਕਿ ਪੰਜਾਬ ਸਰਕਾਰ ਭੀਖ ਮੰਗਣ ਐਕਟ ਵਿੱਚ ਸੋਧ ਕਰੇਗੀ। ਇਸ ਨਾਲ ਭੀਖ ਮੰਗਣ ਵਾਲੇ ਗਿਰੋਹ ਚਲਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਸਕਦੀ ਹੈ। ਮੰਤਰੀ ਬਲਬੀਰ ਕੌਰ ਨੇ ਕਿਹਾ ਸੀ ਕਿ ਪੰਜਾਬ ਭੀਖ ਮੰਗਣ ਰੋਕਥਾਮ ਐਕਟ, 1971 ਵਿੱਚ ਸੋਧ ਕੀਤੀ ਜਾਵੇਗੀ ਤਾਂ ਜੋ ਲਾਲ ਬੱਤੀਆਂ ਅਤੇ ਹੋਰ ਚੌਰਾਹਿਆਂ 'ਤੇ ਬੱਚਿਆਂ ਨੂੰ ਭੀਖ ਮੰਗਣ ਲਈ ਮਜਬੂਰ ਕਰਨ ਵਾਲੇ ਗਿਰੋਹਾਂ ਨੂੰ ਚਲਾਉਣ ਵਾਲਿਆਂ 'ਤੇ ਭਾਰੀ ਸਜ਼ਾਵਾਂ ਲਗਾਈਆਂ ਜਾ ਸਕਣ। ਮੰਤਰੀ ਬਲਜੀਤ ਕੌਰ ਨੇ ਜਾਣਕਾਰੀ ਦਿੱਤੀ ਸੀ ਕਿ ਜੀਵਨਜਯੋਤੀ ਤਹਿਤ ਜੁਲਾਈ 2024 ਤੋਂ ਲੈ ਕੇ ਹੁਣ ਤੱਕ 286 ਬੱਚਿਆਂ ਨੂੰ ਅਜਿਹੇ ਗਿਰੋਹਾਂ ਤੋਂ ਬਚਾਇਆ ਗਿਆ ਹੈ, ਜੋ ਲੋਕਾਂ ਨੂੰ ਭੀਖ ਮੰਗਣ ਲਈ ਮਜਬੂਰ ਕਰਦੇ ਸਨ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਸਾਲ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਐਸਏਐਸ ਨਗਰ ਅਤੇ ਬਠਿੰਡਾ ਵਿੱਚ ਇੱਕ ਪਾਇਲਟ ਪ੍ਰੋਜੈਕਟ 'ਸਮਾਈਲ' ਸ਼ੁਰੂ ਕੀਤਾ ਜਾਵੇਗਾ। ਇਸ ਪਹਿਲਕਦਮੀ ਤਹਿਤ ਬਾਲ ਭਿਖਾਰੀਆਂ ਦੀ ਪਛਾਣ ਕੀਤੀ ਜਾਵੇਗੀ। ਉਨ੍ਹਾਂ ਦੇ ਪਰਿਵਾਰਾਂ ਦਾ ਪਤਾ ਡੀਐਨਏ ਟੈਸਟਿੰਗ ਰਾਹੀਂ ਲਗਾਇਆ ਜਾਵੇਗਾ।

## ਯਾਦਗਾਰੀ ਹੋ ਨਿਬੜਿਆ ਨਾਰੀ ਏਕਤਾ ਸੰਸਥਾ ਦਾ ਪੰਜਾਬੀ ਮੇਲਾ



ਲੁਧਿਆਣਾ, 17 ਜੁਲਾਈ (ਰਵਿੰਦਰ ਸਿੰਘ ਨਿੱਝਰ) : ਤੀਆਂ ਦੇ ਸਬੰਧ ਵਿੱਚ ਧੀਆਂ ਨੂੰ ਸਮਰਪਿਤ ਕੈਨੇਡਾ ਵਿੱਚ ਅਲਬਰਟਾ ਪ੍ਰਾਂਤ ਦੇ ਖ਼ੂਬਸੂਰਤ ਸ਼ਹਿਰ ਕੈਲਗਰੀ ਵਿਖੇ ਨਾਰੀ ਏਕਤਾ ਆਸਰਾ ਸੰਸਥਾ ਦੀ ਕੈਨੇਡਾ ਇਕਾਈ ਵੱਲੋਂ ਪੰਜਾਬੀ ਮੇਲਾ 2025 ਕਰਵਾਇਆ ਗਿਆ। ਸਮਾਰੋਹ ਵਿੱਚ ਸਮਾਜ ਸੇਵੀ ਅਤੇ ਕੌਂਸਲਰ ਸੋਹਨ ਸਿੰਘ ਗੋਗਾ ਅਤੇ ਬੀਬੀ ਕੁਲਵਿੰਦਰ ਕੌਰ ਗੋਗਾ ਮੁੱਖ ਮਹਿਮਾਨ ਵਜੋਂ ਅਤੇ ਚੈਸਟਰਮੇਰ ਦੇ ਡਿਪਟੀ ਮੇਅਰ ਕਿਰਨ ਰੰਧਾਵਾ ਪ੍ਰਧਾਨਗੀ ਵਜੋਂ ਸ਼ਾਮਿਲ ਹੋਏ ਜਸਵਿੰਦਰ ਸਿੰਘ ਵਿਰਦੀ ਦੇ ਸੁਚੱਜੇ ਪ੍ਰਬੰਧ ਹੇਠ ਕਰਵਾਏ ਗਏ ਸਮਾਗਮ ਦੌਰਾਨ ਚਰਚਿਤ ਅਦਾਕਾਰ ਕਰਮਦੀਪ ਬਿਰਦੀ ਦੇ ਮੰਚ ਸੰਚਾਲਨ ਹੇਠ ਪੰਜਾਬੀ ਸੱਭਿਆਚਾਰ ਨੂੰ ਪੇਸ਼ ਕਰਦਾ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਭੰਗੜੇ ਅਤੇ ਗਿੱਧੇ ਦੀ ਕੈਨੇਡੀਅਨ ਗੱਭਰੂਆਂ ਅਤੇ ਮੁਟਿਆਰਾਂ ਦੇ ਵੱਲੋਂ ਬਿਹਤਰੀਨ ਪੇਸ਼ਕਸ਼ ਨੇ ਹਰ ਇੱਕ ਦਿਲ ਨੂੰ ਮੋਹ ਲਿਆ । ਲਘੂ ਫਿਲਮਾਂ ਦੀ ਪ੍ਰਸਿੱਧ ਅਦਾਕਾਰਾ ਗੈਵੀ ਬਿਰਦੀ ਭੰਗੜੇ ਗਿੱਧੇ ਦੀ ਅੰਤਰਰਾਸ਼ਟਰੀ ਕੋਚ ਗਿੰਨੀ ਬਰਾੜ ਅਤੇ ਕਲਾ ਪ੍ਰੇਮੀ ਰਚਮਨਦੀਪ ਕੌਰ ਸੋਹਲ ਨੇ ਨਿਰਨਾਇਕਾਂ ਵਜੋਂ ਹਾਜ਼ਰ ਹੋਕੇ ਭਾਗ ਲੈਣ ਵਾਲੇ ਕਲਾਕਾਰਾਂ ਨੂੰ ਇਨਾਮ ਤਕਸੀਮ ਕੀਤੇ । ਸਮਾਗਮ ਦੌਰਾਨ ਨਾਰੀ ਏਕਤਾ ਆਸਰਾ ਸੰਸਥਾ ਅਲਬਰਟਾ ਇਕਾਈ ਦੀ ਚੇਅਰਪਰਸਨ ਕਿਰਨ ਕਲਸੀ,ਪ੍ਰਧਾਨ ਦਲਜੀਤ ਕੌਰ ਵਿਰਦੀ ਦੀ ਅਗਵਾਈ ਵਿੱਚ ਗੁਰਮੀਤ ਕੌਰ ਗਿੱਲ, ਦੀਪਇੰਦਰ ਕੌਰ ,ਗੁਰ ਅਸੀਸ ਕੌਰ ਸ਼ਾਈਨੀ, ਅਰਜੋਈ, ਸਮਾਈਲੀ ਗੱਰਵਿੰਦਰ ਕੌਰ ਬਿਰਦੀ ਬਲਵੀਰ ਪਿੰਕੀ ਬੰਟੀ ਸਿਆਣ ਰਾਣੀ ਸਿਆਣ ਗਰੁਪ ?ਹੀਤ ਸਿੰਘ ਜਤਿੰਦਰ ਸਿੰਘ ਰੰਧਾਵਾ ਬੀਬੀ ਵਲਵਿੰਦਰ ਕੌਰ ਅਸੀਨ ਵਿਰਦੀ ਜਸਕੀਰਤ ਕੌਰ ਅਰਸਦੀਪ ਸਿੰਘ ਰਣਯੋਧ ਸਿੰਘ ਬਰਾੜ ਸੁਰਜੀਤ ਸਿੰਘ ਛਫ਼ਾਲ ਸਿੰਘ ਨੇ ਮੇਲੇ ਦੀ ਸਫਲਤਾ ਲਈ ਆਪਣਾ ਵੱਡਮੁੱਲਾ ਯੋਗਦਾਨ ਪਾਇਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਵਤਾਰ ਸਿੰਘ ਕਲਸੀ, ਗੁਰਦਤਾਰ ਸਿੰਘ ਬਿਰਦੀ, ਅਵਿਨਾਸ਼ ਸਿੰਘ ਸਰਲਾ, ਸਨਮਦੀਪ ਸਿੰਘ ਬਿਰਦੀ ,ਖ਼ੁਸ਼ਦੀਪ ਸਿੰਘ ਬਿਰਦੀ, ਹਰਪ੍ਰੀਤ ਸਿੰਘ ਦੇਦ,ਹਰਜੋਤ ਸਿੰਘ ,ਹਰਨਿਵਾਜ ਸਿੰਘ, ਬਲਵਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪੰਜਾਬੀ ਅਤੇ ਕਨੇਡੀਅਨ ਭਾਈਚਾਰੇ ਨੇ ਮੇਲੇ ਦਾ ਖੂਬ ਆਨੰਦ ਮਾਣਿਆ। ਮੇਲੇ ਵਿੱਚ ਜੇਤੂਆਂ ਨੂੰ ਇਨਾਮ ਵੰਡਣ ਮੌਕੇ ਮੁੱਖ ਮਹਿਮਾਨ ਸਰਦਾਰ ਸੋਹਣ ਸਿੰਘ ਗੋਗਾ ਅਤੇ ਜਸਵਿੰਦਰ ਸਿੰਘ ਵਿਰਦੀ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਆਪਣੇ ਵਿਰਸੇ ਨਾਲ ਜੋੜਨ ਵਾਲੇ ਇਹ ਮੇਲੇ ਦਾ ਇੱਕ ਛੋਟਾ ਜਿਹਾ ਉਪਰਾਲਾ ਕੀਤਾ ਗਿਆ, ਜਿਸ ਨੂੰ ਆਉਣ ਵਾਲੇ ਸਮੇਂ ਵਿੱਚ ਵੱਖ-ਵੱਖ ਸਮਾਗਮਾਂ ਰਾਹੀਂ ਪੰਜਾਬੀ ਸੱਭਿਆਚਾਰ ਨੂੰ ਹੋਰ ਪ੍ਰਫੁੱਲਤ ਕਰਨ ਦੇ ਉਪਰਾਲੇ ਕੀਤੇ ਜਾਣਗੇ।

## ਸੁਸ਼ੀਲ ਮਲਹੋਤਰਾ ਨੂੰ ਫਿਲੌਰ ਅਤੇ ਫਗਵਾੜਾ ਵਿਧਾਨ ਸਭਾ ਲਈ ਆਬਜ਼ਰਵਰ ਨਿਯੁਕਤ ਕੀਤਾ



ਲੁਧਿਆਣਾ, 17 ਜੁਲਾਈ (ਰਵਿੰਦਰ ਸਿੰਘ ਨਿੱਝਰ) : ਸੁਸ਼ੀਲ ਕੁਮਾਰ ਮਲ੍ਹੋਤਰਾ, ਕਾਂਗਰਸ ਪਾਰਟੀ ਦੇ ਇੱਕ ਸਮਰਪਿਤ ਕਰਮਠ ਵਰਕਰ ਹਨ। ਉਨ੍ਹਾਂ ਨੇ 1983 ਤੋਂ 1989 ਤੱਕ ਐਨ.ਐੱਸ.ਯੂ.ਆਈ ਵਿਦਿਆਰਥੀ ਸੰਗਠਨ ਵਿੱਚ ਕੰਮ ਕਰਨ ਦਾ ਮੌਕਾ ਮਿਲਿਆ, ਜਿਥੇ ਉਹ ਐਨ.ਐੱਸ.ਯੂ.ਆਈ. ਲੁਧਿਆਣਾ ਦੇ ਪ੍ਰਧਾਨ, ਉਪਰੰਤ (ਉਪਪ੍ਰਧਾਨ, ਮਹਾਂਸਚਿਵ, ਸੰਯੁਕਤ ਸਚਿਵ ਅਤੇ ਪ੍ਰਚਾਰ ਸਚਿਵ ਐਨ.ਐੱਸ.ਯੂ.ਆਈ. ਪੰਜਾਬ) ਦੇ ਵੱਖ-ਵੱਖ ਅਹੁਦਿਆਂ 'ਤੇ ਕੰਮ ਕਰਦੇ ਰਹੇ। ਇਸ ਤੋਂ ਬਾਅਦ ਉਨ੍ਹਾਂ ਪੰਜਾਬ ਯੂਥ ਕਾਂਗਰਸ ਵਿੱਚ ਅਤੇ ਪ੍ਰਦੇਸ਼ ਕਾਂਗਰਸ ਕਮੇਟੀ ਵਿੱਚ ਵੀ ਕੰਮ ਕੀਤਾ। ਉਨ੍ਹਾਂ ਨੂੰ ਐਨ.ਐੱਸ.ਯੂ.ਆਈ. ਵਿੱਚ ਅਤੇ ਪੰਜਾਬ ਯੂਥ ਕਾਂਗਰਸ ਵਿੱਚ ਅਤੇ ਸ਼ਹਿਰ ਦੇ ਇੰਚਾਰਜ ਰਹੇ। ਉਨ੍ਹਾਂ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵਿੱਚ ਸਚਿਵ ਰਹਿੰਦੇ ਸਮੇਂ ਬਠਿੰਡਾ, ਸੁਲਤਾਨਪੁਰ ਲੋਧੀ ਅਤੇ ਫਿਲਲੌਰ ਵਿਧਾਨ ਸਭਾ ਖੇਤਰ ਵਿੱਚ ਕੋਆਰਡੀਨੇਟਰ ਵਜੋਂ ਵੀ ਕੰਮ ਕੀਤਾ। ਹੁਣ ਸੁਸ਼ੀਲ ਕੁਮਾਰ ਮਲ੍ਹੋਤਰਾ, ਮੈਂਬਰ ਪੀ.ਪੀ.ਸੀ.ਸੀ., ਨੂੰ ਰਾਜਾ ਅਮਰਿੰਦਰ ਸਿੰਘ ਵੜਿੰਗ, ਪ੍ਰਧਾਨ ਪੀ.ਪੀ.ਸੀ.ਸੀ. ਵੱਲੋਂ ਫਿਲੌਰ ਅਤੇ ਫਗਵਾੜਾ ਵਿਧਾਨ ਸਭਾ ਖੇਤਰਾਂ ਦੇ ਅਬਜ਼ਰਵਰ ਵਜੋਂ ਨਿਯੁਕਤ ਕੀਤਾ ਗਿਆ ਹੈ। ਉਹ ਦੋਵੇਂ ਖੇਤਰਾਂ ਵਿੱਚ ਪੀ.ਪੀ.ਸੀ.ਸੀ. ਵੱਲੋਂ ਨਿਯੁਕਤ ਕੋਆਰਡੀਨੇਟਰਾਂ ਅਤੇ ਕਾਂਗਰਸ ਅਹੁਦੇਦਾਰਾਂ ਦੇ ਕੰਮ ਦੀ ਸਮੀਖਿਆ ਕਰਨਗੇ, ਅਤੇ ਪਾਰਟੀ ਦੇ ਸੰਗਠਨ ਨੂੰ ਬੂਥ ਪੱਧਰ, ਮੰਡਲ ਪੱਧਰ, ਬਲਾਕ ਪੱਧਰ, ਵਾਰਡ ਪੱਧਰ ਅਤੇ ਪਿੰਡ/ਪੰਚਾਇਤ ਪੱਧਰ ਤੱਕ ਮਜ਼ਬੂਤ ਕਰਨਗੇ।

## ਵਿਧਾਇਕ ਛੀਨਾ ਦੀ ਪਹਿਲਕਦਮੀ ਸਦਕਾ ਲੋਹਾਰਾ ਨੂੰ ਮਿਲਿਆ ਨਵਾਂ ਸਪੋਰਟਸ ਪਾਰਕ



ਲੁਧਿਆਣਾ, 17 ਜੁਲਾਈ (ਰਵਿੰਦਰ ਸਿੰਘ ਨਿੱਝਰ): ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੌਜਵਾਨੀ ਨੂੰ ਨਸ਼ਿਆਂ ਤੋਂ ਪਾਸਾ ਵੱਟ ਕੇ, ਪੰਜਾਬ ਨੂੰ ਖੇਡਾਂ ਦੇ ਖੇਤਰ ਵਿੱਚ ਮੋਹਰੀ ਸੂਬਾ ਬਣਾਉਣ ਲਈ ਵਚਨਬੱਧ ਹੈ, ਜਿਸਦੇ ਤਹਿਤ ਵੱਖ-ਵੱਖ ਹਲਕਿਆਂ ਵਿੱਚ ਖੇਡ ਮੈਦਾਨਾਂ ਦਾ ਨਿਰਮਾਣ ਕਰਵਾਇਆ ਜਾ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਲੁਧਿਆਣਾ ਦੱਖਣੀ ਤੋਂ ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਵੱਲੋਂ ਲੋਹਾਰਾ ਵਿਖੇ ਖੇਡ ਪਾਰਕ ਦਾ ਉਦਘਾਟਨ ਕਰਦਿਆਂ ਕੀਤਾ। ਵਿਧਾਇਕ ਛੀਨਾ ਵੱਲੋਂ ਸਪੋਰਟਸ ਪਾਰਕ ਨੂੰ ਲੋਕ ਅਰਪਿਤ ਕਰਕੇ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਇੱਕ ਤੋਹਫ਼ਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਇਸ ਖੇਡ ਪਾਰਕ ਵਿੱਚ ਬੱਚੇ ਅਤੇ ਨੌਜਵਾਨ ਰਾਤ ਦੇ ਸਮੇਂ ਦੂਧੀਆ ਰੋਸ਼ਨੀ ਵਿੱਚ ਵੀ ਮੁਫ਼ਤ ਨੈੱਟ ਕ੍ਰਿਕਟ ਖੇਡਣ ਦਾ ਆਨੰਦ ਮਾਣ ਸਕਦੇ ਹਨ।

ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਨੇ ਦਾਅਵਾ ਕੀਤਾ ਕਿ ਇਹ ਪੰਜਾਬ ਦਾ ਪਹਿਲਾ ਸਰਕਾਰੀ ਸਪੋਰਟਸ ਪਾਰਕ ਹੋਵੇਗਾ ਜਿੱਥੇ ਸੀਨੀਅਰ ਨਾਗਰਿਕਾਂ ਨੇ ਵੀ ਕ੍ਰਿਕਟ ਖੇਡਣ ਦੀ ਇੱਛਾ ਪ੍ਰਗਟਾਈ ਹੈ ਅਤੇ ਉਹ ਆਪਣੀ ਸਹੂਲਤ ਅਨੁਸਾਰ ਇੱਥੇ ਹੋਣ ਵਾਲੀਆਂ ਖੇਡ ਗਤੀਵਿਧੀਆਂ ਵਿੱਚ ਹਿੱਸਾ ਲੈ ਸਕਣਗੇ। ਵਿਧਾਇਕ ਛੀਨਾ ਨੇ ਕਿਹਾ ਕਿ ਕ੍ਰਿਕਟ ਸਹੂਲਤਾਂ ਦੇ ਨਾਲ-ਨਾਲ ਪਾਰਕ ਵਿੱਚ ਛੋਟੇ ਬੱਚਿਆਂ ਲਈ ਸਾਹਸੀ ਖੇਡਾਂ, ਝੂਲੇ ਅਤੇ ਸਲਾਈਡਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। 14 ਸਾਲ ਤੋਂ ਵੱਧ ਉਮਰ ਦੇ ਬੱਚਿਆਂ ਲਈ ਰਜਿਸਟਰੇਸ਼ਨ ਪ੍ਰਕਿਰਿਆ ਵਿਧਾਇਕ ਛੀਨਾ ਦੇ ਦਫ਼ਤਰ ਵਿੱਚ ਚੱਲ ਰਹੀ ਹੈ।

## ਟ੍ਰੈਫ਼ਿਕ ਪੁਲਿਸ ਵੱਲੋਂ ਦੋ ਪਹੀਆ ਵਾਹਨਾਂ ਦੇ ਚਲਾਨਾਂ 'ਤੇ ਜ਼ੋਰ, ਕਾਰ ਵਾਲਿਆਂ 'ਤੇ ਮਿਹਰਬਾਨ




ਲੁਧਿਆਣਾ, 17 ਜੁਲਾਈ (ਵਿਸ਼ਾਲ ਸ਼ਰਮਾ) : ਸ਼ਹਿਰ ਵਿੱਚ ਟਰੈਫਿਕ ਪੁਲਿਸ ਵੱਲੋਂ ਦੋ ਪਹੀਆ ਵਾਹਨ ਸਵਾਰਾਂ ਦੇ ਤਾਬੜ ਤੋੜ ਚਲਾਨ ਕੱਟਣ ਦੀ ਕਾਰਵਾਈ ਜਾਰੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਜਿੱਥੇ ਸਕੂਟਰ, ਮੋਟਰਸਾਈਕਲ ਸਵਾਰਾਂ ਨੂੰ ਰੁਕਾ ਕੇ ਉਨ੍ਹਾਂ ਦੇ ਹੈਲਮੈਟ, ਕਾਗਜ਼ਾਤ ਜਾਂ ਰਜਿਸਟਰੇਸ਼ਨ ਦੇ ਨਾਂ 'ਤੇ ਦੰਡ ਲਾਇਆ ਜਾ ਰਿਹਾ ਹੈ, ਉਥੇ ਹੀ ਚਾਰ ਪਹੀਆ ਵਾਹਨਾਂ ਨੂੰ ਅਕਸਰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਕਾਰ ਸਵਾਰ ਅਕਸਰ ਬਿਨਾਂ ਬੈਲਟ ਫੋਨ ਉਪਰ ਗੱਲ ਕਰਦੇ ਡਰਾਈਵ ਕਰਦੇ ਦੇਖੇ ਜਾਂਦੇ ਨੇ ਪਰ ਉਹਨਾਂ ਉਪਰ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ ਦੋ ਪਹੀਆ ਵਾਹਨ ਚਾਲਕ ਜੋ ਕੇ ਪੈਸਿਆਂ ਵੱਲੋਂ ਬਹੁਤਾ ਸਮਰਥ ਨਹੀ ਹੁੰਦਾ ਉਨ੍ਹਾਂ ਦਾ ਚਲਾਨ ਇਕ ਹਾਜ਼ਰ ਤੋਂ ਲੈ ਕੇ ਕਰੀਬ ਵੀਹ ਹਜ਼ਾਰ ਤੱਕ ਹੋ ਜਾਂਦਾ ਹੈ। ਕਈ ਵਾਰ ਤਾਂ ਉਸ ਵਾਹਨ ਦੀ ਕੀਮਤ ਵੀ ਓਨੀ ਨਹੀਂ ਹੁੰਦੀ। ਰੋਜ਼ਾਨਾ ਚੌਰਾਹਿਆਂ 'ਤੇ ਟਰੈਫਿਕ ਪੁਲਿਸ ਦੀ ਟੀਮ ਲਾਈਨ ਲਗਾ ਕੇ ਦੋ ਪਈਆ ਵਾਹਨਾਂ ਨੂੰ ਰੋਕਦੀ ਹੈ। ਕਈ ਵਾਰੀ ਲੋਕ ਸਿਰਫ਼ ਦੋ ਕਦਮ ਅੱਗੇ ਜਾਂ ਰਹੇ ਹੁੰਦੇ ਹਨ, ਪਰ ਉਨ੍ਹਾਂ ਦਾ ਵੀ ਚਲਾਨ ਕਰ ਦਿੱਤਾ ਜਾਂਦਾ ਹੈ। ਦੋ ਪਹੀਆ ਵਾਹਨ ਚਲਾਉਣ ਵਾਲਿਆਂ ਵਿੱਚ ਇਸ ਗੱਲ ਨੂੰ ਲੈ ਕੇ ਰੋਸ ਵਧ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਾਨੂੰ ਹੀ ਅਕਸਰ ਸੌਖਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ,ਜਦਕਿ ਕਾਰਾਂ ਵਾਲੇ ਨਿਯਮ ਤੋੜ ਕੇ ਵੀ ਅਕਸਰ ਬਚ ਜਾਂਦੇ ਹਨ। ਕੁਝ ਲੋਕਾਂ ਦਾ ਇਹ ਵੀ ਕਹਿਣਾ ਸੀ ਕਿ ਟਰੈਫਿਕ ਪੁਲਿਸ ਦੇ ਵੱਡੇ ਅਫਸਰ ਪਿਛਲੇ ਇੱਕ ਸਾਲ ਦੇ ਚਲਾਨਾ ਦਾ ਰਿਕਾਰਡ ਕਢਾ ਕੇ ਦੇਖ ਸਕਦੇ ਹਨ ਕਿ ਕਿੰਨੇ ਚਲਾਨ ਟੂ ਵੀਲਰ ਅਤੇ ਕਾਰਾਂ ਦੇ ਹੋਏ ਹਨ ਜਿਸ ਨਾਲ ਚੌਰਾਹਿਆਂ ਤੇ ਖੜੇ ਪੁਲਿਸ ਮੁਲਾਜ਼ਮਾਂ ਦੀ ਕਾਰਗੁਜ਼ਾਰੀ ਬਾਰੇ ਪਤਾ ਲੱਗ ਜਾਵੇਗਾ। ਇੱਕ ਨੌਜਵਾਨ ਨੇ ਦੱਸਿਆ ਕਿ, ਮੈਂ ਹੇਲਮੈਟ ਪਾਇਆ ਹੋਇਆ ਸੀ, ਲਾਈਟ ਵੀ ਚਾਲੂ ਸੀ, ਫਿਰ ਵੀ ਇਹ ਕਹਿ ਕੇ ਚਲਾਨ ਕਟ ਦਿੱਤਾ ਕਿ ਗੱਡੀ ਦੇ ਪੇਪਰ ਨਹੀ ਪੂਰੇ ਹਨ। ਪਰ ਅੱਗੇ ਪਾਸੇ ਇੱਕ ਕਾਰ ਰਾਂਗ ਸਾਈਡ ਆਈ, ਉਸ ਨੂੰ ਕੁਝ ਵੀ ਨਹੀਂ ਕਿਹਾ ਗਿਆ। ਇਸ ਦੋਹਰੇ ਮਿਆਰ ਨੂੰ ਲੈ ਕੇ ਲੋਕਾਂ ਵਿੱਚ ਗੁੱਸਾ ਹੈ। ਉਨ੍ਹਾਂ ਦੀ ਮੰਗ ਹੈ ਕਿ ਟਰੈਫਿਕ ਨਿਯਮ ਸਭ ਉੱਤੇ ਇਕੋ ਜਿਹੀ ਸਖਤੀ ਨਾਲ ਲਾਗੂ ਹੋਣੇ ਚਾਹੀਦੇ ਹਨ। ਜੇਕਰ ਟਰੈਫਿਕ ਵਿਭਾਗ ਨੇ ਲੋਕਾਂ ਦਾ ਵਿਸ਼ਵਾਸ ਜਿੱਤਣਾ ਹੈ ਤਾਂ ਨਿਆਂਪੂਰਨ ਅਤੇ ਨਿਰਪੱਖ ਕਾਰਵਾਈ ਲਾਜ਼ਮੀ ਬਣਦੀ ਹੈ।

## ਜਨਤਾ ਨਗਰ 'ਚ ਬਣਿਆ ਸੇਵਾ ਕੇਂਦਰ ਸਵੇਰੇ 8 ਤੋਂ ਰਾਤ 8 ਵਜੇ ਤੱਕ ਖੁੱਲ੍ਹੇਗਾ

ਲੁਧਿਆਣਾ, 17 ਜੁਲਾਈ (ਵਿਸ਼ਾਲ ਸ਼ਰਮਾ) : ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਬਿਹਤਰ ਪ੍ਰਸ਼ਾਸਨਿਕ ਸਹੂਲਤਾਂ ਦੇਣ ਦੀ ਲੜੀ ਦੇ ਤਹਿਤ ਵਿਧਾਨ ਸਭਾ ਹਲਕਾ ਆਤਮ ਨਗਰ ਅਧੀਨ ਪੀ.ਐਸ.ਪੀ.ਸੀ.ਐਲ., ਜਨਤਾ ਨਗਰ ਵਿਖੇ ਬਣੇ ਸੇਵਾ ਕੇਂਦਰ ਨੂੰ ਸਵੇਰੇ 8 ਵਜੇ ਤੋਂ ਰਾਤ 8 ਵਜੇ ਤੱਕ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਹੈ।

ਵਧੀਕ ਡਿਪਟੀ ਕਮਿਸ਼ਨਰ (ਜਨਰਲ) ਰਾਕੇਸ਼ ਕੁਮਾਰ ਨੇ ਦੱਸਿਆ ਕਿ ਇਸ ਸੇਵਾ ਕੇਂਦਰ ਵਿਖੇ ਲੋਕਾਂ ਦੀ ਆਮਦ ਜ਼ਿਆਦਾ ਸੀ, ਜਿਸ ਦੇ ਮੱਦੇਨਜ਼ਰ ਲੋਕਾਂ ਦੀ ਸਹੂਲਤ ਲਈ ਇਹ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਨੌਕਰੀ ਪੇਸ਼ਾ ਲੋਕ ਅਤੇ ਹੋਰ ਪ੍ਰਾਈਵੇਟ ਨੌਕਰੀਆਂ ਕਰਨ ਵਾਲੇ ਵੀ ਹੁਣ ਆਪਣੇ ਨੌਕਰੀ ਦੇ ਸਮੇਂ ਤੋਂ ਬਾਅਦ ਸੇਵਾ ਕੇਂਦਰ ਨਾਲ ਸਬੰਧਤ ਕੰਮਾਂ ਲਈ ਸੇਵਾ ਕੇਂਦਰ ਵਿਖੇ ਆ ਸਕਦੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਸੇਵਾ ਕੇਂਦਰ ਸਵੇਰੇ 8 ਵਜੇ ਤੋਂ ਰਾਤ 8 ਵਜੇ ਤੱਕ ਖੁੱਲ੍ਹਾ ਰਹੇਗਾ ਜਿਸ ਨਾਲ ਲੋਕਾਂ ਨੂੰ ਵੱਡੀ ਸਹੂਲਤ ਦਾ ਲਾਭ ਮਿਲੇਗਾ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਦੀ ਇਸ ਸਹੂਲਤ ਦਾ ਵੱਧ ਤੋਂ ਵੱਧ ਲਾਭ ਲੈਣ ਅਤੇ ਕੋਈ ਵੀ ਸ਼ਖ਼ਸ ਸੇਵਾ ਕੇਂਦਰਾਂ ਨਾਲ ਸਬੰਧਤ ਕੰਮਾਂ ਲਈ ਇਸ ਸੇਵਾ ਕੇਂਦਰ 'ਚ ਸਵੇਰੇ 8 ਤੋਂ ਰਾਤ 8 ਵਜੇ ਤੱਕ ਆ ਸਕਦਾ ਹੈ।

## ਵਿਧਾਇਕ ਸਿੱਧੂ ਵੱਲੋਂ ਵਾਰਡ ਨੰ. 40 'ਚ ਨਵੇਂ ਟਿਊਬਵੈੱਲ ਦਾ ਉਦਘਾਟਨ



ਲੁਧਿਆਣਾ, 17 ਜੁਲਾਈ (ਰਵਿੰਦਰ ਸਿੰਘ ਨਿੱਝਰ) : ਹਲਕੇ ਦੇ ਵਸਨੀਕਾਂ ਨੂੰ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਉਣ ਦੇ ਮੰਤਵ ਨਾਲ, ਵਿਧਾਨ ਸਭਾ ਹਲਕਾ ਆਤਮ ਨਗਰ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ ਵੱਲੋਂ ਵਾਰਡ ਨੰਬਰ 40 ਵਿਖੇ ਨਵੇਂ 25 ਹਾਰਸ ਪਾਵਰ ਟਿਊਬਵੈੱਲ ਦਾ ਉਦਘਾਟਨ ਕੀਤਾ। ਇਸ ਮੌਕੇ ਡਿਪਟੀ ਮੇਅਰ ਪ੍ਰਿੰਸ ਜੋਹਰ ਅਤੇ ਕੌਂਸਲਰ ਜਗਮੀਤ ਸਿੰਘ ਨੋਨੀ ਅਤੇ ਯਸ਼ਪਾਲ ਸ਼ਰਮਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਵੀ ਮੌਜੂਦ ਸਨ। ਵਿਧਾਇਕ ਸਿੱਧੂ ਨੇ ਕਿਹਾ ਕਿ ਵਾਰਡ ਨੰਬਰ 40 ਅਧੀਨ ਗਲੀ ਨੰਬਰ 5, ਸ਼ਿਮਲਾਪੁਰੀ ਵਿਖੇ 25 ਹਾਰਸ ਪਾਵਰ ਵਾਲਾ ਪੀਣ ਵਾਲੇ ਪਾਣੀ ਦਾ ਟਿਊਬਵੈੱਲ ਲਗਾਇਆ ਜਾ ਰਿਹਾ ਹੈ ਜਿਸ ਤੇ ਕਰੀਬ 12.50 ਲੱਖ ਰੁਪਏ ਖਰਚ ਕੀਤੇ ਜਾਣਗੇ। ਉਨ੍ਹਾਂ ਅੱਗੇ ਇਹ ਵੀ ਦੱਸਿਆ ਕਿ ਇਸ ਇਲਾਕੇ ਵਿੱਚ ਬੀਤੇ ਸਮੇਂ ਦੌਰਾਨ ਪਾਣੀ ਦੀ ਕਾਫੀ ਕਿੱਲਤ ਸੀ ਅਤੇ ਉਨ੍ਹਾਂ ਦੀ ਚਿਰੋਕਣੀ ਮੰਗ ਨੂੰ ਪੂਰਾ ਕਰਦਿਆਂ ਵਾਰਡ ਵਿੱਚ ਨਵਾਂ ਟਿਊਬਵੈੱਲ ਲਗਾਉਣ ਦੇ ਕਾਰਜਾਂ ਦੀ ਸ਼ੁਰੂਆਤ ਕੀਤੀ ਹੈ। ਇਸ ਪਹਿਲਕਦਮੀ ਤਹਿਤ ਇਲਾਕਾ ਨਿਵਾਸੀਆਂ ਲਈ ਇੱਕ ਨਿਰੰਤਰ ਅਤੇ ਭਰੋਸੇਯੋਗ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਈ ਜਾਵੇਗੀ।

ਉਨ੍ਹਾਂ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ ਅਤੇ ਸੂਬੇ ਦੇ ਵਸਨੀਕਾਂ ਨੂੰ ਆਉਣ ਵਾਲੀਆਂ ਦਰਪੇਸ਼ ਮੁਸ਼ਕਿਲਾਂ ਦੇ ਹੱਲ ਲਈ ਵਚਨਬੱਧ ਹੈ ਜਿਸਦੇ ਤਹਿਤ ਚੋਣਾਂ ਦੌਰਾਨ ਵੋਟਰਾਂ ਨਾਲ ਕੀਤੇ ਵਾਅਦਿਆਂ ਨੂੰ ਇੱਕ-ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ।

## ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਪੌਦੇ ਲਗਾਏ



ਲੁਧਿਆਣਾ, 17 ਜੁਲਾਈ (ਰਵਿੰਦਰ ਸਿੰਘ ਨਿੱਝਰ) : ਸਰਕਾਰੀ ਪ੍ਰਾਇਮਰੀ ਸਕੂਲ ਡਾਕਟਰ ਅੰਬੇਡਕਰ ਨਗਰ ਲੁਧਿਆਣਾ ਵਿਖੇ 'ਏਕ ਪੇੜ ਮਾਂ ਕੇ ਨਾਮ' ਮੁਹਿੰਮ ਤਹਿਤ ਪੌਦੇ ਲਗਾਏ ਗਏ। ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਡਾਕਟਰ ਸੁਰਜੀਤ ਸਿੰਘ ਉਚੇਚੇ ਤੌਰ 'ਤੇ ਪਹੁੰਚੇ। ਆਮ ਆਦਮੀ ਪਾਰਟੀ ਦੀ ਮਹਿਲਾ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਸੋਨੀਆ ਅਲੱਗ ਵੀ ਇਸ ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਡਾਕਟਰ ਸੁਰਜੀਤ ਸਿੰਘ ਨੇ ਆਖਿਆ ਕਿ ਪੰਜਾਬ ਵਿੱਚ ਵਿਗੜ ਰਹੇ ਵਾਤਾਵਰਨ ਅਤੇ ਵਧ ਰਹੇ ਪ੍ਰਦੂਸ਼ਣ ਤੋਂ ਬਚਣ ਲਈ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ। ਉਹਨਾਂ ਕਿਹਾ ਕਿ ਜੇਕਰ ਅੱਜ ਅਸੀਂ ਪੌਦੇ ਨਹੀਂ ਲਗਾਵਾਂਗੇ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਪਵੇਗਾ। ਸਕੂਲ ਦੀ ਮੁੱਖ ਅਧਿਆਪਕਾ ਗੁਰਮੀਤ ਕੌਰ ਚੌਹਾਨ ਨੇ ਡਾਕਟਰ ਸੁਰਜੀਤ ਸਿੰਘ ਅਤੇ ਸੋਨੀਆ ਸਮੇਤ ਆਏ ਮਹਿਮਾਨਾਂ ਦਾ ਸਵਾਗਤ ਨੂੰ ਧੰਨਵਾਦ ਕੀਤਾ।

## ਫਿਰੋਜ਼ਗਾਂਧੀ ਮਾਰਕੀਟ 'ਚ ਟ੍ਰੈਫਿਕ ਦੀ ਭਾਰੀ ਸਮੱਸਿਆ, ਲੋਕ ਪ੍ਰੇਸ਼ਾਨ



ਲੁਧਿਆਣਾ, 17 ਜੁਲਾਈ (ਵਿਸ਼ਾਲ ਸ਼ਰਮਾ) : ਸ਼ਹਿਰ ਦੇ ਦਿਲ ਸਮਝੀ ਜਾਂਦੀ ਫਿਰੋਜ਼ਗਾਂਧੀ ਮਾਰਕੀਟ ਅੱਜ ਕੱਲ੍ਹ ਟ੍ਰੈਫਿਕ ਜਾਮ ਕਾਰਨ ਨਰਕ ਬਣੀ ਹੋਈ ਹੈ। ਇੱਥੇ ਹਰ ਵੇਲੇ ਵਾਹਨਾਂ ਦੀ ਲੰਮੀ ਕਤਾਰ, ਹੋਰਨਾਂ ਦੀ ਆਵਾਜ਼ ਅਤੇ ਲੋਕਾਂ ਦੀ ਬੇਬਸੀ ਦਿਖਾਈ ਦਿੰਦੀ ਹੈ। ਖਾਸ ਕਰਕੇ ਦਿਨ ਦੇ ਸਮੇਂ 'ਚ ਤਾਂ ਹਾਲਤ ਇੰਨੀ ਖ਼ਰਾਬ ਹੋ ਜਾਂਦੀ ਹੈ ਕਿ ਦੋ ਪਹੀਆ ਵਾਹਨ ਦਾ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ। ਮਾਰਕੀਟ ਵਿੱਚ ਦਿਨੋਂ ਦਿਨ ਵਧ ਰਹੀ ਅਣਿਯੋਜਿਤ ਪਾਰਕਿੰਗ,ਫੜ੍ਹੇ ਤੇ ਖੜੇ ਰਹਿਣ ਵਾਲੇ ਠੇਲੇ-ਰੇਹੜੀਆਂ, ਅਤੇ ਦੋਹਾਂ ਪਾਸਿਆਂ ਉਲਟ ਸਾਈਡ ਵਾਹਨ ਚਲਾਉਣ ਦੀ ਆਦਤ ਨੇ ਸਮੱਸਿਆ ਨੂੰ ਹੋਰ ਵਧਾ ਰਹੇ ਹਨ। ਇੱਥੇ ਕੰਮ ਲਈ ਆਉਣ ਵਾਲੇ ਲੋਕ ਅਤੇ ਦਫਤਰ ਮਾਲਕਾਂ ਨੇ ਕਈ ਵਾਰੀ ਟ੍ਰੈਫਿਕ ਪੁਲਿਸ ਅਤੇ ਨਗਰ ਨਿਗਮ ਕੋਲ ਸ਼ਿਕਾਇਤ ਵੀ ਦਰਜ ਕਰਵਾਈ ਹੈ, ਪਰ ਹਾਲਾਤ ਵਿੱਚ ਕੋਈ ਸੁਧਾਰ ਨਹੀਂ ਆਇਆ। ਫਿਰੋਜ਼ ਗਾਂਧੀ ਮਾਰਕੀਟ ਦੇ ਦਫ਼ਤਰ ਮਾਲਕਾਂ ਦਾ ਕਹਿਣਾ ਹੈ ਕਿ ਟ੍ਰੈਫਿਕ ਪੁਲਿਸ ਵੱਲੋਂ ਇੱਥੇ ਇੱਕ ਟ੍ਰੈਫਿਕ ਕੰਟਰੋਲ ਸਿਸਟਮ ਹਮੇਸ਼ਾ ਖੜੀ ਹੋਣੀ ਚਾਹੀਦੀ ਹੈ, ਜਿਸ ਨਾਲ ਕਿ ਇਸ ਸਮੱਸਿਆ ਤੋਂ ਛੁਟਕਾਰਾ ਪਾਇਆ ਜਾ ਸਕੇ ਇਸ ਮਾਰਕੀਟ ਨੂੰ ਟਿਕਾਊ ਬਣਾਉਣ ਲਈ ਸੜਕਾਂ ਦੀ ਪੁਨਰਯੋਜਨਾ, ਠੇਲਿਆਂ ਲਈ ਨਿਰਧਾਰਿਤ ਥਾਂ ਅਤੇ ਯਾਤਰਾ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਲਾਜ਼ਮੀ ਹੈ। ਵਧ ਰਹੀ ਅਫਰਾਤਫਰੀ ਨੂੰ ਰੋਕਣ ਲਈ ਟ੍ਰੈਫਿਕ ਵਿਭਾਗ ਅਤੇ ਨਗਰ ਨਿਗਮ ਨੂੰ ਸੰਜੀਦਗੀ ਨਾਲ ਕਾਰਵਾਈ ਕਰਨੀ ਚਾਹੀਦੀ ਹੈ।

## ਵਿਸ਼ਵ ਇਮੋਜੀ ਦਿਵਸ 'ਤੇ ਸੀ.ਟੀ.ਯੂ. ਨੇ ਕੈਂਪਸ ਨੂੰ ਪ੍ਰਗਟਾਵੇ ਦੇ ਰੰਗਾਂ ਨਾਲ ਰੋਸ਼ਨ ਕੀਤਾ



ਲੁਧਿਆਣਾ, 17 ਜੁਲਾਈ (ਵਿਸ਼ਾਲ ਸ਼ਰਮਾ): ਸੀਟੀ ਯੂਨੀਵਰਸਿਟੀ ਨੇ ਵਿਸ਼ਵ ਇਮੋਜੀ ਦਿਵਸ ਬੇਮਿਸਾਲ ਉਤਸ਼ਾਹ, ਰਚਨਾਤਮਕਤਾ ਅਤੇ ਜੀਵੰਤ ਫੈਕਲਟੀ ਭਾਗੀਦਾਰੀ ਨਾਲ ਮਨਾਇਆ। ਕੈਂਪਸ ਊਰਜਾ ਨਾਲ ਗੂੰਜ ਰਿਹਾ ਸੀ, ਕਿਉਂਕਿ ਫੈਕਲਟੀ ਇਮੋਜੀ ਦੀ ਵਿਸ਼ਵਵਿਆਪੀ ਭਾਸ਼ਾ ਰਾਹੀਂ ਖੁਸ਼ੀ, ਹਾਸੇ ਅਤੇ ਅਰਥਪੂਰਨ ਸ਼ਮੂਲੀਅਤ ਨਾਲ ਭਰੇ ਇੱਕ ਦਿਨ ਲਈ ਇਕੱਠੇ ਹੋਏ ਸਨ। ਦਿਲਚਸਪ ਇਮੋਜੀ-ਥੀਮ ਵਾਲੀਆਂ ਖੇਡਾਂ ਤੋਂ ਲੈ ਕੇ ਇੰਟਰਐਕਟਿਵ ਗਤੀਵਿਧੀਆਂ ਅਤੇ ਅਜੀਬ ਮੁਕਾਬਲਿਆਂ ਤੱਕ, ਇਸ ਪ੍ਰੋਗਰਾਮ ਨੇ ਹਰ ਚਿਹਰੇ 'ਤੇ ਮੁਸਕਰਾਹਟ ਲਿਆਂਦੀ। ਇਸ ਸਮਾਗਮ ਦਾ ਉਦੇਸ਼ ਸੀਟੀਯੂ ਪਰਿਵਾਰ ਵਿੱਚ ਭਾਵਨਾਤਮਕ ਪ੍ਰਗਟਾਵੇ, ਰਚਨਾਤਮਕਤਾ ਅਤੇ ਹਲਕੇ-ਫੁਲਕੇ ਆਪਸੀ ਤਾਲਮੇਲ ਨੂੰ ਉਤਸ਼ਾਹਿਤ ਕਰਨਾ ਸੀ। ਬਹੁਤ ਸਾਰੇ ਦਿਲਚਸਪ ਇਨਾਮਾਂ ਦੀ ਲੜੀ ਸੀ, ਅਤੇ ਫੈਕਲਟੀ ਨੇ ਸਮੂਹ ਗਤੀਵਿਧੀਆਂ, ਡਰੰਡ ਇਮੋਜੀ ਚੈਰੇਡ, ਮੀਮ ਮੁਕਾਬਲੇ, ਅਤੇ ਇਮੋਜੀ ਪਿਕਸ਼ਨਰੀ ਰਾਹੀਂ ਆਪਣੀ ਪ੍ਰਤਿਭਾ ਅਤੇ ਉਤਸ਼ਾਹ ਦਾ ਪ੍ਰਦਰਸ਼ਨ ਕੀਤਾ। ਸਾਰਾ ਦਿਨ ਹਾਸੇ ਨਾਲ ਗੂੰਜਦਾ ਰਿਹਾ, ਜਿਸ ਨਾਲ ਇਹ ਖੁਸ਼ੀ ਅਤੇ ਸਿੱਖਣ ਦਾ ਇੱਕ ਸੰਪੂਰਨ ਮਿਸ਼ਰਣ ਬਣ ਗਿਆ। ਇਸ ਸਮਾਗਮ ਵਿੱਚ ਪ੍ਰਮੁੱਖ ਵਿਅਕਤੀ ਚਾਂਸਲਰ ਡਾ. ਨਿਤਿਨ ਟੰਡਨ, ਰਜਿਸਟਰਾਰ ਸੰਜੇ ਖੰਡੂਰੀ, ਡੀਨ ਅਕਾਦਮਿਕ ਡਾ. ਸਿਮਰਨਜੀਤ ਕੌਰ ਗਿੱਲ ਅਤੇ ਡਾਇਰੈਕਟਰ, ਵਿਦਿਆਰਥੀ ਭਲਾਈ ਇੰਜੀਨੀਅਰ ਦਵਿੰਦਰ ਸਿੰਘ ਦੀ ਮਾਣਯੋਗ ਹਾਜ਼ਰੀ ਨੇ ਸ਼ਿਰਕਤ ਕੀਤੀ, ਜਿਨ੍ਹਾਂ ਦੀ ਮੌਜੂਦਗੀ ਨੇ ਫੈਕਲਟੀ ਲਈ ਪ੍ਰੇਰਨਾ ਅਤੇ ਪ੍ਰਸ਼ੰਸਾ ਵਧਾ ਦਿੱਤੀ। ਵਾਈਸ ਚਾਂਸਲਰ ਡਾ. ਨਿਤਿਨ ਟੰਡਨ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ 'ਤੇਜ਼ ਰਫ਼ਤਾਰ ਵਾਲੇ ਡਿਜੀਟਲ ਸੰਸਾਰ ਵਿੱਚ, ਇਮੋਜੀ ਭਾਵਨਾਵਾਂ ਦੀ ਨਵੀਂ ਭਾਸ਼ਾ ਬਣ ਗਏ ਹਨ। ਇਸ ਦਿਨ ਦਾ ਜਸ਼ਨ ਸਾਡੇ ਵਿਦਿਆਰਥੀਆਂ ਨੂੰ ਰਚਨਾਤਮਕਤਾ ਦੀ ਪੜਚੋਲ ਕਰਨ ਦੀ ਆਗਿਆ ਦਿੰਦਾ ਹੈ, ਜਦੋਂਕਿ ਉਹ ਭਾਵਨਾਵਾਂ ਦਾ ਵੀ ਪ੍ਰਗਟ ਕਰਦੇ ਹਨ, ਜੋ ਅਕਸਰ ਅਣਕਹੀਆਂ ਰਹਿੰਦੀਆਂ ਹਨ। ਸੀਟੀ ਯੂਨੀਵਰਸਿਟੀ ਨਵੀਨਤਾ ਨੂੰ ਭਾਵਨਾਤਮਕ ਬੁੱਧੀ ਨਾਲ ਮਿਲਾਉਣ ਵਿੱਚ ਵਿਸ਼ਵਾਸ ਰੱਖਦੀ ਹੈ ਅਤੇ ਅੱਜ ਦਾ ਪ੍ਰੋਗਰਾਮ ਉਸ ਭਾਵਨਾ ਦੀ ਇੱਕ ਸੰਪੂਰਨ ਉਦਾਹਰਣ ਹੈ।

## ਭਾਈ ਰਣਧੀਰ ਸਿੰਘ ਨਗਰ ਵਿਖੇ 101ਵਾਂ ਚੁਪਹਿਰਾ ਜਪ-ਤਪ ਸਮਾਗਮ ਕਰਵਾਇਆ



ਲੁਧਿਆਣਾ, 17 ਜੁਲਾਈ (ਰਵਿੰਦਰ ਸਿੰਘ ਨਿੱਝਰ) : ਦਸ਼ਮੇਸ਼ ਸੇਵਾ ਸੋਸਾਇਟੀ, ਗੁਰਦੁਆਰਾ ਸ੍ਰੀ ਦਸ਼ਮੇਸ਼ ਸਿੰਘ ਸਭਾ ਬਲਾਕ ਜੇ ਭਾਈ ਰਣਧੀਰ ਸਿੰਘ ਨਗਰ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੁੱਚੀ ਗੁਰਿੰਦਰਪਾਲ ਸਿੰਘ ਪੱਪੂ ਟੀਮ ਵੱਲੋਂ ਸ਼ੁਰੂ ਕੀਤੀ ਗਈ ਜਪ ਤਪ ਚੁਪਹਿਰਾ ਸਮਾਗਮ ਲੜੀ ਦੇ 101 ਹਫ਼ਤਾਵਾਰੀ ਸਮਾਗਮ ਪੂਰੇ ਹੋਣ ਦੇ ਸਬੰਧ ਵਿੱਚ ਚੁਪਿਹਰਾ ਗੁਰਮਤਿ ਸਮਾਗਮ ਹੋਇਆ, ਜਿਸ ਵਿੱਚ ਸੰਗਤ ਨੇ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ।

ਇਸ ਮੌਕੇ ਮਾਤਾ ਵਿਪਨਪ੍ਰੀਤ ਕੌਰ ਸਮੇਤ ਕਈ ਧਾਰਮਿਕ ਸ਼ਖ਼ਸੀਅਤਾਂ ਸ਼ਾਮਿਲ ਹੋਈਆਂ। ਜਥੇਦਾਰ ਗੁਰਿੰਦਰ ਪਾਲ ਸਿੰਘ ਪੱਪੂ ਟੀਮ ਵੱਲੋਂ ਸਮੂਹ ਸਾਧ ਸੰਗਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਬਹੁਤ ਬਹੁਤ ਧੰਨਵਾਦ ਕੀਤਾ ਗਿਆ, ਜਿਨ੍ਹਾਂ ਵੱਲੋਂ ਇਨ੍ਹਾਂ ਸਮਾਗਮਾਂ ਨੂੰ ਬਹੁਤ ਵਧੀਆ ਤਰੀਕੇ ਨਾਲ ਚਲਾਇਆ ਜਾ ਰਿਹਾ ਹੈ। ਇਸ ਮੌਕੇ ਮਾਤਾ ਵਿਪਨਪ੍ਰੀਤ ਕੌਰ ਨੇ ਗੁਰਿੰਦਰ ਪਾਲ ਸਿੰਘ ਪੱਪੂ ਟੀਮ ਨੂੰ ਵਧਾਈ ਦਿੱਤੀ। ਇਸਤੋਂ ਪਹਿਲਾਂ ਸ੍ਰੀ ਜਪੁਜੀ ਸਾਹਿਬ, ਚੌਪਈ ਸਾਹਿਬ ਅਤੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਿਠ ਸੰਗਤੀ ਰੂਪ ਵਿੱਚ ਕੀਤੇ ਗਏ। ਉਪਰੰਤ ਗੁਰਬਾਣੀ ਦੇ ਜਾਪ ਅਤੇ ਜੱਥਿਆਂ ਨੇ ਗੁਰਬਾਣੀ ਕੀਰਤਨ ਕਰਕੇ ਸੰਗਤ ਨੂੰ ਨਿਹਾਲ ਕੀਤਾ। ਭਾਈ ਰਜਿੰਦਰ ਸਿੰਘ ਕਥਾ ਵਾਚਕ ਨੇ ਅਰਦਾਸ ਕੀਤੀ। ਸਮਾਪਤੀ ਉਪਰੰਤ ਖੀਰ ਪੂੜਿਆਂ ਦਾ ਲੰਗਰ ਵਰਤਾਇਆ ਗਿਆ। ਐਡਵੋਕੇਟ ਗਗਨਪ੍ਰੀਤ ਸਿੰਘ ਵੱਲੋਂ ਸਮੁੱਚੀਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

ਉਸ ਸਮੇਂ ਹਰਬੰਸ ਕੌਰ ਚਾਵਲੀ , ਗੁਰਮੀਤ ਕੌਰ, ਜਸਵਿੰਦਰ ਕੌਰ, ਜਸਬੀਰ ਕੌਰ ਭੱਟੀ , ਹਰਜੀਤ ਕੌਰ ਅਤੇ ਮਨਵੀਰ ਕੌਰ ਤੋਂ ਤੋਂ ਇਲਾਵਾ ਗੁਰਦੁਆਰਾ ਪ੍ਰਬੰਧਕ ਕਮੇਟੀ ਦਸ਼ਮੇਸ਼ ਸਿੰਘ ਸਭਾ ਦੇ ਮੁੱਖ ਸੇਵਾਦਾਰ ਤੇਜਿੰਦਰਪਾਲ ਸਿੰਘ, ਅਮਰਜੀਤ ਸਿੰਘ, ਗੁਲਸ਼ਨ ਸਿੰਘ ਬੁੱਟਰ, ਗੁਰਚਰਨ ਸਿੰਘ ਮਿੰਟਾਂ, ਐਡਵੋਕੇਟ ਗਗਨਪ੍ਰੀਤ ਸਿੰਘ, ਮਨਮੋਹਨ ਸਿੰਘ ਮੋਹਣੀ, ਗੁਰਚਰਨ ਸਿੰਘ ਰਸੀਆ। ਜਸਬੀਰ ਸਿੰਘ, ਬਲਜਿੰਦਰ ਸਿੰਘ ਮਠਾੜੂ, ਰਜਿੰਦਰ ਸਿੰਘ ਮਿੰਨੀ, ਅਮਰਜੀਤ ਸਿੰਘ ਬਿੱਟੂ, ਕੁਲਵਿੰਦਰ ਸਿੰਘ ਰਾਜਨ, ਰਜੇਸ਼ ਗੁਪਤਾ, ਹੈਡ ਗ੍ਰੰਥੀ ਹਰਦੇਵ ਸਿੰਘ, ਪਰਵਿੰਦਰ ਸਿੰਘ ਕਾਕਾ, ਤੇਜਪਾਲ ਸਿੰਘ ਸੋਨੂੰ, ਦਰਸ਼ਨ ਸਿੰਘ, ਨਰਾਇਣ ਸਿੰਘ ਦੋਲੋਂ ਅਜੀਤ ਪਾਲ ਸਿੰਘ ਪਾਲੀ, ਇੰਦਰਜੀਤ ਸਿੰਘ ਰਿੱਕੀ, ਦਲਜੀਤ ਸਿੰਘ, ਭੁਪਿੰਦਰ ਸਿੰਘ ਡਿੰਪਲ ਵੀ ਹਾਜ਼ਰ ਸਨ।

## ਸਿੱਖ ਕੌਮ ਗਿੱਦੜ ਧਮਕੀਆਂ ਤੋਂ ਡਰਨ ਵਾਲੀ ਨਹੀਂ : ਮਠਾੜੂ



ਲੁਧਿਆਣਾ, 17 ਜੁਲਾਈ (ਰਵਿੰਦਰ ਸਿੰਘ ਨਿੱਝਰ) : ਸ਼੍ਰੋਮਣੀ ਅਕਾਲੀ ਦਲ ਦੇ ਵਾਰਡ ਪ੍ਰਧਾਨ ਕਮਲਜੀਤ ਸਿੰਘ ਮਠਾੜੂ ਅਤੇ ਉੱਘੇ ਸਮਾਜ ਸੇਵਕ ਸਤਵਿੰਦਰ ਸਿੰਘ ਮਠਾੜੂ ਨੇ ਹਾਲ ਹੀ ਵਿੱਚ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਨੂੰ ਨੁਕਸਾਨ ਪਹੁੰਚਾਉਣ ਸਬੰਧੀ ਪੰਜ ਵਾਰ ਦਿੱਤੀਆਂ ਧਮਕੀਆਂ ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਆਖਿਆ ਹੈ ਕਿ ਸਿੱਖ ਕੌਮ ਇੱਕ ਬਹਾਦਰ ਕੌਮ ਹੈ ਅਤੇ ਇਹ ਕੌਮ ਦੁਸ਼ਮਣਾਂ ਦੀਆਂ ਗਿੱਦੜ ਧਮਕੀਆਂ ਤੋਂ ਨਹੀਂ ਡਰਦੀ ।ਉਨਾਂ ਆਖਿਆ ਕਿ ਦੇਸ਼ ਦੀ ਆਜ਼ਾਦੀ ਵਿੱਚ 90 ਫੀਸਦੀ ਤੋਂ ਵੱਧ ਕੁਰਬਾਨੀਆਂ ਸਿੱਖਾਂ ਨੇ ਦਿੱਤੀਆਂ ਸਨ। ਉਹਨਾਂ ਆਖਿਆ ਕਿ ਸਿੱਖ ਕੌਮ ਨੂੰ ਡਰਾਉਣ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਪੜ੍ਹ ਲੈਣਾ ਚਾਹੀਦਾ ਹੈ ।ਬੰਦਾ ਸਿੰਘ ਬਹਾਦਰ, ਹਰੀ ਸਿੰਘ ਨਲੂਆ, ਜੱਸਾ ਸਿੰਘ ਰਾਮਗੜੀਆ ਅਤੇ ਅਜਿਹੇ ਹੋਰ ਅਨੇਕਾਂ ਸੂਰਵੀਰ ਸਿੱਖ ਕੌਮ ਵਿੱਚ ਹੋਏ ਹਨ ਜਿਨਾਂ ਨੇ ਦੁਸ਼ਮਣਾਂ ਨੂੰ ਦੀਆਂ ਧਮਕੀਆਂ ਦੀ ਪਰਵਾਹ ਨਾ ਕਰਦੇ ਹੋਏ ਉਹਨਾਂ ਨੂੰ ਮੂੰਹ ਤੋੜ ਜਵਾਬ ਦਿੱਤਾ ਹੈ ਹੈ। ਉਨਾ ਕਿਹਾ ਕਿ ਜਦੋਂ ਸਰਕਾਰਾਂ ਅਜਿਹੇ ਸ਼ਰਾਰਤੀ ਅਨਸਰਾਂ ਵਿਰੁੱਧ ਕੋਈ ਕਾਰਵਾਈ ਨਹੀਂ ਕਰਦੀਆਂ ਤਾਂ ਅੱਕ ਕੇ ਸਿੱਖ ਕੌਮ ਵਿੱਚੋਂ ਕੋਈ ਨਾ ਕੋਈ ਜੁਝਾਰੂ ਪੈਦਾ ਹੋ ਜਾਂਦਾ ਹੈ। ਉਹਨਾਂ ਕਿਹਾ ਕਿ ਜੇਕਰ ਸਰਕਾਰਾਂ ਦੀਆਂ ਅਣਗਹਿਲੀਆਂ ਜਾਂ ਸਾਜ਼ਿਸ਼ਾਂ ਇਸੇ ਤਰ੍ਹਾਂ ਬਰਕਰਾਰ ਰਹੀਆਂ ਤਾਂ ਸਿੱਖ ਕੌਮ ਨੂੰ ਆਪਣੀ ਰਾਖੀ ਆਪ ਕਰਨੀ ਆਉਂਦੀ ਹੈ ।

## ਪੰਜਾਬ 'ਚ ਪ੍ਰੀਮੀਅਮ ਈ-ਰਿਕਸ਼ਾ ਸ਼ੋਰੂਮ ਲਾਂਚ




ਲੁਧਿਆਣਾ, 17 ਜੁਲਾਈ (ਰਵਿੰਦਰ ਸਿੰਘ ਨਿੱਝਰ): ਆਲਕਲਿਕ ਮੋਬਿਲਿਟੀ ਨੇ ਆਲਫਾਈਨ ਮੋਬਿਲਿਟੀ ਦੇ ਸਹਿਯੋਗ ਨਾਲ ਪੰਜਾਬ ਵਿੱਚ ਆਪਣਾ ਪਹਿਲਾ ਅਤੇ ਦੂਜਾ ਸ਼ੋਰੂਮ, ਲੁਧਿਆਣਾ ਅਤੇ ਮੋਗਾ ਵਿੱਚ ਸ਼ਾਨਦਾਰ ਢੰਗ ਨਾਲ ਲਾਂਚ ਕੀਤਾ। ਸ਼ੁਰੂਆਤੀ ਉਦਘਾਟਨ ਸਮਾਗਮ ਦੇ ਹਿੱਸੇ ਵਜੋਂ, ਆਲਫਾਈਨ ਦੇ ਸੀਐਮਡੀ ਸ੍ਰੀ ਅਨਿਲ ਆਨੰਦ ਨੇ ਇੱਕ ਰੋਚਕ ਸੀਮਤ ਸਮੇਂ ਲਈ ਆਫਰ ਦਾ ਐਲਾਨ ਕੀਤਾ: 31 ਜੁਲਾਈ 2025 ਤੋਂ ਪਹਿਲਾਂ ਹਰ ਈ-ਰਿਕਸ਼ਾ ਖਰੀਦ 'ਤੇ ਮੁਫ਼ਤ ਇਨਸ਼ੁਰੈਂਸ ਅਤੇ ਰਜਿਸਟਰੇਸ਼ਨ। ਸੀਈਓ ਸ੍ਰੀ ਧੀਰਜ ਅਗਰਵਾਲ ਨੇ 17% ਦੀ ਥਾਂ ਸਿਰਫ 15% ਵਿਆਜ ਦਰ 'ਤੇ ਵਿਸ਼ੇਸ਼ ਫਾਇਨੈਂਸ ਆਫਰ ਦਾ ਐਲਾਨ ਕੀਤਾ, ਜੋ ਕਿ 31ਜੁਲਾਈ ਤੱਕ ਲਾਗੂ ਰਹੇਗਾ। ਇਸ ਦੌਰਾਨ ਪੰਜਾਬ ਹੈੱਡ ਸ੍ਰੀ ਬਲਵਿੰਦਰ ਸਿੰਘ, ਲੁਧਿਆਣਾ ਮੈਨੇਜਰ ਸ੍ਰੀ ਭੁਪਿੰਦਰ ਸਿੰਘ ਅਤੇ ਮੋਗਾ ਮੈਨੇਜਰ ਸ੍ਰੀ ਕਮਲ ਵੀ ਮੌਜੂਦ ਸਨ।

## 'ਆਪ' ਵੱਲੋਂ ਪੰਜਾਬ ਦੇ ਸੋਸ਼ਲ ਮੀਡੀਆ ਵਿੰਗ ਲਈ ਨਵੇਂ ਅਹੁਦੇਦਾਰਾਂ ਦਾ ਐਲਾਨ

ਲੁਧਿਆਣਾ, 17 ਜੁਲਾਈ (ਵਿਸ਼ਾਲ ਸ਼ਰਮਾ) : ਆਮ ਆਦਮੀ ਪਾਰਟੀ (11) ਪ੍ਰਧਾਨ ਅਮਨ ਅਰੋੜਾ ਨੇ ਪੰਜਾਬ ਵਿੱਚ ਆਪਣੀ ਸੋਸ਼ਲ ਮੀਡੀਆ ਟੀਮ ਨੂੰ ਹੋਰ ਮਜ਼ਬੂਤ ਕਰਨ ਲਈ ਨਵੇਂ ਅਹੁਦੇਦਾਰਾਂ ਦਾ ਐਲਾਨ ਕੀਤਾ ਹੈ। 30 ਜ਼ਿਲ੍ਹਾ ਇੰਚਾਰਜ ਅਤੇ 26 ਜ਼ਿਲ੍ਹਾ ਸਕੱਤਰ ਦੇ ਨਾਮਾਂ ਦਾ ਐਲਾਨ ਕੀਤਾ ਪਾਰਟੀ ਵੱਲੋਂ ਜਾਰੀ ਕੀਤੇ ਗਏ ਅਧਿਕਾਰਿਕ ਪ੍ਰੈਸ ਨੋਟ ਅਨੁਸਾਰ, ਇਹ ਨਿਯੁਕਤੀਆਂ ਪਾਰਟੀ ਦੀ ਨੀਤੀ, ਕਾਰਜਕਲਾਪਾਂ ਅਤੇ ਸਰਕਾਰੀ ਯੋਜਨਾਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਮਹੱਤਵਪੂਰਨ ਭੂਮਿਕਾ ਨਿਭਾਉਣਗੀਆਂ। ਜ਼ਿਲ੍ਹਾ ਇੰਚਾਰਜਾਂ ਵਜੋਂ ਹਰਪ੍ਰੀਤ ਸਿੰਘ,ਕਰਨਦੀਪ ਫੈਂਡੇ ,ਰਾਜਕੁਮਾਰ ਸ਼ਰਮਾ,ਨਵਨੀਤ ਉੱਪਲ,ਕੁਲਵੰਤ ਸਿੰਘ,ਅਵਤਾਰ ਸਿੰਘ ਪੰਨੂ,ਯਾਦਵਿੰਦਰ ਸਿੰਘ, ਪਰਮਵੀਰ ਸਿੰਘ ਰਾਣਾ, ਕੁਲਜੀਤ ਸੈਣੀ, ਮਨਜਿੰਦਰ ਸਿੰਘ ਭੋਲਾ, ਪਰਵਿੰਦਰ ਸਿੰਘ ਗੁਰਮੀਤ ਸਿੰਘ ਗੋਬਿੰਦਗੜ੍ਹ, ਸਤਿੰਦਰ ਸਿੰਘ ਸ਼ਿੰਦਾ, ਗੁਰਸੇਵਕ ਸਾਹਨੇਵਾਲ, ਸ਼ਰਨਜੀਤ ਸਿੰਘ,ਬੂਟਾ ਸਿੰਘ, ਹਰਪ੍ਰੀਤ ਸਿੰਘ, ਮੋਹਿਤ ਕੁਕਰੇਜਾ,ਸੁਮਿਤ ਧਕੇਜਾ, ਰਜਿੰਦਰ ਕੁਮਾਰਧੀਮਾਨ,ਮਨਪ੍ਰੀਤ ਸਿੰਘ ਚੀਮਾ, ਗਗਨਦੀਪ ਸਿੰਘ ਅਨੰਦ, ਬਲਤੇਜ ਸਿੰਘ ਗੋਲਡੀ,ਲਵਪ੍ਰੀਤ ਸਿੰਘ ਗਿੱਲ, ਜੀਤ ਸਿੰਘ ਬਾੜੇਵਾਲ, ਖੁਸ਼ਵਿੰਦਰ ਸਿੰਘ,ਗੁਰਪ੍ਰੀਤ ਜਟਾਣਾ, ਹਰਦੀਪ ਸਿੰਘ ਸਿੱਖਵਾਲਾ,ਗੁਰਿੰਦਰ ਪਾਲ ਸਿੰਘ,ਮਨੋਜ ਕੁਮਾਰ ਅਰੋੜਾ ਹਨ। ਅਤੇ ਜ਼ਿਲ੍ਹਾ ਸਕੱਤਰ ਵਜੋਂ ਇਕਾਂਤਪੁਰੀ,ਸੰਜੇ ਸ਼ੁਕਲਾ, ਦਵਿੰਦਰ ਸਿੰਘ,ਭਗਵੰਤ ਸਿੰਘ ਵਜ਼ੀਰ,ਹਰਦੀਪ ਸਿੰਘ ਗੋਲਡੀ, ਬਲਜੀਤ ਸਿੰਘ,ਮੋਹਿਤ ਸੈਨੀ, ਹਰਚੰਦ ਸਿੰਘ,ਮਨਜੀਤ ਸ਼ਰਮਾ,ਜਗਜੀਵਨ ਸਿੰਘ, ਸੁਰਜੀਤ ਸਿੰਘ,ਬੇਅੰਤ ਸਿੰਘ, ਦਲਜੀਤ ਸਿੰਘ ਘੁਰਾ,ਪਵਨਪ੍ਰੀਤ ਸਿੰਘ,ਦਪਿੰਦਰ ਸਿੰਘ ਰਾਣੂ, ਕੁਲਮੀਤ ਸਿੰਘ ਕੋਹਲੀ,ਮਨੀਸ਼ ਗਰਗ, ਵਿਕਰਾਂਤ ਠਾਕੁਰ, ਗਗਨਦੀਪ ਸਿੰਘ, ਗੁਰਜੀਤ ਸਿੰਘ, ਰਵਿੰਦਰ ਸਿੰਘ,ਰਵੀ ਖਿੱਚੀ, ਪਰਮਜੀਤ ਸਿੰਘ, ਕੁਲਦੀਪ ਸਿੰਘ ਚੀਮਾ, ਮਿੰਟੂ, ਹਿਮਾਂਸ਼ੂ ਬੰਸਲ ਦੇ ਨਾਮ ਸ਼ਾਮਿਲ ਹਨ।

ਉਨਾਂ ਦੱਸਿਆ ਕਿ ਨਵੀਂ ਸੋਸ਼ਲ ਮੀਡੀਆ ਟੀਮ ਵਿਚ ਤਜਰਬੇਕਾਰ ਅਤੇ ਜੋਸ਼ੀਲੇ ਵਰਕਰਾਂ ਨੂੰ ਸ਼ਾਮਿਲ ਕੀਤਾ ਗਿਆ ਹੈ।ਆਪ ਵੱਲੋਂ ਜ਼ੋਰ ਦਿੱਤਾ ਗਿਆ ਕਿ ਨਵੀਂ ਟੀਮ ਇਮਾਨਦਾਰੀ, ਨਵੇਂ ਵਿਚਾਰ ਅਤੇ ਸਮਰਪਣ ਨਾਲ ਕੰਮ ਕਰੇਗੀ ਤਾਂ ਜੋ ਪਾਰਟੀ ਅਤੇ ਸਰਕਾਰ ਦੀਆਂ ਯੋਜਨਾਵਾਂ ਹਰ ਇਕ ਪੰਜਾਬੀ ਤੱਕ ਪਹੁੰਚ ਸਕਣ।

## ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੂਪਨਗਰ ਵਿਖੇ ਦੰਦਾਂ ਦੀ ਜਾਂਚ ਅਤੇ ਸਿਹਤ ਜਾਗਰੂਕਤਾ ਸਬੰਧੀ ਕੈਂਪ



ਲੁਧਿਆਣਾ, 17 ਜੁਲਾਈ (ਕਰਨੈਲ ਸਿੰਘ ਐੱਮ.ਏ.) : ਚੇਅਰਮੈਨ ਬਾਬਾ ਅਨਹਦ ਰਾਜ ਸਿੰਘ ਜੀ ਦੀ ਅਗਵਾਈ ਹੇਠ ਜਨ ਸਿਹਤ ਦੰਦਾਂ ਦੇ ਵਿਭਾਗ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰੂਪਨਗਰ ਵਿਖੇ ਦੰਦਾਂ ਦੀ ਜਾਂਚ, ਮੂੰਹ ਦੀ ਸਿਹਤ ਦੀ ਜਾਗਰੂਕਤਾ ਅਤੇ ਦੰਦਾਂ ਦੀਆਂ ਬਿਮਾਰੀਆਂ ਦਾ ਇਲਾਜ ਕੈਂਪ ਲਗਾਇਆ ਗਿਆ। ਇਸ ਜਾਂਚ ਕੈਂਪ ਵਿੱਚ ਮਾਹਿਰ ਡਾਕਟਰਾਂ ਦੁਆਰਾ ਨਾ ਸਿਰਫ਼ ਮੂੰਹ ਦੀ ਜਾਂਚ ਕੀਤੀ ਗਈ ਬਲਕਿ ਮੂੰਹ ਦੀ ਸਿਹਤ ਸਿੱਖਿਆ, ਮੂੰਹ ਦੇ ਲੋਸ਼ਨ ਵਿਧੀ ਦੀ ਜਖਮਾਂ ਬਾਰੇ ਜਾਗਰੂਕਤਾ, ਸਹੀ ਬੁਰਸ਼ ਤਕਨੀਕ ਦਾ ਪ੍ਰਦਰਸ਼ਨ ਅਤੇ ਮੂੰਹ ਸਬੰਧੀ ਗਲਤ ਆਦਤਾਂ ਨੂੰ ਛੱਡਣ ਲਈ ਸਲਾਹ ਦਿੱਤੀ ਗਈ।

ਇਸ ਕੈਂਪ ਵਿੱਚ 200 ਦੇ ਕਰੀਬ ਵਿਦਿਆਰਥੀਆਂ ਦੇ ਦੰਦਾਂ ਦੀ ਜਾਂਚ ਕੀਤੀ ਗਈ। ਵਰਧਮਾਨ ਸਪੈਸ਼ਲ ਸਟੀਲਜ਼, ਲੁਧਿਆਣਾ ਦੁਆਰਾ ਕਰਵਾਏ ਗਏ ਇਸ ਪ੍ਰੋਗਰਾਮ ਵਿੱਚ ਰੂਪਨਗਰ ਦੇ ਡੀ.ਸੀ. ਸ੍ਰੀ. ਵਰਜੀਤ ਵਾਲੀਆ (ਆਈਏਐਸ) ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਜਨ ਸਿਹਤ ਦੰਦਾਂ ਦੇ ਵਿਭਾਗ ਦੇ ਮੁੱਖੀ ਡਾ. ਨਵਦੀਪ ਕੌਰ ਨੇ ਕੈਂਪ ਦੌਰਾਨ ਵਿਦਿਆਰਥੀਆਂ ਨੂੰ ਮੌਖਿਕ ਸਿਹਤ ਦੀ ਮਹੱਤਤਾ ਅਤੇ ਕੈਡ-ਕੈਮ, ਸੀਬੀਸੀਟੀ ਆਦਿ ਵਰਗੇ ਨਵੀਨਤਮ ਉੱਨਤ ਤਕਨੀਕਾਂ ਦੁਆਰਾ ਬਾਬਾ ਜਸਵੰਤ ਸਿੰਘ ਦੰਦਾਂ ਦੇ ਕਾਲਜ ਅਤੇ ਹਸਪਤਾਲ ਵਿਖੇ ਪ੍ਰੋਸਥੇਸਿਸ ਇੰਪਲਾਂਟ ਦੇ ਇਲਾਜ ਸਬੰਧੀ ਦਸਿਆ। ਬਾਬਾ ਜਸਵੰਤ ਸਿੰਘ ਦੰਦਾਂ ਦੇ ਕਾਲਜ ਅਤੇ ਹਸਪਤਾਲ ਜੋ ਕਿ ਇੱਕ ਅਤਿ-ਆਧੁਨਿਕ ਹਸਪਤਾਲ ਹੈ। ਜਿਸ ਵਿੱਚ ਡਾਕਟਰਾਂ ਦੀ ਵਿਸ਼ੇਸ਼ ਟੀਮ ਮੂੰਹ ਦੀਆਂ ਵੱਖ-ਵੱਖ ਬਿਮਾਰੀਆਂ ਜਿਵੇਂ ਕਿ ਖਰਾਬ ਦੰਦ, ਮਸੂੜਿਆਂ ਦੀਆਂ ਬਿਮਾਰੀਆਂ, ਰੂਟ ਕਨਾਲ ਇਲਾਜ, ਦੰਦਾਂ ਦੀ ਮੁਰੰਮਤ, ਆਰਪੀਡੀ, ਫਿਕਸਡ ਪ੍ਰੋਸਥੇਸਿਸ ਅਤੇ ਇੰਪਲਾਂਟ ਕਰਦੀ ਹੈ। ਬੱਚਿਆਂ ਅਤੇ ਬਜ਼ੁਰਗ ਨਾਗਰਿਕਾਂ ਦੇ ਦੰਦਾਂ ਦੀਆਂ ਜ਼ਰੂਰਤਾਂ ਦਾ ਵੀ ਧਿਆਨ ਰੱਖਿਆ ਜਾਂਦਾ ਹੈ। ਇਸ ਸੰਸਥਾ ਦਾ ਮੁੱਖ ਉਦੇਸ਼ ਦੰਦਾਂ ਦੀਆਂ ਬਿਮਾਰੀਆਂ ਦੀ ਜਾਂਚ ਅਤੇ ਇਲਾਜ ਕੈਂਪ ਲਗਾ ਕੇ ਲੋਕਾਂ ਨੂੰ ਦੰਦਾਂ ਦੀ ਸੰਭਾਲ ਪ੍ਰਤੀ ਜਾਗਰੂਕਤਾ ਵਧਾਉਣਾ ਹੈ। ਡਾਕਟਰਾਂ ਦੀ ਟੀਮ ਦੇ ਚੰਗੇ ਯਤਨਾਂ ਦੀ ਸ਼ਲਾਘਾ ਕੀਤੀ ਗਈ। ਡੀਸੀ ਸ੍ਰੀ ਵਰਜੀਤ ਵਾਲੀਆ ਨੇ ਨਿੱਜੀ ਤੌਰ 'ਤੇ ਬਾਬਾ ਜਸਵੰਤ ਸਿੰਘ ਦੰਦਾਂ ਦੇ ਕਾਲਜ ਅਤੇ ਹਸਪਤਾਲ, ਲੁਧਿਆਣਾ ਦੇ ਚੇਅਰਮੈਨ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ।

## ਬਾਵਾ ਤਿੰਨ ਹਫ਼ਤਿਆਂ ਦੀ ਵਿਦੇਸ਼ ਯਾਤਰਾ ਲਈ ਰਕਬਾ ਭਵਨ ਤੋਂ ਅਰਦਾਸ ਉਪਰੰਤ ਹੋਏ ਰਵਾਨਾ



ਲੁਧਿਆਣਾ, 17 ਜੁਲਾਈ (ਕਰਨੈਲ ਸਿੰਘ ਐੱਮ.ਏ.) : ਊਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਕੌਮੀ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਅੱਜ ਵਾਹਿਗੁਰੂ ਦਾ ਓਟ ਆਸਰਾ ਲੈਂਦਿਆਂ ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਤੋਂ ਅਰਦਾਸ ਉਪਰੰਤ ਕੈਨੇਡਾ ਅਤੇ ਅਮਰੀਕਾ ਲਈ ਰਵਾਨਾ ਹੋਏ। ਇਸ ਮੌਕੇ ਉਨ੍ਹਾਂ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਉਹ ਅੱਜ ਵੈਨਕੋਵਰ ਕੈਨੇਡਾ ਲਈ ਰਵਾਨਾ ਹੋ ਰਹੇ ਹਨ ਅਤੇ 21, 22 ਜੁਲਾਈ ਨੂੰ ਸਿਆਟਲ ਹੋਣਗੇ ਅਤੇ 27 ਜੁਲਾਈ ਨੂੰ ਟੋਰਾਂਟੋ ਹੋਣਗੇ। ਫਿਰ 6 ਅਗਸਤ ਨੂੰ ਨਿਊਜਰਸੀ ਅਮਰੀਕਾ ਜਾਣਗੇ ਅਤੇ 12 ਅਗਸਤ ਨੂੰ ਦਿੱਲੀ ਪਰਤਣਗੇ।

ਉਨ੍ਹਾਂ ਕਿਹਾ ਕਿ ਉੱਘੇ ਸਿੱਖ ਵਿਦਵਾਨ ਅਨੁਰਾਗ ਸਿੰਘ ਵੱਲੋਂ ਤਿਆਰ ਕੀਤੀ ਪੁਸਤਕ ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਗ੍ਰੰਥ ਸਾਹਿਬ ਸਰਬ ਸਾਂਝੀ ਗੁਰਬਾਣੀ ਨੂੰ ਕੈਨੇਡਾ ਅਤੇ ਅਮਰੀਕਾ ਵਿੱਚ ਵੱਖ-ਵੱਖ ਥਾਵਾਂ 'ਤੇ ਰਿਲੀਜ਼ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ 'ਤੇ ਆਧਾਰਿਤ ਇਸ ਪੁਸਤਕ ਵਿੱਚ 6 ਗੁਰੂ ਸਾਹਿਬਾਨ, 15 ਭਗਤ, 11 ਭੱਟ ਅਤੇ 4 ਗੁਰਸਿੱਖਾਂ ਦੀ ਪੰਜਾਬੀ ਭਾਸ਼ਾ ਵਿੱਚ ਬਾਣੀ ਅਤੇ ਆਰ.ਐਮ ਸਿੰਘ ਪ੍ਰਸਿੱਧ ਫੋਟੋ ਕਲਾ ਆਰਟਿਸਟ ਵੱਲੋਂ ਬਣਾਏ ਗਏ ਚਿੱਤਰਾਂ ਸਮੇਤ ਸੁਸ਼ੋਭਿਤ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਅਤੇ ਅਮਰੀਕਾ ਵਿੱਚ ਗੁਰਮੀਤ ਸਿੰਘ ਗਿੱਲ, ਹਰਬੰਤ ਸਿੰਘ ਦਿਓਲ, ਦਿਲਜੀਤ ਸਿੰਘ ਹਿਸੋਵਾਲ, ਅਸ਼ੋਕ ਬਾਵਾ, ਸੰਦੀਪ ਸਿੰਘ, ਜਬਰ ਸਿੰਘ ਜਬਰਾ, ਨਿਰਮਲ ਸਿੰਘ ਗਰੇਵਾਲ, ਬਹਾਦਰ ਸਿੰਘ ਸਿੱਧੂ, ਮਨਦੀਪ ਸਿੰਘ ਹਾਂਸ, ਮੇਜਰ ਸਿੰਘ ਢਿੱਲੋਂ, ਪਰਮਿੰਦਰ ਦਿਓਲ, ਰਵੀ ਪੱਬੀਆਂ ਸਭ ਪ੍ਰਬੰਧ ਕਰ ਰਹੇ ਹਨ। ਇਸ ਸਮੇਂ ਸੂਬਾ ਪ੍ਰਧਾਨ ਕਰਨੈਲ ਸਿੰਘ ਗਿੱਲ, ਜਗਜੀਵਨ ਸਿੰਘ ਰਕਬਾ, ਮਨਜੀਤ ਬਾਵਾ, ਭਲਵਾਨ ਰਕਬਾ, ਨਵੀਂ ਮਾਣਕ ਅਤੇ ਅਰਜੁਨ ਬਾਵਾ ਆਦਿ ਹਾਜ਼ਰ ਸਨ।

## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਵਿਸ਼ੇਸ਼ ਕੀਰਤਨ ਸਮਾਗਮ ਭਲਕੇ



ਲੁਧਿਆਣਾ, 17 ਜੁਲਾਈ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਜ਼ ਦੁਆਰਾ ਜਮਾਲਪੁਰ ਲੁਧਿਆਣਾ ਵਿਖੇ ਧੰਨ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਵਿਸ਼ੇਸ਼ ਕੀਰਤਨ ਸਮਾਗਮ 19 ਜੁਲਾਈ ਦਿਨ ਸ਼ਨੀਵਾਰ ਨੂੰ ਸਵੇਰੇ ਅੰਮ੍ਰਿਤ ਵੇਲੇ ਤੋਂ ਦੁਪਹਿਰ 1.30 ਵਜੇ ਤੱਕ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਭਾਈ ਕੁਲਦੀਪ ਸਿੰਘ ਜੀ ਸੁਲਤਾਨਪੁਰੀ, ਭਾਈ ਅਮਰੀਕ ਸਿੰਘ ਜੀ ਹੈਡਗ੍ਰੰਥੀ, ਭਾਈ ਗੁਰਮਿੰਦਰ ਸਿੰਘ ਜੀ ਸਿੰਗਾਪੁਰ ਵਾਲੇ, ਇਸਤਰੀ ਸਤਿਸੰਗ ਸਭਾ ਦੀਆਂ ਬੀਬੀਆਂ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਅਤੇ ਗੁਰਮਤਿ ਵਿਚਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਇਸੇ ਦਿਹਾੜੇ ਸ਼ਾਮ ਦੇ ਵਿਸ਼ੇਸ਼ ਦੀਵਾਨ ਕੀਰਤਨ ਗੁਰਮਤਿ ਕਲਾਸ 7.30 ਵਜੇ ਤੋਂ 8.45 ਵਜੇ ਤੱਕ ਵਿੱਚ ਬੱਚਿਆਂ ਵੱਲੋਂ ਕੀਰਤਨ ਕੀਤਾ ਜਾਵੇਗਾ। ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ । ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ੍ਰ: ਗੁਰਦੇਵ ਸਿੰਘ ਵੱਲੋਂ ਸਰਬੱਤ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਵੱਧ ਤੋਂ ਵੱਧ ਹਾਜ਼ਰੀ ਭਰ ਕੇ ਤਨ-ਮਨ-ਧਨ ਨਾਲ ਸੇਵਾ ਕਰਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ।

## ਸ਼ਹੀਦੀ ਦਿਹਾੜੇ 'ਤੇ ਐੱਸ.ਜੀ.ਪੀ.ਸੀ. ਦੇ ਸਮਾਗਮ ਦਾ ਡੀ.ਐੱਸ.ਜੀ.ਐੱਮ.ਸੀ. ਨੇ ਕੀਤਾ ਵਿਰੋਧ

ਨਵੀਂ ਦਿੱਲੀ, 17 ਜੁਲਾਈ (ਚ.ਨ.ਸ.): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਵੱਲੋਂ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਮਨਾਉਣ ਦੇ ਐਲਾਨ ਦਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀਐੱਸਜੀਐੱਮਸੀ) ਨੇ ਵਿਰੋਧ ਕੀਤਾ ਹੈ। ਡੀਐੱਸਜੀਐੱਮਸੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਐੱਸਜੀਪੀਸੀ ਦੇ ਨੁਮਾਇੰਦਿਆਂ ਦੀ ਮੌਜੂਦਗੀ 'ਚ ਇਸ ਸਮਾਗਮ ਦੀ ਰੂਪਰੇਖਾ ਤੈਅ ਕੀਤੀ ਗਈ ਸੀ। ਹੁਣ ਐੱਸਜੀਪੀਸੀ ਵੱਲੋਂ ਵੱਖਰਾ ਸਮਾਗਮ ਕਰਨ ਦਾ ਐਲਾਨ ਕਰਨਾ ਅਣਉਚਿਤ ਹੈ। ਉਨ੍ਹਾਂ ਐੱਸਜੀਪੀਸੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਵੱਖਰਾ ਸਮਾਗਮ ਨਾ ਕਰਨ ਦੀ ਮੰਗ ਕੀਤੀ ਹੈ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਸਿੱਖਾਂ ਨੇ ਸਾਲ 1999 'ਚ 300ਵਾਂ ਖ਼ਾਲਸਾ ਸਥਾਪਨਾ ਦਿਵਸ ਅਨੰਦਪੁਰ ਸਾਹਿਬ ਵਿਚ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਪੁਰਬ ਪਟਨਾ ਸਾਹਿਬ ਵਿਚ ਮਨਾਇਆ ਸੀ। ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਸਥਿਤ ਗੁਰਦੁਆਰਾ ਸੀਸਗੰਜ ਸਾਹਿਬ ਵਿਚ ਸ਼ਹੀਦ ਕੀਤਾ ਗਿਆ ਸੀ ਤੇ ਉਨ੍ਹਾਂ ਦਾ ਅੰਤਿਮ ਸਸਕਾਰ ਗੁਰਦੁਆਰਾ ਰਕਾਬਗੰਜ ਸਾਹਿਬ ਵਿਚ ਕੀਤਾ ਗਿਆ ਸੀ। ਇਸ ਕਰ ਕੇ ਉਨ੍ਹਾਂ ਦਾ 350ਵਾਂ ਸ਼ਹੀਦੀ ਦਿਹਾੜਾ ਮਨਾਉਣ ਦੀ ਜ਼ਿੰਮੇਵਾਰੀ ਡੀਐੱਸਜੀਐੱਮਸੀ 'ਤੇ ਹੈ। ਇਸ ਲਈ ਸਾਰੀਆਂ ਜਥੇਬੰਦੀਆਂ ਦੀ ਬੈਠਕ ਬੁਲਾਈ ਗਈ ਸੀ। ਧਾਮੀ ਨੇ ਐੱਸਜੀਪੀਸੀ ਦੇ ਸਾਬਕਾ ਮੁੱਖ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੂੰ ਆਪਣੇ ਨੁਮਾਇੰਦੇ ਵਜੋਂ ਭੇਜਿਆ ਸੀ। ਕੇਂਦਰ ਤੇ ਦਿੱਲੀ ਸਰਕਾਰ ਦੇ ਸਹਿਯੋਗ ਨਾਲ ਡੀਐੱਸਜੀਐੱਮਸੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ 'ਤੇ 24 ਨਵੰਬਰ ਨੂੰ ਲਾਲ ਕਿਲ੍ਹਾ ਮੈਦਾਨ ਵਿਚ ਸਮਾਗਮ ਕਰਵਾਏਗਾ। ਉਨ੍ਹਾਂ ਦੋਸ਼ ਲਗਾਇਆ ਕਿ ਧਾਮੀ ਨੇ ਡੀਐੱਸਜੀਐੱਮਸੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਤੇ ਮਨਜੀਤ ਸਿੰਘ ਜੀਕੇ ਦੀ ਸਲਾਹ 'ਤੇ ਵੱਖਰਾ ਸਮਾਗਮ ਕਰਨ ਦੀ ਯੋਜਨਾ ਬਣਾਈ ਹੈ। ਇਨ੍ਹਾਂ ਦੋਵਾਂ ਆਗੂਆਂ ਨੂੰ ਦਿੱਲੀ ਦੀ ਸੰਗਤ ਨੇ ਨਕਾਰ ਦਿੱਤਾ ਹੈ।

## ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਯਾਦਾ ਤੇ ਆਪਸੀ ਵਿਵਾਦ ਨੂੰ ਖ਼ਤਮ ਕਰਨ ਲਈ ਡਰਬੀ ਵਿਖੇ ਪੰਥਕ ਕਾਨਫਰੰਸ: ਪੁਰੇਵਾਲ



ਲੰਡਨ, 17 ਜੁਲਾਈ (ਚ.ਨ.ਸ.): ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਦਰਮਿਆਨ ਬਣੇ ਤਣਾਅ ਅਤੇ ਖ਼ਾਲਸਾ ਜੀ ਦੇ ਧਾਰਮਿਕ-ਰਾਜਨੀਤਿਕ ਗਲਿਆਰਿਆਂ ਵਿਚ ਪੈਦਾ ਹੋਈ ਦੁਬਿਧਾ ਵਾਲੀ ਸਥਿਤੀ ਨੂੰ ਦੂਰ ਕਰਨ ਲਈ ਬੀਤੇ ਐਤਵਾਰ ਨੂੰ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ ਪੰਥਕ ਕਾਨਫਰੰਸ ਕਰਵਾਈ ਗਈ। ਜਿਸ ਵਿਚ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿੱਚੋਂ ਆਏ ਪੰਥਕ ਵਿਦਵਾਨਾਂ ਅਤੇ ਪੰਥਕ ਬੁਲਾਰਿਆਂ ਨੇ ਖ਼ਾਲਸਾ ਪੰਥ ਵਿਚ ਏਕਤਾ ਅਤੇ ਇਤਫ਼ਾਕ ਨੂੰ ਬਣਾਈ ਰੱਖਣ ਲਈ ਆਪਣੇ ਵਿਚਾਰ ਪ੍ਰਗਟ ਕੀਤੇ। ਇਹ ਪੰਥਕ ਕਾਨਫਰੰਸ ਪੰਥਕ ਆਗੂ ਭਾਈ ਰਜਿੰਦਰ ਸਿੰਘ ਪੁਰੇਵਾਲ ਦੀ ਪਹਿਲ ਕਦਮੀ ਉੱਤੇ ਕਰਵਾਈ ਗਈ। ਇਸ ਕਾਨਫਰੰਸ ਵਿਚ ਲਗਭਗ ਹਰ ਕਿਸਮ ਦੇ ਵਿਚਾਰਾਂ ਅਤੇ ਵਿਚਾਰ-ਧਾਰਾਵਾਂ ਵਾਲੇ ਆਗੂਆਂ ਨੇ ਪੰਥ ਦੇ ਭਲੇ ਅਤੇ ਏਕੇ ਲਈ ਆਪਣੇ ਵਿਚਾਰ ਪ੍ਰਗਟ ਕੀਤੇ। ਗੁਰਦੁਆਰਾ ਸਾਹਿਬ ਦੇ ਜਨਰਲ ਸੈਕਟਰੀ ਸ: ਰਜਿੰਦਰ ਸਿੰਘ ਪੁਰੇਵਾਲ ਨੇ ਆਖਿਆ ਕਿ ਵਰਤਮਾਨ ਸਮੇਂ ਦੋ ਤਖ਼ਤ ਸਾਹਿਬਾਨ ਦਰਮਿਆਨ ਜੋ ਤਕਰਾਰ ਚੱਲ ਰਿਹਾ ਹੈ ਉਹ ਖ਼ਾਲਸਾ ਪੰਥ ਦੀ ਏਕਤਾ ਅਤੇ ਪ੍ਰਤੀਬੱਧਤਾ ਨੂੰ ਢਾਹ ਲਗਾ ਰਿਹਾ ਹੈ, ਇਸ ਲਈ ਪੰਜ ਸਿੰਘ ਸਾਹਿਬਾਨ ਅਤੇ ਹੋਰ ਸੁਹਿਰਦ ਸਿੱਖ ਆਗੂਆਂ ਨੂੰ ਇਸ ਦੁਬਿਧਾ ਭਰੀ ਸਥਿਤੀ ਵਿਚ ਆਪਣੀ ਸਕਾਰਾਤਮਕ ਭੂਮਿਕਾ ਨਿਭਾਉਣੀ ਚਾਹੀਦੀ ਹੈ। ਉਹਨਾਂ ਕਾਨਫਰੰਸ ਵਿਚ ਪੇਸ਼ ਕੀਤੇ ਜਾਣ ਵਾਲੇ ਮਤਿਆਂ ਬਾਰੇ ਵੀ ਸੰਗਤਾਂ ਨੂੰ ਜਾਣਕਾਰੀ ਦਿੱਤੀ। ਉਹਨਾਂ ਕਿਹਾ ਸਿੰਘ ਸਭਾ ਡਰਬੀ ਦਾ ਹਮੇਸ਼ਾ ਹੀ ਇਹ ਯਤਨ ਰਿਹਾ ਹੈ ਕਿ ਹਰ ਪੰਥਕ ਮਸਲੇ ਬਾਰੇ ਉਹ ਪਹਿਲ ਕਦਮੀ ਕਰਕੇ ਵਿਦੇਸ਼ੀ ਸਿੱਖਾਂ ਦੇ ਵਿਚਾਰਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜ ਤਖ਼ਤ ਸਾਹਿਬਾਨ ਤੱਕ ਪਹੁੰਚਦਾ ਕਰਨ। ਪ੍ਰੋ: ਦਲਜੀਤ ਸਿੰਘ ਵਿਰਕ ਨੇ ਸੰਬੋਧਨ ਕਰਦੇ ਹੋਏ ਆਖਿਆ ਕਿ ਵਰਤਮਾਨ ਪੰਥਕ ਸੰਕਟ ਜ਼ਿਆਦਾ ਤਾਂ ਕੁਝ ਲੋਕਾਂ ਦੀ ਨਿੱਜੀ ਹਉਮੈ ਵਿੱਚੋਂ ਉਭਰਿਆ ਹੋਇਆ ਨਜ਼ਰ ਆਉਂਦਾ ਹੈ। ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦਰਮਿਆਨ ਪੈਦਾ ਹੋਏ ਭੁਲੇਖੇ ਕੁਝ ਸੁਹਿਰਦ ਸਿੱਖ ਵਿਦਵਾਨਾਂ ਦੇ ਸਹਿਯੋਗ ਨਾਲ ਨਿਪਟ ਗਏ ਸਨ ਪਰ ਕਿਸੇ ਵਿਅਕਤੀ ਨੇ ਆਪਣੀ ਵਿਸ਼ੇਸ਼ਤਾ ਨੂੰ ਉਜਾਗਰ ਕਰਨ ਲਈ ਇਨ੍ਹਾਂ ਨੂੰ ਤੂਲ ਦਿੱਤੀ ਹੈ। ਡਾ: ਗੁਰਨਾਮ ਸਿੰਘ ਨੇ ਸਿੱਖ ਪੰਥ ਨੂੰ ਅਪੀਲ ਕੀਤੀ ਕਿ ਸਾਡੇ ਉਤੇ ਨਾ ਕੇਵਲ ਰਾਜਸੀ ਹਮਲੇ ਹੋ ਰਹੇ ਹਨ ਬਲਕਿ ਇਸਦੇ ਨਾਲ ਹੀ ਕੌਮ ਉਤੇ ਸਿਧਾਂਤਕ ਹਮਲੇ ਵੀ ਹੋ ਰਹੇ ਹਨ, ਜਿਨ੍ਹਾਂ ਦੇ ਟਾਕਰੇ ਲਈ ਸਾਨੂੰ ਆਪਣੇ ਆਰਥਕ ਸਰੋਤਾਂ ਨੂੰ ਡੂੰਘੀ ਖੋਜ ਅਤੇ ਸਿੱਖ ਇਤਿਹਾਸਕ ਵੱਲ ਲਗਾਉਣਾ ਚਾਹੀਦਾ ਹੈ। ਉਨ੍ਹਾਂ ਦੁੱਖ ਪ੍ਰਗਟ ਕੀਤਾ ਕਿ ਸਾਡੇ ਜ਼ਿਆਦਾਤਰ ਸਰੋਤ ਇਮਾਰਤਾਂ ਉਸਾਰਨ 'ਤੇ ਹੀ ਲੱਗ ਰਹੇ ਹਨ, ਸਿੱਖ ਇਤਿਹਾਸ ਅਤੇ ਗੁਰਬਾਣੀ ਦੀ ਖੋਜ ਉਤੇ ਬਹੁਤ ਘੱਟ ਸਰੋਤ ਲੱਗ ਰਹੇ ਹਨ। ਰਾਜਮਨਵਿੰਦਰ ਸਿੰਘ ਰਾਜਾ ਕੰਗ ਨੇ ਕਿਹਾ ਕਿ ਅਸੀਂ ਹੋਰ ਮਸਲਿਆਂ ਦੇ ਨਾਲ ਹੋਰ ਛੋਟੇ ਮੋਟੇ ਮਤਭੇਦ ਪਾਸੇ ਰੱਖ ਕੇ ਸਾਂਝੀ ਪੰਥਕ ਸ਼ਕਤੀ ਦੇ ਤੌਰ 'ਤੇ ਵਿਚਰੀਏ। ਸੁਪਰੀਮ ਸਿੱਖ ਕੌਂਸਲ ਦੇ ਨੁਮਾਇੰਦੇ ਭਾਈ ਚੰਚਲ ਸਿੰਘ ਸਿੰਘ ਗੁਰੂ ਨੇ ਕਿਹਾ ਕਿ ਆਪਾਂ ਵਿਦੇਸ਼ੀ ਸਿੱਖਾਂ ਦਾ ਇਕ ਸੰਗਠਨ ਬਣਾਈਏ, ਜਿਸ ਵਿੱਚ ਹਰ ਮੁਲਕ ਵਿੱਚੋਂ ਪੰਜ ਸਿੰਘਾਂ ਨੂੰ ਲੈ ਲਿਆ ਜਾਵੇ ਤਾਂ ਕਿ ਉਹ ਪੰਥਕ ਸੰਗਠਨ ਵਿਦੇਸ਼ੀ ਸਿੱਖਾਂ ਦੀ ਅਵਾਜ਼ ਤਖ਼ਤ ਸਾਹਿਬਾਨ ਅਤੇ ਸ਼੍ਰੋਮਣੀ ਕਮੇਟੀ ਤੱਕ ਪਹੁੰਚਦੀ ਕਰੇ।

## ਭਾਈ ਸਾਹਿਬ ਭਾਈ ਮਹਿੰਦਰ ਸਿੰਘ ਸੰਤ ਗ੍ਰੇਗਰੀ ਦ ਗ੍ਰੇਟ ਦੀ ਪੋਪਲ ਨਾਈਟਹੁੱਡ ਨਾਲ ਸਨਮਾਨਤ

ਬਰਮਿੰਘਮ, 17 ਜੁਲਾਈ (ਚ.ਨ.ਸ.): ਬਰਮਿੰਘਮ ਸਥਿਤ ਇੱਕ ਸਿੱਖ ਚੈਰਿਟੀ ਦੇ ਮੁਖੀ ਭਾਈ ਸਾਹਿਬ ਭਾਈ ਮਹਿੰਦਰ ਸਿੰਘ ਨੂੰ ਸੰਸਦ ਵਿਚ ਇੱਕ ਸਮਾਗਮ ਵਿਚ ਨਿਰਸਵਾਰਥ ਸੇਵਾ ਪ੍ਰਤੀ ਉਨ੍ਹਾਂ ਦੇ ਸਮਰਪਣ ਲਈ ਸਨਮਾਨਤ ਕੀਤਾ ਗਿਆ। ਗੁਰੂ ਨਾਨਕ ਨਿਸ਼ਕਾਮ ਸੇਵਕ ਜਥੇ ਦੇ ਅਧਿਆਤਮਕ ਆਗੂ ਤੇ ਨਿਸ਼ਕਾਮ ਗਰੁੱਪ ਆਫ ਚੈਰੀਟੇਬਲ ਆਰਗੇਨਾਈਜ਼ੇਸ਼ਨਜ਼ ਦੇ ਚੇਅਰਮੈਨ ਭਾਈ ਸਾਹਿਬ ਭਾਈ ਮਹਿੰਦਰ ਸਿੰਘ ਨੇ ਯੂਕੇ ਤੇ ਦੁਨੀਆਂ ਭਰ ਵਿਚ ਕਈ ਖੇਤਰਾਂ ਦੇ ਵਿਕਾਸ ਵਿਚ ਮਦਦ ਕੀਤੀ ਹੈ। ਭਾਈ ਸਾਹਿਬ ਨੂੰ ਬੀਤੀ ਸੋਮਵਾਰ ਰਾਤ ਨੂੰ ਬਰਤਾਨੀਆ ਸਿੱਖ ਸੰਸਦ ਮੈਂਬਰਾਂ ਵੱਲੋਂ ਪ੍ਰਤੀ ਉਨ੍ਹਾਂ ਦੀ ਜੀਵਨ ਭਰ ਨਿਰਸਵਾਰਥ ਸੇਵਾ ਦੇ ਸਨਮਾਨ ਵਿਚ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। ਲੇਬਰ ਸੰਸਦ ਮੈਂਬਰ ਜਸ ਅਠਵਾਲ ਨੇ ਭਾਈ ਸਾਹਿਬ ਨੂੰ ਨਿਮਰਤਾ, ਅਗਵਾਈ ਅਤੇ ਸੇਵਾ ਦਾ ਸੱਚਾ ਰੂਪ ਕਿਹਾ। ਸੰਸਦ ਵਿਚ ਬੋਲਦਿਆਂ ਭਾਈ ਸਾਹਿਬ ਨੇ ਕਿਹਾ ਕਿ ਸਿੱਖ ਹੋਣ ਦੇ ਨਾਤੇ, ਸਾਨੂੰ ਨਿਰਸਵਾਰਥ ਨਾਲ ਅਧਿਆਤਮਿਕ ਅਤੇ ਸੰਸਾਰਿਕ ਸਫਲਤਾ ਲਈ ਸਾਨੂੰ ਪ੍ਰਾਰਥਨਾ ਕਰੋ, ਕੰਮ ਕਰੋ, ਸਾਂਝਾ ਨਿਰਸਵਾਰਥ ਸੇਵਾ ਕਰੋ, ਗਾਓ, ਸੁਣੋ ਅਤੇ ਬ੍ਰਹਮ ਉਸਤਤ ਨੂੰ ਗ੍ਰਹਿਣ ਕਰੋ ਦੀ ਰਣਨੀਤੀ ਅਪਣਾਉਣ ਦੀ ਸਲਾਹ ਦਿੱਤੀ ਜਾਂਦੀ ਹੈ। ਇਕ ਤਰੀਕੇ ਨਾਲ ਅਸੀਂ ਉਹ ਬਣ ਜਾਂਦੇ ਹਾਂ, ਜਿਸ ਦੀ ਅਸੀਂ ਸੇਵਾ ਕਰਦੇ ਹਾਂ। ਇਸ ਦੌਰਾਨ ਵਲੰਟੀਅਰਾਂ ਨੇ ਭਾਈ ਸਾਹਿਬ ਦੀ ਸੇਵਾ ਬਾਰੇ ਗੱਲ ਕੀਤੀ। ਜਿਵੇਂ ਕਿ 2019 ਵਿਚ ਮੁਆਫ਼ੀ ਤੇ ਸੁਲ੍ਹਾ ਲਈ ਸ਼ਾਂਤੀ ਸਮਾਰਕ ਦੀ ਸਿਰਜਣਾ, ਜੋ ਵਿਸ਼ਵ ਸ਼ਾਂਤੀ ਲਈ ਰਾਹ ਪੱਧਰਾ ਕਰਨ ਦੇ ਤਰੀਕੇ ਵਜੋਂ ਦੋਹਾਂ ਨੂੰ ਉਤਸ਼ਾਹਿਤ ਕਰਦੀ ਹੈ। ਜ਼ਿਕਰਯੋਗ ਹੈ ਕਿ ਜ਼ੀਰੋ ਹੰਗਰ ਤੇ ਨਿਸ਼ਕਾਮ ਸਵਾਦ (ਸਿੱਖ ਭਲਾਈ ਅਤੇ ਜਾਗਰੂਕਤਾ ਟੀਮ) ਦੀ ਸ਼ੁਰੂਆਤ ਨੇ ਹਜ਼ਾਰਾਂ ਲੋਕਾਂ ਨੂੰ ਭੋਜਨ ਦਿੱਤਾ ਹੈ ਅਤੇ ਅਜਿਹਾ ਕਰਨਾ ਜਾਰੀ ਰੱਖ ਰਹੀ ਹੈ। ਭਾਈ ਸਾਹਿਬ ਪਹਿਲੇ ਸਿੱਖ ਹਨ, ਜਿਨ੍ਹਾਂ ਨੂੰ ਸੰਤ ਗ੍ਰੇਗਰੀ ਦ ਗ੍ਰੇਟ ਦੀ ਪੋਪਲ ਨਾਈਟਹੁੱਡ ਨਾਲ ਸਨਮਾਨਤ ਕੀਤਾ ਗਿਆ ਹੈ, ਜੋ ਕਿ ਆਮ ਤੌਰ 'ਤੇ ਕੈਥੋਲਿਕਾਂ ਲਈ ਰਾਖਵਾਂ ਹੁੰਦਾ ਹੈ, ਜੋ ਉਨ੍ਹਾਂ ਦੇ ਦਇਆ ਭਰਮ ਕਾਰਜ ਦਾ ਸਨਮਾਨ ਕਰਦਾ ਹੈ।

## ਮਹਾਰਾਸ਼ਟਰ 'ਚ ਜੋੜੇ ਨੇ ਨਵਜੰਮੇ ਬੱਚੇ ਨੂੰ ਚੱਲਦੀ ਬੱਸ 'ਚੋਂ ਸੁੱਟਿਆ ਬਾਹਰ

ਮੁੰਬਈ, 17 ਜੁਲਾਈ (ਚ.ਨ.ਸ.): ਮਹਾਰਾਸ਼ਟਰ ਦੇ ਪਰਭਣੀ ਵਿੱਚ ਇੱਕ 19 ਸਾਲਾ ਔਰਤ ਨੇ ਇੱਕ ਚਲਦੀ ਬੱਸ ਵਿੱਚ ਇੱਕ ਬੱਚੇ ਨੂੰ ਜਨਮ ਦਿੱਤਾ, ਪਰ ਉਸਨੇ ਅਤੇ ਉਸਦੇ ਪਤੀ ਹੋਣ ਦਾ ਦਾਅਵਾ ਕਰਨ ਵਾਲੇ ਇੱਕ ਆਦਮੀ ਨੇ ਨਵਜੰਮੇ ਬੱਚੇ ਨੂੰ ਖਿੜਕੀ ਵਿੱਚੋਂ ਬਾਹਰ ਸੁੱਟ ਦਿੱਤਾ, ਜਿਸ ਨਾਲ ਬੱਚੇ ਦੀ ਮੌਤ ਹੋ ਗਈ। ਪੁਲਿਸ ਨੇ ਇਹ ਜਾਣਕਾਰੀ ਦਿੱਤੀ। ਇੱਕ ਅਧਿਕਾਰੀ ਨੇ ਦੱਸਿਆ ਕਿ ਇਹ ਘਟਨਾ ਮੰਗਲਵਾਰ ਸਵੇਰੇ 6.30 ਵਜੇ ਦੇ ਕਰੀਬ ਪਥਰੀ-ਸੇਲੂ ਰੂਟ 'ਤੇ ਵਾਪਰੀ। ਇੱਕ ਨਾਗਰਿਕ ਨੇ ਦੇਖਿਆ ਕਿ ਕੱਪੜੇ ਵਿੱਚ ਲਪੇਟਿਆ ਹੋਇਆ ਕੁਝ ਬੱਸ ਵਿੱਚੋਂ ਸੁੱਟਿਆ ਗਿਆ ਹੈ, ਜਿਸ ਤੋਂ ਬਾਅਦ ਮਾਮਲਾ ਸਾਹਮਣੇ ਆਇਆ। ਉਨ੍ਹਾਂ ਕਿਹਾ ਰਿਤਿਕਾ ਢੇਰੇ ਨਾਮ ਦੀ ਇੱਕ ਔਰਤ ਸੰਤ ਪ੍ਰਯਾਗ ਟਰੈਵਲਜ਼ ਦੀ ਸਲੀਪਰ ਕੋਚ ਬੱਸ ਵਿੱਚ ਅਲਤਾਫ਼ ਸ਼ੇਖ (ਜੋ ਆਪਣੇ ਪਤੀ ਹੋਣ ਦਾ ਦਾਅਵਾ ਕਰ ਰਿਹਾ ਸੀ) ਨਾਲ ਪੁਣੇ ਤੋਂ ਪਰਭਣੀ ਜਾ ਰਹੀ ਸੀ ਉਨ੍ਹਾਂ ਕਿਹਾ, ਸਫ਼ਰ ਦੌਰਾਨ ਗਰਭਵਤੀ ਔਰਤ ਨੂੰ ਜਣੇਪੇ ਦਾ ਦਰਦ ਹੋਇਆ ਅਤੇ ਉਸਨੇ ਇੱਕ ਮੁੰਡੇ ਨੂੰ ਜਨਮ ਦਿੱਤਾ। ਹਾਲਾਂਕਿ, ਜੋੜੇ ਨੇ ਨਵਜੰਮੇ ਬੱਚੇ ਨੂੰ ਕੱਪੜੇ ਵਿੱਚ ਲਪੇਟ ਕੇ ਬੱਸ ਤੋਂ ਬਾਹਰ ਸੁੱਟ ਦਿੱਤਾ। ਸਲੀਪਰ ਬੱਸ ਦੇ ਡਰਾਈਵਰ ਨੇ ਖਿੜਕੀ ਵਿੱਚੋਂ ਕੁਝ ਸੁੱਟਿਆ ਹੋਇਆ ਦੇਖਿਆ। ਜਦੋਂ ਉਸ ਨੇ ਇਸ ਬਾਰੇ ਪੁੱਛਿਆ ਤਾਂ ਸ਼ੇਖ ਨੇ ਉਸਨੂੰ ਦੱਸਿਆ ਕਿ ਉਸਦੀ ਪਤਨੀ ਨੂੰ ਮਤਲੀ ਹੋ ਰਹੀ ਸੀ, ਜਿਸ ਕਾਰਨ ਉਸਨੇ ਉਲਟੀ ਕੀਤੀ। ਅਧਿਕਾਰੀ ਨੇ ਕਿਹਾ ਕਿ ਇਸ ਦੌਰਾਨ ਜਦੋਂ ਸੜਕ 'ਤੇ ਇੱਕ ਵਿਅਕਤੀ ਨੇ ਬੱਸ ਵਿੱਚੋਂ ਸੁੱਟੀ ਹੋਈ ਚੀਜ਼ ਦੇਖੀ ਤਾਂ ਉਹ ਨੇੜੇ ਗਿਆ ਅਤੇ ਇੱਕ ਬੱਚੇ ਨੂੰ ਦੇਖ ਕੇ ਹੈਰਾਨ ਰਹਿ ਗਿਆ। ਉਸ ਨੇ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ ਅਧਿਕਾਰੀ ਨੇ ਕਿਹਾ ਬਾਅਦ ਵਿੱਚ ਗਸ਼ਤ 'ਤੇ ਮੌਜੂਦ ਇੱਕ ਸਥਾਨਕ ਪੁਲਿਸ ਟੀਮ ਨੇ ਬੱਸ ਨੂੰ ਰੋਕਿਆ। ਵਾਹਨ ਦੀ ਜਾਂਚ ਕਰਨ ਅਤੇ ਮੁੱਢਲੀ ਪੁੱਛਗਿੱਛ ਤੋਂ ਬਾਅਦ ਉਨ੍ਹਾਂ ਨੇ ਔਰਤ ਅਤੇ ਸ਼ੇਖ ਨੂੰ ਹਿਰਾਸਤ ਵਿੱਚ ਲੈ ਲਿਆ। ਜੋੜੇ ਨੇ ਕਿਹਾ ਕਿ ਉਨ੍ਹਾਂ ਨੇ ਨਵਜੰਮੇ ਬੱਚੇ ਨੂੰ ਇਸ ਲਈ ਸੁੱਟ ਦਿੱਤਾ ਕਿਉਂਕਿ ਉਹ ਇਸ ਨੂੰ ਚੁੱਕਣ ਵਿੱਚ ਅਸਮਰੱਥ ਸਨ। ਉਨ੍ਹਾਂ ਕਿਹਾ ਕਿ ਬੱਚੇ ਦੀ ਮੌਤ ਸੜਕ 'ਤੇ ਸੁੱਟਣ ਤੋਂ ਬਾਅਦ ਹੋਈ। ਪੁਲਿਸ ਦੇ ਅਨੁਸਾਰ ਦੋਸ਼ੀ ਔਰਤ ਅਤੇ ਸ਼ੇਖ ਦੋਵੇਂ ਪਰਭਣੀ ਦੇ ਰਹਿਣ ਵਾਲੇ ਹਨ ਅਤੇ ਪਿਛਲੇ ਡੇਢ ਸਾਲ ਤੋਂ ਪੁਣੇ ਵਿੱਚ ਰਹਿ ਰਹੇ ਸਨ। ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਨੇ ਪਤੀ-ਪਤਨੀ ਹੋਣ ਦਾ ਦਾਅਵਾ ਕੀਤਾ, ਪਰ ਇਸ ਸਾਬਤ ਕਰਨ ਲਈ ਕੋਈ ਦਸਤਾਵੇਜ਼ ਪੇਸ਼ ਨਹੀਂ ਕਰ ਸਕੇ। ਅਧਿਕਾਰੀ ਨੇ ਕਿਹਾ ਉਨ੍ਹਾਂ ਨੂੰ ਹਿਰਾਸਤ ਵਿੱਚ ਲੈਣ ਤੋਂ ਬਾਅਦ ਪੁਲਿਸ ਨੇ ਲੜਕੀ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਹੈ। ਉਨ੍ਹਾਂ ਕਿਹਾ ਪਰਭਣੀ ਦੇ ਪਾਥਰੀ ਪੁਲਿਸ ਸਟੇਸ਼ਨ ਵਿੱਚ ਭਾਰਤੀ ਦੰਡ ਸੰਹਿਤਾ ਦੀਆਂ ਸਬੰਧਤ ਧਾਰਾਵਾਂ ਤਹਿਤ ਜੋੜੇ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ।

## ਟਰੰਪ ਦੇ ਅਲਟੀਮੇਟਮ ਦਾ ਲਾਹਾ ਲੈ ਸਕਦੈ ਰੂਸ



ਵਾਸ਼ਿੰਗਟਨ, 17 ਜੁਲਾਈ (ਚ.ਨ.ਸ.): ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਰੂਸ ਨੂੰ ਯੂਕਰੇਨ ਨਾਲ 50 ਦਿਨਾਂ ਦੇ ਅੰਦਰ ਸ਼ਾਂਤੀ ਸਮਝੌਤਾ ਕਰਨ ਜਾਂ ਫਿਰ ਉਸਦਾ ਬਰਾਮਦਾਂ 'ਤੇ ਸਖ਼ਤ ਪਾਬੰਦੀਆਂ ਦੇ ਦਿੱਤੇ ਗਏ ਅਲਟੀਮੇਟਮ ਦਰਮਿਆਨ ਮਾਸਕੋ ਵੱਲੋਂ ਯੂਕਰੇਨ 'ਤੇ ਜ਼ੋਰਦਾਰ ਹਮਲੇ ਕੀਤੇ ਜਾ ਸਕਦੇ ਹਨ। ਅਮਰੀਕਾ ਦੀ ਥਿੰਕਟੈਂਕ ਮਗਰੋਂ ਰੂਸ ਨੂੰ ਇਕ ਤਰ੍ਹਾਂ ਨਾਲ ਆਪਣੀ ਕਾਰਵਾਈ ਜਾਰੀ ਰੱਖਣ ਦਾ ਵਾਧੂ ਸਮਾਂ ਮਿਲ ਗਿਆ ਹੈ। ਉਂਝ ਯੂਕਰੇਨ ਵੱਲੋਂ ਕੀਤੇ ਜਾ ਰਹੇ ਮੁਕਾਬਲੇ ਨੂੰ ਦੇਖਦਿਆਂ ਰੂਸੀ ਫੌਜ ਨੂੰ ਵੱਡੀ ਕਾਮਯਾਬੀ ਹਾਸਲ ਹੋਣ ਦੀ ਸੰਭਾਵਨਾ ਘੱਟ ਹੀ ਜਾਪ ਰਹੀ ਹੈ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਕਈ ਵਾਰ ਐਲਾਨ ਕੀਤਾ ਹੈ ਕਿ ਕਿਸੇ ਵੀ ਸ਼ਾਂਤੀ ਸਮਝੌਤੇ ਲਈ ਯੂਕਰੇਨ ਨੂੰ ਉਨ੍ਹਾਂ ਚਾਰ ਖ਼ਿੱਤਿਆਂ 'ਚੋਂ ਹਟਣਾ ਪਵੇਗਾ ਜਿਨ੍ਹਾਂ ਨੂੰ ਰੂਸ ਨੇ ਸਤੰਬਰ 2022 'ਚ ਗ਼ੈਰਕਾਨੂੰਨੀ ਢੰਗ ਨਾਲ ਆਪਣੇ ਕਬਜ਼ੇ ਹੇਠ ਲੈ ਲਿਆ ਸੀ ਪਰ ਉਥੇ ਉਹ ਪੂਰੀ ਤਰ੍ਹਾਂ ਕਬਜ਼ਾ ਨਹੀਂ ਕਰ ਸਕਿਆ ਹੈ। ਲੰਡਨ ਸਥਿਤ ਰੌਇਲ ਯੂਨਾਈਟਿਡ ਸਰਵਿਸਿਜ਼ ਇੰਸਟੀਚਿਊਟ ਦੇ ਜੈਕ ਵਾਟਲਿੰਗ ਨੇ ਕਿਹਾ ਕਿ ਰੂਸ ਵੱਲੋਂ ਗਰਮੀਆਂ ਦੌਰਾਨ ਹਮਲੇ ਤੇਜ਼ ਕੀਤੇ ਜਾਣ ਕਾਰਨ ਯੂਕਰੇਨੀ ਫੌਜ 'ਤੇ ਭਾਰੀ ਦਬਾਅ ਪੈ ਸਕਦਾ ਹੈ।

## ਫ਼ਾਜ਼ਿਲਕਾ 'ਚ ਸਤਲੁਜ ਦਰਿਆ ਦੇ ਪਾਣੀ ਦਾ ਵਧਿਆ ਪੱਧਰ, 200 ਏਕੜ ਖੇਤ 'ਚ ਭਰਿਆ ਪਾਣੀ

ਫਾਜ਼ਿਲਕਾ, 17 ਜੁਲਾਈ (ਚ.ਨ.ਸ.): ਭਾਰਤ-ਪਾਕਿਸਤਾਨ ਸਰਹੱਦੀ ਖੇਤਰ ਫਾਜ਼ਿਲਕਾ ਵਿੱਚ ਸਤਲੁਜ ਦਰਿਆ ਵਿਚ ਪਾਣੀ ਦਾ ਪੱਧਰ ਵੱਧ ਗਿਆ ਹੈ। ਲਗਾਤਾਰ ਮੀਂਹ ਕਾਰਨ ਰਾਤੋ-ਰਾਤ ਪਾਣੀ ਦਾ ਪੱਧਰ ਵੱਧ ਗਿਆ ਅਤੇ ਸਤਲੁਜ ਇਲਾਕੇ ਦੇ ਕਈ ਏਕੜ ਖੇਤਾਂ ਵਿੱਚ ਪਾਣੀ ਭਰ ਗਿਆ। ਜਿਸ ਕਾਰਨ ਫ਼ਸਲਾਂ ਪਾਣੀ ਨਾਲ ਪ੍ਰਭਾਵਿਤ ਹੋਈਆਂ ਹਨ। ਐਨਡੀਆਰਐਫ ਦੀ ਟੀਮ ਮੌਕੇ 'ਤੇ ਪਹੁੰਚ ਗਈ ਹੈ। ਟੀਮ ਨੇ ਇੱਕ ਮੌਕ ਡਰਿੱਲ ਕੀਤੀ ਅਤੇ ਲੋਕਾਂ ਨੂੰ ਖ਼ਤਰੇ ਦੇ ਸਮੇਂ ਜਾਨਾਂ ਬਚਾਉਣ ਦੇ ਤਰੀਕੇ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਜਾਣਕਾਰੀ ਦਿੰਦੇ ਹੋਏ ਪਿੰਡ ਦੇ ਵਸਨੀਕ ਗੁਲਜ਼ਾਰ ਸਿੰਘ ਅਤੇ ਮਹਿੰਦਰ ਸਿੰਘ ਨੇ ਦੱਸਿਆ ਕਿ ਰਾਤੋ ਰਾਤ ਪਾਣੀ ਦਾ ਪੱਧਰ ਅਚਾਨਕ ਵੱਧ ਗਿਆ। ਜਿਸ ਕਾਰਨ ਸਤਲੁਜ ਦਰਿਆ ਵਿੱਚ ਹੜ੍ਹ ਆ ਗਿਆ। ਪਾਣੀ ਦਾ ਪੱਧਰ ਵਧਣ ਕਾਰਨ ਸਤਲੁਜ ਦਰਿਆ ਖੇਤਰ ਦੇ ਲਗਭਗ 200 ਏਕੜ ਖੇਤਾਂ ਵਿੱਚ ਪਾਣੀ ਭਰ ਗਿਆ ਹੈ। ਜਿਸ ਕਾਰਨ ਕੁਝ ਫ਼ਸਲਾਂ ਪ੍ਰਭਾਵਿਤ ਹੋਈਆਂ ਹਨ ਪਰ ਪ੍ਰਸ਼ਾਸਨ ਦੀ ਟੀਮ ਮੌਕੇ 'ਤੇ ਪਹੁੰਚ ਗਈ। ਬਠਿੰਡਾ ਤੋਂ



ਮੌਕੇ 'ਤੇ ਪਹੁੰਚੀ ਐਨਡੀਆਰਐਫ਼ ਦੀ ਟੀਮ ਨੇ ਇੱਕ ਮੌਕ ਡਰਿੱਲ ਰਾਹੀਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ, ਪੰਚਾਇਤ ਪ੍ਰਤੀਨਿਧੀਆਂ, ਸਰਪੰਚਾਂ ਅਤੇ ਸਥਾਨਕ ਪਿੰਡ ਵਾਸੀਆਂ ਨੂੰ ਹੜ੍ਹ ਵਰਗੀਆਂ ਐਮਰਜੈਂਸੀ ਸਥਿਤੀਆਂ ਨਾਲ ਨਜਿੱਠਣ ਦੇ ਤਰੀਕੇ ਬਾਰੇ ਸਿਖਲਾਈ ਦਿੱਤੀ। ਜਦੋਂ ਕਿ ਲੋਕ ਪੁੱਛ ਰਹੇ ਹਨ ਕਿ ਜਦੋਂ ਪਿਛਲੀ ਵਾਰ ਹੜ੍ਹ ਆਇਆ ਸੀ, ਤਾਂ ਬਹੁਤ ਸਾਰੀਆਂ ਸੜਕਾਂ ਨੁਕਸਾਨੀਆਂ ਗਈਆਂ ਸਨ। ਇਨ੍ਹਾਂ ਸੜਕਾਂ ਦੀ ਅਜੇ ਤੱਕ ਮੁਰੰਮਤ ਨਹੀਂ ਕੀਤੀ ਗਈ ਹੈ ਅਤੇ ਹੜ੍ਹਾਂ ਦੇ ਦੁਬਾਰਾ ਆਉਣ ਦੇ ਹਾਲਾਤ ਬਣ ਗਏ ਹਨ। ਇਸ ਅਭਿਆਸ ਦੀ ਅਗਵਾਈ ਐਨਡੀਆਰਐਫ ਟੀਮ ਦੇ ਇੰਸਪੈਕਟਰ ਸੰਦੀਪ ਕੁਮਾਰ ਨੇ ਕੀਤੀ। ਉਨ੍ਹਾਂ ਨੇ ਪਾਣੀ ਵਿੱਚ ਫਸੇ ਵਿਅਕਤੀਆਂ ਨੂੰ ਬਚਾਉਣ ਦੇ ਵੱਖ-ਵੱਖ ਤਰੀਕਿਆਂ ਦਾ ਅਭਿਆਸ ਕਰਕੇ ਲੋਕਾਂ ਨੂੰ ਅਸਲ ਸਥਿਤੀ ਤੋਂ ਜਾਣੂ ਕਰਵਾਇਆ। ਘਰਾਂ ਵਿੱਚ ਮਿਲਣ ਵਾਲੀਆਂ ਆਮ ਚੀਜ਼ਾਂ ਦੀ ਵਰਤੋਂ ਕਰਕੇ ਇੱਕ ਵਿਅਕਤੀ ਆਪਣੀ ਸੁਰੱਖਿਆ ਕਿਵੇਂ ਯਕੀਨੀ ਬਣਾ ਸਕਦਾ ਹੈ, ਇਹ ਦਰਸਾਉਣ ਲਈ ਇੱਕ ਪ੍ਰਦਰਸ਼ਨੀ ਵੀ ਲਗਾਈ ਗਈ।

## ਉੱਚ ਵਿੱਦਿਅਕ ਯੋਗਤਾ ਦੇ ਵਿਦਿਆਰਥੀਆਂ ਲਈ ਹੋਸਟਲ ਦੀਆਂ ਇਮਾਰਤਾਂ ਦੇ ਰੱਖੇ ਨੀਂਹ ਪੱਥਰ

☛ਇਸ ਸਥਾਨ ਤੋਂ ਬੱਚੇ ਉੱਚ ਵਿੱਦਿਆ ਪ੍ਰਾਪਤ ਕਰਕੇ ਲੱਗਣਗੇ ਉੱਚ ਮਹਿਕਮੇ ਦੇ ਅਫ਼ਸਰ: ਬਾਬਾ ਸ਼ਿੰਦਰ ਸਿੰਘ



ਮੱਲਾਂ ਵਾਲਾ, 17 ਜੁਲਾਈ (ਹਰਪਾਲ ਸਿੰਘ ਖਾਲਸਾ ਇੰਦਰਜੀਤ ਸਿੰਘ ਸੰਧੂ): ਇਲਾਕੇ ਵਿੱਚ ਉੱਚ ਵਿੱਦਿਆ ਤੇ ਧਾਰਮਿਕ ਸਿੱਖਿਆ ਪ੍ਰਦਾਨ ਕਰ ਰਹੇ ਤੇ ਲੋਕ ਹਿੱਤ ਸੇਵਾਵਾਂ ਨਿਭਾਅ ਰਹੇ ਮੁੱਖ ਸੇਵਾਦਾਰ ਗੁਰਦੁਆਰਾ ਸ਼ਹੀਦ ਸਰਦਾਰ ਸ਼ਾਮ ਸਿੰਘ ਅਟਾਰੀ ਪਿੰਡ ਫ਼ਤਹਿਗੜ੍ਹ ਸਭਰਾ ਦੇ ਮੁੱਖੀ ਮਹਾਂਪੁਰਖ ਬਾਬਾ ਸ਼ਿੰਦਰ ਸਿੰਘ ਜੀ ਦੀ ਯੋਗ ਅਗਵਾਈ ਹੇਠ ਜਿੱਥੇ ਬੱਚਿਆਂ ਨੂੰ ਧਾਰਮਿਕ ਵਿੱਦਿਆ ਦੇ ਧਨੀ ਬਣਾਇਆ ਜਾ ਰਿਹਾ, ਉੱਥੇ ਹੀ ਇਲਾਕੇ ਅੰਦਰ ਚਲਾਏ ਤਿੰਨ ਸਕੂਲਾਂ ਵਿੱਚ ਪਹਿਲੀ ਤੋਂ ਲੈਕੇ ਬੀਏ ਐਮ ਤੱਕ ਸਿੱਖਿਆ ਦਿੱਤੀ ਜਾ ਰਹੀ ਹੈ, ਉਥੇ ਅੱਜ ਆਈ ਪੀ ਐਸ ਤੇ ਉੱਚ ਡਿਗਰੀਆਂ ਪ੍ਰਦਾਨ ਕਰਨ ਵਾਲੇ ਬੱਚਿਆਂ ਲਈ ਹੋਸਟਲ ਤੇ ਕਾਲਜ ਦੀਆਂ ਇਮਾਰਤਾਂ ਦਾ ਨੀਂਹ ਪੱਥਰ ਰੱਖਿਆ ਗਿਆ। ਜਿਸ ਵਿੱਚ ਇਲਾਕੇ ਦੇ ਮਹਾਂਪੁਰਖ, ਸੰਤ, ਸਰਪੰਚ, ਪੰਚ ਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਪਹੁੰਚ ਕੇ ਧਾਰਮਿਕ ਤੇ ਨੀਂਹ ਪੱਥਰ ਸਮਾਗਮ ਵਿੱਚ ਹਾਜ਼ਰੀਆਂ ਭਰੀਆਂ।

## ਪੰਜਾਬ ਸਰਕਾਰ ਦਾ ਭਿਖਾਰੀਆਂ ਦੇ ਡੀ.ਐੱਨ.ਏ. ਟੈਸਟ ਕਰਵਾਉਣ ਦਾ ਫੈਸਲਾ ਸ਼ਲਾਘਾਯੋਗ ਕਦਮ: ਸ਼ੰਕਰ ਕਟਾਰੀਆ



ਜ਼ੀਰਾ, 17 ਜੁਲਾਈ (ਦੀਪਕ ਭਾਰਗੋ): ਡੀਐਨਏ ਟੈਸਟ ਜੋ ਇੱਕ ਪਰਿਵਾਰ ਦੀ ਜਾਂਚ ਕਰਦਾ ਹੈ ਕਿ ਉਹ ਇੱਕੋ ਪਰਿਵਾਰ ਦੇ ਮੈਂਬਰ ਹਨ ਕਿ ਨਹੀਂ ਇਸੇ ਤਰ੍ਹਾਂ ਦਾ ਇੱਕ ਫੈਸਲਾ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ ਤੇ ਕੈਬਨਟ ਮੰਤਰੀ ਡਾ. ਬਲਜੀਤ ਕੌਰ ਵੱਲੋਂ ਆਪਰੇਸ਼ਨ 'ਜੀਵਨ ਜੋਤ' ਦੇ ਤਹਿਤ ਲਿਆ ਗਿਆ ਕਿ ਸੜਕਾਂ ਉੱਪਰ ਭੀਖ ਮੰਗਣ ਵਾਲੇ ਭਿਖਾਰੀਆਂ ਦੇ ਬੱਚਿਆਂ ਦਾ ਤੇ ਮਾਂ ਬਾਪ ਦਾ ਡੀਐਨਏ ਟੈਸਟ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਇਹ ਇੱਕ ਬਹੁਤ ਵੱਡਾ ਮਾਫੀਆ ਹੈ, ਜਿਸ ਵਿੱਚ ਬੱਚਿਆਂ ਦੀ ਤਸਕਰੀ ਵੀ ਸਾਹਮਣੇ ਆ ਸਕਦੀ ਹੈ ਜੇ ਉਸ ਪਰਿਵਾਰ ਦੇ ਬੱਚਿਆਂ ਦਾ ਮਾਂ ਬਾਪ ਦਾ ਟੈਸਟ ਨਹੀਂ ਮਿਲਦਾ ਤਾਂ ਉਹਨਾਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾ ਸਕਦੀ ਹੈ। ਇਸ ਗੱਲ ਦਾ ਪ੍ਰਗਟਾਵਾ ਸ਼ੰਕਰ ਕਟਾਰੀਆ ਵੱਲੋਂ ਕੀਤਾ ਗਿਆ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਦੇ ਲੋਕਾਂ ਦੇ ਹਿੱਤ ਵਾਸਤੇ ਸਖ਼ਤ ਫੈਸਲੇ ਲੈ ਰਹੀ ਹੈ ਇਸੇ ਤਰ੍ਹਾਂ 10 ਲੱਖ ਦੇ ਇਲਾਜ ਵਾਲੀ ਗੱਲ ਵੀ ਜਲਦ ਹੀ ਲੋਕਾਂ ਨੂੰ ਸੁੱਖ ਦੇਵੇਗੀ। ਇਸ ਮੌਕੇ ਉਹਨਾਂ ਨਾਲ ਸਰਪੰਚ ਜਸਦੀਪ ਸਿੰਘ ਮੱਲੋਕੇ, ਸਰਪੰਚ ਗੁਰਵਿੰਦਰ ਸਿੰਘ ਬੱਬੂ ਕੁਤਬਪੁਰਾ, ਸਰਪੰਚ ਅਮਨਦੀਪ ਵਰੇ, ਹਰ ਭਗਵਾਨ ਸਿੰਘ ਭੋਲਾ ਬਲਾਕ ਪ੍ਰਧਾਨ, ਬਲਰਾਜ ਸਿੰਘ ਬੋਤੀਆਂ ਵਾਲਾ, ਸਰਪੰਚ ਬਖਸ਼ੀਸ਼ ਸਿੰਘ ਨੂਰਪੁਰ, ਟਰੱਕ ਯੂਨੀਅਨ ਪ੍ਰਧਾਨ ਗੁਰਪ੍ਰੀਤ ਸਿੰਘ ਗੋਪੀ, ਸਰਪੰਚ ਰਾਮ ਸਿੰਘ ਗਿੱਲ, ਸਰਪੰਚ ਮਨਪ੍ਰੀਤ ਸਿੰਘ ਸੇਖਵਾਂ, ਸਰਪੰਚ ਸਤਨਾਮ ਸਿੰਘ ਮਨਸੂਰਵਾਲ, ਸਰਪੰਚ ਤੀਰਥ ਸਿੰਘ ਫੇਰੋਕੇ, ਸਰਪੰਚ ਦਲਜੀਤ ਸਿੰਘ ਝਤਰਾ, ਸਰਪੰਚ ਦਲਜੀਤ ਸਿੰਘ ਅਵਾਨ, ਸਰਪੰਚ ਜੱਸਾ ਕੱਚਰਭਨ, ਸਰਪੰਚ ਜੁਗਰਾਜ ਸਿੰਘ ਵਾੜਾ ਵਰਿਆਮ ਸਿੰਘ ਵਾਲਾ, ਮੇਜਰ ਸਿੰਘ ਪੀਏ ਦਫ਼ਤਰ, ਰਣਵੀਰ ਸਿੰਘ ਬਾਠ, ਸੁੱਖ ਜੀਰਾ, ਸਰਪੰਚ ਜਸਵੀਰ ਸਿੰਘ ਬੁਲ੍ਹੇ ਸਰਪੰਚ ਗੁਰਜੀਤ ਸਿੰਘ ਕਿਲੀ, ਸਰਪੰਚ ਬੂਟਾ ਸਿੰਘ ਬਾਠ, ਸਰਪੰਚ ਸੁਖਚੈਨ ਸਿੰਘ ਪੰਨੂ, ਤਰਸੇਮ ਸਿੰਘ ਲੋਹਕਾ, ਸਰਪੰਚ ਰਣਜੀਤ ਬਰਾੜ, ਸਰਪੰਚ ਗੁਰਲਾਲ ਸਿੰਘ ਛੀਨਾ, ਪ੍ਰਧਾਨ ਗਿੰਨੀ ਸ਼ਰਮਾ, ਸਰਬਜੀਤ ਸ਼ਰਮਾ, ਸੁਖਜਿੰਦਰ ਸਿੰਘ ਬਾਠ ਆਦਿ ਹਾਜ਼ਰ ਸਨ।

## ਬਲਾਕ ਪ੍ਰਧਾਨ ਜਗਵੀਰ ਸਿੰਘ ਸਲਾਣਾ ਨੇ ਕਾਂਗਰਸੀ ਵਰਕਰਾਂ ਨਾਲ ਕੀਤੀ ਮੀਟਿੰਗ



ਅਮਲੋਹ, 17 ਜੁਲਾਈ (ਜਸਵੰਤ ਸਿੰਘ): ਬਲਾਕ ਕਾਂਗਰਸ ਕਮੇਟੀ ਅਮਲੋਹ ਦੀ ਇਕ ਮੀਟਿੰਗ ਬਲਾਕ ਪ੍ਰਧਾਨ ਜਗਵੀਰ ਸਿੰਘ ਸਲਾਣਾ ਦੀ ਪ੍ਰਧਾਨਗੀ ਹੇਠ ਇਥੇ ਕਾਂਗਰਸ ਦਫ਼ਤਰ ਵਿੱਚ ਹੋਈ, ਜਿਸ ਵਿਚ ਕਾਂਗਰਸ ਅਹੁੱਦੇਦਾਰਾਂ ਤੇ ਵਰਕਰਾਂ ਨੇ ਭਾਗ ਲਿਆ। ਇਸ ਮੌਕੇ ਪਾਰਟੀ ਨੂੰ ਬੂਥ ਪੱਧਰ 'ਤੇ ਕਮੇਟੀਆਂ ਬਣਾ ਕੇ ਮਜ਼ਬੂਤ ਕਰਨ ਦਾ ਫ਼ੈਸਲਾ ਕੀਤਾ ਗਿਆ ਤਾਂ ਜੋ ਆਉਣ ਵਾਲੀਆਂ 2027 ਦੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਸ਼ਾਨਦਾਰ ਜਿੱਤ ਹਾਸਲ ਕਰ ਸਕੇ। ਸ੍ਰੀ ਸਲਾਣਾ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਹੁਣ ਤੱਕ ਦੀ ਸਭ ਤੋਂ ਝੂਠੀ ਸਰਕਾਰ ਸਾਬਤ ਹੋਈ ਹੈ, ਜਿਸ ਨੇ ਚੋਣਾਂ ਤੋਂ ਪਹਿਲਾਂ ਕੀਤੇ ਲੋਕਾਂ ਨਾਲ ਵਾਅਦੇ ਪੂਰੇ ਨਹੀਂ ਕੀਤੇ, ਜਿਸ ਕਾਰਣ ਹਰ ਵਰਗ ਸਰਕਾਰ ਤੋਂ ਖ਼ਫ਼ਾ ਹੈ। ਉਨ੍ਹਾਂ ਪਾਰਟੀ ਵਰਕਰਾਂ ਨੂੰ ਹੁਣ ਤੋਂ ਹੀ ਤਿਆਰੀਆਂ ਵਿੱਢਣ ਦਾ ਸੱਦਾ ਦਿੱਤਾ। ਇਸ ਮੌਕੇ ਕੋਆਰਡੀਨੇਟਰ ਸਿਤਾਰ ਮੁਹੰਮਦ ਲਿਬੜਾ, ਬਲਵੀਰ ਸਿੰਘ ਮਿੰਟੂ, ਜਗਦੀਸ਼ ਸਿੰਘ ਦੀਸ਼ਾ, ਕੌਂਸਲਰ ਕੁਲਵਿੰਦਰ ਸਿੰਘ, ਜਸਪਾਲ ਸਿੰਘ ਜੱਗਾ ਸਮਸ਼ਪੁਰ, ਗੁਰਪ੍ਰੀਤ ਸਿੰਘ ਗਰੇਵਾਲ, ਗੁਰਬਚਨ ਸਿੰਘ ਕਾਹਨਪੁਰ, ਸੋਨੀ ਸਲਾਣਾ, ਰਕੇਸ਼ ਕੁਮਾਰ ਗੋਗੀ, ਸ਼ਿਵ ਕੁਮਾਰ ਗਰਗ, ਗੰਗਾ ਪੁਰੀ ਅਮਲੋਹ, ਸ਼ਸ਼ੀ ਸ਼ਰਮਾ, ਰੁਪਿੰਦਰ ਸਿੰਘ ਸਲਾਣਾ, ਰਣਜੀਤ ਕੌਰ, ਭੂਸ਼ਨ ਸ਼ਰਮਾ ਤੇ ਮਨਪ੍ਰੀਤ ਸਿੰਘ ਮਿੰਟਾ ਆਦਿ ਹਾਜ਼ਰ ਸਨ।

## ਪ੍ਰਸ਼ਾਸਨ ਵਿਰੁੱਧ ਕੀਤਾ ਰੋਸ ਪ੍ਰਦਰਸ਼ਨ, ਡੀ.ਐੱਸ.ਪੀ. ਸੈਣੀ ਨੇ ਦਿਵਾਇਆ ਵਿਸ਼ਵਾਸ



ਭੋਗਪੁਰ, 17 ਜੁਲਾਈ (ਅਮਰਜੀਤ ਸਿੰਘ ਸੈਣੀ ਜੰਡੀਰ): ਭੋਗਪੁਰ ਸ਼ਕਤੀ ਨਗਰ ਰਹਿਣ ਵਾਲੇ ਜਸਵਿੰਦਰ ਸਿੰਘ ਪ੍ਰਿੰਸ ਦੀ ਮੌਤ ਹੋ ਜਾਣ 'ਤੇ ਤਿੰਨ ਏਜੰਟਾਂ 'ਤੇ ਪਰਚਾ ਦਰਜ ਕੀਤਾ ਗਿਆ ਸੀ। ਪਰ ਪੁਲਿਸ ਪ੍ਰਸ਼ਾਸਨ ਵੱਲੋਂ ਕਾਰਵਾਈ ਨਾ ਕਰਨ ਕਰਕੇ ਅੱਜ ਟਾਈਗਰ ਫੋਰਸ ਵਾਲਮੀਕਨ ਜਥੇਬੰਦੀ ਵੱਲੋਂ ਥਾਣਾ ਸਦਰ ਫਗਵਾੜਾ ਵਿਖੇ ਰੋਸ ਪ੍ਰਦਰਸ਼ਨ ਕੀਤਾ ਗਿਆ। ਧਰਨੇ ਵਿੱਚ ਜਸਵਿੰਦਰ ਸਿੰਘ ਪ੍ਰਿੰਸ ਨੂੰ ਇਨਸਾਫ ਦਿਵਾਉਣ ਲਈ ਪਰਿਵਾਰਿਕ ਮੈਂਬਰ ਅਤੇ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਹਿੱਸਾ ਲਿਆ। ਧਰਨਾਕਾਰੀਆਂ ਵੱਲੋਂ ਪ੍ਰਸ਼ਾਸਨ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਆਗੂਆਂ ਨੇ ਕਿਹਾ ਕਿ ਤਿੰਨ ਏਜੰਟ 18 ਲੱਖ ਰੁਪਿਆ ਪ੍ਰਿੰਸ ਦਾ ਘਰ ਅਤੇ ਗੱਡੀ 'ਤੇ ਵੀ ਧੋਖੇ ਨਾਲ ਕਬਜ਼ਾ ਕਰ ਗਏ ਸਨ। ਜਿਸ ਤੋਂ ਪ੍ਰਿੰਸ ਨੇ ਦੁਖੀ ਹੋ ਕੇ ਆਤਮ ਹੱਤਿਆ ਕਰ ਲਈ ਸੀ ਤੇ ਪੁਲਿਸ ਪ੍ਰਸ਼ਾਸਨ ਵੱਲੋਂ ਤਿੰਨ ਜਣਿਆਂ ਤੇ ਬਾਈ ਨੇਮ ਪਰਚਾ ਦਰਜ ਕੀਤਾ ਗਿਆ ਸੀ ਪਰ ਤਿੰਨ ਮਹੀਨੇ ਬੀਤ ਜਾਣ 'ਤੇ ਵੀ ਕਿਸੇ ਵੀ ਦੋਸ਼ੀ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ। ਜਿਸ ਕਰਕੇ ਅੱਜ ਰੋਸ ਮੁਜ਼ਾਹਰਾ ਕੀਤਾ ਗਿਆ ਅਤੇ ਮੌਕੇ ਤੇ ਡੀਐਸਪੀ ਥਾਣਾ ਸਦਰ ਭਾਰਤ ਭੂਸ਼ਣ ਸੈਣੀ ਨੇ ਧਰਨਾ ਪ੍ਰਦਰਸ਼ਨ ਕਰ ਰਹੇ ਆਗੂਆਂ ਨਾਲ ਗੱਲਬਾਤ ਕੀਤੀ ਵਿਸ਼ਵਾਸ ਦਿਵਾਇਆ ਕਿ ਕੇਸ ਨੂੰ ਬਰੀਕੀ ਨਾਲ ਲਿਆ ਜਾਵੇਗਾ ਅਤੇ ਦੋਸ਼ੀਆਂ 'ਤੇ ਸਖ਼ਤ ਕਾਨੂੰਨੀ ਕਾਰਵਾਈ ਕਰਕੇ ਜਲਦ ਗ੍ਰਿਫਤਾਰ ਕੀਤਾ ਜਾਵੇਗਾ। ਉਪਰੰਤ ਡੀਐਸਪੀ ਨਾਲ ਗੱਲਬਾਤ ਕਰਨ 'ਤੇ ਰੋਸ ਪ੍ਰਦਰਸ਼ਨ ਬੰਦ ਕਰ ਦਿੱਤਾ ਗਿਆ।

## ਪੰਜਾਬ ਸਰਕਾਰ ਵੱਲੋਂ ਸਿਹਤ ਦੇ ਖੇਤਰ 'ਚ ਚੁੱਕੇ ਜਾ ਰਹੇ ਕਦਮਾਂ ਦੀ ਹਰੇਕ ਪਾਸਿਓਂ ਹੋ ਰਹੀ ਸ਼ਲਾਘਾ: ਵਿੱਕੀ ਘਨੌਰ



ਫਤਹਿਗੜ੍ਹ ਸਾਹਿਬ, 17 ਜੁਲਾਈ (ਹਰਪ੍ਰੀਤ ਕੌਰ ਟਿਵਾਣਾ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਰੰਗਲਾ ਤੇ ਸਿਹਤਮੰਦ ਪੰਜਾਬ ਬਣਾਉਣ ਲਈ ਕੀਤੇ ਗਏ ਇਤਿਹਾਸਕ ਫੈਸਲਿਆਂ ਸਦਕਾ ਪੰਜਾਬ ਦੇ ਲੋਕਾਂ ਨੂੰ ਬਿਹਤਰ ਸਿਹਤ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਇਹ ਪ੍ਰਗਟਾਵਾ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਉਪ ਚੇਅਰਮੈਨ ਮਨਿੰਦਰਜੀਤ ਸਿੰਘ ਵਿੱਕੀ ਘਨੌਰ ਨੇ ਸਿਵਲ ਹਸਪਤਾਲ ਫਤਹਿਗੜ੍ਹ ਸਾਹਿਬ ਤੇ ਸੀਐਚਸੀ ਬੱਸੀ ਪਠਾਣਾ ਵਿਖੇ ਅਚਨਚੇਤ ਦੌਰਾ ਕਰਨ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ, ਸਰਕਾਰੀ ਸਿਹਤ ਸੰਸਥਾਵਾਂ 'ਚ ਸੁਧਾਰ ਕਰਕੇ ਆਮ ਲੋਕਾਂ ਨੂੰ ਪ੍ਰਾਈਵੇਟ ਹਸਪਤਾਲਾਂ ਦੇ ਮਹਿੰਗੇ ਇਲਾਜ ਤੋਂ ਬਚਾਅ ਰਹੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ, ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਪਿਛਲੇ ਦਿਨੀਂ ਪੰਜਾਬ ਦੀ ਜਨਤਾ ਨੂੰ ਵੱਡੀ ਸੌਗਾਤ ਦਿੰਦਿਆਂ ਹੋਇਆਂ 10 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਲਈ ਮੁੱਖ ਮੰਤਰੀ ਹੈਲਥ ਬੀਮਾ ਯੋਜਨਾ ਸ਼ੁਰੂ ਕੀਤੀ ਗਈ ਹੈ ਜਿਸ ਦਾ ਲਾਭ ਪੰਜਾਬ ਦੇ ਲੋਕ ਆਧਾਰ ਕਾਰਡ ਜ਼ਰੀਏ ਲੈ ਸਕਣਗੇ। ਉਨ੍ਹਾਂ ਦੱਸਿਆ ਕਿ ਆਮ ਆਦਮੀ ਕਲੀਨਿਕ, ਜਿਨ੍ਹਾਂ 'ਚ ਪਹਿਲਾਂ ਓਪੀਡੀ, ਦਵਾਈਆਂ ਤੇ ਟੈਸਟ ਮੁਫ਼ਤ ਕੀਤੇ ਜਾ ਰਹੇ ਹਨ, ਵਿਖੇ ਹੁਣ ਗਰਭਵਤੀ ਮਹਿਲਾਵਾਂ ਦੀ ਸਿਹਤ ਸਾਂਭ-ਸੰਭਾਲ ਦੀਆਂ ਸੇਵਾਵਾਂ ਵੀ ਦੇਣੀਆਂ ਸ਼ੁਰੂ ਕੀਤੀਆਂ ਗਈਆਂ ਹਨ। ਉੱਪ ਚੇਅਰਮੈਨ ਨੇ ਸਿਵਲ ਹਸਪਤਾਲ ਫਤਹਿਗੜ੍ਹ ਸਾਹਿਬ ਤੇ ਬਸੀ ਪਠਾਣਾ ਵਿਖੇ ਮਰੀਜ਼ਾਂ ਨਾਲ ਗੱਲਬਾਤ ਕੀਤੀ ਤੇ ਸਿਹਤ ਸਹੂਲਤਾਂ ਬਾਰੇ ਜਾਣਕਾਰੀ ਹਾਸਲ ਕੀਤੀ। ਉੱਪ ਚੇਅਰਮੈਨ ਵਿੱਕੀ ਘਨੌਰ ਨੇ ਕਿਹਾ ਕਿ ਪੰਜਾਬ ਸਰਕਾਰ ਲਗਾਤਾਰ ਜ਼ਮੀਨੀ ਪੱਧਰ 'ਤੇ ਪੰਜਾਬ ਦੇ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚੋਂ ਨਸ਼ਿਆਂ ਦਾ ਖਾਤਮਾ ਕਰਨ ਦੀ ਮੁਹਿੰਮ ਵੀ ਪੰਜਾਬ ਸਰਕਾਰ ਦੀ ਅਹਿਮ ਪ੍ਰਾਪਤੀ ਹੈ, ਜਿਸ ਤਹਿਤ ਪੀੜਤਾਂ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਕੱਢਣ ਲਈ ਨਸ਼ਾ ਮੁਕਤੀ ਤੇ ਮੁੜ ਵਸੇਬਾ ਕੇਂਦਰਾਂ 'ਚ ਮੁਫ਼ਤ ਇਲਾਜ ਮੁਹੱਈਆ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਸਮੇਤ ਹੋਰ ਡਾਕਟਰ ਹਾਜ਼ਰ ਸਨ।

## ਮੇਲਾ ਸਾਵਣ ਅਸ਼ਟਮੀ ਦੌਰਾਨ ਸੁਚਾਰੂ ਪ੍ਰਬੰਧ ਕਰਨ ਲਈ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ: ਜਸਪ੍ਰੀਤ ਸਿੰਘ



ਸ੍ਰੀ ਅਨੰਦਪੁਰ ਸਾਹਿਬ, 17 ਜੁਲਾਈ (ਤਰਲੋਚਨ ਸਿੰਘ): ਉੱਤਰੀ ਭਾਰਤ ਦੇ ਪ੍ਰਸਿੱਧ ਸ਼ਕਤੀ ਪੀਠ ਮਾਤਾ ਸ੍ਰੀ ਨੈਣਾ ਦੇਵੀ (ਹਿਮਾਚਲ ਪ੍ਰਦੇਸ਼) ਵਿਚ ਮੇਲਾ ਸਾਵਣ ਅਸ਼ਟਮੀ 25 ਜੁਲਾਈ ਤੋਂ 03 ਅਗਸਤ ਤੱਕ ਸ਼ੁਰੂ ਹੋ ਰਿਹਾ ਹੈ। ਇਸ ਲਈ ਸ਼ਰਧਾਲੂ ਸ੍ਰੀ ਅਨੰਦਪੁਰ ਸਾਹਿਬ ਤੇ ਕੀਰਤਪੁਰ ਸਾਹਿਬ ਰਸਤੇ ਰਾਹੀਂ ਮਾਤਾ ਸ੍ਰੀ ਨੈਣਾ ਦੇਵੀ ਮੰਦਰ ਪੁੱਜਦੇ ਹਨ । 4 ਪਹੀਆਂ ਵਹੀਕਲਾਂ ਤੋਂ ਇਲਾਵਾ ਸਾਈਕਲਾਂ, ਮੋਟਰਸਾਈਕਲ ਰਾਹੀਂ ਤੇ ਪੈਦਲ ਵੀ ਵੱਡੀ ਗਿਣਤੀ ਸੰਗਤ ਦਰਸ਼ਨਾਂ ਲਈ ਜਾਂਦੀ ਹੈ। ਇਸ ਲਈ ਸ੍ਰੀ ਅਨੰਦਪੁਰ ਸਾਹਿਬ/ਕੀਰਤਪੁਰ ਸਾਹਿਬ ਤੇ ਨਾਲ ਲੱਗਦੇ ਖੇਤਰਾਂ ਵਿਚ ਸੜਕਾਂ ਉਤੇ ਟ੍ਰੈਫਿਕ ਬਹੁਤ ਵੱਧ ਜਾਂਦਾ ਹੈ, ਆਵਾਜਾਈ ਦੇ ਸੁਚਾਰੂ ਪ੍ਰਬੰਧ ਕਰਨ ਲਈ ਪ੍ਰਸ਼ਾਸਨ ਵੱਲੋਂ ਪੁਖਤਾ ਪ੍ਰਬੰਧ ਕੀਤੇ ਗਏ ਹਨ। ਇਹ ਜਾਣਕਾਰੀ ਜਸਪ੍ਰੀਤ ਸਿੰਘ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਅੱਜ ਇਥੇ ਦਿੱਤੀ। ਅੱਜ ਉਪ ਮੰਡਲ ਦਫਤਰ ਵਿੱਚ ਪ੍ਰਸ਼ਾਸਨ ਤੇ ਪੁਲਿਸ ਵੱਲੋਂ ਹਿਮਾਚਲ ਪ੍ਰਦੇਸ਼ ਦੇ ਅਧਿਕਾਰੀਆਂ ਨਾਲ ਮੇਲੇ ਦੇ ਅਗਾਊਂ ਪ੍ਰਬੰਧਾਂ ਸਬੰਧੀ ਇਹ ਵਿਸ਼ੇਸ਼ ਮੀਟਿੰਗ ਬੁਲਾਈ ਗਈ ਸੀ। ਉਨ੍ਹਾਂ ਨੇ ਦੱਸਿਆ ਕਿ ਪਵਿੱਤਰ ਧਾਰਮਿਕ ਸਥਾਨ 'ਤੇ ਆਉਣ ਜਾਣ ਵਾਲੇ ਸ਼ਰਧਾਲੂਆਂ ਲਈ ਵੱਡੀ ਗਿਣਤੀ ਵਿਚ ਲੰਗਰ ਲਗਾਏ ਜਾਂਦੇ ਹਨ, ਲੰਗਰ ਕਮੇਟੀਆਂ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਉਹ ਮਿਆਰੀ ਪਦਾਰਥਾਂ ਦੀ ਵਰਤੋਂ ਕਰਨ, ਪੀਣ ਲਈ ਸਾਫ ਸੁਥਰਾ ਪਾਣੀ ਵਰਤਿਆ ਜਾਵੇ ਅਤੇ ਸਾਫ ਸਫਾਈ ਦੇ ਸੁਚਾਰੂ ਪ੍ਰਬੰਧ ਕੀਤੇ ਜਾਣ। ਐਸ. ਡੀ. ਐਮ ਨੇ ਕਿਹਾ ਕਿ ਨਾਇਬ ਤਹਿਸੀਲਦਾਰ ਨੂਰਪੁਰ ਬੇਦੀ ਅਤੇ ਬੀਡੀਪੀਓ ਸ੍ਰੀ ਅਨੰਦਪੁਰ ਸਾਹਿਬ ਨੂੰ ਡਿਊਟੀ ਮੈਜਿਸਟ੍ਰੇਟ ਲਗਾਇਆ ਗਿਆ ਹੈ। ਓਵਰਲੋਡ ਵਾਹਨਾਂ ਦੇ ਆਉਣ ਜਾਣ 'ਤੇ ਪਾਬੰਦੀ ਲਗਾਈ ਜਾਵੇਗੀ। ਉਨ੍ਹਾਂ ਨੂੰ ਸ਼ਰਧਾਲੂਆਂ ਨੂੰ ਅਪੀਲ ਕੀਤੀ ਕਿ ਵਾਹਨ ਤੇਜ਼ ਗਤੀ ਵਿੱਚ ਨਾ ਚਲਾਏ ਜਾਣ ਅਤੇ ਗੱਡੀਆਂ ਉਤੇ ਸਪੀਕਰ ਸੀਮਤ ਅਵਾਜ਼ ਵਿੱਚ ਵਜਾਏ ਜਾਣ। ਇਸ ਮੌਕੇ ਹਰਪ੍ਰੀਤ ਸਿੰਘ ਸੂਚਨਾ ਅਫਸਰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਭਾਵਨਾ ਦੀਵਾਨ ਐਸ.ਡੀ.ਓ., ਡਾ. ਜੰਗਜੀਤ ਸਿੰਘ ਸੀਨੀਅਰ ਮੈਡੀਕਲ ਅਫਸਰ, ਡਾ. ਕੰਵਰਪ੍ਰੀਤ ਸਿੰਘ ਸੀਨੀਅਰ ਮੈਡੀਕਲ ਅਫਸਰ, ਗੁਰਵਿੰਦਰ ਸਿੰਘ, ਰਜਿੰਦਰ ਸਿੰਘ, ਗੁਰਮੀਤ ਸਿੰਘ, ਅਸ਼ਵਨੀ ਕੁਮਾਰ, ਮਦਨ ਲਾਲ ਸੈਨੇਟਰੀ ਇੰਸਪੈਕਟਰ, ਅਸੀਸ਼, ਹਰਜਿੰਦਰ ਸਿੰਘ ਤੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਸਿਲਵਰ ਓਕਸ ਸਕੂਲ ਸੇਵੇਵਾਲਾ ਵਿਖੇ ਗ੍ਰੀਨ ਕੁਇਜ਼ ਕਵਿਤਾ ਉਚਾਰਨ ਮੁਕਾਬਲੇ 'ਚ ਸਿਲਵੇਰੀਅਨ ਕਵੀਆਂ ਦਾ ਸ਼ਾਨਦਾਰ ਪ੍ਰਦਰਸ਼ਨ

ਜੈਤੋ, 17 ਜੁਲਾਈ (ਸੰਜੀਵ ਗੋਇਲ/ਵਿਪਨ ਗੋਇਲ): ਸਿਲਵਰ ਓਕਸ ਸਕੂਲ ਸੇਵੇਵਾਲਾ ਵਿਖੇ ਗ੍ਰੀਨ ਕੁਇਜ਼ ਕਵਿਤਾ ਉਚਾਰਨ ਮੁਕਾਬਲਾ ਕਰਵਾਇਆ ਗਿਆ। ਜਿਸ ਵਿੱਚ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਛੋਟੇ ਬੱਚਿਆਂ ਨੇ ਕੁਦਰਤ ਵਿਸ਼ੇ ਨਾਲ ਸਬੰਧਤ ਵੱਖ-ਵੱਖ ਕਵਿਤਾਵਾਂ ਪੇਸ਼ ਕੀਤੀਆਂ। ਬੱਚਿਆਂ ਨੇ ਪੇੜ ਲਗਾਓ, ਆਈ ਲਵ ਨੇਚਰ, ਧਰਤੀ, ਰੰਗ-ਬਿਰੰਗੀ ਫੁੱਲਵਾੜੀ, ਬੱਦਲ, ਪਾਣੀ ਤੇ ਕੁਦਰਤ ਪ੍ਰਤੀ ਆਪਣੇ ਸਨੇਹ ਤੇ ਪਿਆਰ ਨੂੰ ਬੜੇ ਉਤਸ਼ਾਹ ਨਾਲ ਸੁਣਾਇਆ। ਸਾਰੇ ਪ੍ਰਤੀਯੋਗੀਆਂ ਨੇ ਜਿੱਤ ਹਾਸਲ ਕਰਨ ਲਈ



ਕੋਈ ਕਸਰ ਬਾਕੀ ਨਹੀਂ ਛੱਡੀ। ਵਿਦਿਆਰਥੀਆਂ ਦਾ ਆਤਮ ਵਿਸ਼ਵਾਸ, ਵੌਇਸ ਮੋਡਿਊਲੇਸ਼ਨ, ਯਾਦ ਰੱਖਣ ਦੀ ਯੋਗਤਾ, ਸਮੁੱਚੀ ਪੇਸ਼ਕਾਰੀ ਵਰਗੇ ਮਾਪਦੰਡਾਂ 'ਤੇ ਟੈਸਟ ਕੀਤਾ ਗਿਆ। ਜੱਜ ਨੇ ਮੁਕਾਬਲੇਬਾਜ਼ਾਂ ਦੇ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ ਤੇ ਜੇਤੂ ਬੱਚਿਆਂ ਦੇ ਨਾਵਾਂ ਦਾ ਐਲਾਨ ਕੀਤਾ। ਜਿਸ ਵਿੱਚੋਂ ਹੇਮਨਪ੍ਰੀਤ ਕੌਰ ਨੇ ਪਹਿਲਾ ਤੇ ਸਰਪਰੀਤ ਕੌਰ ਨੇ ਦੂਜਾ ਸੀਰਤ ਕੌਰ ਨੇ ਤੀਜਾ ਤੇ ਜਪਸੀਰਤ ਕੌਰ ਤੇ ਸਾਯਰਾ ਨੇ ਚੌਥਾ ਸਥਾਨ ਪ੍ਰਾਪਤ ਕਰਕੇ ਸਕੂਲ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਪ੍ਰਿਅੰਕਾ ਮਹਿਤਾ ਨੇ ਜੇਤੂ ਬੱਚਿਆਂ ਨੂੰ ਵਧਾਈ ਦਿੱਤੀ। ਇਹ ਵੀ ਕਿਹਾ ਕਿ ਅਸਲ ਸਿੱਖਿਆ ਪ੍ਰਕਿਰਿਆ ਵਿੱਚ, ਪੜ੍ਹਨ ਨੂੰ ਅਕਸਰ ਅਸਾਨੀ ਨਾਲ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਪਰ ਇਹ ਭਾਸ਼ਾ ਦੀ ਯੋਗਤਾ ਨੂੰ ਵਿਕਸਿਤ ਕਰਨ ਦਾ ਮੁੱਢਲਾ ਸਾਧਨ ਹੈ।

## ਪ੍ਰਾਚੀਨ ਸ੍ਰੀ ਰਾਮ ਮੰਦਰ 'ਚ ਮਹਾਂ ਮ੍ਰਿਤੁੰਜੇ ਦਾ ਪਵਿੱਤਰ ਪਾਠ ਹੋਇਆ

ਮੰਡੀ ਗੋਬਿੰਦਗੜ੍ਹ, 17 ਜੁਲਾਈ (ਸੂਦ): ਸਨਾਤਨ ਧਰਮ ਮਹਾਂਵੀਰ ਮੰਦਰ ਚੈਰੀਟੇਬਲ ਟਰੱਸਟ ਸ੍ਰੀ ਰਾਮ ਮੰਦਰ ਜੀ.ਟੀ.ਰੋਡ ਮੰਡੀ ਗੋਬਿੰਦਗੜ੍ਹ ਵਿਖੇ ਪ੍ਰਧਾਨ ਸੁਰੇਸ਼ ਸਿੰਗਲਾ ਬਬਲੀ ਦੀ ਪ੍ਰਧਾਨਗੀ ਹੇਠ ਸਾਵਣ ਮਹੀਨੇ ਵਿੱਚ ਮਹਾਂ ਮ੍ਰਿਤੁੰਜੇ ਦਾ ਪਵਿੱਤਰ ਪਾਠ ਕਰਵਾਇਆ ਗਿਆ। ਜਿਸ ਵਿੱਚ ਮੁੱਖ ਹੋਸਟ ਸ਼੍ਰੀਮਤੀ ਸ਼ਸ਼ੀ ਸਿੰਗਲਾ ਨੇ ਮੰਦਰ ਦੇ ਪੁਜਾਰੀ ਅਚਾਰੀਆ ਪੰਡਤ ਸੱਤਿਆ ਪ੍ਰਕਾਸ਼ ਰਾਹੀ ਸ਼ਿਵਲਿੰਗ, ਸ਼ਿਵ ਪਰਿਵਾਰ ਦੀ ਪੂਜਾ ਕਰਵਾਈ ਅਤੇ ਦੀਪ ਜਗਾ ਕੇ ਪਾਠ ਦੀ ਸ਼ੁਰੂਆਤ ਕੀਤੀ। ਇਸ ਮੌਕੇ ਸੰਕੀਰਤਨ ਕਰਦੇ ਹੋਏ ਭਜਨ ਗਾਇਕ ਕੋਮਲ ਚੋਪੜਾ ਅਤੇ ਰਾਜੂ ਪਾਂਡੇ ਨੇ ਮਹਾਂ ਮ੍ਰਿਤੁੰਜੇ ਦਾ ਪਾਠ ਕੀਤਾ ਅਤੇ ਸ਼ਰਧਾਲੂਆਂ ਨੇ 'ਸ਼ੰਕਰ ਮੇਰਾ ਪਿਆਰਾ', 'ਸ਼ਿਵ ਸ਼ੰਕਰ ਕੋ ਜਿਸਨੇ ਪੂਜਾ ਉਸਕਾ ਭੀ ਉਧਾਰ ਹੂਆ' ਆਦਿ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਆਰਤੀ ਅਰਦਾਸ ਉਪਰੰਤ ਸੰਗਤਾਂ ਨੂੰ ਫ਼ਲ ਅਤੇ ਸੁੱਕੇ ਮੇਵੇ ਦਾ ਪ੍ਰਸ਼ਾਦ ਵੰਡਿਆ ਗਿਆ। ਇਸ ਮੌਕੇ ਡਾ: ਕ੍ਰਿਸ਼ਨਾ ਭਾਰਦਵਾਜ,



ਸਿਮਰਨਜੀਤ ਸਿੰਘ ਵਿੱਕੀ, ਸ਼ਿਵਮ ਮਿਸ਼ਰਾ, ਸ਼ਸ਼ੀ ਸਿੰਗਲਾ, ਆਸ਼ਾ ਸਿੰਗਲਾ, ਨੀਰਜ ਮਹਿਤਾ, ਕਿਰਨ ਸਚਦੇਵਾ, ਸਵੀਟੀ, ਮੋਨਿਕਾ ਭਾਟੀਆ, ਮੀਨੂੰ ਗਰਗ, ਰਿੰਕੀ ਸੇਤੀਆ, ਪਿੰਕੀ, ਮਧੂ, ਆਸ਼ੀ ਜਿੰਦਲ, ਪੂਜਾ, ਸਵਾਤੀ ਗੁਪਤਾ, ਪੂਨਮ ਰੇਨੂੰ ਚੋਪੜਾ, ਸੁਨੀਤਾ ਸ਼ਰਮਾ, ਅੰਜਲੀ, ਰਾਧਾ, ਨੂਰੀ, ਅੰਜੂ ਦੇਵੀ, ਕਮਲਾ ਦੇਵੀ, ਮੋਤੀ ਦੇਵੀ, ਮਾਲਤੀ ਦੇਵੀ, ਜਾਨਕੀ ਦੇਵੀ ਅਤੇ ਅਭਿਸ਼ੇਕ ਆਦਿ ਹਾਜ਼ਰ ਸਨ।

## ਓਮ ਪ੍ਰਕਾਸ਼ ਬਾਂਸਲ ਸਕੂਲ ਦੇ ਵਿਦਿਆਰਥੀਆਂ ਨੇ ਧਰਤੀ ਨੂੰ ਭਾਵੁਕ ਪੱਤਰ ਲਿਖੇ

ਮੰਡੀ ਗੋਬਿੰਦਗੜ੍ਹ, 17 ਜੁਲਾਈ (ਸੂਦ): ਓਮ ਪ੍ਰਕਾਸ਼ ਬਾਂਸਲ ਮਾਡਰਨ ਸਕੂਲ ਮੰਡੀ ਗੋਬਿੰਦਗੜ੍ਹ ਦੇ ਮਿਡਲ ਵਿੰਗ ਦੇ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੇ ਧਰਤੀ ਨੂੰ ਪੱਤਰ ਲਿਖੇ 'ਧਰਤੀ, ਤੂੰ ਬੋਲਦੀ ਨਹੀਂ, ਫਿਰ ਵੀ ਤੂੰ ਸਾਨੂੰ ਸਭ ਕੁਝ ਸਿਖਾਉਂਦੀ ਹੈਂ'। ਇਸ ਵਿਚਾਰ ਨੂੰ ਸਾਕਾਰ ਕਰਦੇ ਹੋਏ ਵਾਤਾਵਰਣ ਕਲੱਬ ਵਲੋਂ ਇੱਕ ਵਿਸ਼ੇਸ਼ ਗਤੀਵਿਧੀ ਵਿੱਚ ਹਿੱਸਾ ਲਿਆ, ਜਿਸ ਵਿੱਚ ਉਨ੍ਹਾਂ ਨੇ ਧਰਤੀ ਮਾਤਾ ਨੂੰ ਭਾਵੁਕ ਅਤੇ ਆਤਮ-ਨਿਰਭਰ ਪੱਤਰ ਲਿਖੇ, ਜਿਨ੍ਹਾਂ ਵਿੱਚ ਉਨ੍ਹਾਂ ਧਰਤੀ ਪ੍ਰਤੀ ਆਪਣਾ ਧੰਨਵਾਦ ਪ੍ਰਗਟ ਕੀਤਾ ਅਤੇ ਹਰੇ ਭਰੇ ਜੰਗਲਾਂ, ਵਗਦੀਆਂ ਨਦੀਆਂ, ਨੀਲੇ ਅਸਮਾਨ ਅਤੇ ਰੰਗੀਨ ਜੀਵਨ ਲਈ ਧੰਨਵਾਦ ਕੀਤਾ। ਉਨ੍ਹਾਂ ਪ੍ਰਦੂਸ਼ਣ, ਜੰਗਲਾਂ ਦੀ ਕਟਾਈ ਅਤੇ ਮਨੁੱਖੀ ਲਾਪਰਵਾਹੀ ਕਾਰਨ ਧਰਤੀ ਨੂੰ ਹੋਏ ਨੁਕਸਾਨ ਲਈ ਮੁਆਫੀ ਵੀ ਮੰਗੀ। ਹਰੇਕ ਪੱਤਰ ਵਿੱਚ ਇੱਕ ਵਾਅਦਾ ਸੀ ਰੁੱਖ ਲਗਾਉਣ, ਰਹਿੰਦ-ਖੂੰਹਦ ਘਟਾਉਣ, ਪਾਣੀ ਦੀ ਸੰਭਾਲ ਵਰਗੇ ਛੋਟੇ ਪਰ ਪ੍ਰਭਾਵਸ਼ਾਲੀ ਕਦਮ ਚੁੱਕਣ ਦਾ। ਇਹ ਸਿਰਫ਼ ਲਿਖਣ ਦਾ ਕੰਮ ਨਹੀਂ ਸਗੋਂ ਕੁਦਰਤ ਨਾਲ ਅਧਿਆਤਮਕ ਸੰਵਾਦ ਸੀ। ਪ੍ਰਿੰਸੀਪਲ ਸੰਗੀਤਾ ਸ਼ਰਮਾ ਨੇ ਕਿਹਾ ਕਿ ਬੱਚਿਆਂ ਦਾ ਇਹ ਯਤਨ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਜਦੋਂ ਭਾਵਨਾਵਾਂ ਸ਼ਬਦਾਂ ਰਾਹੀਂ ਕੁਦਰਤ ਨਾਲ ਜੁੜਦੀਆਂ ਹਨ ਤਾਂ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਪੈਦਾ ਹੁੰਦੀ ਹੈ। ਇਹ ਅੱਖਰ ਦਰਸਾਉਂਦੇ ਹਨ ਕਿ ਸਾਡੀ ਆਉਣ ਵਾਲੀ ਪੀੜ੍ਹੀ ਧਰਤੀ ਦੀ ਰੱਖਿਆ ਲਈ ਤਿਆਰ ਹੈ। ਸਕੂਲ ਹਮੇਸ਼ਾ ਅਜਿਹੇ ਰਚਨਾਤਮਕ ਅਤੇ ਜਾਗਰੂਕਤਾ ਵਧਾਉਣ ਵਾਲੇ ਸਮਾਗਮਾਂ ਨੂੰ ਉਤਸ਼ਾਹਿਤ ਕਰੇਗਾ। ਇਸ ਗਤੀਵਿਧੀ ਨੇ ਨਾ ਸਿਰਫ਼ ਵਿਦਿਆਰਥੀਆਂ ਵਿੱਚ ਵਾਤਾਵਰਣ ਦੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕੀਤੀ ਸਗੋਂ ਉਨ੍ਹਾਂ ਨੇ ਇਹ ਵੀ ਸਿੱਖਿਆ ਕਿ ਛੋਟੇ-ਛੋਟੇ ਯਤਨ ਵੀ ਵੱਡੇ ਬਦਲਾਅ ਲਿਆ ਸਕਦੇ ਹਨ।



# ਹਿਸਾਰ ਦੇ ਪ੍ਰਿੰਸੀਪਲ ਦੀ ਹੱਤਿਆ ਨੂੰ ਲੈ ਕੇ ਹਰਿਆਣਾ ਦੇ 13 ਜ਼ਿਲ੍ਹਿਆਂ ਦੇ ਸਕੂਲ ਬੰਦ

ਰੋਹਤਕ/ਕਰਨਾਲ, 17 ਜੁਲਾਈ (ਚ.ਨ.ਸ): ਹਰਿਆਣਾ ਪ੍ਰਾਈਵੇਟ ਸਕੂਲ ਸੰਘ ਵੱਲੋਂ ਹਿਸਾਰ ਦੇ ਬਾਸ ਪਿੰਡ ਵਿੱਚ ਇੱਕ ਸਕੂਲ ਪ੍ਰਿੰਸੀਪਲ ਦੀ ਹੱਤਿਆ ਦੇ ਵਿਰੋਧ ਵਿੱਚ ਦਿੱਤੇ ਗਏ ਸੱਦੇ ਦੇ ਨਾਲ-ਨਾਲ ਸਰਕਾਰ ਨੂੰ ਵਿਦਿਅਕ ਸੰਸਥਾਵਾਂ ਵਿੱਚ ਅਧਿਆਪਨ ਤੇ ਗੈਰ-ਅਧਿਆਪਨ ਸਟਾਫ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕਦਮ ਚੁੱਕਣ ਲਈ ਕਿਹਾ ਗਿਆ ਸੀ। ਸੰਘ ਨੇ ਸੀ.ਬੀ.ਐੱਸ.ਈ. ਤੇ ਹਰਿਆਣਾ ਬੋਰਡ ਨਾਲ ਜੁੜੇ ਸਾਰੇ ਪ੍ਰਾਈਵੇਟ ਸਕੂਲਾਂ ਨੂੰ ਇੱਕ ਦਿਨ ਲਈ ਬੰਦ ਕਰਨ ਦਾ ਸੱਦਾ ਦਿੰਦੇ ਹੋਏ, ਸਕੂਲਾਂ ਦੇ ਸੁਰੱਖਿਆ ਕਰਮਚਾਰੀਆਂ ਦੀ ਤਾਇਨਾਤੀ, ਨਿੱਜੀ ਸਕੂਲ ਮਾਲਕਾਂ ਤੇ ਪ੍ਰਿੰਸੀਪਲਾਂ ਨੂੰ ਸਵੈ-ਰੱਖਿਆ ਲਈ ਬੰਦੂਕ ਲਾਇਸੈਂਸ ਜਾਰੀ ਕਰਨ, ਮ੍ਰਿਤਕ ਪ੍ਰਿੰਸੀਪਲ ਨੂੰ ਸ਼ਹੀਦ ਦਾ ਦਰਜਾ ਦੇਣ ਤੇ ਉਸਦੇ ਪਰਿਵਾਰ ਲਈ 1 ਕਰੋੜ ਰੁਪਏ ਦੇ ਮੁਆਵਜ਼ੇ ਦੀ ਮੰਗ ਵੀ ਕੀਤੀ ਸੀ। ਹਿਸਾਰ, ਪਾਣੀਪਤ, ਝੱਜਰ, ਜੀਂਦ, ਰੇਵਾੜੀ, ਫਤਿਹਾਬਾਦ, ਯਮੁਨਾਨਗਰ, ਕੁਰੂਕਸ਼ੇਤਰ, ਕੈਥਲ, ਚਰਖੀ ਦਾਦਰੀ, ਮਹਿੰਦਰਗੜ੍ਹ ਤੇ ਸਿਰਸਾ ਵਿੱਚ ਪ੍ਰਾਈਵੇਟ ਸਕੂਲ ਪੂਰੀ ਤਰ੍ਹਾਂ ਬੰਦ ਰਹੇ। ਹਾਲਾਂਕਿ, ਭਿਵਾਨੀ, ਰੋਹਤਕ, ਪਲਵਲ, ਸੋਨੀਪਤ ਅਤੇ ਪੰਚਕੂਲਾ ਵਿੱਚ, ਜ਼ਿਆਦਾਤਰ ਸਕੂਲ ਖੁੱਲ੍ਹੇ ਰਹੇ। ਅੰਬਾਲਾ, ਕਰਨਾਲ, ਪਾਣੀਪਤ ਤੇ ਉੱਤਰੀ ਹਰਿਆਣਾ ਦੇ ਹੋਰ ਜ਼ਿਲ੍ਹਿਆਂ ਵਿੱਚ ਵੀ ਸਕੂਲ ਬੰਦ ਰਹੇ। ਐਸੋਸੀਏਸ਼ਨ ਦੇ ਪ੍ਰਧਾਨ ਸਤਵਾਨ ਕੁੰਡੂ ਨੇ ਕਿਹਾ ਕਿ 10ਵੀਂ ਜਮਾਤ ਦੀ ਰੀ-ਅਪੀਅਰ ਪ੍ਰੀਖਿਆ ਕਾਰਨ ਕੁਝ ਜ਼ਿਲ੍ਹਿਆਂ ਵਿੱਚ ਕੁਝ ਸਕੂਲ ਖੁੱਲ੍ਹੇ ਰਹੇ ਤੇ ਰਾਜ ਭਰ ਵਿੱਚ ਜ਼ਿਆਦਾਤਰ ਪ੍ਰਾਈਵੇਟ ਸਕੂਲ ਬੰਦ ਰਹੇ। 10 ਜੁਲਾਈ ਨੂੰ ਵਿਦਿਆਰਥੀਆਂ ਦੇ ਇੱਕ ਸਮੂਹ ਦੁਆਰਾ ਪ੍ਰਿੰਸੀਪਲ ਜਗਬੀਰ ਪੰਨੂੰ ਦੀ ਹੱਤਿਆ ਨੇ ਇੱਕ ਵਾਰ ਫਿਰ ਵਿਦਿਅਕ ਸੰਸਥਾਵਾਂ ਵਿੱਚ ਅਧਿਆਪਨ ਤੇ ਗੈਰ-ਅਧਿਆਪਨ ਸਟਾਫ ਦੀ ਸੁਰੱਖਿਆ ਦੀ ਘਾਟ ਨੂੰ ਉਜਾਗਰ ਕੀਤਾ ਹੈ। ਹਾਲ ਹੀ ਦੇ ਸਾਲਾਂ ਵਿੱਚ ਅਸੀਂ ਵਿਦਿਆਰਥੀਆਂ ਨੂੰ ਅਨੁਸ਼ਾਸਨ ਵਿੱਚ ਆਉਣ 'ਤੇ ਹਿੰਸਕ ਹੁੰਦੇ ਦੇਖਿਆ ਹੈ ਤੇ ਅਧਿਆਪਕਾਂ ਦੀ ਹੱਤਿਆ ਵੀ ਕੀਤੀ ਗਈ ਹੈ। ਹੁਣ ਸਮਾਂ ਆ ਗਿਆ ਹੈ ਕਿ ਸਰਕਾਰ ਸਕੂਲਾਂ ਤੇ ਕਾਲਜਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇੱਕ ਕਾਨੂੰਨ ਬਣਾਏ। 50 ਸਾਲਾ ਪ੍ਰਿੰਸੀਪਲ ਨੂੰ ਚਾਰ ਕਿਸ਼ੋਰ ਵਿਦਿਆਰਥੀਆਂ ਨੇ ਕਥਿਤ ਤੌਰ 'ਤੇ ਚਾਕੂ ਮਾਰ ਕੇ ਕਤਲ ਕਰ ਦਿੱਤਾ ਸੀ, ਜਦੋਂ ਉਸਨੇ ਉਨ੍ਹਾਂ ਨੂੰ ਅਨੁਸ਼ਾਸਨ ਬਣਾਈ ਰੱਖਣ ਲਈ ਕਿਹਾ ਸੀ, ਜਿਸ ਵਿੱਚ ਵਾਲ ਕਟਵਾਉਣ ਤੇ ਢੁੱਕਵੇਂ ਕੱਪੜੇ ਪਾਉਣੇ ਸ਼ਾਮਲ ਸਨ। ਵਿਦਿਆਰਥੀਆਂ ਨੂੰ 11 ਜੁਲਾਈ ਨੂੰ ਹਾਂਸੀ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਸੀ। ਨੈਸ਼ਨਲ ਇੰਡੀਪੈਂਡੈਂਟ ਸਕੂਲਜ਼ ਅਲਾਇੰਸ ਦੇ ਸੂਬਾ ਪ੍ਰਧਾਨ ਕੁਲਭੂਸ਼ਨ ਸ਼ਰਮਾ ਨੇ ਕਿਹਾ ਕਿ ਇੱਕ ਵਫ਼ਦ ਨੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਹਰਿਆਣਾ ਦੇ ਮੁੱਖ ਮੰਤਰੀ ਦੇ ਨਾਮ 'ਤੇ ਡੀਸੀ ਨੂੰ ਇੱਕ ਮੰਗ ਪੱਤਰ ਸੌਂਪਿਆ, ਜਿਸ ਵਿੱਚ ਸੂਬੇ ਵਿੱਚ ਸਕੂਲ ਸੁਰੱਖਿਆ ਐਕਟ ਲਾਗੂ ਕਰਨ ਦੀ ਮੰਗ ਕੀਤੀ ਗਈ ਸੀ।

# ਸਾਰੇ ਧਾਰਮਿਕ ਗ੍ਰੰਥਾਂ ਦੀ ਰਖੀ ਕਰੇਗਾ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤਾ ਨਵਾਂ ਬਿੱਲ: ਚੇਅਰਮੈਨ ਸ਼ਰਮਾ

ਗੁਰਦਾਸਪੁਰ, 17 ਜੁਲਾਈ (ਜਸਵਿੰਦਰ ਸਿੰਘ): ਸਾਰੇ ਧਾਰਮਿਕ ਗ੍ਰੰਥਾਂ ਦੀ ਰਾਖੀ ਲਈ ਮਹੱਤਵਪੂਰਨ ਕਦਮ ਚੁੱਕਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਦੀ ਰੋਕਥਾਮ ਬਾਰੇ ਬਿੱਲ, 2025 ਪੇਸ਼ ਕਰਕੇ ਸਾਰੇ ਧਰਮਾਂ ਦੇ ਮਾਣ-ਸਤਿਕਾਰ ਨੂੰ ਯਕੀਨੀ ਬਣਾਉਣ ਵੱਲ ਇਤਿਹਾਸਕ ਕਦਮ ਚੁੱਕਿਆ ਹੈ। ਪੰਜਾਬ ਸਰਕਾਰ ਵੱਲੋਂ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਾਰੇ ਬਿੱਲ ਲਿਆਉਣ ਦਾ ਸਵਾਗਤ ਕਰਦਿਆਂ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਰਾਜੀਵ ਸ਼ਰਮਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਸਾਸ਼ਨ ਦੌਰਾਨ ਬੇਅਦਬੀ ਦੀਆਂ ਘਟਨਾਵਾਂ ਨੇ ਸਿੱਖ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚਾਈ, ਜਿਸ ਵਿੱਚ ਪਿਛਲੀਆਂ ਸਰਕਾਰਾਂ ਦੀ ਅਣਦੇਖੀ ਕਾਰਨ ਅਪਰਾਧੀ ਖੁੱਲ੍ਹੇ ਆਮ ਘੁੰਮਦੇ ਰਹੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਰੋਕਥਾਮ ਬਿੱਲ, 2025 ਪੇਸ਼ ਕਰਕੇ ਸਾਰੇ ਧਰਮਾਂ ਦੇ ਮਾਣ-ਸਤਿਕਾਰ ਨੂੰ ਯਕੀਨੀ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਿਆ ਹੈ। ਰਾਜੀਵ ਸ਼ਰਮਾ ਨੇ ਕਿਹਾ ਕਿ ਇਹ ਬਿੱਲ ਬੇਅਦਬੀ ਨੂੰ ਵਿਆਪਕ ਤੌਰ 'ਤੇ ਪਰਿਭਾਸ਼ਿਤ ਕਰਦਾ ਹੈ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਟਕਾ ਸਾਹਿਬ, ਸ੍ਰੀਮਦ ਭਗਵਦ ਗੀਤਾ, ਕੁਰਾਨ ਸ਼ਰੀਫ ਤੇ ਪਵਿੱਤਰ ਬਾਈਬਲ ਵਰਗੇ ਗ੍ਰੰਥਾਂ ਨਾਲ ਛੇੜਛਾੜ, ਗ੍ਰੰਥਾਂ ਨੂੰ ਸਾੜਨਾ, ਪਾੜਨਾ ਜਾਂ ਕਿਸੇ ਵੀ ਤਰੀਕੇ ਨਾਲ ਨੁਕਸਾਨ ਪਹੁੰਚਾਉਣਾ ਸ਼ਾਮਲ ਹੈ। ਉਨ੍ਹਾਂ ਕਿਹਾ ਬਿੱਲ ਵਿੱਚ ਅਪਰਾਧੀਆਂ ਲਈ ਸਖ਼ਤ ਸਜ਼ਾਵਾਂ ਦੀ ਤਜਵੀਜ਼ ਹੈ, ਜਿਸ ਵਿੱਚ ਘੱਟੋ-ਘੱਟ 10 ਸਾਲ ਤੱਕ ਤੋਂ ਉਮਰ ਕੈਦ ਤੱਕ ਦੀ ਸਜ਼ਾ ਤੇ 5 ਲੱਖ ਰੁਪਏ ਤੋਂ 10 ਲੱਖ ਰੁਪਏ ਤੱਕ ਦਾ ਜੁਰਮਾਨਾ ਸ਼ਾਮਲ ਹੈ।



# ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਤੋਂ ਯੂਟਿਊਬ ਚੈਨਲ ਦੀ ਸ਼ੁਰੂਆਤ

## ☛ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤਾ ਉਦਘਾਟਨ



ਅੰਮ੍ਰਿਤਸਰ, 17 ਜੁਲਾਈ (ਚ.ਨ.ਸ.): ਸੰਗਤ ਹੁਣ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਗੁਰਦੁਆਰਾ ਸ਼ਹੀਦ ਗੰਜ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਨ ਸਰਵਣ ਕਰ ਸਕੇਗੀ। ਇਸ ਸਬੰਧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪਣਾ ਅਧਿਕਾਰਤ ਯੂਟਿਊਬ ਚੈਨਲ ਸਥਾਪਤ ਕੀਤਾ ਗਿਆ, ਜਿਸ ਦਾ ਰਸਮੀ ਤੌਰ 'ਤੇ ਉਦਘਾਟਨ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪ੍ਰਮੁੱਖ ਸ਼ਖਸੀਅਤਾਂ ਦੀ ਮੌਜੂਦਗੀ ਵਿੱਚ ਕੀਤਾ ਗਿਆ। ਇਸ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਸੰਗਤ ਦੀ ਵੱਡੀ ਮੰਗ ਨੂੰ ਵੇਖਦਿਆਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਰਜ਼ 'ਤੇ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਤੋਂ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਨ ਸ਼ੁਰੂ ਕਰਨ ਦੀ ਪਹਿਲਕਦਮੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿੱਚ ਇੱਕ ਵੱਖਰਾ ਯੂਟਿਊਬ ਚੈਨਲ "ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਆਫੀਸ਼ੀਅਲ" ਸਥਾਪਤ ਕੀਤਾ ਗਿਆ ਹੈ। ਇਸ ਚੈਨਲ 'ਤੇ ਅੰਮ੍ਰਿਤ ਵੇਲੇ ਤੋਂ ਲੈ ਕੇ ਰਾਤ ਤੱਕ ਸੰਗਤਾਂ ਗੁਰਬਾਣੀ ਕੀਰਤਨ ਸੁਣ ਸਕਣਗੀਆਂ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਹੋਰ ਗੁਰਦੁਆਰਾ ਸਾਹਿਬਾਨ ਤੋਂ ਵੀ ਜਲਦੀ ਹੀ ਗੁਰਬਾਣੀ ਕੀਰਤਨ ਸੰਗਤ ਤੱਕ ਪਹੁੰਚਾਉਣ ਦੇ ਕਾਰਜ ਨੂੰ ਅਮਲ ਵਿੱਚ ਲਿਆਂਦਾ ਜਾਵੇਗਾ। ਇਸ ਮੌਕੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਂਬਰ ਅਮਰਜੀਤ ਸਿੰਘ ਭਲਾਈਪੁਰ, ਬਾਵਾ ਸਿੰਘ ਗੁਮਾਨਪੁਰਾ, ਅਮਰਜੀਤ ਸਿੰਘ ਬੰਡਾਲਾ, ਹਰਜਾਪ ਸਿੰਘ ਸੁਲਤਾਨਵਿੰਡ, ਓ.ਐੱਸ.ਡੀ. ਸਤਬੀਰ ਸਿੰਘ, ਸਕੱਤਰ ਪ੍ਰਤਾਪ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਬਿਜੈ ਸਿੰਘ, ਮੀਤ ਸਕੱਤਰ ਜਸਵਿੰਦਰ ਸਿੰਘ ਜੱਸੀ, ਹਰਭਜਨ ਸਿੰਘ ਵਕਤਾ, ਸਿੱਖ ਵਿਦਵਾਨ ਡਾ. ਅਮਰਜੀਤ ਸਿੰਘ, ਰਣਜੀਤ ਸਿੰਘ ਜਲੰਧਰ ਮੌਜੂਦ ਸਨ।

# ਗੁਰਮੇਜ ਸਿੰਘ ਲਾਲੇ ਨੰਗਲ ਨੇ ਜੋਬਨ ਰੰਧਾਵਾ ਨਾਲ ਕੀਤੀ ਮੁਲਾਕਾਤ

ਫਤਿਹਗੜ੍ਹ ਚੂੜੀਆਂ, 17 ਜੁਲਾਈ (ਰਾਜਨ ਸ਼ਰਮਾ): ਫਤਿਹਗੜ੍ਹ ਚੂੜੀਆਂ ਦੇ ਨਜ਼ਦੀਕ ਪਿੰਡ ਲਾਲੇ ਨੰਗਲ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਵਰਕਰ ਗੁਰਮੇਜ ਸਿੰਘ ਲਾਲੇ ਨੰਗਲ ਤੇ ਗੁਰਪ੍ਰੀਤ ਸਿੰਘ ਲਾਲੇ ਨੰਗਲ ਨੇ ਪਿਛਲੇ ਦਿਨੀਂ ਜੋ ਪੰਜਾਬ ਸਰਕਾਰ ਵੱਲੋਂ ਪਾਰਟੀ ਵਿੱਚ ਕੀਤੀਆਂ ਗਈਆਂ ਨਿਯੁਕਤੀਆਂ ਦੇ ਵਿੱਚ ਜੋਬਨ ਸਿੰਘ ਰੰਧਾਵਾ ਨੂੰ ਜ਼ਿਲ੍ਹਾ ਪ੍ਰਧਾਨ ਲਗਾਇਆ ਗਿਆ ਸੀ, ਉਸ ਦੇ ਤਹਿਤ ਗੁਰਮੇਜ ਸਿੰਘ ਲਾਲੇ ਨੰਗਲ ਤੇ ਗੁਰਪ੍ਰੀਤ ਸਿੰਘ ਲਾਲੇ ਨੰਗਲ ਵੱਲੋਂ ਜੋਬਨ ਰੰਧਾਵਾ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਜਾ ਕੇ ਵਧਾਈ ਦਿੱਤੀ ਤੇ ਪਾਰਟੀ ਦੀ ਬਿਹਤਰੀ ਦੇ ਲਈ ਕਈ ਤਰ੍ਹਾਂ ਦੇ ਵਿਚਾਰ-ਵਟਾਂਦਰੇ ਕੀਤੇ ਗਏ। ਇਸ ਦੇ ਤਹਿਤ ਜੋਬਨ ਰੰਧਾਵਾ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਜ਼ਿਲ੍ਹੇ ਵਿੱਚ ਪਾਰਟੀ ਵਰਕਰਾਂ ਤੇ ਜਨਤਾ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ ਤੇ ਪੰਜਾਬ ਸਰਕਾਰ ਵੱਲੋਂ ਹਰ ਇੱਕ ਜੋ ਵੀ ਸਹੂਲਤ ਦਿੱਤੀ ਜਾ ਰਹੀ ਉਹ ਘਰ-ਘਰ ਪਹੁੰਚਾਈ ਜਾਵੇਗੀ। ਗੁਰਮੇਜ ਸਿੰਘ ਲਾਲੇ ਨੰਗਲ ਵੱਲੋਂ ਆਮ ਆਦਮੀ ਪਾਰਟੀ ਦੀ ਸਾਰੀ ਹੀ ਸਮੁੱਚੀ ਲੀਡਰਸ਼ਿਪ ਦਾ ਜੋਬਨ ਰੰਧਾਵਾ ਨੂੰ ਜ਼ਿਲ੍ਹਾ ਪ੍ਰਧਾਨ ਲਗਾਉਣ 'ਤੇ ਤਹਿ ਦਿਲ ਤੋਂ ਧੰਨਵਾਦ ਕੀਤਾ।



# ਡੇਰਾ ਬਾਬਾ ਨਾਨਕ 'ਚ ਚੱਲਦੀ ਬੱਸ 'ਚੋਂ 2 ਵਿਦਿਆਰਥਣਾਂ ਡਿੱਗੀਆਂ, ਇੱਕ ਦੀ ਮੌਤ, ਇੱਕ ਗੰਭੀਰ ਜ਼ਖ਼ਮੀ

ਡੇਰਾ ਬਾਬਾ ਨਾਨਕ, 17 ਜੁਲਾਈ (ਹੈਪੀ ਕੋਟਲੀ): ਸਰਹੱਦੀ ਕਸਬਾ ਡੇਰਾ ਬਾਬਾ ਨਾਨਕ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਲੜਕੀਆਂ ਵਿਖੇ ਪੜ੍ਹਨ ਵਾਲੀਆਂ ਦੋ ਵਿਦਿਆਰਥਣਾਂ ਚੱਲਦੀ ਬੱਸ ਵਿੱਚੋਂ ਡਿੱਗੀਆਂ, ਜਿਨ੍ਹਾਂ ਵਿੱਚੋਂ ਇੱਕ ਦੀ ਮੌਤ ਤੇ ਇੱਕ ਦੇ ਗੰਭੀਰ ਜ਼ਖ਼ਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਪੱਤਰਕਾਰਾਂ ਨੂੰ ਵਧੇਰੇ ਜਾਣਕਾਰੀ ਦਿੰਦਿਆਂ ਹੋਇਆਂ ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਕੋਠੇ ਦੇ ਗੁਰਪ੍ਰੀਤ ਸਿੰਘ, ਗੁਰਮੀਤ ਸਿੰਘ, ਹਰਭਜਨ ਸਿੰਘ ਤੇ ਅਮਰਪ੍ਰੀਤ ਸਿੰਘ ਨੇ ਦੱਸਿਆ ਕਿ ਸਾਡੀ ਲੜਕੀ ਮਹਿਕਪ੍ਰੀਤ ਕੌਰ (17) ਪੁੱਤਰੀ ਕੁਲਦੀਪ ਸਿੰਘ ਵਾਸੀ ਪਿੰਡ ਕੋਠੇ ਜੋ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਹੈ ਤੇ ਡੇਰਾ ਬਾਬਾ ਨਾਨਕ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਵਿਖੇ ਪੜ੍ਹਦੀ ਹੈ। ਉਨ੍ਹਾਂ ਦੱਸਿਆ ਕਿ ਮਹਿਕਪ੍ਰੀਤ ਰੋਜ਼ਾਨਾ ਦੀ ਤਰ੍ਹਾਂ ਅੱਜ ਸਵੇਰੇ ਇੱਕ ਪ੍ਰਾਈਵੇਟ ਬੱਸ 'ਤੇ ਸਵਾਰ ਹੋ ਕੇ ਹੋਰ ਵਿਦਿਆਰਥਣਾਂ ਦੇ ਨਾਲ ਆਪਣੇ ਸਕੂਲ ਪੜ੍ਹਨ ਵਾਸਤੇ ਜਾ ਰਹੀ ਸੀ। ਉਨ੍ਹਾਂ ਦੱਸਿਆ ਕਿ ਜਦ ਉਸ ਦੀ ਬੱਸ ਡੇਰਾ ਬਾਬਾ ਨਾਨਕ ਉਸਦੇ ਸਕੂਲ ਦੇ ਨਜ਼ਦੀਕ ਪੁੱਜੀ ਤਾਂ ਸਕੂਲ ਉਤਰਨ ਵਾਸਤੇ ਬੱਸ ਦੀ ਬਾਰੀ ਵਿੱਚ ਖੜ੍ਹੀਆਂ ਦੋ ਲੜਕੀਆਂ ਅਚਾਨਕ ਹੱਥ ਖਿਸਕਣ ਨਾਲ ਚੱਲਦੀ ਬੱਸ ਵਿੱਚੋਂ ਥੱਲੇ ਡਿੱਗ ਪਈਆਂ, ਜਿਸ ਕਾਰਨ ਦੋਵੇਂ ਲੜਕੀਆਂ ਗੰਭੀਰ ਜ਼ਖ਼ਮੀ ਹੋ ਗਈਆਂ। ਉਨ੍ਹਾਂ ਦੱਸਿਆ ਕਿ ਸਥਾਨਕ ਲੋਕਾਂ ਵੱਲੋਂ ਦੋਵਾਂ ਲੜਕੀਆਂ ਨੂੰ ਤੁਰੰਤ ਨਜ਼ਦੀਕੀ ਇੱਕ ਪ੍ਰਾਈਵੇਟ ਹਸਪਤਾਲ ਵਿਖੇ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਵੱਲੋਂ ਮਹਿਕਪ੍ਰੀਤ ਦੀ ਗੰਭੀਰ ਹਾਲਤ ਨੂੰ ਵੇਖਦਿਆਂ ਹੋਇਆਂ ਉਸ ਨੂੰ ਬਟਾਲਾ ਲਈ ਰੈਫਰ ਕਰ ਦਿੱਤਾ, ਜਿੱਥੇ ਗੰਭੀਰ ਜ਼ਖਮਾਂ ਦੀ ਪੀੜ ਨਾ ਸਹਾਰਦਿਆਂ ਹੋਇਆਂ ਮਹਿਕਪ੍ਰੀਤ ਦੀ ਮੌਤ ਹੋ ਗਈ, ਜਦ ਕਿ ਉਸ ਦੀ ਸਾਥੀ ਵਿਦਿਆਰਥਣ ਅਜੇ ਜੇਰੇ ਇਲਾਜ ਹੈ। ਪਿੰਡ ਵਾਸੀਆਂ ਨੇ ਦੱਸਿਆ ਕਿ ਮਹਿਕਪ੍ਰੀਤ ਇੱਕ ਗਰੀਬ ਪਰਿਵਾਰ ਦੀ ਲੜਕੀ ਸੀ ਜਿਸ ਦੀ ਇਸ ਹਾਦਸੇ ਦੌਰਾਨ ਹੋਈ ਮੌਤ ਨਾਲ ਪਰਿਵਾਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਵੱਡਾ ਘਾਟਾ ਪਿਆ ਹੈ। ਉਨ੍ਹਾਂ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਇਸ ਗਰੀਬ ਪਰਿਵਾਰ ਦੀ ਵੱਧ ਤੋਂ ਵੱਧ ਮਦਦ ਕੀਤੀ ਜਾਵੇ।



# ਚੰਡੀਗੜ੍ਹ-ਮਨਾਲੀ ਹਾਈਵੇਅ 'ਤੇ ਤਾਜ਼ਾ ਜ਼ਮੀਨ ਖਿਸਕਣ ਕਾਰਨ ਆਵਾਜਾਈ ਠੱਪ

ਧਰਮਸ਼ਾਲਾ, 17 ਜੁਲਾਈ (ਚ.ਨ.ਸ): ਹਿਮਾਚਲ ਪ੍ਰਦੇਸ਼ ਦੇ ਮੰਡੀ ਜ਼ਿਲ੍ਹੇ ਵਿੱਚ ਤਾਜ਼ਾ ਜ਼ਮੀਨ ਖਿਸਕਣ ਕਾਰਨ ਬੁੱਧਵਾਰ ਸ਼ਾਮ ਨੂੰ ਚੰਡੀਗੜ੍ਹ-ਮਨਾਲੀ ਰਾਸ਼ਟਰੀ ਰਾਜਮਾਰਗ 'ਤੇ ਆਵਾਜਾਈ ਠੱਪ ਹੋ ਗਈ। ਅਧਿਕਾਰੀਆਂ ਨੇ ਕਿਹਾ ਕਿ ਹਾਈਵੇਅ ਨੂੰ ਕਈ ਥਾਵਾਂ 'ਤੇ ਰੋਕ ਦਿੱਤਾ ਗਿਆ ਹੈ, ਜਿਸ ਵਿੱਚ 4-ਮੀਲ ਮਾਰਕ, 9-ਮੀਲ ਮਾਰਕ, ਕੈਂਚੀ ਮੋੜ ਤੇ ਦੁਆਰ ਸ਼ਾਮਲ ਹਨ। ਅਧਿਕਾਰੀਆਂ ਨੇ ਅੱਗੇ ਕਿਹਾ ਕਿ ਹਲਕੇ ਮੋਟਰ ਵਾਹਨਾਂ ਨੂੰ ਕਮੰਡ ਬਾਈਪਾਸ ਰਾਹੀਂ ਮੋੜਿਆ ਜਾ ਰਿਹਾ ਹੈ। ਇਸ ਹਫ਼ਤੇ ਦੇ ਸ਼ੁਰੂ ਵਿੱਚ ਹਾਈਵੇਅ ਦੇ ਮੰਡੀ-ਕੁੱਲੂ ਸਟ੍ਰੈਚ 'ਤੇ 4-ਮੀਲ ਦੇ ਨੇੜੇ ਜ਼ਮੀਨ ਖਿਸਕਣ ਕਾਰਨ ਆਵਾਜਾਈ ਠੱਪ ਹੋ ਗਈ ਸੀ। ਇਸ ਤੋਂ ਪਹਿਲਾਂ ਸ਼ਨੀਵਾਰ ਨੂੰ ਜ਼ਮੀਨ ਖਿਸਕਣ ਕਾਰਨ ਹਾਈਵੇਅ 24 ਘੰਟਿਆਂ ਤੋਂ ਵੱਧ ਸਮੇਂ ਲਈ ਬੰਦ ਰਿਹਾ ਸੀ। ਅਧਿਕਾਰੀਆਂ ਨੇ ਦੱਸਿਆ ਕਿ ਬੁੱਧਵਾਰ ਨੂੰ ਹਿਮਾਚਲ ਪ੍ਰਦੇਸ਼ ਦੇ ਸਿਰਮੌਰ ਜ਼ਿਲ੍ਹੇ ਦੇ ਸ਼ਿਲਾਈ ਕਸਬੇ ਦੇ ਨੇੜੇ ਇੱਕ ਵੱਡਾ ਜ਼ਮੀਨ ਖਿਸਕ ਗਿਆ, ਜਿਸ ਨਾਲ ਰਾਸ਼ਟਰੀ ਰਾਜਮਾਰਗ 707 ਦੇ ਹਟਕੋਟੀ-ਪੌਂਟਾ ਸਾਹਿਬ ਸਟ੍ਰੈਚ ਨੂੰ ਰੋਕ ਦਿੱਤਾ ਗਿਆ। ਪਹਾੜੀ ਦੇ ਇੱਕ ਵੱਡੇ ਹਿੱਸੇ ਦੇ ਡਿੱਗਣ ਤੋਂ ਘੰਟਿਆਂ ਬਾਅਦ ਬਹਾਲੀ ਦੇ ਯਤਨ ਸ਼ੁਰੂ ਹੋਏ ਪਰ ਪਹਾੜੀ ਤੋਂ ਡਿੱਗਣ ਵਾਲੇ ਮਲਬੇ ਨੇ ਕੰਮ ਵਿੱਚ ਰੁਕਾਵਟ ਪਾਈ। ਸਟੇਟ ਐਮਰਜੈਂਸੀ ਆਪ੍ਰੇਸ਼ਨ ਸੈਂਟਰ ਦੇ ਅਨੁਸਾਰ, ਬੁੱਧਵਾਰ ਨੂੰ ਰਾਜ ਵਿੱਚ 707 ਸਮੇਤ ਕੁੱਲ 258 ਸੜਕਾਂ ਬੰਦ ਕਰ ਦਿੱਤੀਆਂ ਗਈਆਂ। ਮੰਡੀ ਜ਼ਿਲ੍ਹੇ ਵਿੱਚ ਸਭ ਤੋਂ ਵੱਧ 140 ਬੰਦ ਸੜਕਾਂ ਹਨ, ਇਸ ਤੋਂ ਬਾਅਦ ਸਿਰਮੌਰ ਵਿੱਚ 55 ਤੇ ਕੁੱਲੂ ਵਿੱਚ 35 ਹਨ। ਪਹਾੜੀ ਰਾਜ ਵਿੱਚ ਭਾਰੀ ਮੀਂਹ ਤੋਂ ਬਾਅਦ 171 ਪਾਣੀ ਸਪਲਾਈ ਯੋਜਨਾਵਾਂ ਤੇ 151 ਬਿਜਲੀ ਵੰਡ ਟ੍ਰਾਂਸਫਾਰਮਰ ਵੀ ਪ੍ਰਭਾਵਿਤ ਹੋਏ। ਰਾਜ ਭਰ ਵਿੱਚ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋਈ, ਜਦੋਂ ਕਿ ਕੋਟੀ, ਗਿਰੀ ਨਦੀ 'ਤੇ ਜਾਟੋਂਨ ਬੈਰਾਜ ਅਤੇ ਸਾਰਾਹਨ ਵਿੱਚ 40 ਮਿਲੀਮੀਟਰ ਬਾਰਿਸ਼ ਹੋਈ, ਉਸ ਤੋਂ ਬਾਅਦ ਦਾਦਾਹੂ ਵਿੱਚ 30 ਮਿਲੀਮੀਟਰ, ਨਾਹਨ ਵਿੱਚ 21.3 ਮਿਲੀਮੀਟਰ, ਮਨਾਲੀ ਵਿੱਚ 17 ਮਿਲੀਮੀਟਰ ਅਤੇ ਨਾਰਕੰਡਾ ਵਿੱਚ 15 ਮਿਲੀਮੀਟਰ ਬਾਰਿਸ਼ ਹੋਈ। ਮੌਸਮ ਵਿਭਾਗ ਨੇ ਬੁੱਧਵਾਰ ਨੂੰ 21 ਅਤੇ 22 ਜੁਲਾਈ ਨੂੰ ਰਾਜ ਦੇ ਵੱਖ-ਵੱਖ ਹਿੱਸਿਆਂ ਵਿੱਚ ਭਾਰੀ ਤੋਂ ਬਹੁਤ ਭਾਰੀ ਬਾਰਿਸ਼ ਦੀ ਸੰਤਰੀ ਚੇਤਾਵਨੀ ਤੇ 12 ਵਿੱਚੋਂ ਸੱਤ ਜ਼ਿਲ੍ਹਿਆਂ ਵਿੱਚ 20 ਜੁਲਾਈ ਤੱਕ ਦੂਰ-ਦੁਰਾਡੇ ਖੇਤਰਾਂ ਵਿੱਚ ਭਾਰੀ ਬਾਰਿਸ਼ ਦੀ ਪੀਲੀ ਚੇਤਾਵਨੀ ਜਾਰੀ ਕੀਤੀ।

# ਫਰੀਡਮ ਫਾਈਟਰਾਂ ਦੇ ਵਾਰਸਾਂ ਵੱਲੋਂ ਸਰਕਾਰ ਤੋਂ ਹੱਕੀ ਮੰਗਾਂ ਲਈ ਮਹੀਨਾਵਾਰ ਮੀਟਿੰਗ



ਨਵਾਂਸ਼ਹਿਰ, 17 ਜੁਲਾਈ (ਸੁਖਦੇਵ ਸਿੰਘ ਉੜਾਪੜ): ਫਰੀਡਮ ਫਾਈਟਰ 196 ਜਥੇਬੰਦੀ ਸੰਗਰੂਰ ਦੀ ਜ਼ਿਲ੍ਹਾ ਇਕਾਈ ਸ਼ਹੀਦ ਭਗਤ ਸਿੰਘ ਨਗਰ ਦੀ ਇੱਕ ਵਿਸ਼ੇਸ਼ ਇਕੱਤਰਤਾ ਜ਼ਿਲ੍ਹਾ ਪ੍ਰਧਾਨ ਗੁਰਨਾਮ ਸਿੰਘ ਚੱਕਦਾਨਾ ਤੇ ਅਸ਼ੋਕ ਸਿੰਘ ਉਪ-ਪ੍ਰਧਾਨ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਜ਼ਿਲ੍ਹੇ ਦੇ ਸਮੂਹ ਫਰੀਡਮ ਫਾਈਟਰਾਂ ਦੇ ਵਾਰਸਾਂ ਵੱਲੋਂ ਭਾਰੀ ਗਿਣਤੀ ਵਿੱਚ ਭਾਗ ਲਿਆ ਗਿਆ। ਮੀਟਿੰਗ ਤੋਂ ਉਪਰੰਤ ਜ਼ਿਲ੍ਹਾ ਪ੍ਰਧਾਨ ਗੁਰਨਾਮ ਸਿੰਘ ਚੱਕਦਾਨਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਦੇਸ਼ ਨੂੰ ਆਜ਼ਾਦ ਕਰਵਾਉਣ ਵਾਲੇ ਪਰਿਵਾਰਾਂ ਦੇ ਵਡੇਰਿਆਂ ਵੱਲੋਂ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਕੱਢਣ ਤੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਅਹਿਮ ਯੋਗਦਾਨ ਪਾ ਕੇ ਨਾਮਣਾ ਖੱਟਿਆ ਹੈ। ਪਰ ਸਰਕਾਰ ਵੱਲੋਂ ਉਨ੍ਹਾਂ ਦੇ ਵਾਰਸਾਂ ਨੂੰ ਸਰਕਾਰੇ ਦਰਬਾਰੇ ਬਣਦਾ ਮਾਣ-ਸਤਿਕਾਰ ਨਹੀਂ ਦਿੱਤਾ ਜਾ ਰਿਹਾ। ਅੱਜ ਦੀ ਇਸ ਮੀਟਿੰਗ 'ਚ ਸਾਡੀ ਜਥੇਬੰਦੀ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਫਰੀਡਮ ਫਾਈਟਰਾਂ ਦੇ ਵਾਰਸਾਂ ਦੀ ਹੱਕੀ ਮੰਗਾਂ ਜਲਦ ਤੋਂ ਜਲਦ ਮੰਨੀਆਂ ਜਾਣ ਤੇ ਜ਼ਿਲ੍ਹੇ ਸਮੇਤ ਦੇਸ਼ ਦੇ ਸਮੂਹ ਟੋਲ ਪਲਾਜ਼ਿਆਂ ਤੋਂ ਸਾਡੇ ਪਰਿਵਾਰਾਂ ਨੂੰ ਛੋਟ ਦਿੱਤੀ ਜਾਵੇ। ਇਸੇ ਤਰ੍ਹਾਂ ਸਾਰੇ ਸਰਕਾਰੀ ਦਫਤਰਾਂ ਵਿੱਚ ਸਾਨੂੰ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇ, ਉਨ੍ਹਾਂ ਦੇ ਵਾਰਸਾਂ ਦੇ ਸ਼ਨਾਖਤੀ ਕਾਰਡ ਬਣਾਏ ਜਾਣ ਤਾਂ ਜੋ ਫਰੀਡਮ ਫਾਈਟਰਾਂ ਦੀ ਤੁਰੰਤ ਪਛਾਣ ਹੋ ਸਕੇ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਸਰਕਾਰੀ ਬੱਸਾਂ ਵਿੱਚ ਫਰੀਡਮ ਫਾਈਟਰ ਦੇ ਵਾਰਸਾਂ ਨੂੰ ਸਫਰ ਕਰਨ ਲਈ ਸੀਟਾਂ ਰਾਖਵੀਆਂ ਕੀਤੀਆਂ ਜਾਣ। ਉਨ੍ਹਾਂ ਕਿਹਾ ਕਿ ਸਾਡੀ ਜਥੇਬੰਦੀ ਸਰਕਾਰ ਤੋਂ ਇਹ ਮੰਗ ਵੀ ਕਰਦੀ ਹੈ ਕਿ 26 ਜਨਵਰੀ ਤੇ 15 ਅਗਸਤ ਨੂੰ ਮਨਾਏ ਜਾਣ ਵਾਲੇ ਸੰਵਿਧਾਨ ਤੇ ਆਜ਼ਾਦੀ ਦਿਵਸ ਦੇ ਸਰਕਾਰੀ ਸਮਾਗਮਾਂ ਵਿੱਚ ਵੀ ਫਰੀਡਮ ਫਾਈਟਰਾਂ ਦੇ ਵਾਰਸਾਂ ਨੂੰ ਸੱਦ ਕਿ ਉਨ੍ਹਾਂ ਦਾ ਬਣਦਾ ਮਾਣ ਸਤਿਕਾਰ ਕੀਤਾ ਜਾਵੇ। ਇਸ ਮੌਕੇ ਜੀਵਨ ਕੁਮਾਰ ਸਕੱਤਰ, ਅਸ਼ੋਕ ਸਿੰਘ ਉਪ-ਪ੍ਰਧਾਨ, ਅਮਰੀਕ ਸਿੰਘ ਚੱਕਦਾਨਾ, ਗੁਰਨਾਮ ਸਿੰਘ ਖੁਰਦ, ਭਜਨ ਸਿੰਘ, ਦੇਵ ਦੱਤ ਸ਼ਰਮਾ, ਜੁਝਾਰ ਸਿੰਘ, ਅਮਰਜੀਤ ਸਿੰਘ, ਨਿਰਮਲ ਸਿੰਘ, ਪਰਵਿੰਦਰ ਸਿੰਘ, ਤਰਨਜੀਤ ਸਿੰਘ ਥਾਂਦੀ, ਤਰਸੇਮ ਸਿੰਘ ਆਦਿ ਵੀ ਹਾਜ਼ਰ ਸਨ।

# ਗੁਰਪ੍ਰੀਤ ਸਿੰਘ ਸੋਢੀ ਦਾ ਪੰਜਗਰਾਈਆਂ ਪਹੁੰਚਣ 'ਤੇ 'ਆਪ' ਆਗੂਆਂ ਵੱਲੋਂ ਸਵਾਗਤ, ਸੋਢੀ ਨੇ ਵੰਡੀਆਂ ਅਹੁਦੇਦਾਰੀਆਂ



ਬਟਾਲਾ, 17 ਜੁਲਾਈ (ਬਲਵਿੰਦਰ ਸਿੰਘ ਪੰਜਗਰਾਈਂ/ ਧੰਨਪਾਲ ਸਿੰਘ ਕਲਸੀ): ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਸੰਗਠਨ ਇੰਚਾਰਜ ਗੁਰਪ੍ਰੀਤ ਸਿੰਘ ਸੋਢੀ ਦਾ ਪੰਜਗਰਾਈਆਂ ਪਹੁੰਚਣ 'ਤੇ ਸਥਾਨਕ ਆਗੂਆਂ ਤੇ ਵਰਕਰਾਂ ਨੇ ਨਿੱਘਾ ਸਵਾਗਤ ਕੀਤਾ ਤੇ ਉਨ੍ਹਾਂ ਨੂੰ ਜੀ ਆਇਆਂ ਆਖਿਆ। ਇਸ ਮੌਕੇ ਸੋਢੀ ਨੇ ਆਗੂਆਂ ਤੇ ਵਰਕਰਾਂ ਦੇ ਹੌਸਲੇ ਬੁਲੰਦ ਕਰਦਿਆਂ ਹੋਇਆਂ ਤੇ ਪਾਰਟੀ ਤਰਫੋਂ ਮਿਲੀ ਤਾਕਤ ਮੁਤਾਬਿਕ ਥਾਪੜਾ ਦਿੰਦਿਆਂ ਹੋਇਆਂ ਕਿਹਾ ਕਿ ਪਿੱਛੇ ਜੋ ਕੁਝ ਹੋਇਆ, ਉਸ ਨੂੰ ਭੁਲਾ ਕੇ ਹੁਣ ਆਪਾਂ ਨਵੀਂ ਊਰਜਾ ਤੇ ਨਵੇਂ ਉਤਸ਼ਾਹ ਨਾਲ ਪਾਰਟੀ ਲਈ ਕੰਮ ਕਰਨਾ ਹੈ ਤੇ ਲੋਕਾਂ ਦੇ ਪੈਂਡਿੰਗ ਪਏ ਹੋਏ ਕੰਮ ਪਹਿਲ ਦੇ ਆਧਾਰ 'ਤੇ ਕਰਵਾਉਣੇ ਹਨ। ਉਨ੍ਹਾਂ ਕਿਹਾ ਕਿ ਚੋਣਾਂ ਤੋਂ ਪਹਿਲਾਂ ਪਾਰਟੀ ਨੇ ਜੋ ਵਾਅਦੇ ਜਨਤਾ ਨਾਲ ਕੀਤੇ ਸਨ ਉਹ ਸਾਰੇ ਪੂਰੇ ਕਰਨੇ ਹਨ। ਆਉਣ ਵਾਲੀਆਂ ਚੋਣਾਂ ਵਿੱਚ ਪਾਰਟੀ ਵੱਲੋਂ ਕੀਤੇ ਹੋਏ ਕੰਮਾਂ ਤੇ ਵਿਕਾਸ ਦੇ ਆਧਾਰ 'ਤੇ ਜਿੱਤ ਦਾ ਪਰਚਮ ਲਹਿਰਾਉਣਾ ਹੈ। ਇਸ ਮੌਕੇ ਉਨ੍ਹਾਂ ਨੇ ਕੁਲਵਿੰਦਰ ਸਿੰਘ ਬੱਬੀ ਨੂੰ ਬਲਾਕ ਪ੍ਰਧਾਨ ਤੇ ਬੀਰਪਾਲ ਸਿੰਘ ਹੇਅਰ ਨੂੰ ਬਲਾਕ ਪ੍ਰਭਾਰੀ ਨਿਯੁਕਤ ਕੀਤਾ ਤੇ ਕਿਹਾ ਕਿ ਜਲਦੀ ਹੀ ਪਾਰਟੀ ਲਈ ਮਿਹਨਤ ਕਰਨ ਵਾਲੇ ਰਹਿੰਦੇ ਆਗੂਆਂ ਨੂੰ ਜ਼ਿੰਮੇਵਾਰੀਆਂ ਸੌਂਪ ਕੇ ਉਨ੍ਹਾਂ ਦਾ ਮਾਣ-ਤਾਣ ਬਰਕਰਾਰ ਰੱਖਿਆ ਜਾਵੇਗਾ। ਇਸ ਮੌਕੇ ਸੋਢੀ ਤੋਂ ਇਲਾਵਾ ਸਾਬਕਾ ਸਰਪੰਚ ਸਿਕੰਦਰ ਸਿੰਘ ਕਰਨਾਮਾ, ਬਲਾਕ ਪ੍ਰਧਾਨ ਹਰਜੀਤ ਸਿੰਘ ਮੱਲੀ, ਬਲਾਕ ਪ੍ਰਧਾਨ ਕੁਲਵਿੰਦਰ ਸਿੰਘ ਬੱਬੀ, ਬਲਾਕ ਪ੍ਰਭਾਰੀ ਬੀਰਪਾਲ ਸਿੰਘ ਹੇਅਰ, ਪੋਰਸ ਪੰਜਾਬ ਸਿੰਘ, ਲਖਬੀਰ ਸਿੰਘ ਲਾਲੀ, ਹਰਪਾਲ ਸਿੰਘ ਬਾਜਵਾ, ਜਗਤਾਰ ਸਿੰਘ ਜੱਗਾ ਆਦਿ ਹਾਜ਼ਰ ਸਨ।

# ਪਵਿੱਤਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਲਈ ਕਾਨੂੰਨ ਬਣਾਉਣਾ ਸਰਕਾਰ ਦਾ ਸ਼ਲਾਘਾਯੋਗ ਕਦਮ: ਸਹੋਤਾ

ਧਾਰੀਵਾਲ, 17 ਜੁਲਾਈ (ਅਸ਼ੋਕ ਕੁਮਾਰ): ਪਵਿੱਤਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਲਈ ਕਾਨੂੰਨ ਬਣਾਉਣਾ ਮਾਨ ਸਰਕਾਰ ਦਾ ਸ਼ਲਾਘਾਯੋਗ ਕਦਮ ਹੈ। ਜਿਸ ਨਾਲ ਸਾਰੇ ਧਰਮਾਂ ਦਾ ਮਾਨ ਸਰਕਾਰ ਵੱਲੋਂ ਸਤਿਕਾਰ ਕੀਤਾ ਗਿਆ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਯੂਥ ਆਗੂ ਮਾਈਕਲ ਸਹੋਤਾ ਨੇ ਕੀਤਾ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਇਹ ਕਾਨੂੰਨ ਬਣਨ ਤੋਂ ਬਾਅਦ ਜਿਥੇ ਬੇਅਦਬੀ ਦੀਆਂ ਘਟਨਾਵਾਂ ਨੂੰ ਨੱਥ ਪਵੇਗੀ ਤੇ ਉਥੇ ਹੀ ਕੋਈ ਵੀ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਤੋਂ ਪਹਿਲਾਂ ਸੌ ਵਾਰ ਸੋਚੇਗਾ। ਯੂਥ ਆਗੂ ਮਾਈਕਲ ਸਹੋਤਾ ਨੇ ਅੱਗੇ ਕਿਹਾ ਕਿ ਮਾਨ ਸਰਕਾਰ ਵੱਲੋਂ ਹੁਣ ਤੱਕ ਜਿਹੜੇ ਵੀ ਫੈਸਲੇ ਲਏ ਗਏ ਹਨ, ਸਾਰੇ ਹੀ ਸ਼ਲਾਘਾਯੋਗ ਹਨ ਤੇ ਬਿਨਾਂ ਪੱਖ-ਪਾਤ ਦੇ ਲਏ ਗਏ ਹਨ। ਜਿਵੇਂ ਕਿ ਹਰੇਕ ਘਰ ਨੂੰ 300 ਯੂਨਿਟ ਬਿਜਲੀ ਮੁਆਫ਼, 10 ਲੱਖ ਦਾ ਬੀਮਾ ਸਕੀਮ ਹਰ ਪੰਜਾਬੀ ਲਈ, ਬਿਨਾਂ ਪੱਖਪਾਤ ਤੋਂ ਸਰਕਾਰੀ ਨੌਕਰੀਆਂ, ਸਰਕਾਰ ਤੁਹਾਡੇ ਦੁਆਰ, ਯੁੱਧ ਨਸ਼ਿਆਂ ਵਿਰੁੱਧ ਆਦਿ। ਇਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਦੇ ਲੋਕਾਂ ਦੀ ਦਿਲ ਦੀ ਧੜਕਣ ਬਣ ਚੁੱਕੇ ਹਨ। ਪੰਜਾਬ ਦੇ ਲੋਕ 2027 ਵਿੱਚ ਆਮ ਆਦਮੀ ਪਾਰਟੀ ਨੂੰ ਆਪਣਾ ਕੀਮਤੀ ਵੋਟ ਦੇ ਕੇ ਇਤਿਹਾਸ ਦੁਹਰਾਉਣਗੇ।



# ਟ੍ਰੈਫਿਕ ਪੁਲਿਸ ਨੇ ਤੇਜ਼ ਗਤੀ 'ਚ ਚੱਲਣ ਵਾਲੇ ਵਾਹਨਾਂ ਦੇ ਕੱਟੇ ਚਲਾਨ

ਸ੍ਰੀ ਕੀਰਤਪੁਰ ਸਾਹਿਬ, 17 ਜੁਲਾਈ (ਬੀ.ਐੱਸ. ਰਾਣਾ): ਜ਼ਿਲ੍ਹਾ ਪੁਲਿਸ ਮੁਖੀ ਗੁਲਨੀਤ ਸਿੰਘ ਖੁਰਾਨਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੜਕ ਹਾਦਸਿਆਂ ਨੂੰ ਠੱਲ ਪਾਉਣ ਦੇ ਮਕਸਦ ਨਾਲ ਜ਼ਿਲ੍ਹਾ ਟ੍ਰੈਫਿਕ ਪੁਲਿਸ ਤੇ ਟ੍ਰੈਫਿਕ ਪੁਲਿਸ ਕੀਰਤਪੁਰ ਸਾਹਿਬ ਵੱਲੋਂ ਮਨਾਲੀ -ਚੰਡੀਗੜ੍ਹ ਕੌਮੀ ਮਾਰਗ 'ਤੇ ਪਿੰਡ ਬਰੂਵਾਲ ਵਿਖੇ ਵਿਸ਼ੇਸ਼ ਨਾਕਾ ਲਗਾ ਕੇ ਤੇਜ਼ ਗਤੀ 'ਚ ਚੱਲਣ ਵਾਲੇ ਵਾਹਨਾਂ ਦੇ ਚਲਾਨ ਕੱਟੇ ਗਏ। ਜਿਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਜ਼ਿਲ੍ਹਾ ਐਜੂਕੇਸ਼ਨ ਸੈੱਲ ਦੇ ਇੰਚਾਰਜ ਏ.ਐੱਸ.ਆਈ. ਸੁਖਦੇਵ ਸਿੰਘ ਨੇ ਦੱਸਿਆ ਕਿ ਜਿੱਥੇ ਤੇਜ਼ ਗਤੀ ਵਿੱਚ ਚੱਲਣ ਵਾਲੇ ਵਾਹਨਾਂ ਦੇ ਚਲਾਨ ਕੱਟੇ ਜਾ ਰਹੇ ਹਨ, ਉੱਥੇ ਹੀ ਨਾਲ ਦੀ ਨਾਲ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਤੇ ਨਸ਼ਿਆਂ ਬਾਰੇ ਜਾਗਰੂਕ ਵੀ ਕੀਤਾ ਜਾ ਰਿਹਾ ਹੈ ਤੇ ਤੇਜ਼ ਗਤੀ ਨਾਲ ਵਹੀਕਲ ਚਲਾਉਣ ਨਾਲ ਹੋਣ ਵਾਲੇ ਸੜਕੀ ਹਾਦਸਿਆਂ ਬਾਰੇ ਵੀ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੌਕੇ ਜ਼ਿਲ੍ਹਾ ਟ੍ਰੈਫਿਕ ਪੁਲਿਸ ਦੇ ਏ.ਐੱਸ.ਆਈ. ਅਜੇ ਕੁਮਾਰ ਤੇ ਸਥਾਨਕ ਟ੍ਰੈਫਿਕ ਪੁਲਿਸ ਦੇ ਏ.ਐੱਸ.ਆਈ. ਬਲਵੰਤ ਸਿੰਘ ਨੇ ਦੱਸਿਆ ਕਿ ਹੁਣ ਤੱਕ ਉਨ੍ਹਾਂ ਵੱਲੋਂ ਦੋ ਦਰਜਨ ਵਹੀਕਲਾਂ ਦੇ ਚਲਾਨ ਕੱਟੇ ਗਏ ਹਨ। ਉਨ੍ਹਾਂ ਦੱਸਿਆ ਕਿ ਇੱਕ ਕਾਰ ਅਜਿਹੀ ਵੀ ਸੀ ਜਿਸ 'ਤੇ ਕਾਲੀ ਫਿਲਮ ਕੀਤੀ ਹੋਈ ਸੀ, ਜਿਸ ਦੀ ਮੌਕੇ 'ਤੇ ਫਿਲਮ ਉਤਾਰੀ ਗਈ ਤੇ ਉਸ ਦਾ ਚਲਾਨ ਵੀ ਕੱਟਿਆ ਗਿਆ। ਇਸ ਮੌਕੇ ਉਨ੍ਹਾਂ ਨਾਲ ਏ.ਐੱਸ.ਆਈ. ਕਮਲਜੀਤ ਸਿੰਘ ਵੀ ਹਾਜ਼ਰ ਸਨ।



# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ 'ਆਪ' ਆਗੂਆਂ ਦੀ ਮੀਟਿੰਗ



ਬਟਾਲਾ, 17 ਜੁਲਾਈ (ਬਲਵਿੰਦਰ ਸਿੰਘ ਪੰਜਗਰਾਈਂ/ ਧੰਨਪਾਲ ਸਿੰਘ ਕਲਸੀ): ਪੰਜਾਬ ਸਰਕਾਰ ਵੱਲੋਂ ਪੰਜਾਬ ਅੰਦਰ ਨਸ਼ਿਆਂ ਨੂੰ ਠੱਲ ਪਾਉਣ ਵਾਸਤੇ ਅਨੇਕਾਂ ਉਪਰਾਲੇ ਕੀਤੇ ਜਾ ਰਹੇ ਹਨ। ਸਮਾਜ ਅੰਦਰ ਫੈਲੀ ਇਸ ਭੈੜੀ ਕੁਰੀਤੀ ਨੂੰ ਗੰਭੀਰਤਾ ਨਾਲ ਲੈਂਦਿਆਂ ਹੋਇਆਂ, ਮਾਨ ਸਰਕਾਰ ਵੱਲੋਂ ਪ੍ਰਸ਼ਾਸਨ ਸਮੇਤ ਵੱਡੇ ਤੋਂ ਲੈ ਕੇ ਹਰ ਛੋਟੇ ਆਗੂ ਤੱਕ ਨੂੰ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਵਿੱਚ ਕਮਰ ਕੱਸੇ ਕਰਕੇ ਨਸ਼ਿਆਂ ਨੂੰ ਖ਼ਤਮ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ। ਇਸੇ ਲੜੀ ਤਹਿਤ ਅੱਜ ਬੀ.ਸੀ. ਵਿੰਗ ਦੇ ਬਲਾਕ ਪ੍ਰਧਾਨ ਤਕਦੀਰ ਸਿੰਘ ਢਡਿਆਲਾ ਨਜ਼ਾਰਾ ਦੇ ਗ੍ਰਹਿ ਵਿਖੇ ਬਲਾਕ ਪ੍ਰਧਾਨ ਸੁਖਮਨ ਖਹਿਰਾ, ਬਲਾਕ ਪ੍ਰਧਾਨ ਸਲਵਿੰਦਰਜੀਤ ਸਿੰਘ ਜੈਤੋ ਸਰਜਾ, ਬਲਾਕ ਪ੍ਰਧਾਨ ਰਵਿੰਦਰ ਸਿੰਘ ਜੱਜ ਤੇ ਆਮ ਆਦਮੀ ਪਾਰਟੀ ਦੇ ਹੋਰ ਸਿਰਕੱਢ ਆਗੂਆਂ ਨੇ ਇਸ ਚੈਲੰਜ ਨੂੰ ਕਬੂਲ ਕਰਦਿਆਂ ਇੱਕ ਭਰਵੀਂ ਮੀਟਿੰਗ ਕੀਤੀ। ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਹੋਇਆਂ ਆਮ ਆਦਮੀ ਪਾਰਟੀ ਦੇ ਉਕਤ ਆਗੂਆਂ ਨੇ ਕਿਹਾ ਕਿ ਸਰਕਾਰਾਂ ਤਾਂ ਸੂਬੇ ਲਈ ਪਲਾਨਿੰਗ ਕਰਦੀਆਂ ਨੇ, ਪਰ ਸਾਨੂੰ ਸਭ ਨੂੰ ਸੁਹਿਰਦਤਾ ਨਾਲ ਸੋਚਣਾ ਪਵੇਗਾ ਕਿ ਅਸੀਂ ਆਪਣੀਆਂ ਨਸਲਾਂ, ਫਸਲਾਂ ਤੇ ਸੋਹਣੇ ਪੰਜਾਬ ਨੂੰ ਬਚਾਉਣ ਲਈ ਕਿਸ ਪਾਰਟੀ ਨਾਲ ਤੁਰਨਾ ਹੈ? ਕਿਵੇਂ ਆਪਣੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਗ੍ਰਿਫਤ ਵਿੱਚ ਨਹੀਂ ਆਉਣ ਦੇਣਾ ਤੇ ਕਿਸ ਤਰ੍ਹਾਂ ਇੱਕ ਸੁੰਦਰ ਸਮਾਜ ਦੀ ਸਿਰਜਣਾ ਕਰਨੀ ਹੈ। ਸਾਨੂੰ ਸੋਚਣਾ ਪਵੇਗਾ ਕਿ ਬਿਨਾਂ ਜਾਤ-ਪਾਤ, ਰੰਗ, ਨਸਲ ਦੇ ਭੇਦ ਭਾਵ ਤੋਂ 600 ਯੂਨਿਟ ਬਿਜਲੀ ਕਿਹੜੀ ਸਰਕਾਰ ਫ੍ਰੀ ਦੇ ਰਹੀ ਹੈ, ਬੀਬੀਆਂ ਦਾ ਬੱਸਾਂ ਵਿੱਚ ਫ੍ਰੀ ਸਫਰ ਕੌਣ ਕਰਵਾ ਰਿਹਾ ਹੈ। ਕਿਸਾਨਾਂ ਦੀਆਂ ਫਸਲਾਂ ਵਾਸਤੇ ਅੱਠ ਘੰਟੇ ਦੀ ਬਜਾਏ ਦਿਨ-ਰਾਤ ਨਿਰਵਿਘਨ ਬਿਜਲੀ ਸਪਲਾਈ ਕਿਹੜੀ ਸਰਕਾਰ ਦੇ ਰਹੀ ਹੈ। ਸਾਡੇ ਬੱਚਿਆਂ ਨੂੰ ਰਿਸ਼ਵਤ ਤੋਂ ਬਿਨਾਂ ਨੌਕਰੀ ਕਿਹੜੀ ਸਰਕਾਰ ਦੇ ਰਹੀ ਹੈ। ਪ੍ਰਧਾਨ ਸੁਖਮਨ ਖੈਹਿਰਾ ਨੇ ਵਿਰੋਧੀ ਪਾਰਟੀਆਂ ਤੇ ਪਾਰਟੀ ਵਿੱਚ ਰਹਿਣ ਵਾਲੇ ਕੱਚ ਘਰੜ ਤੇ ਮੌਕਾਪ੍ਰਸਤ ਆਗੂਆਂ ਨੂੰ ਚੇਤਾਵਨੀ ਭਰੇ ਲਹਿਜ਼ੇ ਵਿੱਚ ਕਿਹਾ ਕਿ ਜੇ ਅੱਜ ਸਾਡੇ ਪਾਰਟੀ ਵਰਕਰਾਂ ਨੂੰ ਕੋਈ ਡਰਾਵੇਗਾ ਜਾਂ ਵਧੀਕੀ ਕਰੇਗਾ ਤਾਂ ਕੱਲ੍ਹ ਨੂੰ ਉਸ ਨੂੰ ਵੀ ਡਰਨਾ ਪਵੇਗਾ ਤੇ ਅਸੀਂ 11 ਤੋਂ 21ਆਂ ਦੀ ਭਾਜੀ ਮੋੜਨੀ ਵੀ ਭਲੀ ਭਾਂਤ ਜਾਣਦੇ ਹਾਂ। ਇਸ ਮੌਕੇ ਬਲਾਕ ਪ੍ਰਧਾਨ ਸੁਖਮਨ ਖੈਹਿਰਾ, ਸਲਵਿੰਦਰਜੀਤ ਸਿੰਘ ਜੈਤੋ ਸਰਜਾ, ਰਵਿੰਦਰ ਸਿੰਘ ਜੱਜ, ਲਖਵੰਤ ਸਿੰਘ ਬਸਰਾਵਾ, ਪੀਪੀ ਸਿੰਘ, ਲਖਬੀਰ ਸਿੰਘ, ਪ੍ਰਧਾਨ ਤਕਦੀਰ ਸਿੰਘ ਢਡਿਆਲਾ ਨਜ਼ਾਰਾ, ਸਰਪੰਚ ਕਰਨਾਮਾ, ਸਰਪੰਚ ਮਨਦੀਪ ਸਿੰਘ, ਬਲਵਿੰਦਰ ਸਿੰਘ, ਸਰਪੰਚ ਪੱਤੀ ਰਾਮਪੁਰ ਤੇ ਹੋਰ ਪਿੰਡਾਂ ਦੇ ਅਨੇਕਾਂ ਪੰਚ-ਸਰਪੰਚ ਮੌਜੂਦ ਸਨ।

# ਬਟਾਲਾ ਕਾਲਜ ਆਫ਼ ਐਜੂਕੇਸ਼ਨ ਬੁੱਲੋਵਾਲ 'ਚ ਦਾਖ਼ਲਿਆਂ ਲਈ ਭਾਰੀ ਉਤਸ਼ਾਹ, ਵਿਦਿਆਰਥੀ ਅੱਜ ਕਰ ਸਕਦੇ ਨੇ ਰਜਿਸਟ੍ਰੇਸ਼ਨ



ਬਟਾਲਾ, 17 ਜੁਲਾਈ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਬਟਾਲਾ ਕਾਲਜ ਆਫ਼ ਐਜੂਕੇਸ਼ਨ ਬੁੱਲੋਵਾਲ (ਨੇੜੇ ਅਲੀਵਾਲ) ਵਿਖੇ ਸ਼ੈਸ਼ਨ 2025-27 ਲਈ ਬੀ.ਐੱਡ. ਕੋਰਸ ਵਿੱਚ ਦਾਖ਼ਲੇ ਲਈ ਆਨਲਾਈਨ ਰਜਿਸਟ੍ਰੇਸ਼ਨ ਸ਼ੁਰੂ ਹੈ, ਕਾਲਜ ਵਿੱਚ ਦਾਖ਼ਲਿਆਂ ਲਈ ਵਿਦਿਆਰਥੀਆਂ ਅੰਦਰ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਲਜ ਚੇਅਰਮੈਨ ਬਿਕਰਮਜੀਤ ਸਿੰਘ ਬਾਠ ਨੇ ਦੱਸਿਆ ਕਿ ਵਿਦਿਆਰਥੀਆਂ ਦੀ ਜਾਣਕਾਰੀ ਲਈ ਕਾਲਜ ਵਿੱਚ ਹੈਲਪ ਡੈਸਕ ਸਥਾਪਤ ਕੀਤਾ ਗਿਆ ਹੈ ਤੇ ਦਾਖ਼ਲੇ ਲਈ ਸਟੇਟ ਪੱਧਰ 'ਤੇ ਟੈਸਟ 3 ਅਗਸਤ, 2025 ਨੂੰ ਲਿਆ ਜਾ ਰਿਹਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਸਾਲ ਤੋਂ ਬੀ.ਐੱਡ. ਵਿੱਚ ਦਾਖ਼ਲਾ ਸਿਰਫ਼ ਟੈਸਟ ਪਾਸ ਕਰਨ ਵਾਲੇ ਵਿਦਿਆਰਥੀਆਂ ਲਈ ਹੀ ਸੰਭਵ ਹੋਵੇਗਾ, ਜਿਸ ਲਈ ਬਟਾਲਾ ਕਾਲਜ ਆਫ਼ ਐਜੂਕੇਸ਼ਨ ਵਿਖੇ ਰਜਿਸਟਰਡ ਵਿਦਿਆਰਥੀਆਂ ਦੀ ਦਾਖ਼ਲਾ ਪ੍ਰੀਖਿਆ ਦੀ ਤਿਆਰੀ ਲਈ ਮੁਫ਼ਤ ਕੋਚਿੰਗ ਕਲਾਸਾਂ ਇੱਕ ਮਹੀਨੇ ਤੋਂ ਲਗਾਈਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਕਾਲਜ ਚੇਅਰਮੈਨ ਬਾਠ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੀ.ਐੱਡ. ਦਾ ਨਤੀਜਾ 100 ਫ਼ੀਸਦੀ ਰਿਹਾ ਤੇ ਕਾਲਜ ਦੇ ਕਈ ਵਿਦਿਆਰਥੀ ਮੈਰਿਟ 'ਚ ਆਏ। ਇਸ ਦੇ ਨਾਲ ਹੀ ਕੁਝ ਵਿਦਿਆਰਥੀਆਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚੋਂ ਅਹਿਮ ਸਥਾਨ ਪ੍ਰਾਪਤ ਕਰਕੇ ਕਾਲਜ ਦਾ ਨਾਂ ਰੌਸ਼ਨ ਕੀਤਾ। ਇਸਦੇ ਨਾਲ ਹੀ ਕਾਲਜ ਦੇ ਕਾਫ਼ੀ ਵਿਦਿਆਰਥੀਆਂ ਨੇ ਬੀ.ਐੱਡ. ਦੌਰਾਨ ਹੀ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ ਪਾਸ ਕੀਤਾ ਹੈ। ਕਾਲਜ ਚੇਅਰਮੈਨ ਬਿਕਰਮਜੀਤ ਸਿੰਘ ਬਾਠ ਨੇ ਕਿਹਾ ਕਿ ਬੀ.ਐੱਡ. ਤੋਂ ਇਲਾਵਾ ਕਾਲਜ ਅੰਦਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਮਾਨਤਾ ਪ੍ਰਾਪਤ ਬੀ.ਏ., ਬੀ.ਐੱਸ.ਸੀ. (ਇਕਨਾਮਿਕਸ), ਬੀ.ਸੀ.ਏ., ਡਿਪਲੋਮਾ ਇੰਨ ਕੰਪਿਊਟਰ ਐਪਲੀਕੇਸ਼ਨਜ਼, ਡਿਪਲੋਮਾ ਇੰਨ ਕਾਮਸੋਟੋਲਜੀ ਦਾ ਵੀ ਦਾਖ਼ਲਾ ਸ਼ੁਰੂ ਹੈ।

# ਜੋਗਿੰਦਰ ਪਾਲ ਨੰਦੂ ਨੂੰ ਸਦਮਾ, ਪਿਤਾ ਦਾ ਦੇਹਾਂਤ, ਵੱਖ-ਵੱਖ ਰਾਜਨੀਤਿਕ ਲੋਕਾਂ ਤੇ ਜਥੇਬੰਦੀਆਂ ਨੇ ਕੀਤਾ ਦੁੱਖ ਪ੍ਰਗਟ

ਕਾਦੀਆਂ, 17 ਜੁਲਾਈ (ਸਲਾਮ ਤਾਰੀ/ਸਿਕੰਦਰ ਸੰਧੂ): ਨਗਰ ਕੌਂਸਲ ਕਾਦੀਆਂ ਤੋਂ ਪ੍ਰਧਾਨ ਨੇਹਾ ਤੇ ਉਨ੍ਹਾਂ ਦੇ ਪਤੀ ਜੋਗਿੰਦਰ ਪਾਲ ਨੰਦੂ ਨੂੰ ਤੇ ਉਨ੍ਹਾਂ ਦੇ ਸਮੁੱਚੇ ਪਰਿਵਾਰ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਪਿਤਾ ਅੱਲਾਹ ਦੱਤਾ (85) ਅਚਾਨਕ ਆਪਣੇ ਸਵਾਸਾਂ ਦੀ ਪੂੰਜੀ ਨੂੰ ਪੂਰਾ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਜਿਨ੍ਹਾਂ ਦਾ ਅੰਤਿਮ ਸਸਕਾਰ ਨਜ਼ਦੀਕ ਸ਼ਮਸ਼ਾਨਘਾਟ ਦੇ ਵਿੱਚ ਕੀਤਾ ਗਿਆ। ਇਸ ਮੌਕੇ ਸ਼ਹਿਰ ਦੇ ਵੱਖ-ਵੱਖ ਰਾਜਨੀਤਿਕ ਲੋਕਾਂ ਸਮੇਤ ਵੱਖ-ਵੱਖ ਜਥੇਬੰਦੀਆਂ ਤੇ ਸ਼ਹਿਰ ਦੇ ਸਮੂਹ ਕੌਂਸਲਰਾਂ ਸਮੇਤ ਇਲਾਕੇ ਦੇ ਪਤਵੰਤੇ ਲੋਕਾਂ ਦੇ ਵੱਲੋਂ ਜੋਗਿੰਦਰ ਪਾਲ ਨੰਦੂ ਦੇ ਪਰਿਵਾਰ ਦੇ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇੱਥੇ ਦੱਸਣਯੋਗ ਹੈ ਕਿ ਜੋਗਿੰਦਰ ਪਾਲ ਨੰਦੂ ਜੋ ਕਿ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਹਨ ਤੇ ਉਨ੍ਹਾਂ ਦੇ ਨਾਲ ਜਿੱਥੇ ਸਮੂਹ ਕਾਂਗਰਸੀ ਵਰਕਰਾਂ ਤੇ ਆਗੂਆਂ ਦੇ ਵੱਲੋਂ ਵੀ ਪਰਿਵਾਰ ਦੇ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਉੱਥੇ ਹੀ ਵੱਖ-ਵੱਖ ਰਾਜਨੀਤਿਕ ਆਗੂਆਂ ਸਮੇਤ ਇਲਾਕੇ ਦੇ ਸਮੂਹ ਸ਼ਹਿਰ ਵਾਸੀਆਂ ਤੇ ਆਸ-ਪਾਸ ਦੇ ਪਿੰਡਾਂ ਦੇ ਆਏ ਲੋਕਾਂ ਤੇ ਸਰਪੰਚਾਂ-ਪੰਚਾਂ ਸਾਬਕਾ ਸਰਪੰਚਾਂ ਚੇਅਰਮੈਨ ਤੇ ਅਧਿਆਪਕਾਂ ਵੱਲੋਂ ਤੇ ਪ੍ਰਿੰਸੀਪਲਾਂ ਦੇ ਵੱਲੋਂ ਜੋਗਿੰਦਰ ਪਾਲ ਨੰਦੂ ਦੇ ਪਰਿਵਾਰ ਨਾਲ ਦੁੱਖ ਪ੍ਰਗਟ ਕੀਤਾ। ਇਸ ਮੌਕੇ ਨਗਰ ਕੌਂਸਲ ਕਾਦੀਆਂ ਦਾ ਸਮੁੱਚਾ ਸਟਾਫ ਤੇ ਸਫਾਈ ਕਰਮਚਾਰੀ ਵੀ ਪਹੁੰਚੇ ਜਿਨ੍ਹਾਂ ਨੇ ਪਰਿਵਾਰ ਦੇ ਨਾਲ ਹਮਦਰਦੀ ਜਤਾਈ।



# ਡੀ.ਡੀ.ਆਈ. ਸਕੂਲ 'ਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ 'ਤੇ ਸੈਮੀਨਾਰ

ਬਟਾਲਾ, 17 ਜੁਲਾਈ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਡੀ.ਡੀ.ਆਈ. ਸਕੂਲ ਪਿੰਡੀ ਵਿਖੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਆਏ ਰਿਟਾਇਡ ਮੈਨੇਜਰ ਪੀ.ਐੱਨ.ਬੀ. ਬਲਜੀਤ ਸਿੰਘ, ਹਰਪ੍ਰਤਾਪ ਸਿੰਘ ਵੱਲੋਂ ਸਕੂਲ ਵਿੱਚ ਇੱਕ ਵਿਸ਼ੇਸ਼ ਸੈਮੀਨਾਰ ਲਗਾਇਆ ਗਿਆ। ਜਿਸ ਦਾ ਖਾਸ ਵਿਸ਼ਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨੂੰ ਸਮਰਪਿਤ ਸੀ। ਸੈਮੀਨਾਰ ਸਕੂਲ ਦੇ ਐੱਮ.ਡੀ. ਇੰਦਰਜੀਤ ਸਿੰਘ ਭਾਟੀਆ ਦੀ ਰਹਿਨੁਮਾਈ ਹੇਠ ਸਕੂਲ ਦੇ ਐੱਮ.ਡੀ. ਅਕੈਡਮਿਕ ਡਾਇਰੈਕਟਰ ਸਤਿੰਦਰ ਕੌਰ ਮਰਵਾਹਾ ਤੇ ਵਾਈਸ ਪ੍ਰਿੰਸੀਪਲ ਸਵਲੀਨ ਭਾਟੀਆ ਵੱਲੋਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਆਏ ਰਿਟਾਇਡ ਮੈਨੇਜਰ ਪੀ.ਐੱਨ.ਬੀ. ਬਲਜੀਤ ਸਿੰਘ, ਹਰਪ੍ਰਤਾਪ ਸਿੰਘ ਵੱਲੋਂ ਸਕੂਲ ਵਿੱਚ ਸੈਮੀਨਾਰ ਲਗਾਉਣ 'ਤੇ ਜੀ ਆਇਆਂ ਆਖਿਆ। ਸੈਮੀਨਾਰ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ ਗਿਆ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਮਨੁੱਖ ਨੂੰ ਹਮੇਸ਼ਾ ਗੁਰੂ ਸਾਹਿਬਾਨਾਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖਣ ਦੇ ਨਾਲ-ਨਾਲ ਚੜ੍ਹਦੀਕਲਾ ਦੀ ਸੋਚ ਵੀ ਰੱਖਣੀ ਚਾਹੀਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਇਨਸਾਨ ਨੂੰ ਪਾਜ਼ੀਟਿਵ ਸੋਚ ਦੇ ਨਾਲ-ਨਾਲ ਦਸਾਂ ਨਹੁੰਆਂ ਦੀ ਕਿਰਤ ਕਰਕੇ ਲੋੜਵੰਦਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ। ਗੁਰੂ ਜੀ ਦੇ ਰਾਸਤੇ 'ਤੇ ਚੱਲਣ ਦੇ ਨਾਲ-ਨਾਲ ਉਨ੍ਹਾਂ ਕਿਹਾ ਕਿ ਸਾਡੇ ਤਨ ਦੇ ਕੱਪੜੇ ਮੈਲੇ ਹੋ ਜਾਂਦੇ ਹਨ ਤੇ ਅਸੀਂ ਉਨ੍ਹਾਂ ਨੂੰ ਸਾਫ ਕਰਦੇ ਹਾਂ ਇਸੇ ਤਰ੍ਹਾਂ ਹੀ ਸਾਡਾ ਮਨ ਵੀ ਮੈਲਾ ਹੋ ਜਾਂਦਾ ਹੈ ਤੇ ਅਸੀਂ ਪਰਮਾਤਮਾ ਦਾ ਸਿਮਰਨ ਕਰਕੇ ਮਨ ਨੂੰ ਸਾਫ ਕਰ ਸਕਦੇ ਹਾਂ। ਆਖਰ ਵਿੱਚ ਸਤਿੰਦਰ ਕੌਰ ਮਰਵਾਹਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਾਨੂੰ ਗੁਰੂ ਸਾਹਿਬਾਨ ਦੀਆਂ ਪ੍ਰੇਰਨਾ 'ਤੇ ਚੱਲਣਾ ਚਾਹੀਦਾ ਹੈ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਆਏ ਮੈਂਬਰਾਂ ਦਾ ਦਿਲੋਂ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਆਪਣਾ ਕੀਮਤੀ ਸਮਾਂ ਕੱਢ ਕੇ ਸਕੂਲ ਵਿੱਚ ਸੈਮੀਨਾਰ ਲਗਾਇਆ ਹੈ ਤੇ ਗੁਰੂ ਸਾਹਿਬਾਨ ਜੀ ਦੀਆਂ ਲਾਸਾਨੀ ਕੁਰਬਾਨੀਆਂ ਬਾਰੇ ਵਿਸਥਾਰ ਨਾਲ ਦੱਸਿਆ। ਅੰਤ ਵਿੱਚ ਆਏ ਮਹਿਮਾਨਾਂ ਨੂੰ ਯਾਦਗਰੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ ਤੇ ਨਾਲ ਹੀ ਉਨ੍ਹਾਂ ਨੇ ਪ੍ਰਮੁੱਖ ਸ਼ਖਸੀਅਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।



# ਰਿਆੜਕੀ ਪਬਲਿਕ ਸਕੂਲ ਤੁਗਲਵਾਲਾ ਦੀਆਂ ਵਿਦਿਆਰਥਣਾਂ ਨੇ ਸੀ.ਬੀ.ਐੱਸ.ਈ. ਕਲੱਸਟਰ ਖੇਡਾਂ ਜੰਮੂ 'ਚ ਜਿੱਤਿਆ ਕਾਂਸੀ ਦਾ ਮੈਡਲ



ਕਾਹਨੂੰਵਾਨ, 17 ਜੁਲਾਈ (ਕੁਲਜੀਤ ਸਿੰਘ ਖੋਖਰ): ਸੀ.ਬੀ.ਐੱਸ.ਈ. ਨਵੀਂ ਦਿੱਲੀ ਵੱਲੋਂ ਕਲੱਸਟਰ 18 ਅਧੀਨ ਪਿਛਲੇ ਦਿਨੀਂ ਸੀਨੀਅਰ ਸੈਕੰਡਰੀ ਸੰਸਕ੍ਰਿਤ ਸਕੂਲ, ਜੰਮੂ ਵਿਖੇ ਅੰਡਰ-19 ਖੋ-ਖੋ ਮੁਕਾਬਲੇ ਕਰਵਾਏ ਗਏ। ਇਸ ਮੌਕੇ ਵੱਖ-ਵੱਖ ਸਕੂਲਾਂ ਦੀਆਂ ਵਿਦਿਆਰਥਣਾਂ ਨੇ ਭਾਗ ਲੈ ਕੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਇਸ ਮੁਕਾਬਲੇ ਵਿੱਚ ਬਾਬਾ ਆਇਆ ਸਿੰਘ ਰਿਆੜਕੀ ਪਬਲਿਕ ਸਕੂਲ, ਤੁਗਲਵਾਲਾ ਦੀ ਅੰਡਰ-19 ਖੋ-ਖੋ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕਾਂਸੀ (ਬਰਾਊਂਜ਼) ਮੈਡਲ ਹਾਸਲ ਕਰਕੇ ਸਕੂਲ, ਮਾਪਿਆਂ ਤੇ ਅਧਿਆਪਕਾਂ ਦਾ ਮਾਣ ਵਧਾਇਆ। ਇਸ 12 ਮੈਂਬਰੀ ਟੀਮ ਦੀ ਅਗਵਾਈ ਡੀ.ਪੀ. ਰਾਜਵਿੰਦਰ ਕੌਰ ਨੇ ਕੀਤੀ, ਜਿਨ੍ਹਾਂ ਦੀ ਸੂਝ-ਬੂਝ ਤੇ ਮਾਰਗਦਰਸ਼ਨ ਨਾਲ ਵਿਦਿਆਰਥਣਾਂ ਨੇ ਇਹ ਮੁਕਾਮ ਹਾਸਲ ਕੀਤਾ। ਰਿਆੜਕੀ ਪਬਲਿਕ ਸਕੂਲ ਦੀ ਖੋ-ਖੋ ਟੀਮ ਹਰ ਸਾਲ ਖੇਡ ਜਗਤ ਵਿੱਚ ਆਪਣੀ ਵਿਲੱਖਣ ਪਛਾਣ ਬਣਾਉਂਦੀ ਹੈ ਤੇ ਪਿਛਲੇ ਸਾਲਾਂ ਦੇ ਰਿਕਾਰਡ ਨੂੰ ਬਰਕਰਾਰ ਰੱਖਦੇ ਹੋਏ ਇਸ ਵਾਰ ਵੀ ਕਾਂਸੀ ਦਾ ਮੈਡਲ ਜਿੱਤਣ ਵਿੱਚ ਸਫਲ ਰਹੀ। ਸਕੂਲ ਪਰਿਸਰ ਵਿੱਚ ਪਹੁੰਚਣ 'ਤੇ ਜੇਤੂ ਵਿਦਿਆਰਥਣਾਂ ਦਾ ਸਕੂਲ ਮੈਨੇਜਮੈਂਟ, ਪ੍ਰਿੰਸੀਪਲ ਤੇ ਸਮੂਹ ਸਟਾਫ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਖਿਡਾਰੀਆਂ ਨੇ ਡਰੱਮ-ਬੀਟ ਦੀ ਥਾਪ 'ਤੇ ਅਸੈਂਬਲੀ ਹਾਲ ਵਿੱਚ ਪ੍ਰਵੇਸ਼ ਕੀਤਾ, ਜਿੱਥੇ ਸਕੂਲ ਦੀ ਹੈੱਡ ਗਰਲ ਅਰਸ਼ਦੀਪ ਕੌਰ ਬੇਰੀ, ਵਾਈਸ ਹੈੱਡ ਗਰਲ ਅਨਹਦ ਕੌਰ ਤੇ ਸਕੂਲ ਵਿਦਿਆਰਥੀ ਕੌਂਸਲ ਦੇ ਮੈਂਬਰਾਂ ਨੇ ਉਨ੍ਹਾਂ ਨੂੰ ਹਾਰ ਪਾ ਕੇ ਸਨਮਾਨਤ ਕੀਤਾ। ਅੰਡਰ-19 ਟੀਮ ਦੀਆਂ ਜੇਤੂ ਖਿਡਾਰਨਾਂ ਵਿੱਚ ਕੈਪਟਨ ਵਿਸ਼ਾਲੀ, ਜਸਮੀਤ ਕੌਰ ਬਸਰਾਏ, ਜਸਮੀਤ ਕੌਰ ਤੁਗਲਵਾਲ, ਜਸਨੀਤ ਕੌਰ ਔਲਖ, ਰਾਜਬੀਰ ਕੌਰ ਭਾਮੜੀ, ਨਵਰੋਜਪ੍ਰੀਤ ਕੌਰ ਬਸਰਾਏ, ਗੁਰਸਹਿਜ਼ਦੀਪ ਕੌਰ ਭਾਮ, ਗੁਰਲੀਨ ਕੌਰ ਹਰਚੋਵਾਲ, ਰਸ਼ਲੀਨ ਕੌਰ ਵਿਠਵਾ, ਸ਼ੁਭਨੀਤ ਕੌਰ ਤੁਗਲਵਾਲ, ਮਨਗੀਤ ਕੌਰ ਤੁਗਲਵਾਲ ਤੇ ਏਕਮਪ੍ਰੀਤ ਕੌਰ ਤੁਗਲਵਾਲ ਸ਼ਾਮਲ ਸਨ। ਇਨ੍ਹਾਂ ਸਾਰੀਆਂ ਵਿਦਿਆਰਥਣਾਂ ਨੇ ਆਪਣੀ ਮਿਹਨਤ, ਲਗਨ ਤੇ ਟੀਮ ਵਰਕ ਨਾਲ ਇਹ ਮੁਕਾਮ ਹਾਸਲ ਕੀਤਾ। ਇਸ ਜਿੱਤ ਨੇ ਰਿਆੜਕੀ ਪਬਲਿਕ ਸਕੂਲ ਦੀ ਸਾਖ ਨੂੰ ਵਧਾਇਆ।

# ਸਿਰਲੇਖਵਾਰ ਇਸ਼ਤਿਹਾਰ/Classified Advertisements

**(U/o 5 Rule 20 CPC)**
**(Succession Case)**
**In the Court of Sh. Rahul Garg Civil Judge Senior Division, Chandigarh**
CNR No. CHCH02-001934-2025
Next Date: 13.08.2025
Puneeta Arora
Versus
General Public
**APP U/S 372 of Indian Succession Act**
Notice to:General Public : Chandigarh
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **13.08.2025** at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 05-07-2025
**Sd/- Civil Judge Sr. Div., Chandigarh**

**(U/o 5 Rule 20 CPC)**
**In the Court of Ms. Ashima Sharma Civil Judge Junior Divn.-3, Moga**
CS/686/2023
CNR No. PBMO02-002427-2023
Next Date: 01.08.2025
Punjab National Bank
Versus
Kulwant Kaur
The Plaintiff prays that will dated executed by deceased inexecutable/invalid/improperly executed/void or obtained by fraud,undue influence, coercion mistake etc....
Notice to :Kulwant Kaur wife of Baljit Singh R/o Patti Meharmian , VPO Chuhar Chak, Tehsil and Distt. Moga
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **01.08.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 11-07-2025
**Sd/- Civil Judge Jr. Divn.-3, Moga**

**(U/o 5 Rule 20 CPC)**
**In the Court of Ms. Garima Bhargav Civil Judge (Junior Divn.), Ludhiana**
CNR No. PBLD02-012212-2024
Next Date: 04.08.2025
Paramjeet Kaur
Vs.
General Public
Notice to:General Public : Ludhiana
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **04.08.2025** at 10:00 A.M.
For details logon to https://highcourtchd.gov.in/?mod=district_notice&district=ludhiana
Dated, this day of 07-07-2025
**Sd/- Civil Judge (Jr. Divn.), Ludhiana**

**(U/o 5 Rule 20 CPC)**
**In the Court of Ms. Prabhjot Kaur Civil Judge (Junior Division), Nihal Singh wala**
CNR No. PBMOA0-000403-2024
Next Date: 06.08.2025
Punjab National Bank
Vs.
M/s IBC Saloon and Academy
Notice to:M/s IBC Saloon and Academy:- M/s IBC Saloon and Academy Nihal Singh wala through its proprietor Baltej Singh
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **06.08.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 15-07-2025
**Sd/-Civil Judge (Jr. Div.), Nihal Singh wala**

**(U/o 5 Rule 20 CPC)**
**In the Court of Ms. Tarandeep Kaur Civil Judge (Junior Division),**
CNR No. PBSB02-000719-2023
Next Date: 30.07.2025
Paramjit Singh Bhatti @ Pavitter Singh
Versus
Gurdev Singh
**Suit for permanent Injunction**
Notice to: 2.Ranjit Singh S/o Gian Singh S/o Dalel Singh Village Kamam, Tehsil Nawanshahr, Distt. SBS Nagar 3. Sulinder Singh S/o Gian Singh S/o Dalel Singh Village Kamam, Tehsil Nawanshahr, Distt. SBS Nagar, 4. Avtar Singh S/o Gian Singh S/o Dalel Singh Village Kamam, Tehsil Nawanshahr, Distt. SBS Nagar, 5. Mohinder Singh S/o Gian Singh S/o Dalel Singh Village Kamam, Tehsil Nawanshahr, Distt. SBS Nagar, 6. Darshan Singh D/o Gian Singh S/o Dalel Singh Village Kamam, Tehsil Nawanshahr, Distt. SBS Nagar. 7. Baldev Kaur D/o Gian Singh S/o Dalel Singh Village Kamam, Tehsil Nawanshahr, Distt. SBS Nagar. 8. Sulinder Kaur D/o Gian Singh S/o Dalel Singh Village Kamam, Tehsil Nawanshahr, Distt. SBS Nagar. 9 Balvir Kaur W/o Sulinder Singh R/o Village Kamam, Tehsil Nawanshahr, Distt. SBS Nagar. 10. Balvir Singh S/o Kashmira Singh R/o Village Kamam, Tehsil Nawanshahr, Distt. SBS Nagar. 13. Jyoti D/o Om parkash R/o Village Kamam, Tehsil Nawanshahr, Distt. SBS Nagar. 14. Preeti D/o om parkash R/o Village Kamam,Tehsil Nawanshahr, Distt. SBS Nagar. 15. Jasvir Kaur W/o Balvir Singh R/o Village Kamam, Tehsil Nawanshahr, Distt. SBS Nagar.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **30.07.2025** at 10:00 A.M.
For details logon to https://highcourtchd.gov.in/?mod=district_notice&district=sbsnagar
Dated, this day of 17-07-2025
**Sd/- Civil Judge (Jr. Divn.)**

**(U/o 5 Rule 20 CPC)**
**(Succession Case)**
**In the Court of Sh. Jagjeet Singh Addl. Civil Judge (Sr. Divn.), Patti**
CNR No. PBTTA0-000272-2025
Next Date: 28.07.2025
SUCC/4/2025
Gurinderjit Singh
Vs.
General Public
Notice to:General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **28.07.2025** at 10:00 A.M.
For details logon to https://highcourtchd.gov.in/?mod=district_notice&district=Tarn Taran
Dated, this day of 21-05-2025
**Sd/- Addl. Civil Judge (Sr. Divn.), Patti**

**(U/o 5 Rule 20 CPC)**
**In the Court of Ms. Monika Chouhan Addl. Civil Judge (Senior Divn.) Khadoor Sahib**
**Next Date, Purpose of Case , Orders and Judgments as well as other Case Information is available on http://districts.ecourts.gov.in**
CNR No. PBTTB0-000171-2025
Next Date: 06.08.2025
Rajwinder Kaur
Versus
General Public
Notice to : General Public : TarnTaran
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **06.08.2025** at 10:00 A.M.
For details logon to https://highcourtchd.gov.in/?trs=district_notice&district=Tarn Taran
Dated, this day of 21-06-2025
**Sd/- Addl. Civil Judge (Sr. Divn.), Khadoor Sahib.**

**Sessions Court, Amritsar**
**In the Court of Sh.Parinder Singh Addl. District & Sessions Judge Amritsar**
CNR No. PBAS01-007872-2024
Next Date: 29.07.2025
Harbir Singh .....Revisionist
Vs.
Paramjit Singh & others .....Respondent
Notice to Respondents:1. Paramjit Singh Assistant Officer Shri Darbar Sahib Amritsar 3. Jarnail Singh Pannu Driver of Vehicle bearing Registration No. PB-02-BV-8573 5. Tarsem Singh Capton Collection Clerk of Shri Darbar Sahib Amritsar
In above titled case the Respondents could not be served. It is ordered that Respondents should appear in person or through counsel on **29.07.2025** at 10:00 A.M.
For details logon to https://highcourtchd.gov.in/?trs=district_notice&district=amritsar
Given under my hand and the seal of the court, this 15-07-2025
**Sd/-Addl. Distt. & Sessions Judge Amritsar**

**(U/o 5 Rule 20 CPC)**
**In the Court of Ms. Monika Chouhan Addl. Civil Judge (Senior Divn.) Khadoor Sahib**
**Next Date, Purpose of Case , Orders and Judgments as well as other Case Information is available on http://districts.ecourts.gov.in**
CNR No. PBTTB0-000333-2024
Next Date: 01.08.2025
Harjinder Singh
Versus
Jora Singh
Notice to :Jora Singh Father: Karamjit Singh Vpo Sangarkot Teh. Khadur Sahib Distt. Tarn Taran
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **01.08.2025** at 10:00 A.M.
For details logon to https://highcourtchd.gov.in/?trs=district_notice&district=Tarn Taran
Dated, this day of 12-07-2025
**Sd/- Addl. Civil Judge (Senior Divn.) Khadoor Sahib**

**(U/o 5 Rule 20 CPC)**
**In the Court of Sh. Manpreet Sohi Civil Judge (Junior Divn.), Dasuya**
CNR No. PBHOA0-000843-2023
Next Date: 07.08.2025
Meena Rani w/o Mehnga Singh @ Satish Kumar S/o Kasturi Lal R/o Urmar PS Tanda Teh. Dasuya Distt. Hoshiarpur through Attorney Mehnga Ram@ Satish Kumar S/o Kasturi Lal R/o Urmar Ps Tanda Teh. Dasuya Distt.Hoshiarpur ...Plaintiff
Versus
Balvir Kaur D/o Joginder Singh S/o Hukam Singh R/o Near old Post office Gardhiwala Teh. Dasuya Distt.Hoshiarpur and others ...Defendants
**Suit for Possession.**
Notice to: 1) Balvir Kaur D/o Jogner Singh S/o Hukam Singh 2) Kulwant Singh S/o Joginder Singh 9) Saran Kaur wd/o Balwinder Singh R/o Near old Post office Gardiwala Teh. Dasuya Distt. Hoshiarpur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **07.08.2025** at 10:00 A.M.
For details logon to https://highcourtchd.gov.in/?mod=district_notice&district=Hoshiarpur
Dated, this day of 14-07-2025
**Sd/- Civil Judge (Junior Divn.) Dasuya**

**(U/o 5 Rule 20 CPC)**
**In the Court of Ms. Renu Goyal Civil Judge (Junior Divn.)-2, Fatehgarh Sahib**
CNR No. PBFG02-000307-2024
Next Date: 04.08.2025
State Bank of India
Versus
Balwinder Singh
Suit for Recovery
Notice to: Balwinder Singh S/o Karam Singh, R/o Village Fatehpur Jattan, Khewardar of Vill. Abdulapur, Teh. Bassi Pathana.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **04.08.2025** at 10:00 A.M.
For details logon to https://highcourtchd.gov.in/?mod=district_notice&district=fatehgarh sahib
Dated, this day of 15-07-2025
**Sd/- Civil Judge (Jr. Divn.)-2, Fatehgarh Sahib.**

**(U/o 5 Rule 20 CPC)**
**In the Court of Sh. Kuldeep Singh Civil Judge Jr. Div., Chandigarh**
CNR No. CHCH02-001692-2024
Next Date: 06.08.2025
Canara Bank
Vs.
Shalinder Singh
Notice to: 1. Shalinder Singh Father: Rakesh Trivedi, R/o H.No. 5549, Modern Housing Complex, Manimajra, Chandigarh, 2. Vikas Kumar (Er.), R/o H.No. 66-B, Shiva Enclave, Village Khanpur, Kharar, District Mohali, R/o H.No. 352, Sector 7, Panchkula, Haryana, 3. Sandeep Kapoor (Er.), R/o H.No. 352, Sector 7, Panchkula, Haryana, 4. AK Mishra (Er.) R/o H.No. 156, Jannat Enclave, Zirakpur, Mohali.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **06.08.2025** at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 16-07-2025
**Sd/- Civil Judge Jr. Div. Chandigarh.**

**(U/o 5 Rule 20 CPC)**
**In the Court of Sh. Sachin Yadav Addl. Civil Judge (Sr. Divn.) Chandigarh**
CNR No. CHCH02-001835-2022
Next Date: 08-08-2025
3 Gen Pharmaceuticals
Vs.
Madhur Medical Agency
Notice to: Madhur Medical Agency, Opposite ICICI Bank, Hamirpur Road, UNA, Himachal Pradesh through its Proprietor Mr. Virender Sharma.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **08.08.2025** at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 26-05-2025
**Sd/- Addl. Civil Judge (Sr. Divn.), Chandigarh.**

**(U/o 5 Rule 20 CPC)**
**In the Court of Ms. Chinu Sharma, Civil Judge Jr. Div., Chandigarh**
CNR No. CHCH02-000516-2023
Next Date: 22-07-2025
Deepak
Vs.
Raju
**Suit U/o 37 Rule 1 and 2**
Notice to: Raju Son: Nanaya, H.No. 2876, Sector 25 D, Chandigarh.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **22.07.2025** at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 16-07-2025
**Sd/- Civil Judge Jr. Divn., Chandigarh.**

[illegible]

## Change of Name

I Meenu Devi W/o Anil Nayyar, R/o House No. B-19/4, Dara Pur Colony, Hoshiarpur have changed my name from Meenu Devi to Meenu Nayyar.Concerned Note.

## ਬੀ.ਵੀ.ਐਨ. ਕਾਲਜ ਦੀਆਂ ਵਿਦਿਆਰਥਣਾਂ ਦੀ ਯੂਨੀਵਰਸਿਟੀ 'ਚੋਂ ਡਿਸਟਿੰਕਸ਼ਨ



ਫਤਿਹਗੜ੍ਹ ਚੂੜੀਆਂ, 17 ਜੁਲਾਈ (ਰਾਜਨ ਸ਼ਰਮਾ): ਫਤਿਹਗੜ੍ਹ ਚੂੜੀਆਂ ਦੇ ਬੀਵੀਐਨ ਕਾਲਜ ਦੇ ਪ੍ਰਿੰਸੀਪਲ ਰਾਗਨੀ ਮਹਾਜਨ ਨੇ ਗੱਲਬਾਤ ਦੌਰਾਨ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਗਏ ਬੀ ਸੀ ਏ, ਫਾਈਨਲ ਦੇ ਵਿੱਚੋਂ ਬੀਵੀਐਨ ਕਾਲਜ ਨੇ ਮੱਲਾਂ ਮਾਰੀਆਂ ਹਨ। ਕਾਲਜ ਦੇ ਪ੍ਰਿੰਸੀਪਲ ਰਾਗਨੀ ਮਹਾਜਨ ਨੇ ਦੱਸਿਆ ਕਿ ਕਾਲਜ ਦੀ ਵਿਦਿਆਰਥਣ ਸ਼ੁਭ ਪ੍ਰੀਤ ਕੌਰ 1850 ਅਤੇ ਹਰਮੀਤ ਕੌਰ 1840 ਨੰਬਰ ਲੈ ਕੇ ਡਿਸਟਿੰਕਸਨ ਲੈ ਕੇ ਵਿਸ਼ੇਸ਼ ਮੁਕਾਮ ਹਾਸਲ ਕੀਤਾ ਹੈ।ਮਨਜੀਤ ਕੌਰ 1758 ਤੇ ਨਿਮਰਭ ਪ੍ਰੀਤ ਕੌਰ 1741 ਨੰਬਰ ਲੈ ਕੇ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ। ਪ੍ਰਿੰਸੀਪਲ ਰਾਗਨੀ ਮਹਾਜਨ ਨੇ ਕਿਹਾ ਹੈ ਕਿ ਕਾਲਜ ਇਲਾਕੇ 'ਚ ਅਲੱਗ-ਅਲੱਗ ਇਤਿਹਾਸ ਰੱਚ ਰਿਹਾ ਹੈ ਤੇ ਇਹ ਸਫਲਤਾ ਕਾਲਜ ਦੇ ਲਈ ਵਿਦਿਆਰਥੀਆਂ ਤੇ ਮਾਪਿਆਂ ਲਈ ਤੇ ਇਲਾਕੇ ਲਈ ਮਾਣ ਵਾਲੀ ਗੱਲ ਹੈ। ਇਸ ਮੌਕੇ 'ਤੇ ਪ੍ਰਿੰਸੀਪਲ ਰਾਗਨੀ ਮਹਾਜਨ ਨੇ ਸਭ ਵਿਦਿਆਰਥੀਆਂ ਨੂੰ ਡਿਸਟਿੰਕਸਨ ਆਨ 'ਤੇ ਸਨਮਾਨਿਤ ਕੀਤਾ ਤੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ ਤੇ ਕਿਹਾ ਕਿ ਇਸੇ ਤਰ੍ਹਾਂ ਸਾਡਾ ਉਦੇਸ਼ ਹੈ ਕਿ ਹਰ ਵਿਦਿਆਰਥਣ ਉੱਚ ਪੱਧਰ 'ਤੇ ਸਿੱਖਿਆ ਪ੍ਰਾਪਤ ਕਰੇ ਤੇ ਆਪਣੇ ਮਕਸਦ ਨੂੰ ਹਾਸਲ ਕਰੇ। ਰਾਗਨੀ ਮਹਾਜਨ ਨੇ ਕਾਲਜ ਦੇ ਸਾਰੇ ਹੀ ਸਟਾਫ ਨੂੰ ਤੇ ਮਾਪਿਆਂ ਨੂੰ ਵਧਾਈ ਦਿੱਤੀ।

**ਜਨਤਕ ਸੂਚਨਾ**

**ਵੱਲੋਂ ਸ਼੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ (ਅਸਟੇਟ ਅਫ਼ਸਰ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ) ਯੂ.ਟੀ., ਚੰਡੀਗੜ੍ਹ**

ਵਿਸ਼ਾ:- ਵਪਾਰਕ ਸਟੀਲ ਸਾਈਟ 207, ਸੈਕਟਰ 29-ਡੀ, ਚੰਡੀਗੜ੍ਹ ਵਿੱਚ 50.00% ਹਿੱਸੇ ਦੀ ਹੱਦ ਤੱਕ ਮਾਲਕੀ ਦੇ ਤਬਾਦਲੇ ਸੰਬੰਧੀ, ਜੋ ਕਿ ਸੀ.ਆਰ. ਨੰ. 1587, ਕਿਤਾਬ ਨੰ. 1, ਭਾਗ ਨੰ., ਪੰਨਾ ਨੰ., ਮਿਤੀ 07/07/2005 'ਤੇ



ਰਜਿਸਟਰਡ ਵਿਕਰੀ ਡੀਡ ਦੇ ਆਧਾਰ 'ਤੇ ਹੈ।
ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀ/ਸ਼੍ਰੀਮਤੀ ਪ੍ਰਤਿਭਾ ਰੇਹਲਾਨਵਪਾਰਕ ਸਟੀਲ ਸਾਈਟ ਨੰ. 207, ਸੈਕਟਰ 29-ਡੀ, ਚੰਡੀਗੜ੍ਹ ਦੇ 50.00% ਹਿੱਸੇ ਦੀ ਹੱਦ ਤੱਕ ਮਾਲਕ/ਪੱਟੇਦਾਰ ਹਨ। ਸ਼੍ਰੀ/ਸ਼੍ਰੀਮਤੀ ਸੰਜੇ ਗਰਗ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਸ਼੍ਰੀ/ਸ਼੍ਰੀਮਤੀ ਪ੍ਰਤਿਭਾ ਰੇਹਲਾਨ ਜੀਪੀਏ/ਐਸਪੀਏ ਰਾਹੀਂ ਅਨੂਪ ਗਰਗ, ਉਪਰੋਕਤ ਜਾਇਦਾਦ ਦੇ ਮਾਲਕ ਨੇ 50.00% ਹਿੱਸੇ ਦੀ ਹੱਦ ਤੱਕ ਸੰਜੇ ਗਰਗ ਦੇ ਹੱਕ ਵਿੱਚ 07/07/2005 ਨੂੰ 50.00% ਹਿੱਸੇ ਦੀ ਹੱਦ ਤੱਕ ਵਿਕਰੀ ਡੀਡ ਕੀਤੀ ਸੀ ਅਤੇ ਇਸਦਾ ਵਿਰੋਧ ਸੀਨੀਅਰ ਨੰਬਰ 1587, ਕਿਤਾਬ ਨੰਬਰ 1, ਭਾਗ ਨੰ., ਪੰਨਾ ਨੰ.:., ਮਿਤੀ 07/07/2005 ਨੂੰ ਸਬ ਰਜਿਸਟਰਾਰ, ਯੂ.ਟੀ., ਚੰਡੀਗੜ੍ਹ ਦੇ ਦਫ਼ਤਰ ਵਿੱਚ ਕੀਤਾ ਗਿਆ ਹੈ। ਹੁਣ ਸੰਜੇ ਗਰਗ ਨੇ ਉਪਰੋਕਤ ਜਾਇਦਾਦ ਦੇ 50.00% ਹਿੱਸੇ ਨੂੰ ਆਪਣੇ/ਉਨ੍ਹਾਂ ਦੇ ਹੱਕ ਵਿੱਚ ਮਿਤੀ 07/07/2005 ਦੇ ਵਿਕਰੀ ਡੀਡ ਦੇ ਆਧਾਰ 'ਤੇ ਤਬਦੀਲ ਕਰਨ ਲਈ ਅਰਜ਼ੀ ਦਿੱਤੀ ਹੈ।
ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਪਰਿਵਰਤਨ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਹੇਠ ਹਸਤਾਖ਼ਰ ਕਰਨ ਵਾਲੇ ਦੇ ਦਫ਼ਤਰ ਵਿੱਚ ਲਿਖਤੀ ਰੂਪ ਵਿੱਚ (ਮੈਜਿਸਟਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫਨਾਮੇ ਨਾਲ ਸਮਰਥਤ) ਇਸਨੂੰ ਜਮ੍ਹਾਂ ਕਰਵਾ ਸਕਦੇ ਹਨ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਨੂੰ ਉਪਰੋਕਤ ਲਾਭਪਾਤਰੀਆਂ ਦੇ ਨਾਮ 'ਤੇ ਉਸੇ ਅਨੁਸਾਰ ਬਦਲ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

**ਰਾਜੀਵ ਤਿਵਾੜੀ,**
**ਸਹਾਇਕ ਅਸਟੇਟ ਅਫਸਰ, ਅਸਟੇਟ ਅਫਸਰ, ਯੂਟੀ, ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ**

**ਅਸਟੇਟ ਦਫ਼ਤਰ, ਯੂ.ਟੀ., ਚੰਡੀਗੜ੍ਹ**



**ਜਨਤਕ ਸੂਚਨਾ**
**ਵੱਲੋਂ ਸ਼੍ਰੀ ਰਾਜੀਵ ਤਿਵਾੜੀ,**
**ਸਹਾਇਕ ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ**

ਵਿਸ਼ਾ: ਵਪਾਰਕ ਐਸ.ਸੀ.ਓ. ਨੰਬਰ 1072-73, ਸੈਕਟਰ 22-ਬੀ ਚੰਡੀਗੜ੍ਹ (ਸੀ.ਪੀ.ਐਲ. 2995) ਦੇ ਸੰਬੰਧ ਵਿੱਚ ਲੀਜ਼ ਹੋਲਡ ਅਧਿਕਾਰਾਂ ਦਾ ਤਬਾਦਲਾ ਸਵਰਗੀ ਰਾਜਿੰਦਰ ਸਿੰਘ ਮਲਹੋਤਰਾ ਦੀ ਰਜਿਸਟਰਡ ਵਸੀਅਤ ਦੇ ਆਧਾਰ 'ਤੇ 25.00% ਹਿੱਸੇ ਦੀ ਹੱਦ ਤੱਕ।
ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀ/ਸ਼੍ਰੀਮਤੀ ਰਾਜਿੰਦਰ ਸਿੰਘ ਮਲਹੋਤਰਾ ਵਪਾਰਕ ਐਸ.ਸੀ.ਓ. ਨੰਬਰ 1072-73, ਸੈਕਟਰ 22-ਬੀ, ਚੰਡੀਗੜ੍ਹ ਦੇ 25.00% ਹਿੱਸੇ ਦੇ ਮਾਲਕ/ਪੱਟੇਦਾਰ ਹਨ।
ਮਨਦੀਪ ਸਿੰਘ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਸ਼੍ਰੀ/ਸ਼੍ਰੀਮਤੀ। ਰਾਜਿੰਦਰ ਸਿੰਘ ਮਲਹੋਤਰਾ ਦੀ ਮੌਤ 03/10/2022 ਨੂੰ ਹੋ ਗਈ ਸੀ ਅਤੇ ਉਸਨੇ/ਉਨ੍ਹਾਂ ਨੇ ਮ੍ਰਿਤਕ ਮਾਲਕ/ਪੱਟੇਦਾਰ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਵੀ ਸੂਚਿਤ ਕੀਤਾ ਹੈ:-

| ਲ. ਨੰ. | ਕਾਨੂੰਨੀ ਵਾਰਸ ਦਾ ਨਾਮ | ਮ੍ਰਿਤਕ ਨਾਲ ਸਬੰਧ |
|---|---|---|
| 1. | ਮਨਦੀਪ ਸਿੰਘ | ਪੁੱਤਰ |
| 2. | ਉਪਿੰਦਰ ਕੌਰ | ਪਤਨੀ |
| 3. | ਗੁੰਜਨ ਬਿੰਦਰਾ | ਪੁੱਤਰੀ |

ਹੁਣ, ਮਨਦੀਪ ਸਿੰਘ ਨੇ 25/03/2021 ਦੀ ਰਜਿਸਟਰਡ ਵਸੀਅਤ ਦੇ ਆਧਾਰ 'ਤੇ, ਸਵ. ਰਾਜਿੰਦਰ ਸਿੰਘ ਮਲਹੋਤਰਾ ਦੁਆਰਾ ਆਪਣੇ/ਆਪਣੇ/ਆਪਣੇ ਹੱਕ ਵਿੱਚ ਰੱਖੇ ਗਏ 25.00% ਹਿੱਸੇ ਦੀ ਹੱਦ ਤੱਕ ਕਮਰਸ਼ੀਅਲ ਐਸਸੀਓ ਨੰਬਰ 1072-73, ਸੈਕਟਰ 22-ਬੀ, ਚੰਡੀਗੜ੍ਹ ਦੇ ਸੰਬੰਧ ਵਿੱਚ ਲੀਜ਼ ਅਧਿਕਾਰਾਂ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਕੋਲ ਮ੍ਰਿਤਕ ਦੇ ਉਪਰੋਕਤ ਦੱਸੇ ਗਏ ਤੋਂ ਇਲਾਵਾ ਕਿਸੇ ਹੋਰ ਕਾਨੂੰਨੀ ਵਾਰਸ (ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ, ਤਾਂ ਇਸਦੀ ਸੂਚਨਾ ਤੁਰੰਤ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਨੂੰ ਦਿੱਤੀ ਜਾ ਸਕਦੀ ਹੈ।
ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਹੇਠ ਹਸਤਾਖਰ ਕੀਤੇ ਵਿਅਕਤੀ ਦੇ ਦਫ਼ਤਰ ਵਿੱਚ ਲਿਖਤੀ ਰੂਪ ਵਿੱਚ (ਮੈਜਿਸਟ੍ਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫਨਾਮੇ ਨਾਲ ਸਮਰਥਤ) ਇਸਨੂੰ ਜਮ੍ਹਾਂ ਕਰਵਾ ਸਕਦੇ ਹਨ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸਾ ਉਪਰੋਕਤ ਲਾਭਪਾਤਰੀਆਂ ਦੇ ਨਾਮ 'ਤੇ ਇੰਤਕਾਲ ਕੀਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

**ਰਾਜੀਵ ਤਿਵਾੜੀ,**
**ਸਹਾਇਕ ਅਸਟੇਟ ਅਫਸਰ, ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ**

**ਜਨਤਕ ਸੂਚਨਾ**

**ਵੱਲੋਂ ਸ਼੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ (ਅਸਟੇਟ ਅਫ਼ਸਰ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ) ਯੂ.ਟੀ., ਚੰਡੀਗੜ੍ਹ**

ਵਿਸ਼ਾ: ਸੀਨੀਅਰ ਨੰ. 1588, ਕਿਤਾਬ ਨੰ. 1, ਭਾਗ ਨੰ., ਪੰਨਾ ਨੰ., ਮਿਤੀ 07/07/2005 'ਤੇ ਰਜਿਸਟਰਡ ਵਿਕਰੀ ਡੀਡ ਦੇ ਆਧਾਰ 'ਤੇ ਸਤਿਕਾਰ ਵਪਾਰਕ ਸਟੀਲ ਸਾਈਟ 207, ਸੈਕਟਰ 29-ਡੀ, ਚੰਡੀਗੜ੍ਹ ਵਿੱਚ 25.00% ਹਿੱਸੇ ਦੀ ਹੱਦ ਤੱਕ ਮਾਲਕੀ ਦਾ ਤਬਾਦਲਾ।



ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀ/ਸ਼੍ਰੀਮਤੀ ਪ੍ਰਤਿਭਾ ਰੇਹਲਾਨ, ਵਪਾਰਕ ਸਟੀਲ ਸਾਈਟ ਨੰ. 207, ਸੈਕਟਰ 29-ਡੀ, ਚੰਡੀਗੜ੍ਹ ਦੇ 25.00% ਹਿੱਸੇ ਦੀ ਹੱਦ ਤੱਕ ਮਾਲਕ/ਪੱਟੇਦਾਰ ਹਨ।
ਸ਼੍ਰੀਮਤੀ/ਸ਼੍ਰੀਮਤੀ ਦੁਆਰਾ ਇਹ ਸੂਚਿਤ ਕੀਤਾ ਗਿਆ ਹੈ। ਜਸਪ੍ਰੀਤ ਸਿੰਘ ਨੂੰ ਕਿ ਸ਼੍ਰੀ/ਸ਼੍ਰੀਮਤੀ ਪ੍ਰਤਿਭਾ ਰੇਹਲਾਨ ਜੀਪੀਏ/ਐਸਪੀਏ ਰਾਹੀਂ ਅਨੂਪ ਗਰਗ ਰਾਹੀਂ ਉਪਰੋਕਤ ਜਾਇਦਾਦ ਦੇ 25.00% ਹਿੱਸੇ ਦੇ ਮਾਲਕ ਨੇ 07/07/2005 ਨੂੰ ਜਸਪ੍ਰੀਤ ਸਿੰਘ ਦੇ ਹੱਕ ਵਿੱਚ 25.00% ਹਿੱਸੇ ਦੀ ਹੱਦ ਤੱਕ ਵਿਕਰੀ ਡੀਡ ਕੀਤੀ ਸੀ ਅਤੇ ਇਸਦਾ ਵਿਰੋਧ ਸੀਨੀਅਰ ਨੰਬਰ 1588, ਕਿਤਾਬ ਨੰਬਰ 1, ਭਾਗ ਨੰ. ਪੰਨਾ ਨੰ., ਮਿਤੀ 07/07/2005 ਨੂੰ ਸਬ ਰਜਿਸਟਰਾਰ, ਯੂ.ਟੀ., ਚੰਡੀਗੜ੍ਹ ਦੇ ਦਫ਼ਤਰ ਵਿੱਚ ਕੀਤਾ ਗਿਆ ਹੈ। ਹੁਣ ਜਸਪ੍ਰੀਤ ਸਿੰਘ ਨੇ ਮਿਤੀ 07/07/2005 ਦੀ ਵਿਕਰੀ ਡੀਡ ਦੇ ਆਧਾਰ 'ਤੇ ਉਪਰੋਕਤ ਜਾਇਦਾਦ ਦੇ 25.00% ਹਿੱਸੇ ਨੂੰ ਆਪਣੇ/ਆਪਣੇ ਹੱਕ ਵਿੱਚ ਤਬਦੀਲ ਕਰਨ ਲਈ ਅਰਜ਼ੀ ਦਿੱਤੀ ਹੈ।
ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ (ਮੈਜਿਸਟਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫਨਾਮੇ ਨਾਲ ਸਮਰਥਤ) ਹੇਠ ਹਸਤਾਖਰ ਕੀਤੇ ਵਿਅਕਤੀ ਦੇ ਦਫ਼ਤਰ ਵਿੱਚ ਜਮ੍ਹਾਂ ਕਰਵਾ ਸਕਦੇ ਹਨ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦਾ ਇੰਤਕਾਲ ਉਪਰੋਕਤ ਲਾਭਪਾਤਰੀਆਂ ਦੇ ਨਾਮ 'ਤੇ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

**ਰਾਜੀਵ ਤਿਵਾੜੀ,**
**ਸਹਾਇਕ ਅਸਟੇਟ ਅਫ਼ਸਰ, ਅਸਟੇਟ ਅਫ਼ਸਰ, ਯੂਟੀ, ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ**

**ਅਸਟੇਟ ਦਫ਼ਤਰ, ਯੂ.ਟੀ., ਚੰਡੀਗੜ੍ਹ**

**ਜਨਤਕ ਸੂਚਨਾ**
**ਵੱਲੋਂ ਸ਼੍ਰੀ ਰਾਜੀਵ ਤਿਵਾੜੀ,**
**ਸਹਾਇਕ ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ**



ਵਿਸ਼ਾ:: ਵਪਾਰਕ ਬੂਥ ਨੰਬਰ 151, ਸੈਕਟਰ 19-ਸੀ, ਚੰਡੀਗੜ੍ਹ (RBL 699) ਦੇ ਸੰਬੰਧ ਵਿੱਚ ਲੀਜ਼ ਹੋਲਡ ਅਧਿਕਾਰਾਂ ਦਾ ਤਬਾਦਲਾ ਸਵਰਗੀ ਦਿਲਬਾਗ ਕੁਮਾਰ ਦੀ ਅਣ-ਰਜਿਸਟਰਡ ਵਸੀਅਤ ਦੇ ਆਧਾਰ 'ਤੇ 100.00% ਹਿੱਸੇ ਦੀ ਹੱਦ ਤੱਕ।
ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀ/ਸ਼੍ਰੀਮਤੀ ਦਿਲਬਾਗ ਕੁਮਾਰ ਵਪਾਰਕ ਬੂਥ ਨੰਬਰ 151, ਸੈਕਟਰ 19-ਸੀ, ਚੰਡੀਗੜ੍ਹ ਦੇ 100.00% ਹਿੱਸੇ ਦੀ ਹੱਦ ਤੱਕ ਮਾਲਕ/ਪੱਟੇਦਾਰ ਹਨ।
ਕਮਲੇਸ਼ ਜੈਨ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਸ਼੍ਰੀ/ਸ਼੍ਰੀਮਤੀ। ਦਿਲਬਾਗ ਕੁਮਾਰ ਦੀ ਮੌਤ 04/02/2013 ਨੂੰ ਹੋ ਗਈ ਸੀ ਅਤੇ ਉਸਨੇ/ਉਨ੍ਹਾਂ ਨੇ ਮ੍ਰਿਤਕ ਮਾਲਕ/ਪੱਟੇਦਾਰ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਵੀ ਸੂਚਿਤ ਕੀਤਾ ਹੈ:-
**ਕਾਨੂੰਨੀ ਵਾਰਸ ਦਾ ਨਾਮ- ਮ੍ਰਿਤਕ ਨਾਲ ਸਬੰਧ : 1. ਪੁਸ਼ਮਿੰਦਰ ਕੁਮਾਰ ਜੈਨ - ਪੁੱਤਰ 2. ਸਵਿਤਾ- ਪੁੱਤਰੀ 3. ਕਮਲੇਸ਼ ਜੈਨ - ਪਤਨੀ 4. ਬਬੀਤਾ- ਪੁੱਤਰੀ 5. ਨਰਿੰਦਰ ਕੁਮਾਰ ਜੈਨ-ਪੁੱਤਰ**
ਹੁਣ, ਕਮਲੇਸ਼ ਜੈਨ ਨੇ ਵਪਾਰਕ ਬੂਥ ਨੰਬਰ 151, ਸੈਕਟਰ 19-ਸੀ, ਚੰਡੀਗੜ੍ਹ ਦੇ ਸੰਬੰਧ ਵਿੱਚ ਲੀਜ਼ ਅਧਿਕਾਰਾਂ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ/ਦੇ ਦਿੱਤੀ ਹੈ, ਜੋ ਕਿ ਸਵਰਗੀ ਦਿਲਬਾਗ ਕੁਮਾਰ ਦੁਆਰਾ ਆਪਣੇ/ਉਨ੍ਹਾਂ ਦੇ ਹੱਕ ਵਿੱਚ 24/12/2011 ਦੀ ਅਣ-ਰਜਿਸਟਰਡ ਵਸੀਅਤ ਦੇ ਆਧਾਰ 'ਤੇ 100.00% ਸ਼ੇਅਰ ਦੀ ਹੱਦ ਹੈ। ਜੇਕਰ ਕਿਸੇ ਕੋਲ ਮ੍ਰਿਤਕ ਦੇ ਉਪਰੋਕਤ ਦੱਸੇ ਗਏ ਤੋਂ ਇਲਾਵਾ ਕਿਸੇ ਹੋਰ ਕਾਨੂੰਨੀ ਵਾਰਸ (ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ ਤਾਂ ਉਹ ਤੁਰੰਤ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਨੂੰ ਸੂਚਿਤ ਕਰ ਸਕਦਾ ਹੈ।
ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਹੇਠ ਹਸਤਾਖਰ ਕੀਤੇ ਵਿਅਕਤੀ ਦੇ ਦਫ਼ਤਰ ਵਿੱਚ ਲਿਖਤੀ ਰੂਪ ਵਿੱਚ (ਮੈਜਿਸਟ੍ਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫਨਾਮੇ ਨਾਲ ਸਮਰਥਤ) ਇਸਨੂੰ ਜਮ੍ਹਾਂ ਕਰਵਾ ਸਕਦਾ ਹੈ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦਾ ਇੰਤਕਾਲ ਉਪਰੋਕਤ ਲਾਭਪਾਤਰੀਆਂ ਦੇ ਨਾਮ 'ਤੇ ਕੀਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

**ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫਸਰ, ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ**

## 'ਆਪ' ਦੀ 10 ਲੱਖ ਤੱਕ ਮੁਫਤ ਇਲਾਜ ਯੋਜਨਾ ਲੋਕਾਂ ਲਈ ਹੋਵੇਗੀ ਲਾਹੇਵੰਦ : ਸਾਬਾ ਭੱਟੀ

ਧਾਰੀਵਾਲ, 17 ਜੁਲਾਈ (ਅਸ਼ੋਕ ਕੁਮਾਰ): ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ ਸਾਰੇ ਵਰਗਾਂ ਦੇ ਲੋਕਾਂ ਲਈ 10 ਲੱਖ ਰੁਪਏ ਦੀ ਇਲਾਜ ਯੋਜਨਾ ਪੰਜਾਬ ਦੇ ਲੋਕਾਂ ਲਈ ਬੇਹੱਦ ਲਾਹੇਵੰਦ ਹੋਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਜਨਰਲ ਸਕੱਤਰ ਘੱਟ ਗਿਣਤੀ ਵਿੰਗ ਸਾਬਾ ਭੱਟੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਲੋਕਾਂ ਦੀ ਸਰਕਾਰ ਹੈ ਤੇ ਲੋਕਾਂ ਲਈ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਯੋਜਨਾ ਦੇਸ਼ ਦੀ ਸਭ ਤੋਂ ਵੱਡੀ ਯੋਜਨਾ ਹੈ, ਉਨ੍ਹਾਂ ਕਿਹਾ ਕਿ ਇਸ ਸਕੀਮ ਨਾਲ ਪੰਜਾਬ ਦੇ ਲੱਖਾਂ ਪਰਿਵਾਰਾਂ ਦਾ ਕੈਸ਼ਲੈੱਸ ਬੀਮਾ ਕੀਤਾ ਜਾਵੇਗਾ ਤੇ ਸਰਕਾਰੀ ਤੇ ਨਿੱਜੀ ਹਸਪਤਾਲਾਂ 'ਚ ਹਰ ਬਿਮਾਰੀ ਦਾ ਮੁਫਤ ਇਲਾਜ ਹੋਵੇਗਾ। ਸਾਬਾ ਭੱਟੀ ਨੇ ਵੱਖ-ਵੱਖ ਪਿੰਡਾਂ ਤੋਂ ਆਏ ਲੋਕਾਂ ਨਾਲ ਮੀਟਿੰਗ ਕਰਕੇ ਹੋਰ ਵੀ ਆਮ ਆਦਮੀ ਪਾਰਟੀ ਵੱਲੋਂ ਦਿੱਤੀਆਂ ਸਹੂਲਤਾਂ ਨੂੰ ਘਰ ਘਰ ਤੱਕ ਪਹੁੰਚਾਇਆ ਤੇ 'ਆਪ' ਨੂੰ ਮਜ਼ਬੂਤ ਕਰਨ ਲਈ ਬਹੁਤ ਜਲਦ ਯੂਥ ਦੇ ਵਿੰਗ ਤਿਆਰ ਕਰਕੇ ਪਿੰਡ-ਪਿੰਡ ਪਾਰਟੀ ਨੂੰ ਮਜ਼ਬੂਤ ਕੀਤਾ ਜਾਵੇਗਾ।



## ਮੁੱਖਦੇਵ ਸਿੰਘ ਆਲੋਵਾਲ 'ਆਪ' ਗੁਰਦਾਸਪੁਰ ਦੇ ਮੀਡੀਆ ਇੰਚਾਰਜ ਨਿਯੁਕਤ

ਗੁਰਦਾਸਪੁਰ, 17 ਜੁਲਾਈ (ਜਸਵਿੰਦਰ ਸਿੰਘ): ਮੁੱਖਦੇਵ ਸਿੰਘ ਆਲੋਵਾਲ ਨੂੰ 'ਆਪ' ਵੱਲੋਂ ਗੁਰਦਾਸਪੁਰ ਜ਼ਿਲ੍ਹੇ ਦਾ ਮੀਡੀਆ ਇੰਚਾਰਜ ਨਿਯੁਕਤ ਕਰਨ ਤੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੈਂ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ, ਪੰਜਾਬ ਪ੍ਰਭਾਰੀ ਮੁਨੀਸ਼ ਸਿਸੋਦੀਆ, ਮੁੱਖ ਮੰਤਰੀ ਪੰਜਾਬ ਭਗਵੰਤ ਮਾਨ, ਪਾਰਟੀ ਪ੍ਰਧਾਨ ਅਮਨ ਅਰੋੜਾ, ਵਰਕਿੰਗ ਪ੍ਰਧਾਨ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ, ਲੋਕ ਸਭਾ ਗੁਰਦਾਸਪੁਰ ਦੇ ਇੰਚਾਰਜ ਸ਼ਰਮਾ, ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ ਤੇ ਸਮੁੱਚੀ ਜ਼ਿਲ੍ਹਾ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਤੇ ਵਿਸ਼ਵਾਸ ਦਿਵਾਉਂਦਾ ਹਾਂ ਕਿ ਦਿੱਤੀ ਗਈ ਨਵੀਂ ਜਿੰਮੇਵਾਰੀ ਨੂੰ ਤਨ ਮਨ ਨਾਲ ਨਿਭਾਵਾਂਗਾ।

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛਪੇ ਲੇਖ ਜਾਂ ਖ਼ਬਰਾਂ ਦੇ ਆਪਣੇ ਵਿਚਾਰ ਹਨ। ਇਨ੍ਹਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਦੀ ਜ਼ਿੰਮੇਵਾਰੀ ਅਦਾਰਾ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਜਾਂਚ ਕਰ ਲੈਣ। -ਇਸ਼ਤਿਹਾਰ ਮੈਨੇਜਰ

## ਉੱਤਰ ਰੇਲਵੇ

### ਖੁੱਲ੍ਹੀ ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ-ਤਾਲਮੇਲ/ਅੰਬਾਲਾ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ ਨਿਵਿਦਾ ਦੇ ਮਾਧਿਅਮ ਨਾਲ ਇਛੁਕ ਠੇਕੇਦਾਰਾਂ ਤੋਂ ਹੇਠਾਂ ਲਿਖਤ ਕੰਮਾਂ ਲਈ ਖੁੱਲ੍ਹੀਆਂ ਨਿਵਿਦਾਵਾਂ ਦੀ ਮੰਗ ਕੀਤੀ ਜਾਂਦੀ ਹੈ ਜੋ ਕਿ ਉਨ੍ਹਾਂ ਕੰਮਾਂ ਦੇ ਸਾਹਮਣੇ ਦਿਤੀ ਗਈ ਮਿਤੀ ਨੂੰ 15.00 ਵਜੇ ਖੁੱਲ੍ਹੇ ਰਹਿਣਗੇ ਅਤੇ ਉਸ ਦੇ ਬਾਅਦ ਖੋਹਲੇ ਜਾਣਗੇ।

| ਲ.ਨੰ. | ਕੰਮ ਦਾ ਨਾਮ | ਅੰਦਾਜਨ ਲਾਗਤ (₹) | ਅਗਾਊਂ ਰਾਸ਼ੀ (₹) | ਕੰਮ ਸਮਾਪਤੀ ਦਾ ਸਮਾਂ | ਨਿਵਿਦਾ ਖੁਲਣ ਦੀ ਮਿਤੀ |
|---|---|---|---|---|---|
| 1. | ਖਮਨੋਨ ਗੁਡਸ ਸ਼ੈਡ ਦਾ ਅਪਗ੍ਰੇਡੇਸ਼ਨ | ₹81,69,623/- | ₹1,63,400/- | 06 ਮਹੀਨੇ | 08.08.2025 |
| 2. | ਬੱਸੀਪਠਾਨ ਗੁਡਸ ਸ਼ੈਡ ਦਾ ਅਪਗ੍ਰੇਡੇਸ਼ਨ | ₹72,19,463/- | ₹1,44,400/- | 06 ਮਹੀਨੇ | 08.08.2025 |
| 3. | ਏਡੀਈਐਨ/ਐਸਆਈਆਰ ਦੇ ਤਹਿਤ ਐਸਐਸਈ/ਡਬਲਯੂ/ਐਸਆਈਆਰ ਅਤੇ ਐਨਐਲਡੀਐਮ ਅਨੁਭਾਗ ਵਿਚ ਪੁਲਾਂ ਦੀ ਵਖ-ਵਖ ਮੁਰੰਮਤ ਅਤੇ ਵਖ-ਵਖ ਐਲਐਚਐਸ ਦੀ ਪਾਣੀ ਨਿਕਾਸੀ। | ₹45,68,448/- | ₹91,400/- | 06 ਮਹੀਨੇ | 08.08.2025 |
| 4. | ਏਡੀਈਐਨ/ਪੀਟੀਏ ਦੇ ਤਹਿਤ ਐਸਐਸਈ (ਡਬਲਯੂ) ਐਸਏਜੀ ਦੇ ਅਨੁਭਾਗ ਵਿਚ ਜੋਨ ਨੰਬਰ 3 ਦੇ ਤਹਿਤ ਡੀਯੂਆਈ (ਛੱਡ ਕੇ) ਤੋਂ ਜੇਐਚਐਲ (ਛੱਡ ਕੇ) ਅਤੇ ਜੋਨ ਨੰਬਰ 4 ਦੇ ਤਹਿਤ ਜੇਐਚਐਲ (ਛੱਡ ਕੇ) ਤੋਂ ਐਚਐਸਆਰ (ਛੱਡ ਕੇ) ਦੇ ਤਹਿਤ 30.06.2025 ਨੂੰ ਸਮਾਪਤ ਹੋਣ ਵਾਲੇ ਸਮੇਂ ਦੇ ਲਈ ਸਟਾਫ ਕਵਾਟਰ ਅਤੇ ਸੇਵਾ ਭਵਨਾਂ ਦੀ ਸਲਾਨਾ ਮੁਰੰਮਤ, ਸਫੇਦੀ ਅਤੇ ਪੇਂਟਿੰਗ। | ₹79,99,994/- | ₹1,60,000/- | 10 ਮਹੀਨੇ | 08.08.2025 |
| 5. | ਸੀਨੀਅਰ ਏਡੀਈਐਨ/ਯੂਐਮਬੀ ਦੇ ਤਹਿਤ 4 ਨਵੇਂ ਡਾਕਟਰਸ ਚੈਂਬਰ, ਇਕ ਡਾਰਕ ਰੂਮ ਅਤੇ 3 ਕੇਬਿਨ ਉਪਲਬਧ ਕਰਾ ਕੇ ਓਪੀਡੀ ਦਾ ਵਿਸਤਾਰ ਕਰਕੇ ਮੰਡਲ ਰੇਲਵੇ ਹਸਪਤਾਲ ਦਾ ਅਪਗ੍ਰੇਡੇਸ਼ਨ ਅਤੇ ਹੋਰ ਸਬੰਧਿਤ ਕੰਮ। | ₹1,28,56,133/- | ₹2,14,300/- | 06 ਮਹੀਨੇ | 08.08.2025 |

**ਨੋਟ:** 1) ਠੇਕੇਦਾਰ ਨੂੰ ਸ਼ਰਤਾਂ ਦੇ ਅਨੁਸਾਰ ਟੈਂਡਰ ਯੋਗਤਾ ਪੂਰੀ ਕਰਨ ਲਈ ਸਾਰੇ ਜਰੂਰੀ ਸਬੰਧਤ ਡਾਕੂਮੈਂਟਾਂ ਦੀ ਸਕੈਨਿੰਗ ਕਾਪੀ ਨੂੰ ਰੇਲਵੇ ਵੈਬਸਾਈਟ IREPS ਤੇ ਅਪਲੋਡ ਕਰਨੀ ਜਰੂਰੀ ਹੈ। 2) ਅਗਾਊਂ ਰਾਸ਼ੀ ਆਨ ਲਾਈਨ ਪੇਮੈਂਟ ਨੈਟ ਬੈਕਿੰਗ/ਗੇਟਵੇ ਪੇਮੈਂਟ ਦੇ ਦੁਆਰਾ ਹੀ ਸਵੀਕਾਰ ਹੋਣਗੇ। 3) ਟੈਂਡਰ ਦੀ ਵਿਸਤ੍ਰਿਤ ਜਾਣਕਾਰੀ ਲਈ ਰੇਲਵੇ ਵੈਬਸਾਈਟ www.ireps.gov.in ਤੇ ਲਾਗ ਆਨ ਕਰੋ। 4) ਠੇਕੇਦਾਰ ਨੂੰ ਈ-ਟੈਂਡਰ ਵਿਚ ਭਾਗੀਦਾਰੀ ਲਈ (ਕਲਾਸ-III) ਡਿਜੀਟਲ ਸਿਗਨੇਚਰ ਸਰਟੀਫਿਕੇਟ ਦੁਆਰਾ ਲਾਗ-ਆਨ ਕਰਨਾ ਹੋਵੇਗਾ। 5. ਜੀ.ਐਸ.ਟੀ. ਐਕਟ 2017 ਦੇ ਅਨੁਸਾਰ ਲਾਗੂ ਹੋਵੇਗਾ।
**ਖੁੱਲ੍ਹੀ ਨਿਵਿਦਾ ਨੰਬਰ-18-ਅੰਬਾਲਾ/2025-26 ਮਿਤੀ 16.07.2025** 2157/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਬੈਂਕ ਆਫ ਬੜੌਦਾ Bank of Baroda

ਮਾਈ ਹੀਰਾਂ ਗੇਟ ਸ਼ਾਖਾ :
ਸਰਕੁਲਰ ਰੋਡ, ਮਾਈ ਹੀਰਾਂ ਗੇਟ ਜਲੰਧਰ-144008 (ਪੰਜਾਬ)
ਫੋਨ : 0181-5030541, 42, 49, ਈਮੇਲ : juljul@bankofbaroda.com

### ਦੇਖੋ ਨਿਯਮ 8 (1) ਕਬਜ਼ਾ ਸੂਚਨਾ (ਅਚੱਲ ਸੰਪੱਤੀਆਂ ਦੇ ਲਈ)

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਬੈਂਕ ਆਫ ਬੜੌਦਾ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ (ਦੂਜਾ) ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (2) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਨਿਮਨਲਿਖਤ ਕਰਜ਼ਦਾਰਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ **ਮੰਗ ਸੂਚਨਾ** ਜਾਰੀ ਕੀਤੀਆਂ ਸਨ।
ਕਰਜ਼ਦਾਰ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਹਰੇਕ ਖਾਤੇ ਅਧੀਨ ਦਰਸਾਈਆਂ ਮਿਤੀਆਂ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਕੋਈ ਵੀ ਸੌਦੇਬਾਜ਼ੀ ਉਨ੍ਹਾਂ ਦੇ ਨਾਵਾਂ ਅਧੀਨ ਦਰਸਾਈ ਰਕਮ ਅਤੇ ਵਿਆਜ ਦੇ ਲਈ **ਬੈਂਕ ਆਫ ਬੜੌਦਾ, ਮਾਈ ਹੀਰਾਂ ਗੇਟ ਜਲੰਧਰ ਸ਼ਾਖਾ** ਦੇ ਚਾਰਜ ਨਾਲ ਸੰਬੰਧਤ ਹੋਵੇਗੀ।
***ਕਰਜ਼ਦਾਰ/ਜ਼ਾਮਨ (ਾਂ) ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।***

| ਕਰਜ਼ਦਾਰ /ਜ਼ਾਮਨ ਦਾ ਨਾਮ | ਅਚੱਲ ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਮੰਗ ਸੂਚਨਾ ਅਨੁਸਾਰ ਰਕਮ |
|---|---|---|---|---|
| ਸ਼੍ਰੀ ਅਮਰਜੀਤ ਸਹਿਗਲ ਪੁੱਤਰ ਸ਼੍ਰੀ ਜਸਵੰਤ ਰਾਏ ਸਹਿਗਲ (ਮ੍ਰਿਤਕ) ਆਪਣੇ ਕਾਨੂੰਨੀ ਵਾਰਸਾਂ ਰਾਹੀਂ ਹੇਠ ਲਿਖੇ ਅਨੁਸਾਰ ਹਨ: ਸ਼੍ਰੀਮਤੀ ਅਨੀਤਾ ਰਾਣੀ ਪਤਨੀ ਸ਼੍ਰੀ ਅਮਰਜੀਤ ਸਿੰਘ ਸਹਿਗਲ (ਪਤਨੀ), ਸ਼੍ਰੀ ਵਿਕਾਸ ਸਹਿਗਲ ਪੁੱਤਰ ਸ਼੍ਰੀ ਅਮਰਜੀਤ ਸਹਿਗਲ (ਪੁੱਤਰ), ਸ਼੍ਰੀ ਵਿੱਕੀ ਸਹਿਗਲ ਪੁੱਤਰ ਸ਼੍ਰੀ ਅਮਰਜੀਤ ਸਹਿਗਲ (ਪੁੱਤਰ), ਸ਼੍ਰੀ ਵਿੱਕੀ ਸਹਿਗਲ ਪੁੱਤਰ ਸ਼੍ਰੀ ਅਮਰਜੀਤ ਸਹਿਗਲ (ਪੁੱਤਰ), ਸ਼੍ਰੀ ਵਿਸ਼ਾਲ ਸਹਿਗਲ ਪੁੱਤਰ ਸ਼੍ਰੀ ਅਮਰਜੀਤ ਸਹਿਗਲ (ਪੁੱਤਰ), ਪਤਾ ਰਿਹਾਇਸ਼ ਮਕਾਨ ਨੰਬਰ ਈਡੀ-248, ਧਨ ਮੁਹੱਲਾ, ਜਲੰਧਰ। | ਰਿਹਾਇਸ਼ ਮਕਾਨ ਨੰਬਰ ਈਡੀ-248, ਧਨ ਮੁਹੱਲਾ, ਜਲੰਧਰ ਵਿਖੇ ਸਥਿਤ 3 ਮਰਲੇ 51 ਵਰਗ ਫੁੱਟ ਦੀ ਰਿਹਾਇਸ਼ੀ ਜਾਇਦਾਦ ਦਾ ਬਰਾਬਰ ਗਿਰਵੀਨਾਮਾ। ਸੇਲ ਡੀਡ ਨੰਬਰ 6203 ਮਿਤੀ 12.08.1996 ਰਾਹੀਂ ਰਜਿਸਟਰਡ, ਸ਼੍ਰੀ ਅਮਰਜੀਤ ਸਹਿਗਲ ਪੁੱਤਰ ਜਸਵੰਤ ਰਾਏ ਸਹਿਗਲ ਦੇ ਨਾਮ 'ਤੇ। ਹੇਠ ਲਿਖੇ ਅਨੁਸਾਰ ਘੇਰਿਆ ਗਿਆ: ਪੂਰਬ: ਘਰ ਦਾ ਬਾਕੀ ਹਿੱਸਾ, ਪੱਛਮ: ਗਲੀ, ਉੱਤਰ: ਗਲੀ, ਦੱਖਣ: ਸਤਪਾਲ। | 06.11.2024 | 16.07.2025 | 04.11.2024 ਨੂੰ 10,03,013.89 ਰੁਪਏ (31.10.2024 ਤੱਕ ਵਿਆਜ ਸਮੇਤ) ਠੇਕੇ ਦੀ ਦਰ 'ਤੇ ਹੋਰ ਵਿਆਜ ਦੇ ਨਾਲ ਨਾਲ ਅੰਤਿਮ ਭੁਗਤਾਨ ਦੀ ਮਿਤੀ ਤੱਕ ਲਾਗਤਾਂ, ਖਰਚੇ ਅਤੇ ਖਰਚੇ। |

ਮਿਤੀ : 17.07.2025 ਸਥਾਨ : ਜਲੰਧਰ ਅਧਿਕਾਰਤ ਅਧਿਕਾਰੀ

## ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ

GRIHUM HOUSING FINANCE Apna Ghar. Apni Pehchan.
(ਸਾਬਕਾ ਤੌਰ 'ਤੇ ਪੂਨਾਵਾਲਾ ਹਾਊਸਿੰਗ ਫਾਇਨਾਂਸ ਲਿਮਟਿਡ ਤੋਂ ਜਾਣੂੰ)
ਪੰਜੀਕ੍ਰਿਤ ਦਫ਼ਤਰ : 6ਵੀਂ ਮੰਜ਼ਿਲ, ਬੀ-ਬਿਲਡਿੰਗ, ਗੰਗਾ ਟਰੂਨੋ ਬਿਜ਼ਨਸ ਪਾਰਕ, ਲੋਹੇਗਾਓਂ, ਪੁਣੇ-411014

**ਸਰਫਾਇਸੀ ਐਕਟ, 2002 ਦੀ ਧਾਰਾ 13 (2) ਦੇ ਅਧੀਨ ਮੰਗ ਸੂਚਨਾ**

ਤੁਸੀਂ ਨਿਮਨ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਜ਼ਾਮਨਾਂ ਨੇ **ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ** (ਸਾਬਕਾ ਤੌਰ 'ਤੇ ਪੂਨਾਵਾਲਾ ਹਾਊਸਿੰਗ ਫਾਇਨਾਂਸ ਲਿਮਟਿਡ ਤੋਂ ਜਾਣੂੰ ਜਿਵੇਂ ਕਿ 17 ਨਵੰਬਰ 2023 ਤੋਂ ਪੂਨਾਵਾਲਾ ਹਾਊਸਿੰਗ ਫਾਇਨਾਂਸ ਲਿਮਟਿਡ ਤੋਂ ਬਦਲ ਕੇ ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ ਹੋ ਗਿਆ ਹੈ) (ਬੀਤੇ ਵਿਚ ਮੈਗਮਾ ਹਾਊਸਿੰਗ ਫਾਇਨਾਂਸ ਲਿਮਟਿਡ ਤੋਂ ਜਾਣੂੰ ਅਤੇ ਮੂਲ ਰੂਪ ਵਿਚ ਜੀਈ ਮਨੀ ਹਾਊਸਿੰਗ ਫਾਇਨਾਂਸ ਪਬਲਿਕ ਅਨਲਿਮਟਿਡ ਕੰਪਨੀ ਦੇ ਨਾਮ ਨਾਲ ਨਿਗਮਿਤ) (ਇਥੇ ਬਾਅਦ ਵਿਚ ਕਾਨੂੰਨ ਦੇ ਅਨੁਸਾਰ "ਸੁਰੱਖਿਅਤ ਕਰਜ਼ਦਾਤਾ" ਵਜੋਂ ਸੰਦਰਭਿਤ) ਤੋਂ ਆਪਣੀਆਂ ਅਚੱਲ ਸੰਪੱਤੀ/ਆਂ ਨੂੰ ਗਿਰਵੀ ਰੱਖਣ ਦੁਆਰਾ ਸੰਪੱਤੀ ਸੁਵਿਧਾ (ਵਾਂ) ਦੇ ਅਧੀਨ ਮਕਾਨ ਕਰਜ਼ਾ/ਕਰਜ਼ੇ ਪ੍ਰਾਪਤ ਕੀਤੇ ਹਨ।
ਤੁਸੀਂ ਪੁਨਰ ਭੁਗਤਾਨ ਵਿਚ ਕੁਤਾਹੀ ਕੀਤੀ ਹੈ, ਤੁਹਾਡੇ ਕਰਜ਼ੇ/ਕਰਜ਼ਿਆਂ ਨੂੰ ਗੈਰ-ਕਾਰਗੁਜ਼ਾਰੀ ਵਾਲੇ ਅਸਾਸਿਆਂ ਵਜੋਂ ਵਰਗੀਕ੍ਰਿਤ ਕੀਤਾ ਗਿਆ ਸੀ। ਬਕਾਇਆ ਰਕਮ ਦੀ ਵਸੂਲੀ ਲਈ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ 2002 ਦੀ ਧਾਰਾ 13 (2) ਅਧੀਨ ਇੱਕ ਮੰਗ ਸੂਚਨਾ ਆਖ਼ਰੀ ਜਾਣੂੰ ਪਤਿਆਂ ਉਪਰ ਭੇਜੀ ਗਈ ਸੀ, ਹਾਲਾਂਕਿ ਇਹ ਅਣ-ਸੌਂਪੀ ਹੀ ਪਰਤ ਆਈ ਸੀ। ਇਸ ਲਈ ਇਸ ਦੇ ਤੱਤ ਤੁਹਾਨੂੰ ਵਿਕਲਪਿਤ ਸੇਵਾ ਦੇ ਮਾਧਿਅਮ ਦੁਆਰਾ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 (1) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13(2) ਦੇ ਅਨੁਸਾਰ ਇਥੇ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ।
ਕਰਜ਼ਦਾਰਾਂ, ਸਹਿ-ਕਰਜ਼ਦਾਰਾਂ, ਜ਼ਾਮਨਾਂ, ਸੁਰੱਖਿਆਵਾਂ, ਬਕਾਇਆ ਰਕਮ, ਧਾਰਾ 13 (2) ਅਧੀਨ ਭੇਜੀ ਮੰਗ ਸੂਚਨਾ ਅਤੇ ਇਸ ਵਿਚ ਦਾਅਵਾ ਕੀਤੀ ਰਕਮ ਦੇ ਵੇਰਵੇ ਨਿਮਨ ਅਨੁਸਾਰ ਦਰਸਾਏ ਗਏ ਹਨ।

| ਲੜੀ ਨੰ. | ਕਰਜ਼ਦਾਰ, ਸਹਿ-ਕਰਜ਼ਦਾਰ, ਜ਼ਾਮਨ ਦਾ ਨਾਮ ਅਤੇ ਕਰਜ਼ੇ ਦੀ ਰਕਮ | ਸੁਰੱਖਿਅਤ ਅਸਾਸੇ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ<br>ਬਕਾਇਆ ਰਕਮ ਰੁ. 'ਚ |
|---|---|---|---|
| 1. | ਬਲਕਾਰ ਸਿੰਘ, ਨਵਦੀਪ ਸਿੰਘ, ਰਾਜਵਿੰਦਰ ਕੌਰ, ਬਲਕਾਰ ਬਿੱਟੂ, ਕੰਸਟ੍ਰਕਸ਼ਨਜ਼ ਇੰਜੀਨੀਅਰਜ਼ ਕਾਨਟ੍ਰੈਕਟਰਜ਼<br>Loan Amount: Rs.4211350/-<br>Loan No: HM0040H16100315 | ਜ਼ਮੀਨ ਦਾ ਸਾਰਾ ਟੁਕੜਾ ਅਤੇ ਪਾਰਸਲ 01 ਕਨਾਲ 00 ਮਰਲੇ, ਜੋ ਕਿ 34 ਕਨਾਲ 16 ਮਰਲੇ ਜ਼ਮੀਨ ਦਾ 5/174 ਹਿੱਸਾ ਹੈ, ਖਸਰਾ ਨੰਬਰ 208//10/3 (3-12), 11 (7-4), 20/1 (3-12), 209//6/2 (4-13), 7/1/1 (0-8), 7/1/2 (0-1), 14/2 (0-16), 15 (8-0), 16 (6-0), 17/1 (0-10) ਵਿੱਚ ਸ਼ਾਮਲ ਹੈ। ਖੇਵਟ ਨੰਬਰ 1070/1575, ਸਾਲ 2014-2015 ਲਈ ਜਮ੍ਹਾਂਬੰਦੀ ਅਨੁਸਾਰ, ਨਥਾਣਾ, ਤਹਿਸੀਲ ਨਥਾਣਾ, ਜ਼ਿਲ੍ਹਾ ਬਠਿੰਡਾ ਦੀ ਮਾਲੀਆ ਸੀਮਾ ਦੇ ਅੰਦਰ ਸਥਿਤ ਹੈ। | 09/07/2025<br>ਰੁ. 4134997/-(ਰੁਪਏ ਇਕਤਾਲੀ ਲੱਖ ਚੌਂਤੀ ਹਜ਼ਾਰ ਨੌਂ ਸੌ ਸਤਾਨਵੇਂ ਕੇਵਲ) ਪੁਨਰ ਭੁਗਤਾਨ ਹੋਣ ਤੱਕ 12.65% ਸਲਾਨਾ ਦੀ ਦਰ 'ਤੇ ਅਗਲੇਰੇ ਵਿਆਜ ਸਮੇਤ। |
| 2. | ਕੁਸੁਮ ਗੁਲਾਬ ਰਾਮ, ਅਮਿਤ ਕੁਮਾਰ<br>Loan Amount: Rs.1100000/-<br>Loan No: HL00586100000005009325 | ਰਿਹਾਇਸ਼ੀ ਜਾਇਦਾਦ ਦਾ ਸਾਰਾ ਟੁਕੜਾ ਅਤੇ ਪਾਰਸਲ 9.5. ਪਿੰਡ ਸਿੱਧੂਵਾਲ ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ ਵਿਖੇ ਸਥਿਤ ਘਰ, 2004-05 ਦੇ ਫਰਦ ਜਮਾਂਬੰਦੀ ਅਨੁਸਾਰ, ਖੇਵਟ/ਖਟੌਨੀ ਨੰਬਰ 773/1295 ਖਸਰਾ ਨੰਬਰ 2519/1155(0-12) ਵਿੱਚ ਸਥਿਤ ਜਾਇਦਾਦ ਕੁੱਲ ਖੇਤਰਫਲ ਮਾਪ Ob-12b ਜਿਸ ਵਿੱਚੋਂ ਖੇਤਰਫਲ ਮਾਪ Ob-2b ਭਾਵ 100 ਵਰਗ ਗਜ਼ ਜਿਸਦੀ ਹੱਦ ਹੇਠ ਲਿਖੇ ਅਨੁਸਾਰ ਹੈ:- ਪੂਰਬ: ਘਰ ਗੁਰਪ੍ਰੀਤ ਸਿੰਘ ਸਾਈਡ 59', ਪੱਛਮ: ਪਲਾਟ ਸਿਮਰਤ ਸਾਈਡ 56', ਉੱਤਰ:- ਸੜਕ 13' ਸਾਈਡ 15'9÷, ਦੱਖਣ: ਸੜਕ 16' ਸਾਈਡ 15'9"। | 09/07/2025<br>ਰੁ. 1202641/- (ਰੁਪਏ ਬਾਰਾਂ ਲੱਖ ਦੋ ਹਜ਼ਾਰ ਛੇ ਸੌ ਇਕਤਾਲੀ ਕੇਵਲ) ਪੁਨਰ ਭੁਗਤਾਨ ਹੋਣ ਤੱਕ 11.85% ਸਲਾਨਾ ਦੀ ਦਰ 'ਤੇ ਅਗਲੇਰੇ ਵਿਆਜ ਸਮੇਤ। |
| 3. | ਪ੍ਰਮੋਦ ਪ੍ਰਸਾਦ, ਰੇਨੂੰ ਦੇਵੀ<br>Loan Amount: Rs.570000/-<br>Loan No: HL00625100000005020470 | ਪਲਾਟ ਨੰਬਰ 65 ਦਾ ਸਾਰਾ ਟੁਕੜਾ ਅਤੇ ਪਾਰਸਲ, 50 ਵਰਗ ਗਜ਼ ਖਾਤਾ ਨੰਬਰ 307/311, 355, ਖਸਰਾ ਨੰਬਰ 100//6/2, 99//10/2, 100//15 ਅਧੀਨ ਸ਼ਾਮਲ, ਜਮਾਂਬੰਦੀ ਸਾਲ 2013-2014, ਪਿੰਡ ਖਾਸੀ ਕਲਾਂ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ। (ਪੰਜਾਬ) ਸੀਮਾਵਾਂ ਏਟੀਐਸ ਦੀ ਦਿੱਤੀ ਗਈ ਕਾਪੀ ਅਨੁਸਾਰ ਪੂਰਬ- ਗਲੀ, ਪੱਛਮੀ- ਗੁਆਂਢ, ਉੱਤਰ-ਗੁਆਂਢ ਦੱਖਣੀ- ਗੁਆਂਢ। | 09/07/2025<br>ਰੁ. 613194/- (ਰੁਪਏ ਛੇ ਲੱਖ ਤੇਰਾਂ ਹਜ਼ਾਰ ਇੱਕ ਸੌ ਚੁਰਾਨਵੇਂ ਕੇਵਲ) ਪੁਨਰ ਭੁਗਤਾਨ ਹੋਣ ਤੱਕ 15.35% ਸਲਾਨਾ ਦੀ ਦਰ 'ਤੇ ਅਗਲੇਰੇ ਵਿਆਜ ਸਮੇਤ। |
| 4. | ਰਾਮ ਨਿਵਾਸ ਸ਼ਰਮਾ, ਰਾਜ ਬਾਲਾ<br>Loan Amount: Rs.1025000/-<br>Loan No: HF0039H21100319 | ਪਲਾਟ ਦਾ ਸਾਰਾ ਟੁਕੜਾ ਅਤੇ ਪਾਰਸਲ 100 ਵਰਗ ਗਜ਼, ਖਾਤਾ ਨੰਬਰ 4/4 ਅਧੀਨ, ਖਸਰਾ ਨੰਬਰ 41//7/2 ਅਧੀਨ, ਜਮਾਂਬੰਦੀ ਸਾਲ 2001-2002 ਅਨੁਸਾਰ, ਪਿੰਡ ਜਮਾਲਪੁਰ ਅਵਾਨਾ ਵਿਖੇ ਸਥਿਤ, ਕਬੀਰ ਨਗਰ, ਤਹਿਸੀਲ ਅਤੇ ਜ਼ਿਲ੍ਹਾ ਵਜੋਂ ਜਾਣਿਆ ਜਾਂਦਾ ਸਥਾਨ ਲੁਧਿਆਣਾ (ਪੰਜਾਬ) | 09/07/2025<br>ਰੁ. 944564/- (ਰੁਪਏ ਨੌਂ ਲੱਖ ਚੁਤਾਲੀ ਹਜ਼ਾਰ ਪੰਜ ਸੌ ਚੌਂਹਠ ਕੇਵਲ) ਪੁਨਰ ਭੁਗਤਾਨ ਹੋਣ ਤੱਕ 14.65% ਸਲਾਨਾ ਦੀ ਦਰ 'ਤੇ ਅਗਲੇਰੇ ਵਿਆਜ ਸਮੇਤ। |
| 5. | ਮੁਕੇਸ਼ ਕੁਮਾਰ ਨਿਰਬਾਣ, ਤਾਨਿਆ ਵਿਦਿਆ ਸਗਲ<br>Loan Amount: Rs.1170000/-<br>Loan No: HL00625100000005021451 | ਘਰ ਦਾ ਸਾਰਾ ਟੁਕੜਾ ਅਤੇ ਪਾਰਸਲ ਜਿਸ ਵਿੱਚ ਐਮ.ਸੀ. ਨੰਬਰ ਬੀ-14-1086/2ਬੀ, ਮਾਪਦਾ 26 ਵਰਗ ਗਜ਼, ਤਰਫ਼ ਸੈਦਾਨ, ਇਸਲਾਮ ਗੰਜ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਜੋਂ ਜਾਣਿਆ ਜਾਂਦਾ ਸਥਾਨ ਵਿਖੇ ਸਥਿਤ ਹੈ। (ਪੰਜਾਬ) ਸੀਮਾਵਾਂ ਵਿਕਰੀ ਡੀਡ ਦੀ ਦਿੱਤੀ ਗਈ ਕਾਪੀ ਅਨੁਸਾਰ ਪੂਰਬ-ਵਿਸ਼ਨੂੰ, ਪੱਛਮ- ਪਾਸੀਜ, ਉੱਤਰ- ਪਾਸੀਜ, ਦੱਖਣ- ਗੁਆਂਢੀ। | 09/07/2025<br>ਰੁ. 1265676/- (ਰੁਪਏ ਬਾਰਾਂ ਲੱਖ ਪੈਂਹਠ ਹਜ਼ਾਰ ਛੇ ਸੌ ਛਿਹੱਤਰ ਕੇਵਲ) ਪੁਨਰ ਭੁਗਤਾਨ ਹੋਣ ਤੱਕ 15.35% ਸਲਾਨਾ ਦੀ ਦਰ 'ਤੇ ਅਗਲੇਰੇ ਵਿਆਜ ਸਮੇਤ। |

ਤੁਹਾਨੂੰ ਕਰਜ਼ਦਾਰ/ਾਂ ਅਤੇ ਸਹਿ-ਕਰਜ਼ਦਾਰ/ਾਂ/ਜ਼ਾਮਨਾਂ ਨੂੰ ਇਸ ਲਈ ਇਸ ਸੂਚਨਾ ਤੋਂ 60 ਦਿਨਾਂ ਦੇ ਅੰਦਰ ਮੁਕੰਮਲ ਰੂਪ ਵਿਚ ਉਕਤ ਦਰਸਾਏ ਅਨੁਸਾਰ ਅਗਲੇਰੇ ਵਿਆਜ ਸਮੇਤ ਉਕਤ ਦਰਸਾਈ ਮੰਗੀ ਗਈ ਰਕਮ ਦਾ ਭੁਗਤਾਨ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ, ਜਿਸ ਤੋਂ ਅਸਫ਼ਲ ਰਹਿਣ 'ਤੇ ਨਿਮਨ ਹਸਤਾਖ਼ਰੀ ਉਕਤ ਦਰਸਾਈ ਸੁਰੱਖਿਆ/ਵਾਂ ਦਾ ਕਬਜ਼ਾ ਲੈਣ ਲਈ ਕਾਨੂੰਨ ਦੇ ਤਹਿਤ ਕਾਰਵਾਈ ਕਰਨ ਲਈ ਮਜਬੂਰ ਹੋ ਜਾਣਗੇ। ਕਿਰਪਾ ਕਰਕੇ ਨੋਟ ਕਰੋ ਕਿ ਦਰਸਾਏ ਕਾਨੂੰਨ ਦੀ ਧਾਰਾ 13 (13) ਦੇ ਅਨੁਸਾਰ, ਤੁਹਾਨੂੰ ਇਸ ਦੌਰਾਨ ਸਾਡੀ ਪ੍ਰਵਾਨਗੀ ਲਏ ਬਿਨਾਂ ਵਿਕਰੀ, ਲੀਜ਼ ਜਾਂ ਹੋਰ ਕਿਸੇ ਮਾਧਿਅਮ ਦੁਆਰਾ ਉਕਤ ਦਰਸਾਈਆਂ ਸੁਰੱਖਿਆਵਾਂ ਦਾ ਤਬਾਦਲਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ।

**ਸਥਾਨਕ ਭਾਸ਼ਾ ਦੇ ਪ੍ਰਕਾਸ਼ਨ ਅਤੇ ਅੰਗ੍ਰੇਜ਼ੀ ਅਖ਼ਬਾਰ ਦੇ ਪ੍ਰਕਾਸ਼ਨ ਦੀ ਸਮੱਗਰੀ ਵਿਚਾਲੇ ਕੋਈ ਅੰਤਰ ਹੋਣ ਦੀ ਸੂਰਤ ਵਿਚ, ਅੰਗ੍ਰੇਜ਼ੀ ਭਾਸ਼ਾ ਦੇ ਅਖ਼ਬਾਰ ਬਿਜ਼ਨਸ ਸਟੈਂਡਰਡ ਵਿਚਲੀ ਪ੍ਰਕਾਸ਼ਿਤ ਸਮੱਗਰੀ ਸਹੀ ਮੰਨੀ ਜਾਵੇਗੀ।**

ਸਥਾਨ : ਪੰਜਾਬ
ਮਿਤੀ : 18.07.2025
ਸਹੀ/-ਅਧਿਕਾਰਤ ਅਧਿਕਾਰੀ,
ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ (ਸਾਬਕਾ ਤੌਰ 'ਤੇ ਪੂਨਾਵਾਲਾ ਹਾਊਸਿੰਗ ਫਾਇਨਾਂਸ ਲਿਮਟਿਡ ਤੋਂ ਜਾਣੂੰ)

## SBI ਸਟੇਟ ਬੈਂਕ ਆਫ ਇੰਡੀਆ

ਬੰਦੀ ਸੰਪੱਤੀਆਂ ਵਸੂਲੀ ਸ਼ਾਖਾ
ਐਸਸੀਓ 15, ਪਹਿਲੀ ਮੰਜ਼ਿਲ, ਸੈਕਟਰ 7-ਸੀ, ਚੰਡੀਗੜ੍ਹ,
Ph.: 0172-4568244, 4568249
E-mail: sbi.05179@sbi.co.in

**ਈ-ਨਿਲਾਮੀ ਵਿਕਰੀ ਸੂਚਨਾ**

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 6 (2) ਅਤੇ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।**
**ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈਆਂ ਅਚੱਲ ਸੰਪੱਤੀਆਂ, ਜਿਨ੍ਹਾਂ ਦਾ ਉਸਾਰੂ/ਸੰਕੇਤਕ/ਭੌਤਿਕ ਕਬਜ਼ਾ ਸਟੇਟ ਬੈਂਕ ਆਫ ਇੰਡੀਆ, ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਸੀ, ਦੀ ਵਿਕਰੀ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) (ਨਿਮਨ ਦਰਸਾਏ) ਤੋਂ ਸਟੇਟ ਬੈਂਕ ਆਫ ਇੰਡੀਆ, ਐਸਏਆਰਬੀ, ਚੰਡੀਗੜ੍ਹ ਬੈਂਕ ਵੱਲ ਬਕਾਇਆ (ਨਿਮਨ ਦਰਸਾਏ) ਦੀ ਵਸੂਲੀ ਲਈ 05.08.2025 ਨੂੰ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਹੈ, ਉਥੇ ਹੈ" ਆਧਾਰ 'ਤੇ ਕੀਤੀ ਜਾਵੇਗੀ। ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਹਰੇਕ ਸੰਪੱਤੀ ਅਧੀਨ ਦਰਸਾਈ ਗਈ ਹੈ। ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਕਿਰਪਾ ਕਰਕੇ https://baanknet.com ਵਿਚ ਵਿਵਸਥਿਤ ਲਿੰਕ ਦਾ ਹਵਾਲਾ ਲਓ।**

| ਲ. ਨੰ. | ਸੰਪੱਤੀ ਦਾ ਸਥਾਨ | ਕਰਜ਼ਦਾਰ (ਾਂ)/ ਜ਼ਾਮਨ (ਾਂ) ਦਾ ਨਾਮ | ਸੰਪੱਤੀ (ਆਂ) ਦੇ ਵੇਰਵੇ | ਮੰਗ ਸੂਚਨਾ ਦੀ ਰਕਮ<br>ਮੰਗ ਸੂਚਨਾ ਦੀ ਮਿਤੀ<br>ਸੰਕੇਤਕ/ਭੌਤਿਕ ਕਬਜ਼ੇ ਦੀ ਮਿਤੀ | ਰਾਖਵੀਂ ਕੀਮਤ<br>ਬਿਆਨਾ ਰਕਮ<br>ਬੋਲੀ ਵਾਧਾ ਰਕਮ | ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ<br>ਈ-ਨਿਲਾਮੀ ਦੀ ਮਿਤੀ/ਸਮਾਂ | ਸੰਪਰਕ ਵਿਅਕਤੀ |
|---|---|---|---|---|---|---|---|
| 1. | ਸੰਗਰੂਰ | ਕਰਜ਼ਦਾਰ (ਾਂ) :- (1) ਮੈਸ. ਖੁਸ਼ਹਾਲ ਐਗਰੋ ਕੈਮੀਕਲਜ਼, ਰਾਹੀਂ ਇਸ ਦੇ ਪ੍ਰੋਪ. ਸ੍ਰੀ ਮੁਹੰਮਦ ਇਕਰਾਮ, ਨੇੜੇ ਮੰਨਾ ਰੋਡ, ਰੇਲਵੇ ਲਾਂਘਾ, ਬੜੀ ਈਦਗਾਹ ਰੋਡ, ਮਲੇਰਕੋਟਲਾ (2) ਮੁਹੰਮਦ ਇਕਰਾਮ(ਪ੍ਰੋਪ.) ਸਪੁੱਤਰ ਸ੍ਰੀ ਅਬਦੁੱਲ ਗਫ਼ੂਰ, ਮਾਨਾ ਰੋਡ, ਮੁਹੱਲਾ ਕੁਸ਼ਲ ਬਸਤੀ, ਮਲੇਰਕੋਟਲਾ। | ਤਬਾਦਲਾ ਡੀਡ ਨੰ. 790 ਮਿਤੀ 14.06.2012 ਦੇ ਅਧੀਨ ਮੁਹੰਮਦ ਇਕਰਾਮ ਸਪੁੱਤਰ ਅਬਦੁੱਲ ਗਫ਼ੂਰ ਦੇ ਨਾਮ 'ਤੇ ਵਾਰਡ ਨੰ. 27, ਅਕਸਾ ਨਗਰ, ਨੇੜੇ ਬਾਬਾ ਸਾਧਾਂ ਵਾਲਾ ਖੂਹ, ਰਾਏਕੋਟ ਰੋਡ ਦੇ ਅੰਦਰ, ਮਲੇਰਕੋਟਲਾ, ਜ਼ਿਲ੍ਹਾ ਸੰਗਰੂਰ ਵਿਖੇ ਸਥਿਤ ਸਾਲ 2008-09 ਦੇ ਲਈ ਜਮ੍ਹਾਂਬੰਦੀ ਅਨੁਸਾਰ ਖੇਵਟ/ਖਤੌਨੀ ਨੰਬਰ 3812/7471 ਖਸਰਾ ਨੰ. 139//4/2/(1-10), 5/2/(1-11), 6/(8-0), 13/2/(5-2), 18/1/(0-12), 7/(8-0), 14/(7-4), 16/2/3/(3-2), 17/1/(7-2), 139//18/2/(3-3), 8/1/(3-12), 140//1/2/(0-19), 10/2/(5-0), 11/1/(4-6), ਕਿਤੇ 14 ਵਿਚ ਸ਼ਾਮਲ 59 ਕਨਾਲ-3 ਮਰਲੇ ਕੁੱਲ ਮਾਪ ਦੇ ਹਿੱਸੇ ਵਿਚੋਂ 1 ਕਨਾਲ-5 ਮਰਲੇ (750 ਵਰਗ ਗਜ਼) ਮਾਪ ਵਾਲਾ ਰਿਹਾਇਸ਼ੀ ਪਲਾਟ। | Rs. 25,67,227/-<br>31.01.2022<br>09.06.2023 / ਭੌਤਿਕ ਕਬਜ਼ਾ | Rs. 13,10,000/-<br>Rs. 1,31,000/-<br>Rs. 10,000/- | 19.07.2025 11:00 Hrs. to 13:00 Hrs.<br>05.08.2025 10:00 Hrs. to 15:00 Hrs. | ਸ੍ਰੀ ਅਨੂਪ ਸਿੰਘ M.: 9996050894<br>ਸ੍ਰੀ ਮੌਸਮ ਪਾਲ M.: 9817280079 |
| 2. | ਹੁਸ਼ਿਆਰਪੁਰ | ਕਰਜ਼ਦਾਰ (ਾਂ)- ਸ੍ਰੀ ਸੁਖਵਿੰਦਰ ਸਿੰਘ ਪੁੱਤਰ ਸ੍ਰੀ ਗੁਰਚੈਨ ਸਿੰਘ, ਪਿੰਡ ਮਖਸੂਸਪੁਰ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ. ਹੁਸ਼ਿਆਰਪੁਰ। ਜ਼ਾਮਨ(ਾਂ):- (1) ਸ੍ਰੀ ਸਤਪਾਲ ਸਿੰਘ ਪੁੱਤਰ ਸ੍ਰੀ ਗਿਆਨ ਚੰਦ, ਪਿੰਡ ਕਾਲੂਪੁਰ, ਡਾਕਖਾਨਾ ਮਾਨਹਾਣਾ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ (2) ਸ੍ਰੀ ਰਣਜੀਤ ਸਿੰਘ ਪੁੱਤਰ ਸ੍ਰੀ ਜਰਨੈਲ ਸਿੰਘ, ਪਿੰਡ ਮਖਸੂਸਪੁਰ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ. ਹੁਸ਼ਿਆਰਪੁਰ। | ਸੰਯੁਕਤ ਸਬ-ਰਜਿਸਟਰਾਰ ਮਾਹਿਲਪੁਰ ਕੋਲ ਦਰਜ ਵਸੀਕਾ ਨੰਬਰ 779 ਮਿਤੀ 15.09.2003 ਦੇ ਅਧੀਨ ਸੁਖਵਿੰਦਰ ਸਿੰਘ ਪੁੱਤਰ ਗੁਰਚੈਨ ਸਿੰਘ ਦੇ ਨਾਂ 'ਤੇ 10 ਮਰਲੇ ਦਾ ਰਿਹਾਇਸ਼ੀ ਮਕਾਨ, ਖੇਵਟ ਨੰ: 63/2, ਖਤੌਨੀ ਨੰ. 97/2, ਖਸਰਾ ਨੰ. 420/3-15 ਪਿੰਡ ਮਖਸੂਸਪੁਰ, ਤਹਿਸੀਲ ਗੜ੍ਹਸ਼ੰਕਰ, ਜਿਲ੍ਹਾ ਹੁਸ਼ਿਆਰਪੁਰ ਵਿਖੇ ਸਥਿਤ। | Rs. 11,45,681.44<br>08.04.2016<br>20.06.2022 / ਭੌਤਿਕ ਕਬਜ਼ਾ | Rs. 8,00,000/-<br>Rs. 80,000/-<br>Rs. 10,000/- | 19.07.2025 11:00 Hrs. to 13:00 Hrs.<br>05.08.2025 10:00 Hrs. to 15:00 Hrs. | ਸ੍ਰੀ ਅਨੂਪ ਸਿੰਘ M.: 9996050894<br>ਸ੍ਰੀ ਮੌਸਮ ਪਾਲ M.: 9817280079 |
| 3. | ਨਾਭਾ | ਕਰਜ਼ਦਾਰ (ਾਂ):- (1) ਮੈਸ. ਗੁਰੂ ਰਾਮ ਦਾਸ ਐਗਰੋ ਇੰਡਸਟਰੀਜ਼ ਐਂਡ ਇੰਪਲੀਮੈਂਟਸ, ਪਿੰਡ ਅਤੇ ਡਾਕਖਾਨਾ ਕੌਲ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ, ਪੰਜਾਬ 147201 (2) ਹਰਜੀਤ ਸਿੰਘ ਪੁੱਤਰ ਹਰਭਜਨ ਸਿੰਘ, ਪਿੰਡ ਅਤੇ ਡਾਕਖਾਨਾ ਕੌਲ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ, ਪੰਜਾਬ - 147201,3. ਗੁਰਮੀਤ ਸਿੰਘ ਸਪੁੱਤਰ ਉਜਾਗਰ ਸਿੰਘ, ਮਕਾਨ ਨੰ. 116 ਨੇੜੇ ਐਮਕੇ ਬਾਈਪਾਸ, ਸੰਗਤ ਨਗਰ, ਵਾਰਡ ਨੰ. 3-ਸੀ, ਧੂਰੀ, ਜ਼ਿਲ੍ਹਾ ਸੰਗਰੂਰ, ਪੰਜਾਬ - 148024 (4) ਰਾਜਦਵਿੰਦਰ ਕੌਰ ਪਤਨੀ ਹਰਜੀਤ ਸਿੰਘ, ਪਿੰਡ ਅਤੇ ਡਾਕਖਾਨਾ ਕੌਲ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ, ਪੰਜਾਬ - 147201 (5) ਡਾ. ਮੁਲਖ ਰਾਜ ਪੁੱਤਰ ਮੇਹਰ ਚੰਦ, ਏ-1, ਰਾਇਲ ਅਸਟੇਟ, ਸਰਕੂਲਰ ਰੋਡ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ, ਪੰਜਾਬ - 147201। | ਸਾਲ 2009-2010 ਲਈ ਜਮ੍ਹਾਂਬੰਦੀ ਅਨੁਸਾਰ ਖਰੀਦੀ ਗਈ ਰਜਿਸਟਰਡ ਡੀਡ ਨੰ: 5462, ਬਹਿ ਨੰ: 1, ਜਿਲਦ ਨੰ: 0, ਪੰਨਾ ਨੰ: 0, ਸਬ-ਰਜਿਸਟਰ ਨਾਭਾ ਨਾਲ ਰਜਿਸਟਰਾਰ 25.03.2013 ਰਾਜਦਵਿੰਦਰ ਕੌਰ ਪਤਨੀ ਹਰਜੀਤ ਸਿੰਘ ਦੇ ਹੱਕ ਵਿੱਚ 1 ਕਨਾਲ- 18 ਮਰਲੇ ਮਾਪ ਵਾਲੀ ਜਾਇਦਾਦ ਭਾਵ 0 ਕਨਾਲ-4 ਮਰਲੇ 1 ਕਨਾਲ-6 ਮਰਲੇ ਵਿੱਚੋਂ 1/6 ਹਿੱਸਾ ਹੈ ਜਿਸ ਵਿੱਚ ਖੇਵਟ ਨੰ. 90/91, ਖਤੌਨੀ ਨੰ. 150, ਖਸਰਾ ਨੰ. 45//3/2/2(1-6), 1 ਕਨਾਲ-9 ਮਰਲੇ 1/24 ਹਿੱਸੇ ਵਿੱਚੋਂ 35 ਕਨਾਲ-6 ਮਰਲੇ ਖੇਵਟ ਨੰ. 143/160, ਖਤੌਨੀ ਨੰ. 240, ਖਸਰਾ ਨੰ: 15//11(6-6), 15//12/1(5-16), 15//12/2(2-4), 15//13/1(5-16), 15//13/2(2-4), 15//13/2(2-4), 15/15/15 15//19/1(4-9), 15//20/1(4-2) ਕਿੱਤੇ 8 ਅਤੇ 0ਕਨਾਲ-5 ਮਰਲੇ 13 ਕਨਾਲ-9 ਮਰਲੇ ਵਿੱਚੋਂ 1/48 ਹਿੱਸਾ ਖੇਵਟ ਨੰਬਰ 144/161, ਖਤੌਨੀ ਨੰ. 241, ਖਸਰਾ ਨੰ. 40//17/1(1-1), 40//23/2/161 (1-1), 40//23/2/16(202/40), 45//4/1(4-0) ਕਿੱਤੇ 4, ਪਿੰਡ ਕੌਲ, ਤਹਿਸੀਲ ਨਾਭਾ ਵਿਖੇ ਸਥਿਤ | Rs. 76,05,758.66<br>20.07.2016<br>04.07.2019 / ਭੌਤਿਕ ਕਬਜ਼ਾ | Rs. 13,96,000/-<br>Rs. 1,39,600/-<br>Rs. 25,000/- | 30.07.2025 11:00 Hrs. to 13:00 Hrs.<br>05.08.2025 11:00 Hrs. to 15:00 Hrs. | ਸ੍ਰੀ ਹੁਕਮ ਚੰਦ ਪਵਾਰ M.: 9805004831<br>ਸ੍ਰੀ ਅੰਕੁਸ਼ ਖੇਰ M.: 9815915997 |

**ਇਹ ਪ੍ਰਕਾਸ਼ਨ ਉਕਤ ਕਰਜ਼ਦਾਰਾਂ ਅਤੇ ਜ਼ਾਮਨਾਂ ਦੇ ਲਈ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਦੇ ਨਿਯਮ 6 (2) ਅਤੇ 8 (6) ਦੇ ਅਧੀਨ ਇੱਕ ਸੂਚਨਾ ਵੀ ਹੈ।**

**ਉਕਤ ਸੰਪੱਤੀਆਂ ਦੀ ਮਿਣਤੀ, ਹਾਲਾਂਕਿ ਸਾਈਟ 'ਤੇ ਬੋਲੀਕਾਰਾਂ ਵੱਲੋਂ ਅਤੇ ਨਿਲਾਮੀ ਵਿਚ ਭਾਗ ਲੈਣ ਤੋਂ ਪਹਿਲਾਂ ਮਾਲ ਅਧਿਕਾਰੀਆਂ ਦੇ ਰਿਕਾਰਡਾਂ ਤੋਂ ਵੀ ਪੜਤਾਲੀ ਜਾਵੇਗੀ। ਨਿਯਮ ਅਤੇ ਸ਼ਰਤਾਂ:- ਈ-ਨਿਲਾਮੀ ਬੈਂਕ ਦੇ ਪ੍ਰਵਾਨਿਤ ਸੇਵਾ ਪ੍ਰਦਾਤਾ: ਮੈਸਰਜ਼ ਪੀਐਸਬੀ ਅਲਾਇੰਸ ਪ੍ਰਾਈਵੇਟ ਲਿਮਟਿਡ ਦੁਆਰਾ ਇਸਦੀ ਨਿਲਾਮੀ ਸਾਈਟ ਰਾਹੀਂ ਕੀਤੀ ਜਾਵੇਗੀ।** https://baanknet.com, ਸੰਪਰਕ ਫ਼ੋਨ ਅਤੇ ਟੋਲ ਫ੍ਰੀ ਨੰਬਰ: 8291220220 ਅਤੇ ਈ-ਮੇਲ: support.BAANKNET@psballiance.com। ਈ-ਨਿਲਾਮੀ ਟੈਂਡਰ ਦਸਤਾਵੇਜ਼ ਜਿਸ ਵਿੱਚ ਔਨਲਾਈਨ ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ, ਔਨਲਾਈਨ ਨਿਲਾਮੀ ਵਿਕਰੀ ਦੇ ਆਮ ਨਿਯਮ ਅਤੇ ਸ਼ਰਤਾਂ ਸ਼ਾਮਲ ਹਨ, https://baanknet.com 'ਤੇ ਉਪਲਬਧ ਹਨ। ਦਿਲਚਸਪੀ ਰੱਖਣ ਵਾਲੇ ਬੋਲੀਕਾਰਾਂ ਨੂੰ ਆਪਣਾ EMD ਵੈੱਬ ਪੋਰਟਲ https://baanknet.com ਰਾਹੀਂ ਜਮ੍ਹਾ ਕਰਨਾ ਪਵੇਗਾ (ਯੂਜ਼ਰ ਆਈਡੀ ਅਤੇ ਪਾਸਵਰਡ https://baanknet.com 'ਤੇ ਨਾਮ ਰਜਿਸਟਰ ਕਰਕੇ ਮੁਫ਼ਤ ਪ੍ਰਾਪਤ ਕੀਤਾ ਜਾ ਸਕਦਾ ਹੈ। ਰਜਿਸਟਰੇਸ਼ਨ/ਲੌਗਇਨ ਆਈਡੀ ਅਤੇ ਪਾਸਵਰਡ ਬਣਾਉਣ ਵਿੱਚ ਲਗਭਗ 2-3 ਕੰਮਕਾਜੀ ਦਿਨ ਲੱਗ ਸਕਦੇ ਹਨ, ਇਸ ਲਈ ਇਹ ਪ੍ਰਕਿਰਿਆ ਸਮੇਂ ਸਿਰ ਸ਼ੁਰੂ ਹੋ ਸਕਦੀ ਹੈ। EMD ਨੈਫਟ ਰਾਹੀਂ ਬੋਲੀਕਾਰ ਦੇ ਆਪਣੇ ਵਾਲਿਟ ਨੂੰ ਮੈਸਰਜ਼ PSB ਅਲਾਇੰਸ ਪ੍ਰਾਈਵੇਟ ਲਿਮਟਿਡ ਨਾਲ ਰਜਿਸਟਰਡ ਆਪਣੀ ਨਿਲਾਮੀ ਸਾਈਟ 'ਤੇ ਭੁਗਤਾਨਯੋਗ ਹੋਵੇਗਾ। ਕਿਰਪਾ ਕਰਕੇ ਧਿਆਨ ਦਿਓ ਕਿ EMD ਮੈਸ. ਪੀਐਸਬੀ ਅਲਾਇੰਸ ਪ੍ਰਾਈਵੇਟ ਲਿਮਟਿਡ ਨਾਲ ਰਜਿਸਟਰਡ ਵਾਲਿਟ ਵਿੱਚ ਜਮ੍ਹਾ ਕੀਤਾ ਜਾਣਾ ਚਾਹੀਦਾ ਹੈ। ਸੁਰੱਖਿਅਤ ਕਰਜ਼ਦਾਤਾ ਨੂੰ ਜਾਣੀਆਂ ਜਾਂਦੀਆਂ ਜਾਇਦਾਦਾਂ 'ਤੇ ਕੋਈ ਬੋਝ ਨਹੀਂ ਹੈ। ਹਾਲਾਂਕਿ, ਇੱਛੁਕ ਬੋਲੀਕਾਰਾਂ ਨੂੰ ਆਪਣੀ ਬੋਲੀ ਜਮ੍ਹਾਂ ਕਰਨ ਤੋਂ ਪਹਿਲਾਂ, ਨਿਲਾਮੀ 'ਤੇ ਰੱਖੀ ਗਈ ਜਾਇਦਾਦ ਦੇ ਸਿਰਲੇਖ ਅਤੇ ਦਾਅਵਿਆਂ/ਅਧਿਕਾਰਾਂ/ਬਕਾਇਆ/ਸੰਪਤੀ ਨੂੰ ਪ੍ਰਭਾਵਿਤ ਕਰਨ ਵਾਲੇ ਬੋਝਾਂ ਬਾਰੇ ਆਪਣੀ ਸੁਤੰਤਰ ਪੁੱਛਗਿੱਛ ਕਰਨੀ ਚਾਹੀਦੀ ਹੈ। ਈ-ਨਿਲਾਮੀ ਇਸ਼ਤਿਹਾਰ ਬੈਂਕ ਦੀ ਕਿਸੇ ਵੀ ਵਚਨਬੱਧਤਾ ਜਾਂ ਕਿਸੇ ਵੀ ਪ੍ਰਤੀਨਿਧਤਾ ਦਾ ਗਠਨ ਨਹੀਂ ਕਰਦਾ ਹੈ ਅਤੇ ਨਾ ਹੀ ਮੰਨਿਆ ਜਾਵੇਗਾ। ਜਾਇਦਾਦ ਨੂੰ ਮੌਜੂਦਾ ਅਤੇ ਭਵਿੱਖ ਦੀਆਂ ਸਾਰੀਆਂ ਕੀਮਤਾਂ ਨਾਲ ਵੇਚਿਆ ਜਾ ਰਿਹਾ ਹੈ। ਬੈਂਕ ਨੂੰ ਜਾਣੂ ਜਾਂ ਅਣਜਾਣ ਬੋਝ। ਅਧਿਕਾਰਤ ਅਧਿਕਾਰੀ/ਸੁਰੱਖਿਅਤ ਲੈਣਦਾਰ ਕਿਸੇ ਵੀ ਤਰ੍ਹਾਂ ਗਲਤ ਛਪਾਈ ਦੀ ਗਲਤੀ ਜਾਂ ਕਿਸੇ ਤੀਜੀ ਧਿਰ ਦੇ ਦਾਅਵਿਆਂ/ਅਧਿਕਾਰਾਂ/ਬਕਾਇਆ ਲਈ ਜ਼ਿੰਮੇਵਾਰ ਨਹੀਂ ਹੋਵੇਗਾ। ਵਿਕਰੀ ਮੈਸ. ਪੀਐਸਬੀ ਅਲਾਇੰਸ ਪ੍ਰਾਈਵੇਟ ਲਿਮਟਿਡ ਦੇ ਅਧੀਨ ਨਿਰਧਾਰਤ ਨਿਯਮਾਂ/ਸ਼ਰਤਾਂ ਦੇ ਅਧੀਨ ਹੋਵੇਗੀ।

ਮਿਤੀ : 17.07.2025 ਸਥਾਨ : ਚੰਡੀਗੜ੍ਹ ਅਧਿਕਾਰਤ ਅਧਿਕਾਰੀ



# ਖੇਡ ਸੰਸਾਰ

## ਪੰਜਾਬ ਦੀ ਅਮਨਜੋਤ ਜਿਸ ਦੇ ਪਿਤਾ ਨੇ ਪੈਸਿਆਂ ਦੀ ਘਾਟ ਦੇ ਬਾਵਜੂਦ ਧੀ ਨੂੰ ਭਾਰਤੀ ਟੀਮ ਦੀ ਆਲਰਾਊਂਡਰ ਬਣਾਇਆ

ਨਵਜੋਤ ਕੌਰ

ਇੰਗਲੈਂਡ ਖ਼ਿਲਾਫ਼ ਖੇਡੀ ਜਾ ਰਹੀ ਟੀ-20 ਸੀਰੀਜ਼ ਦੇ ਦੂਜੇ ਮੈਚ ਦੌਰਾਨ ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਇੰਗਲੈਂਡ ਨੂੰ 24 ਦੌੜਾਂ ਨਾਲ ਹਰਾ ਦਿੱਤਾ। ਜਿੱਥੇ ਕਿਤੇ ਵੀ ਮਹਿਲਾ ਕ੍ਰਿਕਟ ਟੀਮ ਦੀ ਇਸ ਜਿੱਤ ਦੀ ਗੱਲ ਹੋ ਰਹੀ ਹੈ ਉੱਥੇ ਹੀ ਇੱਕ ਪੰਜਾਬਣ ਕੁੜੀ ਦਾ ਜ਼ਿਕਰ ਪਹਿਲੇ ਨੰਬਰ ਉੱਤੇ ਲਿਆ ਜਾ ਰਿਹਾ ਹੈ। ਇਹ ਨਾਮ ਹੈ ਅਮਨਜੋਤ ਕੌਰ। ਮੁਹਾਲੀ ਦੇ ਰਹਿਣ ਵਾਲੇ ਅਮਨਜੋਤ ਕੌਰ ਇੱਕ ਬਹੁਤ ਹੀ ਸਧਾਰਨ ਪਰਿਵਾਰ ਨਾਲ ਸਬੰਧ ਰੱਖਦੇ ਹਨ। ਅਮਨਜੋਤ ਨੇ 1 ਜੂਨ ਨੂੰ ਬ੍ਰਿਸਟਲ ਵਿੱਚ ਖੇਡੇ ਗਏ ਦੂਜੇ ਟੀ-20 ਵਿੱਚ ਹਰਫਨਮੌਲਾ ਖੇਡ ਦਾ ਪ੍ਰਦਰਸ਼ਨ ਕੀਤਾ। ਇਸ ਮੁਕਾਬਲੇ ਨੂੰ ਜਿੱਤਣ ਵਿੱਚ ਅਮਨਜੋਤ ਕੌਰ ਨੇ ਬੱਲੇ ਅਤੇ ਗੇਂਦ ਦੋਵਾਂ ਨਾਲ ਯੋਗਦਾਨ ਦਿੱਤਾ। ਅਮਨਜੋਤ ਨੇ 35 ਗੇਂਦਾਂ ਵਿੱਚ ਅਰਧ ਸੈਂਕੜਾ ਲਗਾਇਆ। ਉਨ੍ਹਾਂ ਨੇ 40 ਗੇਂਦਾਂ ਵਿੱਚ 63 ਦੌੜਾਂ ਦੀ ਪਾਰੀ ਖੇਡੀ, ਜਿਸ ਵਿੱਚ 9 ਚੌਕੇ ਸ਼ਾਮਲ ਸਨ। ਗੇਂਦਬਾਜ਼ੀ ਦੌਰਾਨ ਅਮਨਜੋਤ ਨੇ ਇੰਗਲੈਂਡ ਦੇ ਕਪਤਾਨ ਨੈਟ ਸਾਈਵਰ-ਬਰੰਟ ਦੀ ਵਿਕਟ ਲਈ। ਜਿਸਤੋਂ ਬਾਅਦ ਉਨ੍ਹਾਂ ਨੂੰ ਪਲੇਅਰ ਆਫ਼ ਦਿ ਮੈਚ ਵੀ ਚੁਣਿਆ ਗਿਆ। ਅਮਨਜੋਤ ਕੌਰ ਇੱਕ ਉੱਭਰਦੇ ਆਲਰਾਊਂਡਰ ਕ੍ਰਿਕਟ ਖਿਡਾਰਨ ਹਨ ਜੋ ਭਾਰਤੀ ਟੀਮ ਵਿੱਚ ਸੱਜੇ ਹੱਥ ਦੇ ਬੱਲੇਬਾਜ਼ ਅਤੇ ਸੱਜੇ ਹੱਥ ਦੇ ਮੀਡੀਅਮ ਪੇਸ ਗੇਂਦਬਾਜ਼ ਵਜੋਂ ਖੇਡਦੇ ਹਨ।

### ਮੁਹਾਲੀ ਵਿੱਚ ਖੇਡਦੇ ਰਹੇ ਗਲੀ ਕ੍ਰਿਕਟ

ਅਮਨਜੋਤ ਕੌਰ ਦੇ ਪਿਤਾ ਭੁਪਿੰਦਰ ਸਿੰਘ ਨੇ ਦੱਸਿਆ ਕਿ ਅਮਨਜੋਤ ਕੌਰ ਬਚਪਨ ਵਿੱਚ ਗਲੀ ਕ੍ਰਿਕਟ ਖੇਡਦੇ ਸਨ। ਭੁਪਿੰਦਰ ਸਿੰਘ ਕਹਿੰਦੇ ਹਨ,"ਅਮਨਜੋਤ ਦੀ ਖੇਡ ਦੇਖ ਕੇ ਆਲੇ ਦੁਆਲੇ ਗੁਆਂਢੀਆਂ ਨੇ ਉਨ੍ਹਾਂ ਨੂੰ ਕਿਹਾ ਕਿ ਅਮਨਜੋਤ ਨੂੰ ਕ੍ਰਿਕਟ ਦੀ ਟਰੇਨਿੰਗ ਦਿਵਾਉਣੀ ਚਾਹੀਦੀ ਹੈ। ਇਸ ਲਈ ਫਿਰ ਨਾਲ ਰਹਿੰਦੇ ਇੱਕ ਗੁਆਂਢੀ ਨੇ ਹੀ ਅਮਨ ਨੂੰ ਕ੍ਰਿਕਟ ਟਰੇਨਿੰਗ ਸੈਂਟਰ ਵਿੱਚ ਭਰਤੀ ਕਰਵਾਇਆ, ਜਿਸਤੋਂ ਬਾਅਦ ਉਸਨੇ ਖੇਡ ਨੂੰ ਹੋਰ ਬਾਰੀਕੀ ਨਾਲ ਸਮਝਣਾ ਸ਼ੁਰੂ ਕੀਤਾ। " ਟਰੇਨਿੰਗ ਲਈ ਅਮਨਜੋਤ ਨੇ ਮੋਹਾਲੀ, ਚੰਡੀਗੜ੍ਹ ਅਤੇ ਪੰਚਕੂਲਾ ਵਿੱਚ ਕੁੜੀਆਂ ਦੀ ਕ੍ਰਿਕਟ ਅਕੈਡਮੀ ਲੱਭੀ। ਫਿਰ 16 ਸਾਲ ਦੀ ਉਮਰ ਵਿੱਚ, ਉਹ ਕੋਚ ਨਾਗੇਸ਼ ਗੁਪਤਾ ਨੂੰ ਮਿਲੇ ,ਜਿਨ੍ਹਾਂ ਦੀ ਅਗਵਾਈ ਵਿੱਚ ਉਨ੍ਹਾਂ ਦਾ ਚੰਡੀਗੜ੍ਹ ਸੈਕਟਰ 32 ਵਿੱਚ ਕ੍ਰਿਕਟ ਸਫ਼ਰ ਸ਼ੁਰੂ ਹੋਇਆ। ਕੋਚ ਨਗੇਸ਼ ਗੁਪਤਾ ਦੀ ਸਿਖਲਾਈ ਅਧੀਨ ਅਮਨਜੋਤ ਕੌਰ ਨੇ ਪੰਜਾਬ ਤੇ ਚੰਡੀਗੜ੍ਹ ਲਈ ਘਰੇਲੂ ਕ੍ਰਿਕਟ ਖੇਡੀ ਅਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਚੰਡੀਗੜ੍ਹ ਮਹਿਲਾ ਟੀਮ ਦੀ ਨੁਮਾਇੰਦਗੀ ਕਰਦੇ ਹੋਏ, 2021 ਅਤੇ 2022 ਵਿੱਚ ਸੀਨੀਅਰ ਮਹਿਲਾ ਵਨ ਡੇ ਚੈਲੇਂਜਰ ਟਰਾਫ਼ੀ ਵਿੱਚ ਅਮਨ ਦੇ ਪ੍ਰਭਾਵਸ਼ਾਲੀ ਪ੍ਰਦਰਸ਼ਨ ਨੇ ਉਨ੍ਹਾਂ ਨੂੰ ਕੌਮੀ ਟੀਮ ਵਿੱਚ ਦਾਖਲਾ ਦਿਵਾਇਆ। ਸਾਲ 2023 ਵਿੱਚ ਅਮਨਜੋਤ ਦੀ ਚੋਣ ਭਾਰਤੀ ਮਹਿਲਾ ਕ੍ਰਿਕਟ ਟੀਮ ਵਿੱਚ ਹੋਈ। ਇਸੇ ਸਾਲ ਹੀ ਉਨ੍ਹਾਂ ਨੇ ਦੱਖਣੀ ਅਫ਼ਰੀਕਾ ਵਿਰੁੱਧ ਖੇਡੇ ਆਪਣੇ ਪਹਿਲੇ ਮੈਚ ਵਿੱਚ 30 ਗੇਂਦਾਂ ਵਿੱਚ 41 ਦੌੜਾਂ ਬਣਾਈਆਂ ਅਤੇ ਟੀਮ ਨੂੰ ਜਿੱਤ ਦਿਵਾਉਣ ਵਿੱਚ ਅਹਿਮ ਯੋਗਦਾਨ ਪਾਇਆ।

### ਅਮਨਜੋਤ ਦੀ ਸਫ਼ਲਤਾ ਪਿੱਛੇ ਹੈ ਪਿਤਾ ਦੀ ਮਿਹਨਤ

ਅਮਨਜੋਤ ਕੌਰ ਮੁਹਾਲੀ ਦੇ ਇੱਕ ਸਾਧਾਰਨ ਪਰਿਵਾਰ ਤੋਂ ਹਨ। ਉਨ੍ਹਾਂ ਦੇ ਪਿਤਾ ਲੱਕੜ ਦਾ ਫ਼ਰਨੀਚਰ ਬਣਾਉਣ ਦਾ ਕੰਮ ਕਰਦੇ ਹਨ ਅਤੇ ਮਾਤਾ ਘਰੇਲੂ ਔਰਤ ਹਨ। ਪਰ ਪਰਿਵਾਰ ਨੇ ਅਮਨਜੋਤ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਆਪਣੀ ਸਮਰੱਥਾ ਤੋਂ ਵੱਧ ਸਹਿਯੋਗ ਦਿੱਤਾ। ਅਮਨਜੋਤ ਦੇ ਮਾਤਾ ਮਨਜੀਤ ਕੌਰ ਕਹਿੰਦੇ ਹਨ, "ਅਮਨਜੋਤ ਨੂੰ ਇਸ ਮੁਕਾਮ ਤੱਕ ਪਹੁੰਚਾਉਣ ਵਿੱਚ ਸਭ ਤੋਂ ਮਹੱਤਵਪੂਰਨ ਯੋਗਦਾਨ ਉਨ੍ਹਾਂ ਦੇ ਪਿਤਾ ਹੈ। ਉਹ ਕਹਿੰਦੇ ਹਨ ਮੈਂ ਹਰ ਵੇਲੇ ਅਮਨ ਦੇ ਨਾਲ ਹੁੰਦੀ ਹਾਂ ਪਰ ਉਹ ਆਪਣੀਆਂ ਗੱਲਾਂ ਆਪਣੇ ਪਿਤਾ ਨਾਲ ਹੀ ਸਾਂਝੀਆਂ ਕਰਦੀ ਹੈ। ਉਹ ਅਮਨਜੋਤ ਦੇ ਸੰਘਰਸ਼ ਨੂੰ ਯਾਦ ਕਰਦਿਆਂ ਕਹਿੰਦੇ ਹਨ, "ਉਸਦੇ ਪਿਤਾ ਉਸਨੂੰ ਟਰੇਨਿੰਗ ਉੱਤੇ ਲੈ ਜਾਣ



ਲਈ ਆਪਣਾ ਕੰਮ ਛੱਡ ਦਿੰਦੇ ਸਨ। " "ਉਹ ਤੜਕੇ ਤੜਕੇ ਅਮਨ ਨੂੰ 20 ਕਿਲੋਮੀਟਰ ਦੂਰ ਕੋਚਿੰਗ ਸੈਂਟਰ ਛੱਡ ਕੇ ਘਰ ਆਉਂਦੇ ਫਿਰ 10 ਕਿਲੋਮੀਟਰ ਦੂਰ ਕੰਮ ਉੱਤੇ ਜਾਂਦੇ ਅਤੇ ਸ਼ਾਮ ਨੂੰ ਮੁੜ ਸੈਂਟਰ ਤੋਂ ਵਾਪਸ ਲੈ ਕੇ ਆਉਂਦੇ ਸਨ। " ਅਮਨਜੋਤ ਦੇ ਪਿਤਾ ਭੁਪਿੰਦਰ ਸਿੰਘ ਕਹਿੰਦੇ ਹਨ, "ਕ੍ਰਿਕਟ ਬਹੁਤ ਮਹਿੰਗੀ ਖੇਡ ਹੈ, ਮੈਂ ਅਮਨ ਨੂੰ ਟਰੇਨਿੰਗ ਦਿਵਾਉਣ ਵਿੱਚ ਕੋਈ ਕਸਰ ਨਹੀ ਛੱਡਣਾ ਚਾਹੁੰਦਾ ਸੀ ਇਸ ਲਈ ਮੈਂ ਹਰ ਤਰ੍ਹਾਂ ਦੀ ਮਿਹਨਤ ਕੀਤੀ। ਪਰ ਹੁਣ ਉਹ ਖ਼ੁਦ ਹੀ ਸਾਰਾ ਕੁਝ ਸੰਭਾਲ ਲੈਂਦੀ ਹੈ। "

### ਜਦੋਂ ਸੱਟ ਕਾਰਨ ਭਾਰਤੀ ਟੀਮ ਤੋਂ ਬਾਹਰ ਹੋਏ ਅਮਨਜੋਤ

ਅਮਨਜੋਤ ਕੌਰ ਦੀ ਇਹ ਸਫ਼ਲਤਾ ਇਸ ਕਰਕੇ ਵੀ ਖ਼ਾਸ ਹੈ ਕਿਉਂਕਿ ਉਹ ਹਾਲ ਹੀ ਵਿੱਚ ਗੰਭੀਰ ਸਰੀਰਕ ਸੱਟਾਂ ਤੋਂ ਉਭਰੇ ਹਨ। 2024 ਵਿੱਚ ਬੰਗਲਾਦੇਸ਼ ਖ਼ਿਲਾਫ਼ ਖੇਡੀ ਜਾ ਰਹੀ ਸੀਰੀਜ਼ ਦੌਰਾਨ ਮੈਚ ਦੌਰਾਨ ਅਮਨਜੋਤ ਕੌਰ ਦੇ ਹੱਥ ਅਤੇ ਪਿੱਠ ਵਿੱਚ ਸੱਟ ਲੱਗ ਗਈ ਸੀ, ਜਿਸ ਕਾਰਨ ਉਸਨੂੰ ਟੀ-20 ਵਿਸ਼ਵ ਕੱਪ ਦੇ ਨਾਲ-ਨਾਲ ਘਰੇਲੂ ਸੀਜ਼ਨ ਤੋਂ ਵੀ ਬਾਹਰ ਹੋਣਾ ਪਿਆ ਸੀ। ਸੱਟ ਕਾਰਨ ਉਹ ਇੱਕ ਮਹੀਨਾ ਘਰ ਰਹੇ ਅਤੇ 7 ਮਹੀਨੇ ਐਕਡਮੀ ਵਿੱਚ। ਸਰਜਰੀ ਕਾਰਨ ਅਮਨਜੋਤ ਕ੍ਰਿਕਟ ਤੋਂ ਬਿਲਕੁਲ ਦੂਰ ਹੋ ਗਏ ਸਨ। ਪਰ ਉਨ੍ਹਾਂ ਦਾ ਧਿਆਨ ਹਰ ਵੇਲੇ ਕ੍ਰਿਕਟ ਵਿੱਚ ਰਹਿੰਦਾ ਸੀ। ਅਮਨਜੋਤ ਦੇ ਪਿਤਾ ਦੱਸਦੇ ਹਨ, "ਉਹ ਸਮਾਂ ਔਖਾ ਸੀ ਪਰ ਸਾਨੂੰ ਪਤਾ ਸੀ ਕਿ ਅਮਨ ਉਸਨੂੰ ਪਾਰ ਕਰ ਲਵੇਗੀ ਕਿਉਂਕਿ ਉਹ ਬਹੁਤ ਮਜਬੂਤ ਹੈ। ਉਹ ਹਰ ਵੇਲੇ ਸਕਾਰਾਤਮਕ ਰਹਿੰਦੀ ਸੀ ਕਿ ਉਹ ਮੁੜ ਕ੍ਰਿਕਟ ਖੇਡੇਗੀ। " "ਓਹੀ ਹੋਇਆ ਉਸ ਦੋਵੇਂ ਸੱਟਾਂ ਤੋਂ ਬਹੁਤ ਜਲਦੀ ਉਭਰੀ ਅਤੇ ਜਲਦੀ ਹੀ ਉਸਨੇ ਆਪਣੀ ਟਰੇਨਿੰਗ ਮੁੜ ਸ਼ੁਰੂ ਕਰ ਲਈ ਸੀ। ਇਸ ਤੋਂ ਬਾਅਦ ਉਹ ਸ਼੍ਰੀਲੰਕਾ ਖ਼ਿਲਾਫ਼ ਇੱਕ ਸੀਰੀਜ਼ ਖੇਡੀ ਅਤੇ ਹੁਣ ਇੰਗਲੈਂਡ ਖ਼ਿਲਾਫ਼ ਖੇਡ ਰਹੀ ਹੈ। "

### ਮੁੰਬਈ ਇੰਡੀਅਨਜ਼ ਲਈ ਅਮਨਜੋਤ ਦਾ ਯੋਗਦਾਨ

ਅਮਨਜੋਤ ਕੌਰ ਨੇ ਮਹਿਲਾ ਕ੍ਰਿਕਟ ਟੂਰਨਾਮੈਂਟ ਵੁਮੈਨ ਪ੍ਰੀਮੀਅਰ ਲੀਗ ਵਿੱਚ ਵੀ ਹਿੱਸਾ ਲਿਆ। ਮੁੰਬਈ ਇੰਡੀਅਨਜ਼ ਨੇ ਉਨ੍ਹਾਂ ਨੂੰ 50 ਲੱਖ ਰੁਪਏ ਵਿੱਚ ਖਰੀਦਿਆ। ਵੁਮੈਨ ਪ੍ਰੀਮੀਅਰ ਲੀਗ 2025 ਵਿੱਚ ਮੁੰਬਈ ਇੰਡੀਅਨਜ਼ ਨੂੰ ਖਿਤਾਬ ਜਿਤਾਉਣ ਵਿੱਚ ਅਮਨਜੋਤ ਨੇ ਅਹਿਮ ਭੂਮਿਕਾ ਨਿਭਾਈ ਹੈ। ਆਰਸੀਬੀ ਖ਼ਿਲਾਫ਼ ਖੇਡੇ ਗਏ ਮੈਚ ਦੌਰਾਨ 27 ਗੇਂਦਾਂ 'ਤੇ ਨਾਬਾਦ 34 ਦੌੜਾਂ ਬਣਾ ਕੇ ਅਮਨ ਨੇ ਜੇਤੂ ਪਾਰੀ ਖੇਡੀ ਜਿਸ ਕਰਕੇ ਅਮਨਜੋਤ ਨੂੰ ਪਲੇਅਰ ਆਫ਼ ਦਿ ਮੈਚ ਵੀ ਚੁਣਿਆ ਗਿਆ ਸੀ। ਇਸ ਟੂਰਨਾਮੈਂਟ ਵਿੱਚ ਅਮਨਜੋਤ ਕੌਰ ਨੂੰ ਇਮਰਜਿੰਗ ਪਲੇਅਰ ਆਫ਼ ਦਿ ਸੀਜ਼ਨ ਟ੍ਰਾਫ਼ੀ ਨਾਲ ਵੀ ਸਨਮਾਨਿਤ ਕੀਤਾ ਗਿਆ।

### 9 ਸਾਲਾਂ ਤੋਂ ਇੱਕ ਕੋਚ ਤੋਂ ਲੈ ਰਹੇ ਟਰੇਨਿੰਗ

ਅਮਨਜੋਤ ਦਾ ਪਰਿਵਾਰ ਜਦੋਂ ਵੀ ਉਨ੍ਹਾਂ ਦੀ ਸਫ਼ਲਤਾ ਦੀ ਗੱਲ ਕਰਦਾ ਹੈ ਤਾਂ ਉਹ ਸਭ ਤੋਂ ਪਹਿਲਾਂ ਅਮਨਜੋਤ ਦੇ ਕੋਚ ਨਗੇਸ਼ ਗੁਪਤਾ ਦਾ ਨਾਮ ਲੈਂਦੇ ਹਨ। ਭੁਪਿੰਦਰ ਸਿੰਘ ਕਹਿੰਦੇ ਹਨ, "ਅਮਨਜੋਤ ਅੱਜ ਜਿੱਥੇ ਵੀ ਪਹੁੰਚੀ ਹੈ ਉਹ ਸਿਰਫ ਨਗੇਸ਼ ਗੁਪਤਾ ਕਰਕੇ ਸੰਭਵ ਹੋਇਆ ਹੈ। " ਉਹ ਕਹਿੰਦੇ ਹਨ,"ਨਗੇਸ਼ ਜੀ ਨੇ ਆਪਣੀ ਐਕਡਮੀ ਦੀ ਥਾਂ ਵੀ ਬਦਲ ਲਈ ਹੈ ਪਰ ਅਮਨਜੋਤ ਫੇਰ ਵੀ ਟਰੇਨਿੰਗ ਲਈ ਡੇਢ ਘੰਟਾ ਸਫ਼ਰ ਕਰਕੇ ਉਨ੍ਹਾਂ ਕੋਲ ਹੀ ਟਰੇਨਿੰਗ ਲਈ ਜਾਂਦੀ ਹੈ। " 9 ਸਾਲਾਂ ਤੋਂ ਅਮਨਜੋਤ ਨੂੰ ਟਰੇਨਿੰਗ ਦੇ ਰਹੇ ਕੋਚ ਨਗੇਸ਼ ਗੁਪਤਾ ਨੇ ਗੱਲ ਕਰਦਿਆਂ ਕਿਹਾ, "ਇੰਗਲੈਂਡ ਖ਼ਿਲਾਫ਼ ਮੈਚ ਦੇਰ ਰਾਤ ਨੂੰ ਦੇਖਿਆ। ਇੰਡੀਆ ਦੇ 3 ਆਊਟ ਹੋ ਗਏ ਸਨ 30 ਦੌੜਾਂ ਉੱਤੇ ਜਿਸ ਸਹਿਜਤਾ ਨਾਲ ਅਮਨ ਨੇ ਜੈਮੀਹ ਨਾਲ ਮਿਲ ਕੇ ਭਾਰਤ ਨੂੰ ਜਿੱਤ ਦਿਵਾਈ ਉਹ ਸ਼ਾਨਦਾਰ ਸੀ। " "ਮੈਂ 9 ਸਾਲਾਂ ਤੋਂ ਅਮਨ ਨੂੰ ਸਿਖਾ ਰਿਹਾ ਹਾਂ, ਸੱਟ ਤੋਂ ਬਾਅਦ ਮੈਂ ਉਸਦੇ ਅੰਦਰ ਬਦਲਾਅ ਦੇਖਿਆ ਹੈ। ਹੁਣ ਉਹ ਜ਼ਿੰਮੇਵਾਰੀ ਨਾਲ ਖੇਡਦੀ ਹੈ। " ਉਹ ਹੱਸਦੇ ਹੋਏ ਕਹਿੰਦੇ ਹਨ, "ਇੱਕ ਕੋਚ ਮਾਣ ਮਹਿਸੂਸ ਹੀ ਕਰ ਸਕਦਾ ਕਿ ਉਸਦਾ ਵਿਦਿਆਰਥੀ ਖ਼ਾਸ ਸ਼ਾਟ ਮਾਰ ਰਿਹਾ ਹੈ। ਅਮਨਜੋਤ ਦੀ ਖੇਡ ਬਿਹਤਰ ਤੋਂ ਬਿਹਤਰੀਨ ਹੁੰਦੀ ਜਾ ਰਹੀ ਹੈ, ਮੈਂ ਇਸਦੇ ਉੱਤੇ ਹੀ ਮਹਿਸੂਸ ਕਰ ਸਕਦਾ ਹਾਂ। "




## ਰੁਸਤਮ-ਏ-ਹਿੰਦ ਦਾਰਾ ਸਿੰਘ: ਇੱਕ ਯੁੱਗ, ਇੱਕ ਸਿਖ਼ਰ, ਇੱਕ ਵਿਰਾਸਤ





ਵਿੰਕਲਜੀਤ ਸਿੰਘ ਸਰਾ

ਜਦੋਂ ਵੀ ਤਾਕਤ, ਸੰਘਰਸ਼ ਅਤੇ ਸਫ਼ਲਤਾ ਦੀ ਗੱਲ ਹੁੰਦੀ ਹੈ, ਤਾਂ ਇੱਕ ਨਾਂ ਜੋ ਹਰ ਭਾਰਤੀ ਦੀ ਜ਼ੁਬਾਨ 'ਤੇ ਆਉਂਦਾ ਹੈ, ਉਹ ਹੈ ਸ. ਦਾਰਾ ਸਿੰਘ ਉਹ ਸਿਰਫ਼ ਇੱਕ ਪਹਿਲਵਾਨ ਜਾਂ ਅਦਾਕਾਰ ਨਹੀ ਸਨ, ਸਗੋਂ ਇੱਕ ਅਜਿਹਾ ਵਰਤਾਰਾ ਸਨ ਜਿਸ ਨੇ ਦਹਾਕਿਆਂ ਤੱਕ ਭਾਰਤੀਆਂ ਦੇ ਮਨਾਂ 'ਤੇ ਰਾਜ ਕੀਤਾ। ਉਨ੍ਹਾਂ ਦੀ ਜ਼ਿੰਦਗੀ ਮਿੱਟੀ ਵਿੱਚੋਂ ਉੱਠ ਕੇ ਅੰਬਰ ਛੂਹਣ ਦੀ ਇੱਕ ਜਿਉਂਦੀ-ਜਾਗਦੀ ਮਿਸਾਲ ਹੈ।

### ਮੁੱਢਲਾ ਜੀਵਨ: ਧਰਮੂਚੱਕ ਦੀ ਮਿੱਟੀ ਤੋਂ ਵਿਸ਼ਵ-ਪੱਧਰ ਤੱਕ

19 ਨਵੰਬਰ 1928 ਨੂੰ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਧਰਮੂਚੱਕ ਵਿਖੇ ਪਿਤਾ ਸੂਰਤ ਸਿੰਘ ਰੰਧਾਵਾ ਅਤੇ ਮਾਤਾ ਬਲਵੰਤ ਕੌਰ ਦੇ ਘਰ ਜਨਮੇ ਦੀਦਾਰ ਸਿੰਘ ਰੰਧਾਵਾ (ਜੋ ਬਾਅਦ ਵਿੱਚ ਦਾਰਾ ਸਿੰਘ ਵਜੋਂ ਜਾਣੇ ਗਏ) ਨੂੰ ਵਿਰਾਸਤ ਵਿੱਚ ਗ਼ਰੀਬੀ ਮਿਲੀ ਸੀ, ਪਰ ਜੁੱਸੇ ਵਿੱਚ ਅਥਾਹ ਤਾਕਤ ਅਤੇ ਦਿਲ ਵਿੱਚ ਅੱਗੇ ਵਧਣ ਦਾ ਜਜ਼ਬਾ ਸੀ। ਬਚਪਨ ਤੋਂ ਹੀ ਉਨ੍ਹਾਂ ਦਾ ਸਰੀਰ ਹਾਣੀਆਂ ਨਾਲੋਂ ਕਿਤੇ ਵੱਧ ਵਿਸ਼ਾਲ ਅਤੇ ਤਾਕਤਵਰ ਸੀ। ਪਿੰਡ ਦੇ ਅਖਾੜਿਆਂ ਵਿੱਚ ਘੁਲਣਾ ਅਤੇ ਖੇਤਾਂ ਵਿੱਚ ਸਖ਼ਤ ਮਿਹਨਤ ਕਰਨਾ ਉਨ੍ਹਾਂ ਦੇ ਜੀਵਨ ਦਾ ਹਿੱਸਾ ਸੀ। 1947 ਵਿੱਚ ਉਹ ਬਿਹਤਰ ਭਵਿੱਖ ਦੀ ਭਾਲ ਵਿੱਚ ਸਿੰਗਾਪੁਰ ਚਲੇ ਗਏ। ਉੱਥੇ ਇੱਕ ਡਰੰਮ ਬਣਾਉਣ ਵਾਲੀ ਫੈਕਟਰੀ ਵਿੱਚ ਕੰਮ ਕਰਦਿਆਂ ਵੀ ਉਨ੍ਹਾਂ ਨੇ ਆਪਣੀ ਕਸਰਤ ਅਤੇ ਕੁਸ਼ਤੀ ਦਾ ਸ਼ੌਕ ਨਹੀ ਛੱਡਿਆ। ਇੱਥੋਂ ਹੀ ਉਨ੍ਹਾਂ ਦੇ ਪੇਸ਼ੇਵਰ ਕੁਸ਼ਤੀ ਜੀਵਨ ਦਾ ਮੁੱਢ ਬੱਝਿਆ, ਜਦੋਂ ਉਨ੍ਹਾਂ ਨੇ "ਮਲੇਸ਼ੀਅਨ ਚੈਂਪੀਅਨ" ਤਰਲੋਕ ਸਿੰਘ ਨੂੰ ਹਰਾ ਕੇ ਪੂਰਬੀ ਏਸ਼ੀਆ ਵਿੱਚ ਆਪਣੀ ਤਾਕਤ ਦਾ ਲੋਹਾ ਮਨਵਾਇਆ।

### ਕੁਸ਼ਤੀ ਦਾ ਸਿਖਰ: 'ਰੁਸਤਮ-ਏ-ਹਿੰਦ' ਦਾ ਵਿਸ਼ਵ-ਵਿਆਪੀ ਦਬਦਬਾ

ਦਾਰਾ ਸਿੰਘ ਦਾ ਨਾਂ ਕੁਸ਼ਤੀ ਦਾ ਸਮਾਨਾਰਥੀ ਬਣ ਗਿਆ। ਉਨ੍ਹਾਂ ਨੇ ਆਪਣੇ ਪੇਸ਼ੇਵਰ ਜੀਵਨ ਵਿੱਚ 500 ਤੋਂ ਵੱਧ ਮੁਕਾਬਲੇ ਲੜੇ ਅਤੇ ਇਹ ਇੱਕ ਅਜਿਹਾ ਰਿਕਾਰਡ ਹੈ ਕਿ ਉਹ ਕਦੇ ਕੋਈ ਮੁਕਾਬਲਾ ਨਹੀ ਹਾਰੇ। ਉਨ੍ਹਾਂ ਦੀ ਪ੍ਰਸਿੱਧੀ ਸਿਰਫ਼ ਭਾਰਤ ਤੱਕ ਸੀਮਤ ਨਹੀ ਰਹੀ, ਸਗੋਂ ਪੂਰੀ ਦੁਨੀਆ ਵਿੱਚ ਉਨ੍ਹਾਂ ਦੇ ਨਾਂ ਦਾ ਡੰਕਾ ਵੱਜਿਆ।

### ਇਤਿਹਾਸਕ ਜਿੱਤਾਂ:

- **ਕਿੰਗ ਕਾਂਗ 'ਤੇ ਫਤਹਿ:** ਆਸਟ੍ਰੇਲੀਆ ਦੇ 200 ਕਿਲੋਗ੍ਰਾਮੀ ਭਾਰੀ-ਭਰਕਮ ਪਹਿਲਵਾਨ ਕਿੰਗ ਕਾਂਗ ਨੂੰ ਹਰਾਉਣਾ ਉਨ੍ਹਾਂ ਦੇ ਕਰੀਅਰ ਦਾ ਇੱਕ ਮੀਲ ਪੱਥਰ ਸੀ। ਜਦੋਂ ਦਾਰਾ ਸਿੰਘ ਨੇ ਉਸ ਨੂੰ ਸਿਰ ਤੋਂ ਚੁੱਕ ਕੇ ਘੁਮਾ ਦਿੱਤਾ ਤਾਂ ਦੁਨੀਆ ਹੈਰਾਨ ਰਹਿ ਗਈ।
- **ਕਾਮਨਵੈਲਥ ਚੈਂਪੀਅਨ (1959):** ਉਨ੍ਹਾਂ ਨੇ ਕੈਨੇਡਾ ਦੇ ਮਸ਼ਹੂਰ ਪਹਿਲਵਾਨ ਜੌਰਜ ਗਾਰਡੀਐਂਕੋ ਨੂੰ ਹਰਾ ਕੇ ਕਾਮਨਵੈਲਥ ਚੈਂਪੀਅਨਸ਼ਿਪ ਜਿੱਤੀ।
- **ਵਿਸ਼ਵ ਚੈਂਪੀਅਨ (1968):** ਅਮਰੀਕਾ ਦੇ 'ਲੂ ਥੇਜ਼' ਨੂੰ ਹਰਾ ਕੇ ਉਹ ਫ੍ਰੀ-ਸਟਾਈਲ ਕੁਸ਼ਤੀ ਦੇ ਵਿਸ਼ਵ ਚੈਂਪੀਅਨ ਬਣੇ।
- **ਹੋਰ ਮਹਾਨ ਪਹਿਲਵਾਨ:** ਉਨ੍ਹਾਂ ਨੇ ਆਪਣੇ ਸਮੇਂ ਦੇ ਲਗਭਗ ਸਾਰੇ ਦਿੱਗਜਾਂ, ਜਿਵੇਂ ਕਿ ਜੌਨ ਡੀ ਸਿਲਵਾ, ਜ਼ਬੀਸਕੋ, ਅਤੇ ਬਿਲ ਵਰਨਾ ਆਦਿ ਨੂੰ ਧੂੜ ਚਟਾਈ। 1983 ਵਿੱਚ ਉਨ੍ਹਾਂ ਨੇ ਕੁਸ਼ਤੀ ਤੋਂ ਸੰਨਿਆਸ ਲੈਣ ਦਾ ਐਲਾਨ ਕੀਤਾ ਅਤੇ ਦਿੱਲੀ ਵਿੱਚ ਆਯੋਜਿਤ ਆਖਰੀ ਮੁਕਾਬਲੇ ਵਿੱਚ ਜਿੱਤ ਪ੍ਰਾਪਤ ਕਰਕੇ ਇਸ ਖੇਤਰ ਨੂੰ ਅਲਵਿਦਾ ਕਿਹਾ।

### ਫ਼ਿਲਮੀ ਸਫ਼ਰ ਪਰਦੇ ਦਾ ਪਹਿਲਾ 'ਹੀ-ਮੈਨ'

ਦਾਰਾ ਸਿੰਘ ਭਾਰਤੀ ਸਿਨੇਮਾ ਦੇ ਪਹਿਲੇ ਅਸਲ "ਹੀ-ਮੈਨ" ਸਨ। ਉਨ੍ਹਾਂ ਨੇ ਆਪਣੀ ਸਰੀਰਕ ਦਿੱਖ ਨੂੰ ਪਰਦੇ 'ਤੇ ਇੱਕ ਨਵੀ ਪਛਾਣ ਦਿੱਤੀ। 1952 ਵਿੱਚ ਫ਼ਿਲਮ 'ਸੰਗਦਿਲ' ਨਾਲ ਸ਼ੁਰੂਆਤ ਕਰਨ ਤੋਂ ਬਾਅਦ ਉਨ੍ਹਾਂ ਨੇ 140 ਤੋਂ ਵੱਧ ਫ਼ਿਲਮਾਂ ਵਿੱਚ ਕੰਮ ਕੀਤਾ।

- **ਐਕਸ਼ਨ ਹੀਰੋ:** ਫ਼ਿਲਮਾਂ ਜਿਵੇਂ 'ਕਿੰਗ ਕਾਂਗ' (1962), 'ਫੌਲਾਦ' (1963), 'ਸਿਕੰਦਰ-ਏ-ਆਜ਼ਮ' (1965) ਅਤੇ 'ਰੁਸਤਮ-ਏ-ਹਿੰਦ' (1965) ਨੇ ਉਨ੍ਹਾਂ ਨੂੰ ਭਾਰਤ ਦੇ ਘਰ-ਘਰ ਵਿੱਚ ਮਸ਼ਹੂਰ ਕਰ ਦਿੱਤਾ।
- **ਹਨੂੰਮਾਨ ਦਾ ਕਿਰਦਾਰ:** ਰਾਮਾਨੰਦ ਸਾਗਰ ਦੇ ਟੀ.ਵੀ. ਸੀਰੀਅਲ 'ਰਾਮਾਇਣ' (1987) ਵਿੱਚ ਹਨੂੰਮਾਨ ਦਾ ਕਿਰਦਾਰ ਨਿਭਾ ਕੇ ਉਹ ਅਮਰ ਹੋ ਗਏ। ਉਨ੍ਹਾਂ ਦੀ ਮਾਸੂਮੀਅਤ, ਸ਼ਰਧਾ ਅਤੇ ਬਲ ਦਾ ਪ੍ਰਗਟਾਵਾ ਇੰਨਾ ਸ਼ਕਤੀਸ਼ਾਲੀ ਸੀ ਕਿ ਲੋਕ ਉਨ੍ਹਾਂ ਨੂੰ ਅਸਲ ਵਿੱਚ ਹਨੂੰਮਾਨ ਦਾ ਰੂਪ ਮੰਨਣ ਲੱਗੇ।
- **ਪੰਜਾਬੀ ਸਿਨੇਮਾ ਵਿੱਚ ਯੋਗਦਾਨ:** ਉਨ੍ਹਾਂ ਨੇ 'ਨਾਨਕ ਨਾਮ ਜਹਾਜ਼ ਹੈ', 'ਸਵਾ ਲਾਖ ਸੇ ਏਕ ਲੜਾਊਂ' ਅਤੇ 'ਮੈਂ ਮਾਂ ਪੰਜਾਬ ਦੀ' ਵਰਗੀਆਂ ਕਈ ਯਾਦਗਾਰੀ ਪੰਜਾਬੀ ਫ਼ਿਲਮਾਂ ਵਿੱਚ ਕੰਮ ਕਰਕੇ ਪੰਜਾਬੀ ਸਿਨੇਮਾ ਨੂੰ ਮਜ਼ਬੂਤੀ ਦਿੱਤੀ।
- **ਦਾਰਾ ਸਟੂਡੀਓ:** ਉਨ੍ਹਾਂ ਨੇ 1978 ਵਿੱਚ ਮੋਹਾਲੀ ਵਿਖੇ "ਦਾਰਾ ਸਟੂਡੀਓ" ਦੀ ਸਥਾਪਨਾ ਕੀਤੀ, ਜੋ ਅੱਜ ਵੀ ਪੰਜਾਬੀ ਫ਼ਿਲਮ ਇੰਡਸਟਰੀ ਲਈ ਇੱਕ ਮਹੱਤਵਪੂਰਨ ਕੇਂਦਰ ਹੈ। ਉਨ੍ਹਾਂ ਦੀ ਆਖਰੀ ਫ਼ਿਲਮ 'ਜਬ ਵੀ ਮੈਟ' (2007) ਸੀ, ਜਿਸ ਵਿੱਚ ਉਨ੍ਹਾਂ ਨੇ ਕਰੀਨਾ ਕਪੂਰ ਦੇ ਦਾਦਾ ਜੀ ਦਾ ਕਿਰਦਾਰ ਨਿਭਾਇਆ ਸੀ।



### ਸੱਭਿਆਚਾਰਕ ਅਤੇ ਸਿੱਖੀ ਸਰੋਕਾਰ

ਉਨ੍ਹਾਂ ਨੂੰ ਫ਼ਿਲਮਾਂ ਵਿੱਚ ਕੰਮ ਕਰਨ ਲਈ ਆਪਣੇ ਕੇਸਾਂ ਤੋਂ ਵੱਖ ਹੋਣਾ ਪਿਆ ਸੀ ਅਤੇ ਉਨ੍ਹਾਂ ਨੂੰ ਇਸ ਗੱਲ ਦਾ ਹਮੇਸ਼ਾ ਅਫ਼ਸੋਸ ਰਿਹਾ। ਉਹ ਪੰਜਾਬੀ ਬੋਲੀ ਅਤੇ ਸੱਭਿਆਚਾਰ ਦੇ ਸੱਚੇ ਦੂਤ ਸਨ। ਉਨ੍ਹਾਂ ਦੀ ਸ਼ਖ਼ਸੀਅਤ ਨੇ ਦੁਨੀਆ ਭਰ ਦੇ ਸਿੱਖ ਨੌਜਵਾਨਾਂ ਨੂੰ ਆਪਣੀ ਪਛਾਣ 'ਤੇ ਮਾਣ ਕਰਨ ਲਈ ਪ੍ਰੇਰਿਤ ਕੀਤਾ। ਜਨਤਕ ਮੰਚਾਂ 'ਤੇ ਉਹ ਹਮੇਸ਼ਾ ਨਿਮਰਤਾ, ਸੱਚ ਅਤੇ "ਵਾਹਿਗੁਰੂ" ਦੇ ਸਿਧਾਂਤਾਂ ਦੀ ਗੱਲ ਕਰਦੇ ਸਨ।

### ਰਾਜਨੀਤਿਕ ਪਾਰੀ: ਇੱਕ ਸਹਿਜ ਅਤੇ ਸਪੱਸ਼ਟ ਆਵਾਜ਼

ਸ. ਦਾਰਾ ਸਿੰਘ 2003 ਤੋਂ 2009 ਤੱਕ ਭਾਰਤੀ ਜਨਤਾ ਪਾਰਟੀ ਵੱਲੋਂ ਰਾਜ ਸਭਾ ਦੇ ਨਾਮਜ਼ਦ ਮੈਂਬਰ ਰਹੇ। ਉਹ ਸੰਸਦ ਵਿੱਚ ਪਹੁੰਚਣ ਵਾਲੇ ਪਹਿਲੇ ਖਿਡਾਰੀ ਸਨ। ਆਪਣੀ ਰਾਜਨੀਤਿਕ ਪਾਰੀ ਦੌਰਾਨ ਉਨ੍ਹਾਂ ਨੇ ਖੇਡਾਂ, ਨੌਜਵaਨਾਂ ਅਤੇ ਕਿਸਾਨਾਂ ਦੇ ਮੁੱਦਿਆਂ ਨੂੰ ਬੜੀ ਸੰਜੀਦਗੀ ਨਾਲ ਉਠਾਇਆ। ਉਨ੍ਹਾਂ ਦਾ ਰਾਜਨੀਤਿਕ ਸਫ਼ਰ ਹਮੇਸ਼ਾ ਬੇਦਾਗ਼ ਅਤੇ ਵਿਵਾਦ-ਰਹਿਤ ਰਿਹਾ।

### ਵਿਰਾਸਤ ਅਤੇ ਸਨਮਾਨ

ਦਾਰਾ ਸਿੰਘ ਸਿਰਫ਼ ਇੱਕ ਵਿਅਕਤੀ ਨਹੀ, ਸਗੋਂ ਇੱਕ ਸੰਸਥਾ ਸਨ।

- **ਸਨਮਾਨ:** ਉਨ੍ਹਾਂ ਨੂੰ 'ਰੁਸਤਮ-ਏ-ਪੰਜਾਬ' ਅਤੇ 'ਰੁਸਤਮ-ਏ-ਹਿੰਦ' (1954) ਦੇ ਖਿਤਾਬਾਂ ਨਾਲ ਨਿਵਾਜਿਆ ਗਿਆ। 2018 ਵਿੱਚ ਉਨ੍ਹਾਂ ਨੂੰ ਮਰਨ ਉਪਰੰਤ 'ਰੈਸਲਿੰਗ ਆਬਜ਼ਰਵਰ ਨਿਊਜ਼ਲੈਟਰ ਹਾਲ ਆਫ ਫੇਮ' ਵਿੱਚ ਸ਼ਾਮਲ ਕੀਤਾ ਗਿਆ।
- **ਅਮਰ ਵਿਰਾਸਤ:** ਭਾਵੇਂ ਕਿ ਉਨ੍ਹਾਂ ਦੇ ਕੱਦ ਦੇ ਬਰਾਬਰ ਦਾ ਕੋਈ ਵੱਡਾ ਸਿਵਲ ਸਨਮਾਨ (ਜਿਵੇਂ ਕਿ ਪਦਮ ਭੂਸ਼ਣ) ਉਨ੍ਹਾਂ ਨੂੰ ਸਰਕਾਰ ਵੱਲੋਂ ਨਹੀ ਮਿਲਿਆ, ਪਰ ਲੋਕਾਂ ਦੇ ਦਿਲਾਂ ਵਿੱਚ ਜੋ ਸਤਿਕਾਰ ਉਨ੍ਹਾਂ ਨੇ ਕਮਾਇਆ, ਉਹ ਕਿਸੇ ਵੀ ਪੁਰਸਕਾਰ ਤੋਂ ਕਿਤੇ ਵੱਡਾ ਹੈ। ਅੱਜ ਵੀ ਭਾਰਤ ਵਿੱਚ ਤਾਕਤ ਦਾ ਦੂਜਾ ਨਾਂ "ਦਾਰਾ ਸਿੰਘ" ਹੈ। ਉਨ੍ਹਾਂ ਦੇ ਪੁੱਤਰ ਵਿੰਦੂ ਦਾਰਾ ਸਿੰਘ ਉਨ੍ਹਾਂ ਦੀ ਵਿਰਾਸਤ ਨੂੰ ਅੱਗੇ ਤੋਰ ਰਹੇ ਹਨ।

### ਅੰਤਿਮ ਸਫ਼ਰ: ਇੱਕ ਯੁੱਗ ਦਾ ਅੰਤ

12 ਜੁਲਾਈ 2012 ਨੂੰ ਦਿਲ ਦਾ ਦੌਰਾ ਪੈਣ ਕਾਰਨ ਇਹ ਮਹਾਨ ਸ਼ਖ਼ਸੀਅਤ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਈ। ਉਨ੍ਹਾਂ ਦੇ ਦੇਹਾਂਤ ਨਾਲ ਇੱਕ ਯੁੱਗ ਦਾ ਅੰਤ ਹੋ ਗਿਆ। ਭਾਰਤ ਸਰਕਾਰ ਨੇ ਉਨ੍ਹਾਂ ਦਾ ਅੰਤਿਮ ਸੰਸਕਾਰ ਪੂਰੇ ਰਾਜਕੀ ਸਨਮਾਨਾਂ ਨਾਲ ਕੀਤਾ, ਜੋ ਉਨ੍ਹਾਂ ਦੀ ਮਹਾਨਤਾ ਨੂੰ ਸਲਾਮ ਸੀ। ਸ. ਦਾਰਾ ਸਿੰਘ ਇੱਕ ਅਜਿਹੀ ਮਿਸਾਲ ਸਨ ਜਿਨ੍ਹਾਂ ਨੇ ਸਾਬਤ ਕੀਤਾ ਕਿ ਸਰੀਰਕ ਬਲ ਦੇ ਨਾਲ-ਨਾਲ ਜੇਕਰ ਆਤਮਿਕ ਸ਼ਕਤੀ, ਨਿਮਰਤਾ ਅਤੇ ਸਵੈ-ਮਾਣ ਹੋਵੇ ਤਾਂ ਇਨਸਾਨ ਇਤਿਹਾਸ ਸਿਰਜ ਸਕਦਾ ਹੈ। ਪੰਜਾਬ ਦੇ ਇੱਕ ਛੋਟੇ ਜਿਹੇ ਪਿੰਡ ਤੋਂ ਸ਼ੁਰੂ ਹੋਇਆ ਉਨ੍ਹਾਂ ਦਾ ਸਫ਼ਰ ਵਿਸ਼ਵ ਪੱਧਰ 'ਤੇ ਭਾਰਤ ਦਾ ਨਾਂ ਰੌਸ਼ਨ ਕਰ ਗਿਆ। ਉਹ ਹਮੇਸ਼ਾ ਆਉਣ ਵਾਲੀਆਂ ਪੀੜ੍ਹੀਆਂ ਲਈ ਹਿੰਮਤ, ਮਿਹਨਤ ਅਤੇ ਸਫ਼ਲਤਾ ਦੇ ਪ੍ਰਤੀਕ ਬਣੇ ਰਹਿਣਗੇ। ਦਾਰਾ ਸਿੰਘ ਸਿਰਫ਼ ਇੱਕ ਰੁਸਤਮ ਨਹੀ, ਸਗੋਂ ਸਦੀ ਦੇ ਮਹਾਨਾਇਕ ਸਨ।



## ਦਿਓ-ਕੱਦਾ ਭਲਵਾਨ ਸੀ ਦਾਰਾ ਦੁਲਚੀਪੁਰੀਆ



ਪ੍ਰਿੰਸੀਪਲ ਸਰਵਣ ਸਿੰਘ
principalsarwansingh@gmail.com

ਦਾਰਾ ਦੁਲਚੀਪੁਰੀਆ ਦਿਓਆਂ ਵਰਗਾ ਭਲਵਾਨ ਸੀ। ਉਹਦਾ ਕੱਦ ਪਹਿਲਵਾਨ ਕਿੱਕਰ ਸਿੰਘ ਵਾਂਗ ਸੱਤ ਫੁੱਟਾ ਸੀ। ਉਹਦੀ ਸਮਾਧ ਵੀ ਸੱਤ ਫੁੱਟੀ ਹੈ। ਉਸ ਨੇ ਵਿਸ਼ਵ ਚੈਂਪੀਅਨ ਕਿੰਗ ਕਾਂਗ ਨੂੰ ਢਾਹ ਕੇ ਰੁਸਤਮੇ ਜ਼ਮਾਂ ਦੀ ਬੈਲਟ ਜਿੱਤੀ ਸੀ। ਉਦੋਂ ਦਾਰੇ ਦਾ ਭਾਰ 135 ਕਿਲੋ ਸੀ ਤੇ ਕਿੰਗ ਕਾਂਗ ਦਾ 2 ਕੁਇੰਟਲ। ਦਾਰੇ ਨੇ ਭੁੰਜੇ ਸੁੱਟ ਕੇ ਉਹਦਾ ਗੋਡਾ ਤੋੜਿਆ ਤਾਂ ਉਹ ਰਿੰਗ ਵਿੱਚ ਹੀ ਬਹੁੜੀਆਂ ਪਾਉਣ ਲੱਗ ਪਿਆ ਸੀ। ਦਾਰੇ ਦੀਆਂ ਜਿਉਂਦੇ ਜੀਅ ਦੰਦ ਕਥਾਵਾਂ ਚੱਲ ਪਈਆਂ ਸਨ। ਜਿਵੇਂ ਦਿਓਆਂ ਦੀਆਂ ਬਾਤਾਂ ਪੈਂਦੀਆਂ, ਉਵੇਂ ਦਾਰੇ ਦੀਆਂ ਪੈਣ ਲੱਗੀਆਂ ਸਨ। ਅਖੇ ਉਹ ਕਿਸੇ ਪਿੰਡ ਬਰਾਤ ਗਿਆ। ਖਾਣ-ਪੀਣ ਦੇ ਆਹੂ ਲਾਹ ਕੇ ਫਿਰਨੀ 'ਤੇ ਆਇਆ ਤਾਂ ਉਹਨੂੰ ਮਾਰਨਖੰਡਾ ਸਾਨ੍ਹ ਪੈ ਗਿਆ। ਦਾਰੇ ਨੇ ਉਹਦੇ ਸਿੰਗ ਫੜ ਲਏ। ਕਦੇ ਦਾਰਾ ਸਾਨ੍ਹ ਨੂੰ ਦਸ ਕਦਮ ਪਿੱਛੇ ਧੱਕ ਲਿਜਾਂਦਾ ਤੇ ਕਦੇ ਸਾਨ੍ਹ ਦਾਰੇ ਦੇ ਪੈਰ ਉਖੇੜ ਦਿੰਦਾ। ਆਖ਼ਰ ਸਾਨ੍ਹ ਦਾ ਏਨਾ ਜ਼ੋਰ ਲੱਗ ਗਿਆ ਕਿ ਉਹਦੀ ਮੋਕ ਵਗ ਤੁਰੀ। ਦਾਰੇ ਨੇ ਸਿੰਗ ਛੱਡੇ ਤਾਂ ਉਹ ਅਜਿਹਾ ਦੌੜਿਆ ਕਿ ਮੁੜ ਉਸ ਪਿੰਡ ਦੀ ਜੂਹ ਵਿੱਚ ਨਾ ਵੜਿਆ। ਫਿਰੋਜ਼ਪੁਰ ਜੇਲ੍ਹ ਵਿੱਚ ਪਾਣੀ ਦੀ ਟੈਂਕੀ 'ਤੇ ਦਾਰੇ ਦੀ ਵਗਾਹ ਕੇ ਸੁੱਟੀ ਇੱਟ ਕਈ ਸਾਲ ਉੱਥੇ ਪਈ ਰਹੀ। ਸਾਈਕਲਾਂ ਦੀ ਇੱਕ ਕੰਪਨੀ ਨੇ ਸਾਈਕਲ ਉਹਦੀਆਂ ਲੱਤਾਂ ਵਿਚਾਲੇ ਖੜ੍ਹਾ ਕੇ ਫੋਟੋ ਖਿੱਚੀ ਜੋ ਇਸ਼ਤਿਹਾਰਬਾਜ਼ੀ ਲਈ ਵਰਤੀ ਗਈ। ਦਾਰੇ ਭਲਵਾਨ ਦੋ ਹੋਏ ਹਨ। ਦੋਵੇਂ ਰੁਸਤਮੇ ਹਿੰਦ। ਦਾਰਾ ਦੁਲਚੀਪੁਰੀਆ 1918 'ਚ ਜੰਮਿਆ ਤੇ 1988 ਵਿੱਚ ਗੁਜ਼ਰਿਆ। ਦਾਰੇ ਧਰਮੂਚੱਕੀਏ ਦਾ ਜਨਮ 1928 'ਚ ਹੋਇਆ ਤੇ ਦੇਹਾਂਤ 2012 ਵਿੱਚ। ਦਾਰੇ ਦੁਲਚੀਪੁਰੀਏ ਦੀ ਦਾਸਤਾਨ ਦਰਦਭਰੀ ਹੈ। ਉਹਦਾ ਜਨਮ ਖਡੂਰ ਸਾਹਿਬ ਨੇੜੇ ਪਿੰਡ ਦੁਲਚੀਪੁਰ ਵਿੱਚ ਪਿਆਰਾ ਸਿੰਘ ਦੇ ਘਰ ਨਿਹਾਲ ਕੌਰ ਦੀ ਕੁੱਖੋਂ ਹੋਇਆ ਸੀ। ਉਹ ਛੇ ਭੈਣ ਭਰਾ ਸਨ। ਦਾਰਾ ਦਸ ਸਾਲ ਦਾ ਸੀ ਕਿ ਬਾਪ ਪਰਲੋਕ ਸਿਧਾਰ ਗਿਆ। ਪਰਿਵਾਰ ਪਾਲਣ ਦੀ ਜ਼ਿੰਮੇਵਾਰੀ ਵੱਡੇ ਭਰਾ ਇੰਦਰ ਸਿੰਘ ਦੇ ਸਿਰ ਆਣ ਪਈ। ਫਿਰ ਵੀ ਦਾਰੇ ਨੂੰ ਪਹਿਲਵਾਨ ਬਣਾਇਆ ਗਿਆ। ਉਸ ਨੇ ਦੇਸੀ ਕੁਸ਼ਤੀਆਂ ਲਾਹੌਰ ਤੇ ਫਰੀ ਸਟਾਈਲ ਕੁਸ਼ਤੀਆਂ ਸਿੰਗਾਪੁਰ ਤੋਂ ਸਿੱਖੀਆਂ। 1946 'ਚ ਉਹ ਮਲਾਇਆ ਦਾ ਚੈਂਪੀਅਨ ਬਣ ਗਿਆ ਸੀ। ਉਹਦੀ ਚੜ੍ਹਤ ਨਾਲ 'ਹੈਪੀ ਵਰਲਡ' ਕਲੱਬ ਦੀ ਝੰਡੀ ਹੋ ਗਈ ਸੀ। ਦਾਰੇ ਦਾ ਮੁਕਾਬਲਾ ਕਰਨ ਲਈ 'ਗਰੇਟ ਵਰਲਡ' ਕਲੱਬ ਵਾਲੇ ਹੰਗਰੀ ਦੇ ਪਹਿਲਵਾਨ ਕਿੰਗ ਕਾਂਗ ਨੂੰ ਲੈ ਆਏ। ਦਾਰੇ ਦੀ ਟੱਕਰ ਵਿਸ਼ਵ ਚੈਂਪੀਅਨ ਕਿੰਗ ਕਾਂਗ ਨਾਲ ਕਰਵਾਈ ਗਈ। ਦਾਰੇ ਨੇ ਉਸ ਨੂੰ ਤੇਰ੍ਹਾਂ ਮਿੰਟਾਂ 'ਚ ਈ ਤਾਰੇ ਦਿਖਾ ਦਿੱਤੇ ਤੇ ਉਹਦਾ ਗੋਡਾ ਤੋੜ ਦਿੱਤਾ। ਕਿੰਗ ਕਾਂਗ ਨੂੰ ਸਟਰੈਚਰ 'ਤੇ ਪਾ ਕੇ ਲਿਜਾਣਾ ਪਿਆ ਜਦੋਂ ਕਿ ਦਾਰੇ ਨੂੰ ਦਰਸ਼ਕਾਂ ਨੇ ਮੋਢਿਆਂ 'ਤੇ ਚੁੱਕ ਲਿਆ। ਫਿਰ ਉਸ ਨੂੰ ਫਿਲਪੀਨ, ਜਪਾਨ ਤੇ ਹੋਰ ਮੁਲਕਾਂ ਤੋਂ ਵੀ ਕੁਸ਼ਤੀਆਂ ਦੇ ਸੱਦੇ ਆਉਣ ਲੱਗੇ। ਉਸ ਦੇ ਘਰ ਪੁੱਤਰ ਨੇ ਜਨਮ ਲਿਆ ਜਿਸ ਦਾ ਨਾਂ ਹਰਬੰਸ ਸਿੰਘ ਰੱਖਿਆ ਗਿਆ, ਪਰ ਹੋਣੀ ਨੂੰ ਕੁਝ ਹੋਰ ਮਨਜ਼ੂਰ ਸੀ। ਜਦੋਂ ਕੁਸ਼ਤੀਆਂ ਵਿੱਚ ਉਹਦੀ ਗੁੱਡੀ ਸਿਖਰ 'ਤੇ ਸੀ ਤਾਂ ਪਿੱਛੇ ਪਿੰਡ ਵਿੱਚ ਉਹਦੇ ਭਰਾ ਦਲੀਪ ਸਿੰਘ ਦਾ ਕਤਲ ਹੋ ਗਿਆ ਤੇ ਇੰਦਰ ਸਿੰਘ ਦਾ ਗੁੱਟ ਵੱਢਿਆ ਗਿਆ। ਦਾਰੇ ਨੇ ਆਪਣੇ ਸਕੇ ਭਰਾ ਦਲੀਪ ਦੇ ਕਤਲ ਦਾ ਬਦਲਾ ਲੈਣ ਲਈ ਸ਼ਰੀਕ ਭਰਾ ਸਰਦਾਰੇ ਦਾ ਕਤਲ ਕਰ ਦਿੱਤਾ। ਕਤਲ ਕਰਨ ਨਾਲ ਉਹਦਾ ਖੇਡ ਕਰੀਅਰ ਹੀ ਨਹੀ, ਸਾਰਾ ਜੀਵਨ ਹੀ ਬਰਬਾਦ ਹੋ ਗਿਆ। ਭਲਾ ਹੋਵੇ ਸੋਵੀਅਤ ਰੂਸ ਦੇ ਪ੍ਰਧਾਨ ਬੁਲਗਾਨਿਨ ਤੇ ਪ੍ਰਧਾਨ ਮੰਤਰੀ ਖਰੁਸ਼ਚੇਵ ਦਾ ਜਿਨ੍ਹਾਂ ਨੇ 1955 'ਚ ਭਾਰਤ ਦੇ ਦੌਰੇ ਸਮੇਂ ਜੇਲ੍ਹਰ ਦਾਰੇ ਦੀ ਕੁਸ਼ਤੀ ਵੇਖਦਿਆਂ ਭਾਰਤ ਦੇ ਪ੍ਰਧਾਨ ਮੰਤਰੀ ਨਹਿਰੂ ਨੂੰ ਉਹਦੇ 'ਤੇ ਰਹਿਮ ਕਰਨ ਲਈ ਕਿਹਾ। ਦਾਰੇ ਦੀ ਫਾਂਸੀ ਸੁਪਰੀਮ ਕੋਰਟ ਨੇ ਪਹਿਲਾਂ ਹੀ ਵੀਹ ਸਾਲ ਦੀ ਜੇਲ੍ਹ ਵਿੱਚ ਬਦਲ ਦਿੱਤੀ ਸੀ ਜੋ ਰਹਿਮ ਦੀ ਅਪੀਲ ਨਾਲ ਪੈਰੋਲ ਤੇ ਅਗਾਊਂ ਰਿਹਾਈ ਵਿੱਚ ਬਦਲ ਦਿੱਤੀ ਗਈ। ਕੁਸ਼ਤੀਆਂ ਤੋਂ 'ਕੱਠਾ ਹੋਇਆ ਦੋ ਲੱਖ ਦਾ ਇਮਦਾਦੀ ਵੀ ਦਾਰੇ ਨੂੰ ਦੇ ਦਿੱਤਾ ਗਿਆ ਜੋ ਉਸ ਨੇ ਗ਼ਰੀਬ ਗੁਰਬਿਆਂ 'ਚ ਵੰਡ ਦਿੱਤਾ।

ਤੋਰੀਏ ਦੀ ਭਰੀ ਤੋਂ ਹੋਇਆ ਸੀ ਕਤਲ ਦਲੀਪ ਸਿੰਘ ਸਿੰਗਾਪੁਰ ਤੋਂ ਮੁੜ ਕੇ ਇੰਦਰ ਸਿੰਘ ਨਾਲ ਖੇਤੀਬਾੜੀ ਕਰਾਉਣ ਆ ਲੱਗਾ ਸੀ। ਉਨ੍ਹਾਂ ਦਾ ਖੂਹ ਘਸੀਟਪੁਰੇ ਵੱਲ ਸੀ। ਇੱਕ ਰਾਤ ਉਨ੍ਹਾਂ ਨੇ ਖੂਹ ਤੋਂ ਪੈਲੀ ਸਿੰਜੀ। ਉਸੇ ਰਾਤ ਘਸੀਟਪੁਰੇ ਦੇ ਇੱਕ ਕਿਸਾਨ ਦਾ ਚੋਰੀਓਂ ਤੋਰੀਆ ਵੱਢਿਆ ਗਿਆ। ਅਗਲੀ ਸਵੇਰ ਉਹ ਕਿਸਾਨ ਖੇਤਾਂ ਵਾਲਿਆਂ ਤੋਂ ਪੁੱਛਦਾ ਗਿੱਛਦਾ ਦੁਲਚੀਪੁਰੇ ਆ ਗਿਆ। ਉੱਥੇ ਉਸ ਨੂੰ ਇੰਦਰ ਦਾ ਸ਼ਰੀਕ ਭਰਾ ਸਰਦਾਰਾ ਸਬੱਬੀ ਮਿਲ ਪਿਆ। ਕਿਸਾਨ ਨੇ ਉਂਜ ਈ ਕਹਿ ਦਿੱਤਾ ਕਿ ਉਸ ਦਾ ਤੋਰੀਆ ਦੁਲਚੀਪੁਰੇ ਦੇ ਕਿਸੇ ਬੰਦੇ ਨੇ ਚੋਰੀਓਂ ਵੱਢ ਲਿਐ। ਕਿਸੇ ਨੂੰ ਪਤਾ ਹੋਵੇ ਤਾਂ ਦੱਸੋ। ਸਰਦਾਰੇ ਨੂੰ ਕੋਈ ਪਤਾ ਨਹੀ ਸੀ, ਪਰ ਉਹਦੇ ਮੂੰਹੋਂ ਨਿਕਲ ਗਿਆ, "ਰਾਤੀ ਇੰਦਰ ਹੋਰਾਂ ਦਾ ਖੂਹ ਚੱਲਦਾ ਸੀ। ਉਨ੍ਹਾਂ ਨੂੰ ਪੁੱਛੋ, ਸ਼ਾਇਦ ਉਨ੍ਹਾਂ ਨੂੰ ਪਤਾ ਹੋਵੇ। " ਕਿਸਾਨ ਨੂੰ ਇੰਦਰ ਤੇ ਦਲੀਪ ਪਰ੍ਹੇ 'ਚ ਬੈਠੇ ਮਿਲ ਪਏ। ਲਾਂਭੇ ਹੋ ਕੇ ਗੱਲ ਕਰਨ ਦੀ ਥਾਂ ਕਿਸਾਨ ਉਨ੍ਹਾਂ ਨੂੰ ਪੁੱਛ ਬੈਠਾ, "ਤੁਹਾਂ ਮੇਰਾ ਤੋਰੀਆ ਵੱਢਿਆ?" ਪਰ੍ਹੇ 'ਚ ਚੋਰੀ ਦਾ ਇਲਜ਼ਾਮ ਸੁਣ ਕੇ ਇੰਦਰ ਤੇ ਦਲੀਪ ਬੋਲੇ, "ਮੂੰਹ ਸੰਭਾਲ ਕੇ ਬੋਲ ਓਏ। ਤੈਨੂੰ ਕੀਹਨੇ ਕਿਹਾ ਪਈ ਅਹੀ ਤੇਰਾ ਤੋਰੀਆ ਵੱਢਿਆ?" ਕਿਸਾਨ ਦੇ ਮੂੰਹੋਂ ਨਿਕਲ ਗਿਆ, "ਧਾਡੇ ਸਰਦਾਰੇ ਨੇ ਕਿਹਾ। " ਸਰਦਾਰੇ ਨੇ ਇਉਂ ਬਿਲਕੁਲ ਨਹੀ ਸੀ ਕਿਹਾ। ਪੁੱਛ ਪੜਤਾਲ ਕਰ ਲੈਂਦੇ ਤਾਂ ਗੁੱਸਾ ਘਸੀਟਪੁਰੇ ਦੇ ਕਿਸਾਨ 'ਤੇ ਨਿਕਲਣਾ ਸੀ, ਪਰ ਕਹਾਣੀ ਉਲਟ ਪਾਸੇ ਤੁਰ ਪਈ ਜਿਸ ਨਾਲ ਕਤਲਾਂ ਦਾ ਮੁੱਢ ਬੱਝ ਗਿਆ। ਇੰਦਰ ਤੇ ਦਲੀਪ ਨੇ ਸਰਦਾਰਾ ਬੀਹੀ 'ਚ ਜਾ ਘੇਰਿਆ ਤੇ ਸੋਟੀਆਂ ਮਾਰ ਦਿੱਤੀਆਂ ਜਿੱਥੋਂ ਉਨ੍ਹਾਂ ਦਾ ਵੈਰ ਪੈ ਗਿਆ। ਸਕੇ ਸੋਧਰੇ ਹੋਣ ਕਰਕੇ ਉਨ੍ਹਾਂ ਦੇ ਘਰ ਨਾਲੋ-ਨਾਲ ਸਨ। ਇੰਦਰ ਹੋਰਾਂ ਦਾ ਬਾਪ ਪਿਆਰਾ ਸਿੰਘ ਤੇ ਸਰਦਾਰੇ ਹੋਰਾਂ ਦਾ ਬਾਪ ਸਾਉਣ ਸਿੰਘ ਚਾਚੇ ਤਾਏ ਦੇ ਪੁੱਤ ਸਨ। ਇਕੋ ਬਾਬੇ ਦੀ ਔਲਾਦ। ਗੁਆਂਢੀ ਪਿੰਡ ਦੇ ਤੋਰੀਏ ਦੀ ਭਰੀ ਨੇ ਉਨ੍ਹਾਂ 'ਚ ਕਲੇਸ਼ ਖੜ੍ਹਾ ਕਰ ਦਿੱਤਾ। ਇੰਦਰ ਹੋਰੀ ਦਾਰੇ ਪਹਿਲਵਾਨ ਦੇ ਨਾਂ ਕਰਕੇ ਖੱਬੀ ਖਾਨ ਕਹਾਉਂਦੇ ਸਨ। ਉਨ੍ਹਾਂ ਨੂੰ ਦਾਰੇ ਦੀ ਤਾਕਤ ਦਾ ਗੁਮਾਨ ਸੀ। ਅੱਗੋਂ ਸ਼ਰੀਕ ਵੀ ਤਿੰਨ ਭਰਾ ਸਨ, ਸਰਦਾਰਾ, ਗੁਰਮੁਖ ਤੇ ਬਾਵਾ। ਨਾਲ ਉਨ੍ਹਾਂ ਦਾ ਚਾਚਾ ਨਰੈਣ ਸਿੰਘ ਸੀ। ਦਾਰੂ ਪੀ ਕੇ ਦੋਹੀ ਪਾਸੀ ਲਲਕਾਰੇ ਵੱਜਣ ਲੱਗੇ। ਨਰੈਣ ਸਿੰਘ ਨੇ ਇੱਕ ਦਿਨ ਕਿਹਾ ਕਿ ਇਨ੍ਹਾਂ ਨਾਲ ਤਾਂ ਹੁਣ ਸਿਝਣਾ ਈ ਪੈਣਾ। ਆਖ਼ਰ ਹੋਣੀ ਦਾ ਦਿਨ ਆ ਗਿਆ। ਦਿਨ ਛਿਪਿਆ ਤਾਂ ਤਿੰਨੇ ਭਰਾਵਾਂ ਤੇ ਉਨ੍ਹਾਂ ਦੇ ਚਾਚੇ ਨਰੈਣੇ ਨੇ ਤਿਆਰੀ ਖਿੱਚ ਲਈ। ਦਲੀਪ ਗਾਲ੍ਹਾਂ ਕੱਢਦਾ ਬੀਹੀ ਦਾ ਮੋੜ ਮੁੜਿਆ ਤਾਂ ਲੁਕੇ ਹੋਏ ਗੁਰਮੁਖ ਨੇ ਬਰਛੀ ਉਹਦੀ ਵੱਖੀਓਂ ਪਾਰ ਕਰ ਦਿੱਤੀ। ਦੂਜੀ ਬਰਛੀ ਸਰਦਾਰੇ ਨੇ ਮਾਰੀ। ਦਲੀਪ ਦੀਆਂ ਚੀਕਾਂ ਸੁਣ ਕੇ ਇੰਦਰ ਨਿਹੱਥਾ ਹੀ ਭੱਜਾ ਆਇਆ ਤਾਂ ਉਹਨੂੰ ਨਰੈਣ ਸਿੰਘ ਨੇ ਘੇਰ ਲਿਆ ਜੀਹਦੇ ਕੋਲ ਕਿਰਪਾਨ ਸੀ। ਬਾਵੇ ਕੋਲ ਡਾਂਗ ਸੀ। ਨਰੈਣ ਨੇ ਕਿਰਪਾਨ ਦਾ ਸਿੱਧਾ ਵਾਰ ਕੀਤਾ ਜੋ ਇੰਦਰ ਨੇ ਸੱਜਾ ਹੱਥ ਉਠਾ ਕੇ ਰੋਕਣਾ ਚਾਹਿਆ। ਉਹਦਾ ਗੁੱਟ ਵੱਢਿਆ ਗਿਆ। ਦਲੀਪ ਦੀਆਂ ਚੀਕਾਂ ਚੁੱਪ ਹੋਈਆਂ ਤਾਂ ਇੰਦਰ ਦੀਆਂ ਚੀਕਾਂ ਪੈਣ ਲੱਗੀਆਂ। 2006 ਵਿੱਚ ਮੈਂ ਦਾਰੇ ਦੇ ਪਰਿਵਾਰ ਨੂੰ ਦੁਲਚੀਪੁਰੇ ਮਿਲਣ ਗਿਆ ਤਾਂ ਪਹਿਲੇ ਕਤਲ ਵਾਲੀ ਉਹ ਬੀਹੀ ਵੀ ਵੇਖੀ ਤੇ ਬਦਲਾ ਲਊ ਕਤਲ ਵਾਲਾ ਉਹ ਛੱਪੜ ਵੀ ਵੇਖਿਆ। ਤੋਰੀਆ ਘਸੀਟਪੁਰੇ ਦਾ, ਵੱਢਣ ਵਾਲਾ ਪਤਾ ਨਹੀ ਕੌਣ ਸੀ? ਪਰ ਉਹਦੇ 'ਚ ਘਸੀਟਿਆ ਗਿਆ ਦੁਲਚੀਪੁਰੇ ਦਾ ਸਕਾ ਸੋਧਰਾ ਸਿੱਧੂ ਪਰਿਵਾਰ। ਨਿੱਕੀ ਜਿਹੀ ਗੱਲ ਨੇ ਬੀਜ ਦਿੱਤਾ ਦੁਸ਼ਮਣੀ ਦਾ ਬੀਜ। ਕਤਲਾਂ ਦਾ ਬੱਝ ਗਿਆ ਮੁੱਢ। ਇਹਨੂੰ ਕਹਿੰਦੀ ਆ ਹੋਣੀ! ਦਲੀਪ ਦੇ ਕਤਲ ਤੇ ਇੰਦਰ ਦੇ ਇਰਾਦਾ ਕਤਲ ਦਾ ਕੇਸ ਅੰਮ੍ਰਿਤਸਰ ਦੀ ਅਦਾਲਤ 'ਚ ਚੱਲਿਆ। ਇੰਦਰ ਸਿੰਘ ਨੇ ਵਾਰਦਾਤ ਵਿੱਚ ਚਾਰ ਕਾਤਲਾਂ ਸਰਦਾਰੇ, ਗੁਰਮੁਖ, ਬਾਵੇ ਤੇ ਨਰੈਣ ਦੇ ਨਾਂ ਲਿਖਾਏ। ਕਾਤਲ ਧਿਰ ਦੇ ਵਕੀਲ ਨੇ ਆਪਣੇ ਬੰਦਿਆਂ ਨੂੰ ਸਲਾਹ ਦਿੱਤੀ ਕਿ ਸਾਰਾ ਦੋਸ਼ ਨਰੈਣ ਤੇ ਬਾਵਾ ਆਪਣੇ ਸਿਰ ਲੈ ਲੈਣ। ਇਉਂ ਸਰਦਾਰਾ ਤੇ ਗੁਰਮੁਖ ਬਰੀ ਹੋ ਸਕਦੇ ਹਨ। ਨਹੀ ਤਾਂ ਚਾਰੇ ਬੱਝਣਗੇ। ਉਨ੍ਹਾਂ ਨੇ ਉਸੇ ਤਰ੍ਹਾਂ ਕੀਤਾ, ਪਰ ਸੈਸ਼ਨ ਜੱਜ ਨੇ ਚਾਰਾਂ 'ਚੋਂ ਕਿਸੇ ਨੂੰ ਵੀ ਨਾ ਬਖ਼ਸ਼ਿਆ। ਸਰਦਾਰੇ ਤੇ ਗੁਰਮੁਖ ਨੂੰ ਫਾਂਸੀ ਅਤੇ ਨਰੈਣ ਤੇ ਬਾਵੇ ਨੂੰ ਉਮਰ ਕੈਦ ਸੁਣਾਈ। ਜੇ ਇਹ ਫ਼ੈਸਲਾ ਲਾਗੂ ਹੋ ਜਾਂਦਾ ਤਾਂ ਸੰਭਵ ਸੀ ਟਿਕ-ਟਿਕਾਅ ਹੋ ਜਾਂਦਾ ਤੇ ਕੋਈ ਹੋਰ ਕਤਲ ਨਾ ਹੁੰਦਾ, ਪਰ ਵਕੀਲ ਕਾਹਦੇ ਲਈ ਹੁੰਦੇ ਹਨ? ਮਿਥੀ ਚਾਲ ਮੁਤਾਬਿਕ ਸਰਦਾਰੇ ਤੇ ਗੁਰਮੁਖ ਦੀ ਫਾਂਸੀ ਤੁੜਾਉਣ ਲਈ ਹਾਈ ਕੋਰਟ ਵਿੱਚ ਅਪੀਲ ਕੀਤੀ ਗਈ। ਹਾਈ ਕੋਰਟ ਤੋਂ ਸਰਦਾਰਾ ਤੇ ਗੁਰਮੁਖ ਤਾਂ ਬਰੀ ਹੋ ਗਏ ਜਦਕਿ ਬਾਵੇ ਤੇ ਨਰੈਣ ਦੀ ਸਜ਼ਾ ਬਰਕਰਾਰ ਰਹੀ। ਬਰੀ ਹੋਇਆਂ ਭਰਾਵਾਂ ਨੇ ਪਿੰਡ ਆ ਕੇ ਖ਼ੂਬ ਜਸ਼ਨ ਮਨਾਇਆ। ਦਲੀਪ ਦੇ ਕਤਲ ਵੇਲੇ ਦਾਰਾ ਕੁਸ਼ਤੀਆਂ ਲੜਨ ਵਾਸਤੇ ਜਰਮਨੀ ਜਾਣ ਲਈ ਤਿਆਰ ਸੀ। ਭਰਾ ਦੇ ਕਤਲ ਦੀ ਤਾਰ ਮਿਲੀ ਤਾਂ ਜਰਮਨੀ ਜਾਣ ਦੀ ਥਾਂ ਉਹ ਪਤਨੀ ਤੇ ਪੁੱਤਰ ਨੂੰ ਪਿੱਛੇ ਛੱਡ ਦੁਲਚੀਪੁਰੇ ਪਰਤ ਪਿਆ। ਪਿੰਡ ਆ ਕੇ ਅਦਾਲਤੀ ਕੇਸ ਦੀ ਪੈਰਵੀ ਕੀਤੀ। ਹੇਠਲੀ ਕੋਰਟ ਤੋਂ ਸਜ਼ਾ ਦੁਆਈ, ਪਰ ਹਾਈ ਕੋਰਟ ਵਿੱਚ ਵਿਰੋਧੀ ਵਕੀਲ ਨੇ ਪੇਸ਼ ਨਾ ਜਾਣ ਦਿੱਤੀ। ਜਦੋਂ ਸਰਦਾਰਾ ਤੇ ਗੁਰਮੁਖ ਬਰੀ ਹੋ ਗਏ ਤਾਂ ਉਹਦੇ ਦਿਲ ਵਿੱਚ ਬਦਲੇ ਦੀ ਅੱਗ ਦਾ ਭਾਂਬੜ ਭੜਕ ਉਠਿਆ। ਫਿਰ ਦਾਰਾ, ਸਰਦਾਰੇ ਹੋਰਾਂ ਤੋਂ ਆਪਣੇ ਭਰਾ ਦਾ ਬਦਲਾ ਲੈਣ ਦੀ ਤਾਕ 'ਚ ਰਹਿਣ ਲੱਗਾ। ਉਹਦੀ ਭੈਣ ਪਰਸਿੰਨ ਕੌਰ ਵੀ ਕਹਿੰਦੀ ਰਹਿੰਦੀ, "ਜੇ ਭਾਅ ਦਾ ਬਦਲਾ ਨਾ ਲਿਆ ਤਾਂ ਤੇਰੀ ਏਡੀ ਦੇਹ ਕਿਸ ਕੰਮ?" ਇੰਦਰ ਬੋਲਿਆ, "ਭਾਊ, ਦਲੀਪ ਦੀ ਰੂਹ ਨੂੰ ਤਾਂ ਓਦੋਂ ਈ ਚੈਨ ਮਿਲੂ ਜਦੋਂ ਇਹ ਦੋਨੋਂ ਦਲੀਪ ਕੋਲ ਪੁਚਾਤੇ। " ਦਾਰੇ ਧਰਮੂਚੱਕੀਏ ਦਾ ਚਾਚਾ ਨਿਰੰਜਣ ਸਿੰਘ ਦਾਰੇ ਦੁਲਚੀਪੁਰੀਏ ਦਾ ਸਿੰਗਾਪੁਰ ਤੋਂ ਹੀ ਬੇਲੀ ਸੀ। ਉਹ ਅਨੋਖ ਸਿੰਘ ਨੂੰ ਨਾਲ ਲੈ ਕੇ ਦਾਰੇ ਦੀ ਮਦਦ ਲਈ ਪਹੁੰਚਿਆ। 19 ਅਕਤੂਬਰ 1950 ਦੁਸਹਿਰੇ ਦਾ ਦਿਨ ਸੀ। ਦਿਨ ਢਲੇ ਦਾ ਵੇਲਾ ਸੀ। ਉਹ ਹਥਿਆਰ ਲੈ ਕੇ ਘਰੋਂ ਨਿਕਲੇ। ਖੇਤੋਂ ਸਰਦਾਰਾ ਮੱਝਾਂ ਲੈ ਕੇ ਆ ਰਿਹਾ ਸੀ। ਮੱਝਾਂ ਉਹਨੇ ਛੱਪੜ ਵਿੱਚ ਵਾੜ ਦਿੱਤੀਆਂ ਤੇ ਆਪ ਪੱਠਿਆਂ ਦੀ ਭਰੀ ਸੁੱਟਣ ਘਰ ਚਲਾ ਗਿਆ। ਉਨ੍ਹਾਂ ਨੂੰ ਲੱਗਾ, ਹੁਣ ਮੱਝਾਂ ਕੱਢਣ ਵੀ ਆਵੇਗਾ। ਦਾਰੇ ਕੋਲ ਕੁਹਾੜੀ ਸੀ, ਇੰਦਰ ਕੋਲ ਕਿਰਪਾਨ ਅਤੇ ਨਿਰੰਜਣ ਤੇ ਅਨੋਖ ਕੋਲ ਬਰਛੀਆਂ ਸਨ। ਸਰਦਾਰਾ ਮੱਝਾਂ ਕੱਢਣ ਛੱਪੜ ਵਿੱਚ ਵੜਿਆ ਤਾਂ ਚਾਰਾਂ ਜਣਿਆਂ ਨੇ ਛੱਪੜ ਦੀਆਂ ਚਾਰੇ ਕੰਨੀਆਂ ਮੱਲ ਲਈਆਂ। ਚਾਰੇ ਬੰਨਿਓਂ ਘਿਰਿਆ ਵੇਖ ਸਰਦਾਰਾ ਹਾਲ ਦੁਹਾਈ ਪਾਉਣ ਲੱਗਾ ਜਿਸ ਨਾਲ ਪਿੰਡ ਦੇ ਲੋਕ ਭੱਜੇ ਆਏ। ਦਾਰੇ ਨੇ ਉੱਚੀ ਆਵਾਜ਼ 'ਚ ਕਿਹਾ, "ਅੱਜ ਜੇ ਕੋਈ ਸਾਡੇ ਵਿਚਕਾਰ ਆਇਆ ਤਾਂ ਉਹ ਵੀ ਸਾਡਾ ਦੁਸ਼ਮਣ ਹੋਵੇਗਾ, ਅਸੀ ਉਹਨੂੰ ਵੀ ਨਹੀ ਛੱਡਾਂਗੇ। " ਡਰ ਦੇ ਮਾਰੇ ਲੋਕ ਕੋਠਿਆਂ 'ਤੇ ਖੜ੍ਹੇ ਸ਼ਰੀਕਾਂ ਦੀ ਲੜਾਈ ਵੇਖਣ ਲੱਗੇ। ਸੱਤ ਫੁੱਟਾ ਦਾਰਾ ਕੁਹਾੜੀ ਲੈ ਕੇ ਛੱਪੜ 'ਚ ਵੜਿਆ ਤੇ ਉਹਨੇ ਸਰਦਾਰੇ ਨੂੰ ਧੌਣੋਂ ਜਾ ਫੜਿਆ। ਉਪਰੋਥਲੀ ਵਾਰ ਕਰਨ ਨਾਲ ਸਿਰ 'ਚੋਂ ਲਹੂ ਦੀਆਂ ਧਾਰਾਂ ਫੁੱਟ ਤੁਰੀਆਂ ਜਿਨ੍ਹਾਂ ਨਾਲ ਛੱਪੜ ਦਾ ਪਾਣੀ ਲਾਲ ਹੋਣਾ ਸ਼ੁਰੂ ਹੋ ਗਿਆ। ਆਖ਼ਰ ਸਰਦਾਰਾ ਤੜਫ ਕੇ ਮਰਿਆ ਤਾਂ ਦਾਰੇ ਨੇ ਪੈਰਾਂ ਨਾਲ ਹੀ ਉਸ ਨੂੰ ਛੱਪੜ ਦੀ ਗਾਰ ਵਿੱਚ ਦੱਬ ਦਿੱਤਾ। ਪੁਲੀਸ ਪਾਰਟੀ ਦੇ ਦੁਲਚੀਪੁਰ ਪਹੁੰਚਣ ਤੋਂ ਪਹਿਲਾਂ ਹੀ ਨਿਰੰਜਣ ਸਿੰਘ ਤੇ ਅਨੋਖ ਸਿੰਘ ਧਰਮੂਚੱਕ ਨੂੰ ਪੱਤਰਾ ਵਾਚ ਗਏ। ਦਾਰੇ ਤੇ ਇੰਦਰ ਨੂੰ ਪੁਲੀਸ ਨੇ ਘਰੋਂ ਆ ਫੜਿਆ। ਮੁਕੱਦਮਾ ਅੰਮ੍ਰਿਤਸਰ ਅਦਾਲਤ 'ਚ ਚੱਲਿਆ ਜਿਸ ਦਾ ਫ਼ੈਸਲਾ ਐਡੀਸ਼ਨਲ ਸੈਸ਼ਨ ਜੱਜ ਗੁਰਦਿਆਲ ਸਿੰਘ ਨੇ ਸੁਣਾਇਆ। 19 ਅਕਤੂਬਰ 1950 ਨੂੰ ਹੋਏ ਕਤਲ ਦੀ ਸਜ਼ਾ 26 ਮਾਰਚ 1951 ਨੂੰ ਸੁਣਾਈ ਗਈ। ਦਾਰੇ ਨੂੰ ਫਾਂਸੀ ਤੇ ਇੰਦਰ ਨੂੰ ਉਮਰ ਕੈਦ ਬੋਲੀ। ਦਾਰੇ ਰੰਧਾਵੇ ਦਾ ਚਾਚਾ ਨਿਰੰਜਣ ਸਿੰਘ ਤੇ ਅਨੋਖ ਸਿੰਘ ਸ਼ੱਕ ਦੀ ਬਿਨਾ 'ਤੇ ਬਰੀ ਕਰ ਦਿੱਤੇ। ਦਾਰੇ ਨੂੰ ਪਹਿਲਾਂ ਅੰਮ੍ਰਿਤਸਰ ਤੇ ਫਿਰ ਫਿਰੋਜ਼ਪੁਰ ਜੇਲ੍ਹ ਦੀ ਕਾਲ ਕੋਠੜੀ ਵਿੱਚ ਡੱਕ ਦਿੱਤਾ ਗਿਆ। ਫਾਂਸੀ ਦੀ ਕੋਠੜੀ 'ਚ ਉਹਦਾ ਲੰਮਾ ਕੱਦ ਨਹੀ ਸੀ ਮਿਉਂਦਾ, ਪਰ ਫਸੀ ਨੂੰ ਫਟਕਣ ਕੀ? ਦਾਰੇ ਹੋਰਾਂ ਦੇ ਮੁਕੱਦਮੇ ਦੀ ਪੈਰਵੀ ਉਨ੍ਹਾਂ ਦੀ ਭੈਣ ਪਰਸਿੰਨ ਕੌਰ ਕਰ ਰਹੀ ਸੀ। ਵਕੀਲ ਨੇ ਹਾਈ ਕੋਰਟ ਵਿੱਚ ਅਪੀਲ ਕਰਵਾ ਦਿੱਤੀ ਜਿਸ ਕਰਕੇ ਫ਼ੈਸਲਾ ਹੋਣ ਤੱਕ ਫਾਂਸੀ ਰੁਕੀ ਰਹੀ। ਹਾਈ ਕੋਰਟ ਵਿੱਚ ਕੀਤੀਆਂ ਦੋ ਵਾਰ ਦੀਆਂ ਅਪੀਲਾਂ ਮਗਰੋਂ ਵੀ ਫਾਂਸੀ ਦੀ ਸਜ਼ਾ ਬਰਕਰਾਰ ਰਹੀ। ਫਿਰ ਅਪੀਲ ਸੁਪਰੀਮ ਕੋਰਟ ਵਿੱਚ ਕੀਤੀ ਗਈ ਜਿਸ ਨਾਲ ਫਾਂਸੀ ਟੁੱਟ ਕੇ ਦਾਰੇ ਦੀ ਸਜ਼ਾ ਵੀਹ ਸਾਲ ਦੀ ਕੈਦ ਵਿੱਚ ਬਦਲ ਗਈ। ਫਿਰੋਜ਼ਪੁਰ ਜੇਲ੍ਹ ਵਿੱਚ ਇਕੋ ਪੜਦਾਦੇ ਦੀ ਔਲਾਦ ਸਜ਼ਾ ਭੁਗਤਣ ਲੱਗੀ। ਦੋ ਦਾਰੇ ਹੋਰੀ ਤੇ ਦੋ ਉਨ੍ਹਾਂ ਦੇ ਸ਼ਰੀਕ ਭਰਾ। ਚਾਰੇ ਉਮਰ ਕੈਦੀ। ਦਲੀਪ ਦੇ ਕਤਲ ਕਾਰਨ ਬਾਵਾ ਤੇ ਨਰੈਣ ਅੰਦਰ ਸਨ, ਸਰਦਾਰੇ ਦੇ ਕਤਲ ਕਾਰਨ ਦਾਰਾ ਤੇ ਇੰਦਰ। ਰਿਸ਼ਤੇਦਾਰ ਚੌਹਾਂ ਕੈਦੀਆਂ ਨੂੰ ਮਿਲ ਕੇ ਜਾਂਦੇ। ਜੇਲ੍ਹ 'ਚ ਸਜ਼ਾ ਭੁਗਤਦੇ ਉਹ ਆਪ ਵੀ ਕਦੇ ਕਦੇ ਮਿਲ ਪੈਂਦੇ ਤੇ ਆਪਣੇ ਕੀਤੇ 'ਤੇ ਪਛਤਾਉਂਦੇ। ਅਖ਼ੀਰ ਜੇਲ੍ਹ ਵਿੱਚ ਹੀ ਉਨ੍ਹਾਂ ਦਾ ਰਾਜ਼ੀਨਾਵਾਂ ਹੋ ਗਿਆ। 1957 ਵਿੱਚ ਦਾਰੇ ਦੀ ਰਿਹਾਈ ਹੋ ਗਈ। ਫਿਰ ਉਸ ਨੇ ਕੁਝ ਸਾਲ ਕੁਸ਼ਤੀਆਂ ਕੀਤੀਆਂ ਅਤੇ ਦੋ ਫਿਲਮਾਂ 'ਸੈਮਸਨ' ਤੇ 'ਖ਼ੂਨ ਕਾ ਬਦਲਾ ਖ਼ੂਨ' ਵਿੱਚ ਕੰਮ ਕੀਤਾ। ਆਖ਼ਰ ਪਿੰਡ ਪਰਤ ਕੇ ਸਰਪੰਚ ਬਣ ਗਿਆ ਤੇ ਦੂਜਾ ਵਿਆਹ ਕਰਵਾ ਲਿਆ। ਦਾਰੇ ਦਾ ਆਖ਼ਰੀ ਸਮਾਂ ਬੜਾ ਭੈੜਾ ਬੀਤਿਆ। ਉਹ ਬਲੱਡ ਪ੍ਰੈੱਸ਼ਰ, ਸ਼ੂਗਰ ਤੇ ਜੋੜਾਂ ਦੇ ਦਰਦ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਗਿਆ ਸੀ। ਪੈਰਾਂ ਦੇ ਅੰਗੂਠੇ ਕੱਟੇ ਗਏ ਸਨ ਤੇ ਚੂਲਾ ਟੁੱਟ ਗਿਆ ਸੀ। ਤਦ ਮਰਨਾਊ ਪਏ ਰੁਸਤਮੇ ਜ਼ਮਾਂ ਨੂੰ ਮਿਲਣ ਗਿਲਣ ਵੀ ਕੋਈ ਘੱਟ ਹੀ ਆਉਂਦਾ ਸੀ। ਉਹਦਾ ਜੁੱਸਾ 135 ਕਿਲੋ ਤੋਂ ਘਟ ਕੇ 70 ਕਿਲੋ ਦਾ ਰਹਿ ਗਿਆ ਸੀ ਤੇ ਉਹ 70ਵੇਂ ਸਾਲ ਦੀ ਉਮਰ 'ਚ ਗੁਜ਼ਰ ਗਿਆ। ਪਿੱਛੇ ਉਹਦੇ ਦੋ ਪੋਤਰੇ ਹਨ ਜੋ ਪਿੰਡੋਂ ਬਾਹਰ ਢਾਣੀ 'ਚ ਰਹਿੰਦੇ ਹਨ। ਇੱਕ ਵਿਆਹੀ ਵਰੀ ਪੜਪੋਤੀ ਹੈ ਤੇ ਇੱਕ ਪੋਤਰਾ ਜੋ ਟੋਰਾਂਟੋ 'ਚ ਡਰਾਈਵਿੰਗ ਕਰ ਰਿਹੈ।

# ਬੇਅਦਬੀ ਦੇ ਮੁੱਦੇ 'ਤੇ ਸਿੱਖ ਵਿਰੋਧੀ ਕਾਂਗਰਸ ਦਾ ਚਿਹਰਾ ਹੋਇਆ ਨੰਗਾ : ਸਰਬਜੀਤ



ਫਤਹਿਗੜ੍ਹ ਸਾਹਿਬ, 17 ਜੁਲਾਈ (ਹਰਪ੍ਰੀਤ ਕੌਰ ਟਿਵਾਣਾ): ਸ਼੍ਰੋਮਣੀ ਅਕਾਲੀ ਦਲ ਫਤਹਿਗੜ੍ਹ ਸਾਹਿਬ ਦੇ ਯੂਥ ਵਿੰਗ ਦੇ ਪ੍ਰਧਾਨ ਸਰਬਜੀਤ ਸਿੰਘ ਲਾਡੀ ਵੱਲੋਂ ਆਪਣੇ ਸਾਥੀਆਂ ਸਮੇਤ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਬਾਹਰ ਸਥਿਤ ਕਾਂਗਰਸ ਪਾਰਟੀ ਦਾ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਯੂਥ ਪ੍ਰਧਾਨ ਲਾਡੀ ਨੇ ਕਿਹਾ ਕੇ ਪਰਗਟ ਸਿੰਘ ਨੇ ਵਿਧਾਨ ਸਭਾ ਵਿੱਚ ਖੁਦ ਕਬੂਲ ਕੀਤਾ ਹੈ, ਕਿ ਕਾਂਗਰਸ ਪਾਰਟੀ ਨੇ ਸਰਕਾਰ ਸਮੇਂ ਬੇਅਦਬੀ ਦੇ ਮੁੱਦੇ 'ਤੇ ਸਿਰਫ ਸਿਆਸਤ ਹੀ ਕੀਤੀ ਹੈ। ਉਨ੍ਹਾਂ ਕਿਹਾ ਕਿ, ਕਾਂਗਰਸ ਪਾਰਟੀ ਸ਼ੁਰੂ ਤੋਂ ਹੀ ਸਿੱਖਾਂ ਵਿਰੋਧੀ ਕਾਰਵਾਈਆਂ ਕਰਦੀ ਆ ਰਹੀ ਹੈ।1984 ਦੇ ਸਿੱਖ ਕਤਲੇਆਮ ਤੋਂ ਲੈਕੇ ਆਪ੍ਰੇਸ਼ਨ ਬਲੂਸਟਾਰ ਤੱਕ, ਅਤੇ ਫਿਰ ਸਰਕਾਰ ਬਣਾਉਣ ਲਈ ਪਵਿੱਤਰ ਗੁਟਕਾ ਸਾਹਿਬ ਦੀ ਸਹੁੰ ਚੁੱਕਣ ਤੱਕ - ਕਾਂਗਰਸ ਦਾ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਲੰਮਾ ਇਤਿਹਾਸ ਰਿਹਾ ਹੈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਪ੍ਰਧਾਨ ਸ਼ਰਨਜੀਤ ਸਿੰਘ ਚਨਾਰਥਲ ਤੇ ਬਲਜੀਤ ਸਿੰਘ ਭੁੱਟਾ ਸਾਬਕਾ ਚੇਅਰਮੈਨ ਤੇ ਹਰਪ੍ਰੀਤ ਸਿੰਘ ਰਿੰਚੀ ਮੈਂਬਰ ਕੋਰ ਕਮੇਟੀ ਤੇ ਬਲਜਿੰਦਰ ਸਿੰਘ ਸਰਪੰਚ ਭੁਚੀ ਹਲਕਾ ਪ੍ਰਧਾਨ ਯੂਥ ਅਕਾਲੀ ਦਲ ਬਸੀ ਪਠਾਣਾਂ, ਗੁਰਿੰਦਰ ਗੁਰੀ ਸਰਪੰਚ ਨਲੀਨਾ, ਮਨਪ੍ਰੀਤ ਸਿੰਘ ਹੈਪੀ ਕੌਂਸਲਰ ਸਰਕਲ ਪ੍ਰਧਾਨ ਬਸੀ ਪਠਾਣਾਂ, ਬ੍ਰਿਜ ਈਸ਼ਵਰ ਸਿੰਘ ਸ਼ਹਿਰੀ ਪ੍ਰਧਾਨ ਬਸੀ ਪਠਾਣਾਂ, ਜਸਵਿੰਦਰ ਸਿੰਘ ਨੌਗਾਵਾਂ, ਅਕਾਲੀ ਆਗੂ ਹਰਦੀਪ ਸਿੰਘ ਲਵਲੀ, ਰਾਜੂ ਬਸੀ ਪਠਾਣਾਂ ਗੁਰਮੀਤ ਸਿੰਘ ਜੀਤੀ, ਦੀਪਕ ਕੁਮਾਰ ਹੈਰੀ, ਪ੍ਰਿਤਿਸ਼ ਬਸੀ ਬੱਲੂ, ਮਨੀ ਮਹਿਰਾ, ਰਾਜੀਵ ਧੀਮਾਨ, ਪਰਮਿੰਦਰ ਸਿੰਘ ਬਾਲਪੁਰ, ਹਰਪ੍ਰੀਤ ਸਿੰਘ ਸਾਨੀਮਾਜਰਾ, ਰਾਜਿੰਦਰ ਸਿੰਘ ਜੰਡਾਲੀ, ਰਾਹੁਲ ਜੰਡਾਲੀ, ਤੇਜੀ ਸਰਹਿੰਦ, ਗੁੱਗੂ ਸਰਹਿੰਦ, ਦੀਪਾ ਗਿੱਲ, ਜੱਸਾ ਜੰਡਾਲੀ, ਅਰਸ਼ਦੀਪ ਸਰਹਿੰਦ ਤੇ ਹਰਮਨਦੀਪ ਸਿੰਘ ਖਮਾਣੋਂ ਤੋਂ ਵੱਡੀ ਗਿਣਤੀ ਵਿੱਚ ਯੂਥ ਆਗੂ ਹਾਜ਼ਰ ਸਨ।

# ਗੈਰੀ ਬੜਿੰਗ ਵੱਲੋਂ 51.78 ਲੱਖ ਦੀ ਲਾਗਤ ਨਾਲ ਸੀ.ਸੀ.ਟੀ.ਵੀ ਕੈਮਰੇ ਲਗਾਉਣ ਦੇ ਪ੍ਰੋਜੈਕਟ ਦਾ ਆਗਾਜ਼



ਫਤਹਿਗੜ੍ਹ ਸਾਹਿਬ, 17 ਜੁਲਾਈ (ਹਰਪ੍ਰੀਤ ਕੌਰ ਟਿਵਾਣਾ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਦਿਸ਼ਾ ਵਿੱਚ ਲਗਾਤਾਰ ਅਹਿਮ ਉਪਰਾਲੇ ਕਰ ਰਹੀ ਹੈ। ਇਸ ਲੜੀ ਤਹਿਤ ਅੱਜ ਅਮਲੋਹ ਤੋਂ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਵੱਲੋਂ ਨਗਰ ਕੌਂਸਲ ਪ੍ਰਧਾਨ ਹਰਪ੍ਰੀਤ ਸਿੰਘ ਪ੍ਰਿੰਸ ਦੀ ਮੌਜੂਦਗੀ ਵਿੱਚ ਮੰਡੀ ਗੋਬਿੰਦਗੜ੍ਹ ਦੇ ਸ਼ਹਿਰੀ ਹਿੱਸੇ ਵਿੱਚ 51.78 ਲੱਖ ਰੁਪਏ ਦੀ ਲਾਗਤ ਨਾਲ ਲੱਗਣ ਵਾਲੇ ਸੀ.ਸੀ.ਟੀ.ਵੀ ਕੈਮਰਿਆਂ ਦੇ ਪ੍ਰੋਜੈਕਟ ਦਾ ਰਸਮੀ ਆਗਾਜ਼ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਕਿਹਾ ਕਿ ਸ਼ਹਿਰ ਵਾਸੀਆਂ ਦੀ ਚਿਰਾਂ ਤੋਂ ਚੱਲ ਰਹੀ ਮੰਗ ਨੂੰ ਪੂਰਾ ਕਰਨ ਦੀ ਦਿਸ਼ਾ ਵਿੱਚ ਇਹ ਇੱਕ ਅਹਿਮ ਉਪਰਾਲਾ ਹੈ। ਜਿਸ ਤਹਿਤ ਹੁਣ ਪੜਾਅਵਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪਹਿਲੇ ਪੜਾਅ ਤਹਿਤ ਸ਼ਹਿਰ ਵਿੱਚ 50 ਅਤਿ ਆਧੁਨਿਕ ਤਕਨਾਲੋਜੀ ਵਾਲੇ ਸੀ.ਸੀ.ਟੀ.ਵੀ ਕੈਮਰੇ ਲਗਾਉਣ ਦੀ ਪ੍ਰਕਿਰਿਆ ਆਰੰਭ ਕਰ ਦਿੱਤੀ ਗਈ ਹੈ ਜਿਨ੍ਹਾਂ ਵਿੱਚੋਂ 5 ਕੈਮਰੇ ਅਜਿਹੇ ਹਨ। ਜਿਨ੍ਹਾਂ ਰਾਹੀਂ ਵਾਹਨਾਂ ਦੀ ਨੰਬਰ ਪਲੇਟ ਦੀ ਕਾਫ਼ੀ ਦੂਰੋਂ ਵੀ ਟਰੈਕਿੰਗ ਸੰਭਵ ਹੋ ਸਕੇਗੀ।ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਕਿਹਾ ਕਿ ਜੁਰਮ ਦੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਵਿੱਚ ਇਹ ਕੈਮਰੇ ਮੰਦਦਗਾਰ ਸਾਬਤ ਹੋਣਗੇ ਅਤੇ ਲੋਕਾਂ ਨੂੰ ਅਣਸੁਖਾਵੀਆਂ ਘਟਨਾਵਾਂ ਤੋਂ ਰਾਹਤ ਮਹਿਸੂਸ ਹੋਵੇਗੀ। ਉਨ੍ਹਾਂ ਕਿਹਾ ਕਿ ਆਵਾਜਾਈ ਮੈਨੇਜਮੈਂਟ ਵਿੱਚ ਵੀ ਕੈਮਰਿਆਂ ਦਾ ਰੋਲ ਵਧੀਆ ਸਾਬਤ ਹੋਵੇਗਾ ਅਤੇ ਆਉਣ ਵਾਲੇ ਸਮੇਂ ਅੰਦਰ ਲੋਕਾਂ ਦੀ ਜ਼ਰੂਰਤ ਮੁਤਾਬਕ ਹੋਰ ਕੈਮਰੇ ਲਗਾਉਣ ਲਈ ਵੀ ਵਚਨਬੱਧ ਹਾਂ। ਵਿਧਾਇਕ ਗੈਰੀ ਬੜਿੰਗ ਨੇ ਕਿਹਾ ਕਿ ਐਸ.ਐਸ.ਪੀ ਸ਼ੁਭਮ ਅਗਰਵਾਲ ਹੇਠ ਪੁਲਿਸ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਾਖੋਰੀ ਤੇ ਲੁੱਟ ਖੋਹ ਦੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਲਈ ਸਮੇਂ ਸਮੇਂ 'ਤੇ ਦੁਕਾਨਦਾਰਾਂ, ਬੈਂਕਾਂ ਨੂੰ ਅਜਿਹੇ ਕੈਮਰੇ ਲਗਵਾਏ ਜਾਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ ਅਤੇ ਹੁਣ ਇਨ੍ਹਾਂ ਉੱਚ ਕੁਆਲਟੀ ਦੇ ਕੈਮਰਿਆਂ ਦੇ ਇੰਸਟਾਲ ਹੋਣ ਨਾਲ ਪੁਲਿਸ ਨੂੰ ਵੀ ਮੱਦਦ ਮਿਲੇਗੀ।ਇਸ ਮੌਕੇ ਨਗਰ ਕੌਂਸਲ ਦੇ ਪ੍ਰਧਾਨ ਹਰਪ੍ਰੀਤ ਸਿੰਘ ਪ੍ਰਿੰਸ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕ ਹਿੱਤ ਵਿੱਚ ਇਹ ਅਹਿਮ ਉਪਰਾਲਾ ਕੀਤਾ ਗਿਆ ਹੈ। ਜਿਸ ਨਾਲ ਕ੍ਰਾਈਮ ਨੂੰ ਰੋਕਣ ਵਿੱਚ ਮੱਦਦ ਮਿਲੇਗੀ ਅਤੇ ਸ਼ਹਿਰ ਵਾਸੀ ਵੱਡੀ ਰਾਹਤ ਮਹਿਸੂਸ ਕਰਨਗੇ। ਉਨ੍ਹਾਂ ਦੱਸਿਆ ਕਿ ਭਵਿੱਖ ਵਿੱਚ ਸ਼ਹਿਰ ਦੇ ਬਾਹਰੀ ਹਿੱਸਿਆਂ ਵਿੱਚ ਵੀ ਅਜਿਹੇ ਕੈਮਰੇ ਲਗਵਾਏ ਜਾਣ ਲਈ ਲੋੜੀਂਦੇ ਕਦਮ ਪੁੱਟੇ ਜਾ ਰਹੇ ਹਨ। ਇਸ ਮੌਕੇ ਨਗਰ ਕੌਂਸਲ ਦੇ ਈਓ ਚੇਤਨ ਸ਼ਰਮਾ ਤੇ ਆਮ ਆਦਮੀ ਪਾਰਟੀ ਦੇ ਵੱਡੀ ਗਿਣਤੀ ਵਰਕਰ ਵੀ ਮੌਜੂਦ ਸਨ।

# ਪੰਚਾਇਤ ਜ਼ਿਮਨੀ ਚੋਣਾਂ: ਤੀਜੇ ਦਿਨ 12 ਨਾਮਜ਼ਦਗੀ ਪੱਤਰ ਹੋਏ ਦਾਖ਼ਲ



ਸ਼ਹੀਦ ਭਗਤ ਸਿੰਘ ਨਗਰ, 17 ਜੁਲਾਈ (ਸੁਖਦੇਵ ਸਿੰਘ ਉੜਾਪੜ) : ਜ਼ਿਲ੍ਹੇ ਵਿਚ ਇੱਕ ਸਰਪੰਚ ਅਤੇ 39 ਪੰਚਾਂ ਦੀਆਂ ਖਾਲੀ ਅਸਾਮੀਆਂ ਲਈ ਅੱਜ ਨਾਮਜ਼ਦਗੀਆਂ ਭਰਨ ਦੇ ਤੀਜੇ ਦਿਨ 12 ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਗਏ, ਜਿਸ ਨਾਲ ਹੁਣ ਤੱਕ ਜਮ੍ਹਾਂ ਹੋਏ ਨਾਮਜ਼ਦਗੀ ਪੱਤਰਾਂ ਦੀ ਗਿਣਤੀ 13 ਹੋ ਗਈ ਹੈ। ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਅਵਨੀਤ ਕੌਰ ਨੇ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੁੱਧਵਾਰ ਨੂੰ ਬਲਾਕ ਨਵਾਂਸ਼ਹਿਰ ਲਈ 04 ਨਾਮਜ਼ਦਗੀ ਪੱਤਰ, ਔੜ ਬਲਾਕ ਲਈ 04, ਬਲਾਕ ਬੰਗਾ ਲਈ 01, ਬਲਾਕ ਬਲਾਚੌਰ ਲਈ 02 ਅਤੇ ਬਲਾਕ ਸੜੋਆ ਲਈ 01 ਨਾਮਜ਼ਦਗੀ ਪੱਤਰ ਪ੍ਰਾਪਤ ਹੋਇਆ ਹੈ। ਉਨ੍ਹਾਂ ਦੱਸਿਆ ਕਿ ਰਾਜ ਚੋਣ ਕਮਿਸ਼ਨ ਵੱਲੋਂ ਪੰਚਾਇਤਾਂ ਦੀਆਂ ਖਾਲੀ ਅਸਾਮੀਆਂ ਭਰਨ ਲਈ ਜਾਰੀ ਸਮਾਂ ਸਾਰਣੀ ਅਨੁਸਾਰ ਨਾਮਜ਼ਦਗੀਆਂ 17 ਜੁਲਾਈ ਤੱਕ ਲਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਨਾਮਜ਼ਦਗੀਆਂ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਦਾਖ਼ਲ ਕੀਤੀਆਂ ਜਾ ਸਕਦੀਆਂ ਹਨ। ਜਿਨ੍ਹਾਂ ਦੀ ਪੜਤਾਲ 18 ਜੁਲਾਈ ਨੂੰ ਹੋਵੇਗੀ ਅਤੇ ਨਾਮਜ਼ਦਗੀਆਂ ਵਾਪਸ ਲੈਣ ਦੀ ਆਖ਼ਰੀ ਮਿਤੀ 19 ਜੁਲਾਈ ਹੈ। ਉਨ੍ਹਾਂ ਦੱਸਿਆ ਕਿ ਵੋਟਾਂ 27 ਜੁਲਾਈ ਨੂੰ ਪੈਣਗੀਆਂ ਅਤੇ ਵੋਟਿੰਗ ਪੂਰੀ ਹੋਣ ਤੋਂ ਤੁਰੰਤ ਬਾਅਦ ਪੋਲਿੰਗ ਸਟੇਸ਼ਨਾਂ 'ਤੇ ਹੀ ਵੋਟਾਂ ਦੀ ਗਿਣਤੀ ਉਸੇ ਦਿਨ ਕੀਤੀ ਜਾਵੇਗੀ।

# ਮਨੁੱਖਤਾ ਦੀ ਭਲਾਈ ਲਈ ਆਖਰੀ ਸਵਾਸ ਤੱਕ ਸੇਵਾ ਕਰਦਾ ਰਹਾਂਗਾ : ਗਵਰਨਰ ਬੱਚਾਜੀਵੀ



ਨਵਾਂਸ਼ਹਿਰ, 17ਜੁਲਾਈ (ਸੁਖਦੇਵ ਸਿੰਘ ਉੜਾਪੜ): ਸਮਾਜ ਭਲਾਈ ਕੰਮਾਂ ਨੂੰ ਸਮਰਪਿਤ ਹੋ ਕੇ ਲਾਇਨਜ਼ ਕਲੱਬ ਵਿੱਚ ਗਰੀਬਾਂ ਬੇਸਹਾਰਾ ਲੋਕਾਂ ਦੀ ਮੱਦਦ ਕਰਕੇ ਅਤੇ 99 ਐਮਜੀਐਫ ਬਣਾ ਕੇ ਇੰਟਰਨੈਸ਼ਨਲ ਲਾਇਨ ਵਿੱਚ ਇਤਿਹਾਸਿਕ ਰਿਕਾਰਡ ਬਣਾਇਆ। ਲਾਇਨ ਕਲੱਬ ਬਣਾਉਣ ਵਿਚ ਇੰਟਰਨੈਸ਼ਨਲ ਪੱਧਰ 'ਤੇ ਚੌਥੀ ਪੁਜੀਸ਼ਨ ਹਾਸਲ ਕਰਨ 'ਤੇ ਮਾਣ ਪ੍ਰਾਪਤ ਹੋਇਆ।ਮੈਂ ਜਿੰਦਗੀ ਦੇ ਆਖਰੀ ਸਵਾਸ ਤੱਕ ਮਨੁੱਖਤਾ ਦੀ ਭਲਾਈ ਅਤੇ ਸਮਾਜ ਸੇਵਾ ਨੂੰ ਸਮਰਪਿਤ ਕੰਮ ਕਰ ਰਿਹਾ ਅਤੇ ਕਰਦਾ ਰਹਾਂਗਾ।ਇਸ ਗੱਲ ਦਾ ਪ੍ਰਗਟਾਵਾ ਰਛਪਾਲ ਸਿੰਘ ਬੱਚਾਜੀਵੀ ਗਵਰਨਰ ਨੇ ਲਾਇਨ ਕਲੱਬ ਐਕਟਿਵ 321ਡੀ ਨਵਾਂਸ਼ਹਿਰ ਦੇ ਪ੍ਰਧਾਨ ਜਸਵਿੰਦਰ ਕੌਰ ਦੀ ਪ੍ਰਧਾਨਗੀ ਅਤੇ ਤਰਲੋਚਨ ਸਿੰਘ ਵਿਰਦੀ ਡਿਪਟੀ ਗਵਰਨਰ ਦੀ ਅਗਵਾਈ ਵਿੱਚ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਟਾਹਲੀ ਸਾਹਿਬ ਵਿਖੇ ਕਲੱਬ ਵਲੋਂ ਨਵੇਂ ਸਾਲ ਦੀ ਸ਼ੁਰੂਆਤ ਮੌਕੇ ਸੁਖਮਨੀ ਸਾਹਿਬ ਦਾ ਪਾਠ ਅਤੇ 1000ਬੂਟਿਆ ਦੇ ਲੰਗਰ ਵੰਡ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ।ਇਹ ਕਲੱਬ ਵਧਾਈ ਦੀ ਪਾਤਰ ਹੈ। ਜਿਸ ਨੂੰ ਜ਼ਿਲ੍ਹਾ ਨਵਾਂਸ਼ਹਿਰ ਦੀਆਂ ਕਲੱਬਾਂ ਵਿੱਚੋਂ ਸਭ ਤੋ ਵੱਧ ਸਮਾਜ ਸੇਵਾ ਕੰਮਾਂ ਲਈ ਪਹਿਲੇ ਨੰਬਰ 'ਤੇ ਅਤੇ ਚੇਤ ਰਾਮ ਰਤਨ ਪੀ ਆਰ ਓ ਨੂੰ ਵੈਸਟ ਪੱਤਰਕਾਰੀ ਦੇ ਵਿਸੇਸ਼ ਐਵਾਰਡ ਨਾਲ ਬੇਗੋਵਾਲ ਕਪੂਰਥਲਾ ਵਿਖੇ ਲਾਇਨ ਕਲੱਬ ਵਲੋਂ ਸੁਕਰਾਨਾ ਐਵਾਰਡ ਵੰਡ ਸਮਾਗਮ ਵਿੱਚ ਵਿਸ਼ੇਸ਼ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਪ੍ਰਧਾਨ ਜਸਵਿੰਦਰ ਕੌਰ ਅਤੇ ਜਨਰਲ ਸੈਕਟਰੀ ਮੈਡਮ ਸੂਰੀ, ਖਜਾਨਚੀ ਸੰਜੀਵ ਕੈਂਥ ਅਤੇ ਪੀ ਆਰ ਓ ਚੇਤ ਰਾਮ ਰਤਨ ਡਿਪਟੀ ਗਵਰਨਰ ਵਿਰਦੀ ਨੇ ਕਿਹਾ ਕਿ ਅਸੀਂ ਰਲ ਮਿਲ ਕੇ ਪਹਿਲਾਂ ਵਾਂਗ ਸਮਾਜ ਸੇਵਾ ਦੇ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਵਾਂਗੇ ਉਹਨਾਂ ਕਿਹਾ ਕਿ ਸੰਜੀਵ ਕੁਮਾਰ ਸੂਰੀ ਨੂੰ ਜੋਨ ਚੇਅਰਮੈਨ ਅਤੇ ਕੁਲਦੀਪ ਕ੍ਰਿਸ਼ਨ ਨੂੰ ਰੀਜਨ ਚੇਅਰਮੈਨ ਬਣਾਉਣ ਲਈ ਬਨਣ ਤੇ ਵਧਾਈ ਦਿੰਦਿਆਂ ਕਿਹਾ ਕੀ ਐਕਟਿਵ ਕਲੱਬ ਲਈ ਮਾਣ ਵਾਲੀ ਗੱਲ ਹੈ।ਇਸ ਮੌਕੇ ਗਵਰਨਰ ਬੱਚਾਜੀਵੀ ਵੱਲੋਂ ਮੈਂਬਰਾਂ ਨੂੰ ਸਮਾਜ ਸੇਵਾ ਲਈ ਹੋਰ ਉਤਸ਼ਾਹਿਤ ਕਰਨ ਲਈ ਕੱਲਬ ਚੰਗੀਆਂ ਸੇਵਾਵਾਂ ਨਿਭਾਉਣ ਵਾਲੇ ਮੈਂਬਰਾਂ ਵਿਰਦੀ, ਧੰਨਾ, ਸੰਜੀਵ ਸੂਰੀ,ਪ੍ਰਧਾਨ ਮੈਡਮ, ਕੈਂਥ, ਰਤਨ,ਪ੍ਰਿੰਸੀਪਲ, ਸੇਠੀ, ਨੂੰ ਇੰਟਰਨੈਸ਼ਨਲ ਮੈਡਲ, ਪ੍ਰਸੰਸਾ ਸਰਟੀਫਿਕੇਟ ਨਾਲ ਆਪਣੇ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਸਮਾਗਮ ਵਿੱਚ ਨਵਦੀਪਕ ਆਈ ਕੇਅਰ ਹਸਪਤਾਲ ਗੜ੍ਹਸ਼ੰਕਰ ਦੇ ਸੰਚਾਲਕ ਡਾ ਦੀਪਕ ਪਾਂਡੇ, ਡਾ ਉਮੇਸ਼ ਯਾਦਵ, ਲਿਵਾਸਾ ਹਸਪਤਾਲ ਨਵਾਂਸਹਿਰ ਦੀ ਟੀਮ ਡਾ ਵਿਸਾਲੀ ਸੈਣੀ,ਬਿੱਕਰ ਸਿੰਘ ਸੈਣੀ, ਸਰਵਜੀਤ ਸਿੰਘ, ਅਵਤਾਰ ਸਿੰਘ ਸੇਠੀ, ਮਾਸਟਰ ਬੁੱਧ ਰਾਮ ਮੁਕੰਦਪੁਰ, ਜਗਤਾਰ ਸਿੰਘ ਮਹਿੰਦਪੁਰ, ਆਦਿ ਹਾਜਰ ਸਨ।

# ਮਾਤਾ ਚਿੰਤਪੁਰਨੀ ਤੇ ਹੋਰ ਧਾਮਾਂ 'ਤੇ ਜਾਣ ਵਾਲੇ ਸ਼ਰਧਾਲੂਆਂ ਲਈ ਲਗਾਇਆ ਜਾਏਗਾ ਲੰਗਰ



ਜੀਰਾ, 17 ਜੁਲਾਈ (ਦੀਪਕ ਭਾਰਗੋ) : ਸਾਵਨ ਦੇ ਮਹੀਨੇ ਦੀ ਸ਼ੁਰੂਆਤ ਹੋਣ 'ਤੇ ਸ਼ਰਧਾਲੂ ਚਿੰਤਪੁਰਨੀ ਮਾਤਾ ਤੇ ਹੋਰ ਧਾਮਾਂ 'ਤੇ ਜਾਨ ਦਾ ਮਨ ਬਣਾ ਲੈਂਦੇ ਨੇ ਤੇ ਇਹਨਾਂ ਸ਼ਰਧਾਲੂਆਂ ਦੀ ਸੇਵਾ ਵਿੱਚ ਆਮ ਲੋਕਾਂ ਵੱਲੋਂ ਜਗ੍ਹਾ ਜਗ੍ਹਾ ਲੰਗਰ ਵੀ ਲਗਾਏ ਜਾਂਦੇ ਨੇ। ਇਸੇ ਤਰ੍ਹਾਂ ਜੀਰਾ ਸ਼ੂਗਰ ਮਿੱਲ ਵਿੱਚ ਸਥਾਪਿਤ ਪ੍ਰਾਚੀਨ ਮਾਤਾ ਕਾਲੀ ਧਾਮ ਵੱਲੋਂ ਯਾਤਰੀਆਂ ਵਾਸਤੇ ਲੰਗਰ ਲਗਾਉਣ ਦੀ ਗੱਲ ਕਹੀ ਗਈ।ਇਸ ਦੀ ਜਾਣਕਾਰੀ ਮਾਤਾ ਕਾਲੀ ਧਾਮ ਦੇ ਪ੍ਰਧਾਨ ਗਿੰਨੀ ਸੋਢੀ ਵੱਲੋਂ ਦਿੱਤੀ ਗਈ। ਇਸ ਮੌਕੇ ਵਿਧਾਇਕ ਨਰੇਸ਼ ਕਟਾਰੀਆ ਦੇ ਸਪੁੱਤਰ ਸ਼ੰਕਰ ਕਟਾਰੀਆ ਪਹੁੰਚੇ, ਜਿਨ੍ਹਾਂ ਨਾਲ ਧਰਮਪਾਲ ਚੁੱਘ ,ਸ਼ਮੀ ਜੈਨ, ਗੁਰਪ੍ਰੀਤ ਸਿੰਘ ਜੱਜ, ਸੰਨੀ ਐਮਸੀ ਵੱਲੋਂ ਚਾਹ ਪਕੌੜੇ ਦੇ ਲੰਗਰ ਤੋਂ ਸ਼ੁਰੂਆਤ ਕਰਵਾਈ ਇਸ ਮੌਕੇ ਭਗਵਾਨ ਪਰਸ਼ੂਰਾਮ ਬ੍ਰਾਹਮਣ ਸਭਾ ਜੀਰਾ ਤੇ ਵੈਸ਼ਨੋ ਭਜਨ ਮੰਡਲੀ ਜੀਰਾ ਦੇ ਮੈਂਬਰ ਵੀ ਕਾਲੀ ਮਾਤਾ ਧਾਮ ਵਿੱਚ ਪਹੁੰਚੇ। ਇਸ ਮੌਕੇ ਸ਼ੰਕਰ ਕਟਾਰੀਆ ਨੇ ਕਿਹਾ ਕਿ ਆਉਣ ਵਾਲੀਆਂ ਸੰਗਤਾਂ ਨੂੰ ਕਿਸੇ ਵੀ ਤਰ੍ਹਾਂ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਤੇ ਰਾਤ ਰਹਿਣ ਦਾ ਇੰਤਜ਼ਾਮ ਵੀ ਕੀਤਾ ਜਾਵੇਗਾ। ਇਸ ਮੌਕੇ ਉਹਨਾਂ ਨਾਲ ਪੰਡਤ ਭਾਰਤ ਭੂਸ਼ਣ, ਜਸਪਾਲ ਕੁਮਾਰ, ਖੱਟਾ ਸਿੰਘ ਸਨੇਰ, ਪ੍ਰਭਜੀਤ ਧਵਨ ਨੀਲੇ ਵਾਲਾ, ਲੱਕੀ ਜੋਸ਼ੀ, ਪ੍ਰਧਾਨ ਕੁਲਭੂਸ਼ਨ ਸ਼ਰਮਾ,ਅਮਰੀਕ ਸਿੰਘ ,ਭਜਨ ਲਾਲ,ਮਨੋਜ ਕੁਮਾਰ ਰਾਜੇਸ਼ ਗਰੋਵਰ,ਸਤੀਸ਼ ਬਜਾਜ, ਰੋਕੀ ਸ਼ਰਮਾ , ਸਨੀ ਸ਼ਰਮਾ, ਸੰਦੀਪ ਸ਼ਰਮਾ , ਬਾਬਾ ਲੋਟਾ ਸਿੰਘ , ਗਰਮੇਜ ਸ਼ਰਮਾ ਗੇਜਾ, ਗਗਨ ਸ਼ਰਮਾ ਜੀਰਾ,ਪੱਪੀ ਤਲਵੰਡੀ ਭਾਈ, ਯਸ਼ਪਾਲ ਸੂਦ ਤਲਵੰਡੀ ਭਾਈ ,ਜਸਵਿੰਦਰ ਸਿੰਘ ਮਲੇ ਸ਼ਾਹ ਤੋ ਇਲਾਵਾ ਵੱਡੀ ਗਿਣਤੀ ਵਿੱਚ ਸ਼ਰਧਾਲੂ ਹਾਜ਼ਰ ਸਨ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਮਨਾਇਆ ਅੰਤਰਰਾਸ਼ਟਰੀ ਨਿਆਂ ਦਿਵਸ



ਫਿਰੋਜ਼ਪੁਰ, 17 ਜੁਲਾਈ (ਤਿਵਾੜੀ) : ਮਾਨਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ. ਏ. ਐੱਸ. ਨਗਰ ਮੋਹਾਲੀ ਦੇ ਦਿਸ਼ਾਂ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਸ੍ਰੀ ਸੁਮੀਤ ਮਲਹੋਤਰਾ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ—ਕਮ—ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਕਚਹਿਰੀਆਂ, ਫਿਰੋਜ਼ਪੁਰ ਵਿੱਚ ਅੰਤਰਰਾਸ਼ਟਰੀ ਨਿਆਂ ਦਿਵਸ ਮਨਾਇਆ ਗਿਆ। ਇਸ ਦਿਵਸ ਮੌਕੇ ਵਿਵੇਕਾਨੰਦ ਵਰਲਡ ਸਕੂਲ, ਫਿਰੋਜਪੁਰ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ ਸੁਮੀਤ ਮਲਹੋਤਰਾ ਨੇ ਇਸ ਦਿਵਸ ਮੌਕੇ ਵਿਵੇਕਾਨੰਦ ਵਰਲਡ ਸਕੂਲ, ਫਿਰੋਜਪੁਰ ਦੇ ਵਿਦਿਆਰਥੀਆਂ ਨਾਲ ਅੰਤਰਰਾਸ਼ਟਰੀ ਨਿਆਂ ਦਿਵਸ ਸਬੰਧੀ ਸਵਾਲ—ਜਵਾਬ ਕੀਤੇ। ਇਸ ਦੇ ਨਾਲ ਹੀ ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਵਾਤਾਵਰਣ ਦੀ ਸੰਭਾਲ ਦਾ ਸੰਦੇਸ਼ ਦਿੰਦੇ ਹੋਏ ਬੂਟੇ ਵੀ ਵੰਡੇ ਗਏ ਅਤੇ ਵਿਦਿਆਰਥੀਆਂ ਨੂੰ ਕਿਹਾ ਗਿਆ ਕਿ ਉਹ ਦਿੱਤਾ ਹੋਇਆ ਇਹ ਬੂਟਾ ਆਪ ਖੁਦ ਲਗਾ ਇਸ ਦਾ ਪਾਲਣ—ਪੋਸ਼ਣ ਵੀ ਕਰਨ।

# ਪਿੰਡ ਸੈਦੋਕੇ ਦੇ ਮੇਲਾ ਬਾਬਾ ਸਿਕੰਦਰ ਸ਼ਾਹ 'ਤੇ 'ਬਾਗੀ' ਨੇ ਲਾਈਆਂ ਰੌਣਕਾਂ



ਚੌਂਕ ਮਹਿਤਾ, 17 ਜੁਲਾਈ (ਬਲਜਿੰਦਰ ਸਿੰਘ ਰੰਧਾਵਾ):ਪਿੰਡ ਸੈਦੋਕੇ ਵਿਖੇ ਐੱਨ.ਆਰ.ਆਈ. ਵੀਰਾਂ ਤੇ ਇਲਾਕਾ ਸੰਗਤ ਦੇ ਸਹਿਯੋਗ ਸਦਕਾ ਬਾਬਾ ਸਿਕੰਦਰ ਸ਼ਾਹ ਦੀ ਦਰਗਾਹ 'ਤੇ ਮਨਾਏ ਗਏ ਸਲਾਨਾ ਮੇਲੇ ਦੌਰਾਨ ਜਿੱਥੇ ਸੰਗਤਾਂ ਦੀਆਂ ਭਾਰੀ ਰੌਣਕਾਂ ਲੱਗੀਆਂ, ਉੱਥੇ ਹੀ ਨਾਮਵਰ ਗਾਇਕ 'ਬਾਗੀ' ਨੂੰ ਸੁਣਨ ਲਈ ਪੰਡਾਲ 'ਚ ਦਰਸ਼ਕਾਂ ਦਾ ਵੱਡਾ ਹਜ਼ੂਮ ਉਮੜ ਆਇਆ।ਮੁੱਖ ਸੇਵਾਦਾਰ ਬਹਾਦਰ ਸਿੰਘ ਵੱਲੋਂ ਦਰਗਾਹ 'ਤੇ ਚਾਦਰ ਚੜ੍ਹਾਉਣ ਦੀ ਰਸਮ ਅਦਾ ਕੀਤੇ ਜਾਣ ਉਪਰੰਤ ਸਭਿਆਚਾਰਕ ਮੇਲੇ 'ਚ ਲੱਗੇ ਖੁੱਲ੍ਹੇ ਅਖਾੜੇ ਦੌਰਾਨ ਗਾਇਕ 'ਬਾਗੀ' ਨੇ ਆਪਣੀ ਜ਼ੋਰਦਾਰ ਗਾਇਕੀ ਨਾਲ ਸਰੋਤਿਆਂ ਦੀ ਖੂਬ ਵਾਹ ਵਾਹ ਖੱਟੀ।

ਸੀਨੀਅਰ 'ਆਪ' ਆਗੂ ਤੇ ਸਰਪੰਚ ਬਲਜੀਤ ਸਿੰਘ ਦੀ ਅਗਵਾਈ ਹੇਠ ਸ਼ੁਰੂ ਹੋਏ ਇਸ ਸੱਭਿਆਚਾਰਕ ਮੇਲਾ ਅੰਦਰ ਹਜ਼ਾਰਾਂ ਦੀ ਗਿਣਤੀ 'ਚ ਪੁੱਜੇ ਦਰਸ਼ਕਾਂ ਨੇ ਭਾਰੀ ਗਰਮੀ ਦੇ ਬਾਵਜੂਦ ਲੰਬਾ ਸਮਾਂ ਬੈਠਕੇ ਮੇਲੇ ਦਾ ਆਨੰਦ ਮਾਣਿਆ।ਮੇਲੇ ਦੌਰਾਨ ਆਈਆਂ ਸ਼ਖਸ਼ੀਅਤਾਂ ਦਾ ਸਨਮਾਨ ਵੀ ਕੀਤਾ ਗਿਆ।

ਇਸ ਮੌਕੇ ਸਰਪੰਚ ਅਜੇ ਗਾਂਧੀ, ਬਖਸ਼ੀ ਥਾਣੇਵਾਲ, ਸਰਪੰਚ ਨਿਸ਼ਾਨ ਸਿੰਘ ਗੋਲਡੀ ਦਬੁਰਜ਼ੀ,ਜਸਬੀਰ ਸਿੰਘ ਜੱਸਾ,ਪ੍ਰਗਟ ਸਿੰਘ ਫੌਜੀ,ਸਰਬਜੀਤ ਸਿੰਘ ਯੂ.ਕੇ.,ਗੁਰਜੀਤ ਸਿੰਘ,ਪੰਚ ਬਲਰਾਜ ਸਿੰਘ,ਪੰਚ ਜਗਤਾਰ ਸਿੰਘ,ਜਰਮਨ ਮਝੈਲ,ਸੀਤਾ ਯੂ.ਕੇ.,ਨਵਜੋਤ ਸ਼ਾਹ,ਸੁਖਬੀਰ ਸਿੰਘ ਯੂ.ਐੱਸ.ਏ.,ਅੰਮ੍ਰਿਤ ਕੈਲੇਫੋਰਨੀਆ,ਰਣਜੀਤ ਸਿੰਘ,ਹਰਜੀਤ ਸਿੰਘ,ਮਿੰਟੂ,ਬਲਵਿੰਦਰ ਸਿੰਘ,ਸੁਖਰਾਜ ਦੇਬੀ,ਵਰਿੰਦਰ ਸਿੰਘ,ਕੁਲਵੰਤ ਸਿੰਘ ,ਅਜੀਤ ਬੌਬੀ,ਬਲਰਾਜ ਸਿੰਘ ਬਹਿਰੀਨ ਤੇ ਸਿਮਰ ਫੌਜੀ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਪਿੰਡ ਵਾਸੀ ਹਾਜ਼ਰ ਸਨ।

# ਡੀ.ਆਈ.ਜੀ, ਕ੍ਰਾਈਮ, ਪੰਜਾਬ ਅਤੇ ਐਸ.ਐਸ.ਪੀ ਫ਼ਰੀਦਕੋਟ ਵੱਲੋਂ ਕੇਂਦਰੀ ਮਾਡਰਨ ਜੇਲ੍ਹ ਚੈਕਿੰਗ



ਫਰੀਦਕੋਟ, 17 ਜੁਲਾਈ (ਅਵਤਾਰ ਸਿੰਘ ਮੱਲਾ) : ਫਰੀਦਕੋਟ ਦੀ ਕੇਂਦਰੀ ਮਾਡਰਨ ਜੇਲ੍ਹ ਵਿਖੇ ਨਵੀਨ ਸੈਣੀ ਆਈ.ਪੀ.ਐਸ ਡੀ.ਆਈ.ਜੀ, ਕਰਾਈਮ, ਪੰਜਾਬ ਜੀ ਦੀ ਅਗਵਾਈ ਵਿੱਚ ਮੰਗਲਵਾਰ ਦੀ ਸ਼ਾਮ ਨੂੰ ਇਕ ਵਿਸਤ੍ਰਿਤ ਅਤੇ ਅਚਨਚੇਤ ਚੈਕਿੰਗ ਆਪਰੇਸ਼ਨ ਚਲਾਇਆ ਗਿਆ। ਇਸ ਸਮੇਂ ਉਹਨਾਂ ਨਾਲ ਡਾ. ਪ੍ਰਗਿਆ ਜੈਨ ਆਈ.ਪੀ.ਐਸ ਐਸ.ਐਸ.ਪੀ ਫਰੀਦਕੋਟ ਅਤੇ ਸੁਪਰਡੈਂਟ ਜੇਲ੍ਹ ਇਕਬਾਲ ਸਿੰਘ ਧਾਲੀਵਾਲ ਸਮੇਤ ਫਰੀਦਕੋਟ ਪੁਲਿਸ ਅਤੇ ਜੇਲ੍ਹ ਪ੍ਰਸ਼ਾਸ਼ਨ ਦੇ ਸੀਨੀਅਰ ਪੁਲਿਸ ਅਧਿਕਾਰੀ ਵੀ ਮੌਜੂਦ ਰਹੇ। ਇਸ ਚੈਕਿੰਗ ਆਪਰੇਸ਼ਨ ਦੌਰਾਨ 200 ਦੇ ਕਰੀਬ ਪੁਲਿਸ ਮੁਲਾਜ਼ਮਾਂ ਵੱਲੋਂ ਸੀਨੀਅਰ ਪੁਲਿਸ ਅਧਿਕਾਰੀਆਂ ਦੀ ਨਿਗਰਾਨੀ ਹੇਠ ਚੈਕਿੰਗ ਕੀਤੀ, ਜੋ ਕਿ ਲਗਭਗ 02 ਘੰਟੇ ਤੱਕ ਚੱਲੀ। ਇਸ ਸਬੰਧੀ ਸ਼੍ਰੀ ਨਵੀਨ ਸੈਣੀ ਆਈ.ਪੀ.ਐਸ ਡੀ.ਆਈ.ਜੀ, ਕਰਾਈਮ, ਪੰਜਾਬ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਚੈੱਕਿੰਗ ਕਿਸੇ ਵੀ ਗੈਰਕਾਨੂੰਨੀ ਚੀਜ਼ ਜਾਂ ਨਸ਼ੀਲੇ ਪਦਾਰਥ ਦੀ ਚੈਕਿੰਗ ਅਤੇ ਜੇਲ੍ਹ ਦੇ ਅੰਦਰ ਸੁਰੱਖਿਆ ਪ੍ਰਬੰਧਾਂ ਦੀ ਚੈਕਿੰਗ ਲਈ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਪੁਲਿਸ ਪ੍ਰਸ਼ਾਸ਼ਨ ਵੱਲੋਂ ਮਾੜੇ ਅਨਸਰਾ ਉੱਪਰ ਲਗਾਤਾਰ ਸਿਕੰਜਾ ਕੱਸਿਆ ਜਾ ਰਿਹਾ ਹੈ ਅਤੇ ਇਸ ਮੁਹਿੰਮ ਨੂੰ ਪੂਰੀ ਤਰ੍ਹਾ ਸਫਲਤਾ ਵੀ ਹਾਸਿਲ ਹੋ ਰਹੀ ਹੈ। ਉਹਨਾਂ ਦੱਸਿਆ ਕਿ ਅਜਿਹੀਆਂ ਅਚਾਨਕ ਜਾਂਚਾਂ ਜੇਲ ਵਿੱਚ ਬੁਰੇ ਰੁਝਾਨ ਵਾਲੇ ਕੈਦੀਆਂ ਵਿੱਚ ਡਰ ਪੈਦਾ ਕਰਦੀਆਂ ਹਨ, ਜਿਸ ਨਾਲ ਗੈਰਕਾਨੂੰਨੀ ਸਰਗਰਮੀਆਂ ਨੂੰ ਰੋਕਣ ਵਿੱਚ ਮਦਦ ਮਿਲਦੀ ਹੈ। ਉਨ੍ਹਾਂ ਨੇ ਦੱਸਿਆ ਕਿ ਅਜਿਹੀਆਂ ਜਾਂਚਾਂ ਨਿਯਮਤ ਤੌਰ 'ਤੇ ਜਾਰੀ ਰਹਿਣਗੀਆਂ। ਇਸ ਸਬੰਧੀ ਐਸ.ਐਸ.ਪੀ ਫਰੀਦਕੋਟ ਡਾ. ਪ੍ਰਗਿਆ ਜੈਨ ਵੱਲੋ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਚੈਕਿੰਗ ਆਪਰੇਸ਼ਨ 01 ਐਸ.ਪੀ ਅਤੇ 03 ਡੀ.ਐਸ.ਪੀ ਰੈਕ ਦੇ ਅਧਿਕਾਰੀਆਂ ਦੀ ਸਿੱਧੀ ਨਿਗਰਾਨੀ ਵਿੱਚ ਚਲਾਇਆ ਗਿਆ ਹੈ, ਜਿਸ ਵਿੱਚ 135 ਦੇ ਕਰੀਬ ਫਰੀਦਕੋਟ ਪੁਲਿਸ ਦੇ ਕਰਮਚਾਰੀ ਅਤੇ ਇਸ ਤੋ ਇਲਾਵਾ ਜੇਲ੍ਹ ਪ੍ਰਸ਼ਾਸ਼ਨ ਦੇ ਕਰਮਚਾਰੀ ਵੀ ਸ਼ਾਮਲ ਹਨ। ਜਿਹਨਾਂ ਵੱਲੋਂ ਜੇਲ੍ਹ ਬੈਰਕਾਂ ਦੇ ਨਾਲ-ਨਾਲ ਜੇਲ੍ਹ ਦੀ ਬਾਹਰੀ ਚਾਰਦੀਵਾਰੀ, ਨਿਗਰਾਨੀ ਕੈਮਰੇ ਅਤੇ ਸੁਰੱਖਿਆ ਪ੍ਰਣਾਲੀਆਂ ਦੀ ਵੀ ਜਾਂਚ ਵੀ ਕੀਤੀ ਜਾ ਰਹੀ ਹੈ। ਉਹਨਾਂ ਦੱਸਿਆ ਕਿ ਔਰਤਾਂ ਦੀ ਗੋਪਨੀਯਤਾ ਅਤੇ ਪ੍ਰੋਟੋਕੋਲ ਨੂੰ ਧਿਆਨ ਵਿਚ ਰੱਖਦਿਆਂ, ਮਹਿਲਾ ਪੁਲਿਸ ਮੁਲਾਜ਼ਮਾਂ ਵੱਲੋਂ ਵੱਖਰੇ ਤੌਰ 'ਤੇ ਔਰਤਾਂ ਵਾਲੀਆਂ ਬੈਰਕਾਂ ਦੀ ਜਾਂਚ ਕੀਤੀ ਗਈ।ਇਸ ਦੇ ਨਾਲ ਹੀ ਉਹਨਾਂ ਸਥਾਨਿਕ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਜੇ ਉਹ ਕਿਸੇ ਨੂੰ ਘਰ ਕਿਰਾਏ 'ਤੇ ਦੇਣ, ਤਾਂ ਪੁਲਿਸ ਨੂੰ ਸੂਚਨਾ ਦੇਣ ਕਿਉਂਕਿ ਕੋਈ ਅਪਰਾਧੀ ਤੱਤ ਅਜਿਹੀ ਗਤੀਵਿਧੀ ਵਿੱਚ ਸ਼ਾਮਲ ਹੋ ਸਕਦੇ ਹਨ।

# ਸਕੂਲ ਲਾਇਬ੍ਰੇਰੀ ਦੀ ਵਿਦਿਆਰਥੀਆਂ ਲਈ ਮਹੱਤਤਾ



ਇੰਜ. ਅਵਤਾਰ ਸਿੰਘ ਢਿੱਲੋਂ

98151-89490

ਲਾਇਬ੍ਰੇਰੀ ਸ਼ਬਦ ਦੀ ਉਤਪਤੀ ਲਤੀਨੀ ਸ਼ਬਦ ਲੀਥਰੋ ਤੋਂ ਹੋਈ ਹੈ, ਜਿਸ ਦਾ ਅਰਥ ਹੈ ਕਿਤਾਬ। ਸਾਹਿਤਕ ਤੇ ਗਿਆਨ ਵਰਧਿਕ ਕਿਤਾਬਾਂ ਮਨੁੱਖ ਦੀ ਸੋਚ ਬਦਲਣ ਅਤੇ ਪਰਪੱਕ ਕਰਨ ਦਾ ਵਡਮੁੱਲਾ ਕਾਰਜ ਕਰਦੀਆਂ ਹਨ। ਘਰ ਤੋਂ ਬਾਅਦ ਸਕੂਲ ਹੀ ਵਿਦਿਆਰਥੀ ਦੇ ਸਰਵਪੱਖੀ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸਕੂਲ ਵਿੱਚ ਆ ਕੇ ਵਿਦਿਆਰਥੀ ਨੇ ਕੇਵਲ ਪਾਠਕ੍ਰਮ ਦੀਆਂ ਕਿਤਾਬਾਂ ਪੜ੍ਹ ਕੇ ਜਮਾਤਾਂ ਹੀ ਪਾਸ ਨਹੀਂ ਕਰਨੀਆਂ ਹੁੰਦੀਆਂ, ਸਗੋਂ ਸਮਾਜਿਕ, ਸੱਭਿਆਚਾਰਕ ਅਤੇ ਭਾਵਨਾਤਮਿਕ ਅਤੇ ਨੈਤਿਕ ਮੁੱਲਾਂ ਸਬੰਧੀ ਬਹੁਤ ਕੁੱਝ ਸਿੱਖਣਾ ਤੇ ਸਮਝਣਾ ਹੁੰਦਾ ਹੈ। ਸਕੂਲ ਪੱਧਰ 'ਤੇ ਪੜ੍ਹਾਏ ਜਾਂਦੇ ਵੱਖ-ਵੱਖ ਵਿਸ਼ਿਆਂ ਦੇ ਨਾਲ ਨਾਲ ਲਾਇਬ੍ਰੇਰੀ ਵਿੱਚ ਕਿਤਾਬਾਂ ਪੜ੍ਹ ਕੇ ਵਿਦਿਆਰਥੀ ਕਿਸੇ ਵੀ ਵਿਸ਼ੇ ਬਾਰੇ ਵਾਧੂ ਗਿਆਨ ਪ੍ਰਾਪਤ ਕਰਕੇ ਆਪਣੀ ਮੰਜਿਲ 'ਤੇ ਪਹੁੰਚਣ ਦਾ ਰਾਹ ਵੀ ਤਲਾਸ਼ ਸਕਦਾ ਹੈ। ਅਜੋਕੀ ਸਿੱਖਿਆ ਪ੍ਰਣਾਲੀ ਵਿਚ ਪ੍ਰੀਖਿਆ ਦੀ ਦ੍ਰਿਸ਼ਟੀ ਤੋਂ ਕੇਵਲ ਨਿਰਧਾਰਤ ਪਾਠਕ੍ਰਮ ਅਨੁਸਾਰ ਹੀ ਪਾਠ ਪੁਸਤਕਾਂ ਪੜ੍ਹਾਉਣ 'ਤੇ ਵਧੇਰੇ ਜ਼ੋਰ ਦਿੱਤਾ ਜਾਂਦਾ ਹੈ। ਅਧਿਆਪਕ ਅਤੇ ਵਿਦਿਆਰਥੀ ਪੂਰਾ ਸਾਲ ਪਾਠਕ੍ਰਮ ਖਤਮ ਕਰਨ ਵਿਚ ਹੀ ਉਲਝੇ ਰਹਿੰਦੇ ਹਨ। ਅਧਿਆਪਕ ਨਤੀਜੇ ਲਿਆਉਣ ਦੇ ਚੱਕਰਵਿਊ ਵਿਚੋਂ ਅਤੇ ਵਿਦਿਆਰਥੀ ਪ੍ਰੀਖਿਆ ਪਾਸ ਕਰਨ ਦੇ ਹਊਏ ਵਿਚੋਂ ਬਾਹਰ ਨਹੀਂ ਨਿਕਲਦਾ।ਪਰ ਚਿੰਤਾਜਨਕ ਗੱਲ ਇਹ ਹੈ ਕਿ ਵਿਦਿਆਰਥੀ ਕੁੱਟਮਾਰ, ਅਪਰਾਧ ਮੁਖੀ ਅਤੇ ਗੈਰ ਵਿੱਦਿਅਕ ਸੀਰੀਅਲ ਦੇ ਦੀਵਾਨੇ ਹੋ ਜਾਂਦੇ ਹਨ। ਭਾਵੇਂ ਇਸ ਸਿਲਸਿਲੇ ਨੂੰ ਪੂਰੀ ਤਰ੍ਹਾਂ ਰੋਕਣਾ ਸੰਭਵ ਨਹੀਂ, ਪਰ ਸਕੂਲ ਲਾਇਬ੍ਰੇਰੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਵਿਕਸਿਤ ਕਰਕੇ ਵਿਦਿਆਰਥੀ ਨੂੰ ਇੱਕ ਸਾਰਥਕ ਬਦਲ ਦਿੱਤਾ ਜਾ ਸਕਦਾ ਹੈ।

ਅਧਿਆਪਕ ਵਿਦਿਆਰਥੀਆਂ ਦੇ ਮਨ ਵਿੱਚ ਕਿਤਾਬਾਂ ਪ੍ਰਤੀ ਦਿਲਚਸਪੀ ਪੈਦਾ ਕਰਕੇ ਉਹਨਾਂ ਨੂੰ ਲਾਇਬ੍ਰੇਰੀ ਜਾਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਕਿਤਾਬਾਂ ਵਿੱਚੋਂ ਕਦੇ-ਕਦੇ ਕੁੱਝ ਦਿਲਚਸਪ ਵੇਰਵੇ ਵਿਦਿਆਰਥੀਆਂ ਨੂੰ ਪੜ੍ਹ ਕੇ ਸੁਣਾਉਣ ਤਾਂ ਕਿ ਉਹਨਾਂ ਦੇ ਮਨਾਂ ਵਿੱਚ ਕਿਤਾਬਾਂ ਪ੍ਰਤੀ ਤਾਂਘ ਪੈਦਾ ਹੋ ਸਕੇ। ਵਿਦਿਆਰਥੀ ਦੇ ਉਮਰ ਗਰੁੱਪ ਅਨੁਸਾਰ ਉਹਨਾਂ ਨੂੰ ਕਿਤਾਬਾਂ ਮੁਹੱਈਆ ਕਰਵਾਈਆਂ ਜਾਣ। ਵਿਦਿਆਰਥੀਆਂ ਨੂੰ ਸਕੂਲ ਗਤੀਵਿਧੀਆਂ ਵਿੱਚ ਕਿਸੇ ਪ੍ਰਾਪਤੀ ਲਈ, ਕਿਤਾਬਾਂਹੀ ਇਨਾਮ ਵਜੋਂ ਦਿੱਤੀਆਂ ਜਾਣ ਤਾਂ ਜੋ ਉਹ ਜਦੋਂ ਵੀ ਚਾਹੇ ਪੜ੍ਹਨ ਦੀ ਇੱਛਾ ਪੂਰੀ ਕਰ ਸਕਣ। ਇਸ ਤਰ੍ਹਾਂ ਦੇ ਸੁਹਿਰਦ ਯਤਨਾ ਸਦਕਾ ਵਿਦਿਆਰਥੀਆਂ ਵਿੱਚ ਸਿਰਜਣਾਤਮਕ ਰੂਚੀਆਂ ਪੈਦਾ ਕੀਤੀਆਂ ਜਾ ਸਕਦੀਆਂ ਹਨ। ਸਿੱਖਿਆ ਨੂੰ ਮਨੁੱਖ ਦਾ ਤੀਜਾ ਨੇਤਰ ਕਿਹਾ ਗਿਆ ਹੈ। ਅਜੋਕੀ ਸਿੱਖਿਆ ਪ੍ਰਣਾਲੀ ਵਿਦਿਆਰਥੀ ਦੀ ਸੂਝ ਨੂੰ ਵਿਕਸਤ ਕਰਨ ਅਤੇ ਉਸ ਦੇ ਮਨ ਵਿੱਚ ਆਲੋਚਨਾਤਮਿਕ ਸਵਾਲ ਪੈਦਾ ਕਰਨ ਦੇ ਸਮਰੱਥ ਨਹੀਂ ਹੈ। ਜਦੋਂ ਤੱਕ ਕਿਸੇ ਵਿਚਾਰ ਜਾਂ ਮਸਲੇ ਬਾਰੇ ਕੋਈ ਸਵਾਲ ਪੈਦਾ ਨਹੀਂ ਹੁੰਦਾ, ਉਦੋਂ ਤੱਕ ਤੀਸਰਾ ਨੇਤਰ ਬੰਦ ਹੀ ਰਹੇਗਾ। ਲਾਇਬ੍ਰੇਰੀ ਦੀਆਂ ਸਾਹਿਤਕ ਤੇ ਹੋਰ ਗਿਆਨ ਵਰਧਿਕ ਕਿਤਾਬਾਂ ਦੀ ਲਗਾਤਾਰ ਸਾਂਝ ਨਾਲ ਵਿਦਿਆਰਥੀ ਦੇ ਜੀਵਨ ਦੀ ਦਿਸ਼ਾ ਨੂੰ ਨਵਾਂ ਸਾਰਥਕ ਮੋੜ ਦੇਣ ਦਾ ਯਤਨ ਕੀਤਾ ਜਾ ਸਕਦਾ ਹੈ। ਕਿਤਾਬਾਂ ਪੜ੍ਹਨ ਦੀ ਰੂਚੀ ਹੌਲੀ-ਹੌਲੀ ਵਿਦਿਆਰਥੀਆਂ ਦੇ ਮਨ ਵਿੱਚ ਜੀਵਨ ਦੇ ਵਰਤਾਰਿਆਂ ਨੂੰ ਸਮਝਣ ਦੀ ਸੂਝ ਪੈਦਾ ਕਰਦੀ ਹੈ ਤੇ ਸਵੈ-ਵਿਸ਼ਵਾਸ ਪੈਦਾ ਕਰਦੀ ਹੈ। ਅਗਲੇਰੀ ਜਿੰਦਗੀ ਵਿੱਚ ਇਹ ਗੁਣ ਕਿਸੇ ਦੀ ਸ਼ਖਸੀਅਤ ਨੂੰ ਉਸਾਰਨ ਵਿੱਚ ਸਹਾਈ ਹੁੰਦੇ ਹਨ। ਪਿਛਲੇ ਕੁੱਝ ਸਾਲਾਂ ਤੋਂ ਸਰਕਾਰੀ ਸਕੂਲਾਂ ਵਿੱਚ ਕੁੱਝ ਹੱਦ ਤੱਕ ਲਾਇਬ੍ਰੇਰੀਆਂ ਦੀ ਸਥਾਪਨਾ ਹੋਈ ਹੈ। ਕਿਤਾਬਾਂ ਦੀ ਖਰੀਦ ਲਈ ਗਰਾਂਟਾਂ ਵੀ ਮੁਹੱਈਆ ਕਰਵਾਈਆਂ ਗਈਆਂ ਹਨ। ਜਿੱਥੇ ਅਧਿਆਪਕ ਰੂਚੀ ਲੈਂਦੇ ਹਨ, ਉਹਨਾਂ ਸਕੂਲਾਂ ਵਿੱਚ ਬਹੁਤ ਸ਼ਾਨਦਾਰ ਆਕਰਸ਼ਿਕ ਅਤੇ ਪ੍ਰਭਾਵਸ਼ਾਲੀ ਲਾਇਬ੍ਰੇਰੀਆਂ ਵੇਖੀਆਂ ਜਾ ਸਕਦੀਆਂ ਹਨ। ਵਿਦਿਆਰਥੀਆਂ ਨੂੰ ਲਾਇਬ੍ਰੇਰੀ ਦੀ ਵਰਤੋਂ ਵੱਧ ਤੋਂ ਵੱਧ ਕਰਨੀ ਚਾਹੀਦੀ ਹੈ। ਚੰਗੀਆਂ ਕਿਤਾਬਾਂ ਪੜ੍ਹ ਕੇ ਗਿਆਨ ਪ੍ਰਾਪਤ ਕਰਨ ਦੀ ਪ੍ਰਵਿਰਤੀ ਵਿਦਿਆਰਥੀ ਦੇ ਮਨ ਵਿੱਚ ਜੀਵਨ 'ਚ ਅੱਗੇ ਵਧਣ ਲਈ ਜੋਸ਼ ਅਤੇ ਲਗਣ ਪੈਦਾ ਕਰਦੀ ਹੈ। ਅਜੋਕੇ ਸਮੇਂ ਵਿੱਚ ਜਿਆਦਾ ਗਿਣਤੀ ਵਿਦਿਆਰਥੀ ਕੰਪਿਊਟਰ ਅਤੇ ਮੋਬਾਇਲ ਆਦਿ ਤਕਨੀਕੀ ਸਾਧਨਾਂ ਵਿੱਚ ਉਲਝ ਕੇ ਰਹਿ ਗਏ ਹਨ। ਇਥੇ ਹੋਰ ਵੀ ਜਰੂਰੀ ਹੋ ਜਾਂਦਾ ਹੈ ਕਿ ਲਾਇਬ੍ਰੇਰੀ ਨੂੰ ਗੰਭੀਰਤਾ ਨਾਲ ਸਕੂਲ ਸਿੱਖਿਆ ਦਾ ਅੰਗ ਬਣਾਇਆ ਜਾਵੇ, ਤਾਂਕਿ ਵਿਦਿਆਰਥੀ ਕਿਤਾਬਾਂ ਨਾਲ ਸਾਂਝ ਪਾ ਸਕਣ। ਗਿਆਨ ਦੇ ਭਾਵੇ ਜਿੰਨੇ ਵੀ ਸਾਧਨ ਆ ਜਾਣ ਪਰ ਕਿਤਾਬ ਦੀ ਮਹੱਤਤਾ ਹਮੇਸ਼ਾ ਕਾਇਮ ਰਹੇਗੀ। ਕੋਈ ਹੋਰ ਸਾਧਨ ਕਿਤਾਬ ਦਾ ਬਦਲ ਨਹੀਂ ਹੋ ਸਕਦਾ। ਬਹੁਤ ਜਰੂਰੀ ਹੈ ਕਿ ਸਕੂਲ ਲਾਇਬ੍ਰੇਰੀ ਨੂੰ ਸਕੂਲ ਪਾਠਕ੍ਰਮ ਦਾ ਹਿੱਸਾ ਬਣਾ ਕੇ ਇਸ ਦੀ ਸੁਚੱਜੀ ਤੇ ਯੋਗ ਵਰਤੋਂ ਕੀਤੀ ਜਾਵੇ ਤਾਂ ਕਿ ਸਕੂਲਾਂ ਵਿੱਚ ਪੜ੍ਹਦਾ ਦੇਸ਼ ਦਾ ਭਵਿੱਖ ਨਵੀਆਂ ਵੰਗਾਰਾਂ ਦਾ ਮੁਕਾਬਲਾ ਕਰਨ ਲਈ ਤਿਆਰ ਹੋ ਸਕੇ।


**ਪੰਜਾਬ ਮੰਡੀ ਬੋਰਡ**

Email ID:-pmb.xencbar@punjab.gov.in

ਆਨਲਾਈਨ ਬੋਲੀ ਸੱਦਾ ਪੱਤਰ

ਟੈਂਡਰ ਨੋਟਿਸ ਨੰ. 07 (2025) ਮਿਤੀ 17.07.2025

ਕਾਰਜਕਾਰੀ ਇੰਜੀਨੀਅਰ (ਸਿਵਲ), ਪੰਜਾਬ ਮੰਡੀ ਬੋਰਡ, ਵਿਕਾਸ ਭਵਨ, ਨਵੀਂ ਦਾਣਾ ਮੰਡੀ , ਬਰਨਾਲਾ ਵੱਲੋਂ UP-Gradation of link road Barnala Raikot to Sehjara to Kalala to Raisar to Bhotna, (PMGSY-III) Batch-III, Year 2022-23, Length 16.17 KM PB 18-110 MC Mehal Kalan Distt. Barnala, Package No. PB-18-110 ਜ਼ਿਲ੍ਹਾ ਬਰਨਾਲਾ ਲਈ, ਪੰਜਾਬ ਮੰਡੀ ਬੋਰਡ ਨਾਲ ਸੂਚੀਕ੍ਰਿਤ ਪਾਤਰ ਤੇ ਬੋਲੀਕਾਰਾਂ ਤੋਂ ਬੋਲੀਆਂ ਮੰਗੀਆਂ ਜਾਂਦੀਆਂ ਹਨ। ਵੇਰਵਿਆਂ, ਸ਼ਰਤਾਂ ਤੇ ਪ੍ਰੀਤਬੰਧਾਂ ਜਾਂ ਬੋਲੀ ਸੱਦਾ ਸੂਚਨਾ ਲਈ ਵੈਬਸਾਈਟ ਤੋਂ ਹਵਾਲਾ ਲਿਆ ਜਾ ਸਕਦਾ ਹੈ।: www.pmgsytenders.gov.in/

ਜੇਕਰ ਕੋਈ ਸੋਧ ਹੋਵੇਗੀ ਤਾਂ ਸਿਰਫ ਵੈਬਸਾਈਟ ਉਤੇ ਹੀ ਜਾਰੀ ਕੀਤੀ ਜਾਵੇਗੀ।

Closing Date & Time: 11-07-2025 3:00 PM.

ਕਾਰਜਕਾਰੀ ਇੰਜੀਨੀਅਰ (ਸ),
ਪੰਜਾਬ ਮੰਡੀ ਬੋਰਡ,
ਬਰਨਾਲਾ

Ro No PR ADVT NO: 1338/12/2025-26/1258/Dated CHD: 17/7/2025



ਯੂਕੋ ਬੈਂਕ (ਭਾਰਤ ਸਰਕਾਰ ਦਾ ਅਦਾਰਾ) UCO BANK (A Govt. of India Undertaking) Honours Your Trust

## ਸ਼ਾਖਾ ਦਫਤਰ : ਫਾਜ਼ਿਲਕਾ

ਗੋਲਡ ਨਿਲਾਮੀ ਸੂਚਨਾ

**ਚੱਲ ਜਾਇਦਾਦ (ਸੋਨੇ ਦੇ ਗਹਿਣੇ) ਦੀ ਵਿਕਰੀ ਲਈ ਜਨਤਕ ਸੂਚਨਾ**

**ਨਿਲਾਮੀ ਦੀ ਮਿਤੀ 05.08.2025 (ਸਿਰਫ਼ ਨਿਲਾਮੀ ਰਾਹੀਂ ਵਿਕਰੀ)**

ਇਸ ਦੁਆਰਾ ਆਮ ਜਨਤਾ ਨੂੰ ਅਤੇ ਹੇਠ ਲਿਖੇ ਵਿਅਕਤੀਆਂ (ਜਿਨ੍ਹਾਂ ਨੂੰ 'ਕਰਜ਼ਦਾਰਾਂ' ਕਿਹਾ ਜਾਂਦਾ ਹੈ, ਹੇਠਾਂ ਦਿੱਤੀ ਸਾਰਣੀ ਵਿੱਚ ਦਿੱਤੇ ਵੇਰਵਿਆਂ ਦੇ ਨਾਲ) ਖਾਸ ਤੌਰ 'ਤੇ ਸੂਚਿਤ ਕੀਤਾ ਜਾਂਦਾ ਹੈ ਕਿ ਕਰਜ਼ਦਾਰ(ਾਂ) ਦੁਆਰਾ ਲਏ ਗਏ ਸੋਨੇ ਦੇ ਕਰਜ਼ੇ ਪ੍ਰਤੀ ਆਪਣੇ ਬਕਾਏ ਵਾਪਸ ਕਰਨ ਵਿੱਚ ਅਸਫਲ ਰਹਿਣ ਕਾਰਨ, ਹੇਠਾਂ ਹਸਤਾਖਰ ਕਰਨ ਵਾਲੇ ਸੋਨੇ ਦੇ ਜੇਵਰ/ਗਹਿਣੇ/ਸਿੱਕੇ ਵੇਚ ਦੇਣਗੇ, ਜੋ ਉਨ੍ਹਾਂ ਦੁਆਰਾ ਜਨਤਕ ਨਿਲਾਮੀ ਦੁਆਰਾ ਆਪਣੇ ਕਰਜ਼ੇ ਸੁਰੱਖਿਅਤ ਕਰਨ ਲਈ ਯੂਕੋ ਬੈਂਕ ਕੋਲ ਗਿਰਵੀ ਰੱਖੇ ਗਏ ਹਨ। ਅਜਿਹੀ ਨਿਲਾਮੀ "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ ਆਧਾਰ" ਅਤੇ "ਬਿਨਾਂ ਸਹਾਰਾ ਆਧਾਰ" 'ਤੇ 05.08.2025 **ਨੂੰ ਸਵੇਰੇ 10:00 ਵਜੇ ਯੂਕੋ ਬੈਂਕ, ਗਊਸ਼ਾਲਾ ਰੋਡ, ਫਾਜ਼ਿਲਕਾ** ਵਿਖੇ ਹੋਵੇਗੀ। ਹੋਰ 'ਸੋਨੇ ਦੀ ਨਿਲਾਮੀ ਦੇ ਆਮ ਨਿਯਮ ਅਤੇ ਸ਼ਰਤਾਂ' ਜਿਨ੍ਹਾਂ ਦੇ ਅਧੀਨ ਬੈਂਕ ਦੁਆਰਾ ਨਿਲਾਮੀ ਕੀਤੀ ਜਾਵੇਗੀ, ਸਬੰਧਤ ਸ਼ਾਖਾ ਦੇ ਨੋਟਿਸ ਬੋਰਡ 'ਤੇ ਹੇਠਾਂ ਦਿੱਤੀ ਸਾਰਣੀ ਵਿੱਚ ਕਰਜ਼ਦਾਰ ਦੇ ਨਾਮ ਦੇ ਸਾਹਮਣੇ ਦਰਸਾਏ ਗਏ ਅਨੁਸਾਰ ਪ੍ਰਦਰਸ਼ਿਤ ਕੀਤੇ ਗਏ ਹਨ। ਅਜਿਹੇ 'ਸੋਨੇ ਦੀ ਨਿਲਾਮੀ ਦੇ ਆਮ ਨਿਯਮ ਅਤੇ ਸ਼ਰਤਾਂ' ਬੈਂਕ ਦੀ ਵੈੱਬਸਾਈਟ 'ਤੇ ਵੀ ਪ੍ਰਦਰਸ਼ਿਤ ਕੀਤੇ ਗਏ ਹਨ। ਬੋਲੀ ਵਾਧਾ ਰਕਮ ਜਮ੍ਹਾਂ ਕਰਨ ਵਾਲੇ ਵਿਅਕਤੀ ਨੂੰ ਇੱਥੇ ਸ਼ਾਮਲ ਸ਼ਰਤਾਂ ਦੇ ਨਾਲ-ਨਾਲ 'ਸੋਨੇ ਦੀ ਨਿਲਾਮੀ ਦੇ ਆਮ ਨਿਯਮ ਅਤੇ ਸ਼ਰਤਾਂ' ਨੂੰ ਪੜ੍ਹਿਆ, ਸਮਝਿਆ ਅਤੇ ਸਵੀਕਾਰ ਕੀਤਾ ਮੰਨਿਆ ਜਾਵੇਗਾ, ਜਿਵੇਂ ਕਿ ਉੱਪਰ ਦੱਸਿਆ ਗਿਆ ਹੈ ਅਤੇ ਉਸ 'ਤੇ ਦਸਤਖਤ ਕਰਨ ਦੀ ਲੋੜ ਹੈ। ਬੈਂਕ ਸਬੰਧਤ ਸ਼ਾਖਾ ਦੇ ਨੋਟਿਸ ਬੋਰਡ 'ਤੇ ਨੋਟਿਸ ਪ੍ਰਦਰਸ਼ਿਤ ਕਰਕੇ ਬਿਨਾਂ ਕਿਸੇ ਪੂਰਵ ਸੂਚਨਾ ਦੇ ਕਿਸੇ ਵੀ ਪੜਾਅ 'ਤੇ ਨਿਲਾਮੀ ਦੀ ਵਿਕਰੀ ਨੂੰ ਰੱਦ ਕਰਨ ਜਾਂ ਮੁਲਤਵੀ ਕਰਨ ਦਾ ਅਧਿਕਾਰ ਰੱਖਦਾ ਹੈ।

| ਸ਼ਾਖਾ ਦਾ ਨਾਮ | ਖਾਤਾ ਨੰਬਰ | ਰਾਖਵੀਂ ਕੀਮਤ / ਈਐਮਡੀ ਏਐਟੀ (ਰੁ.) | ਬੋਲੀ ਵਾਧਾ ਰਕਮ | ਬੋਲੀ ਵਾਧਾ ਰਕਮ ਜਮ੍ਹਾਂ ਕਰਨ ਲਈ ਆਖਰੀ ਮਿਤੀ | ਸ਼ਾਖਾ ਪ੍ਰਬੰਧਕ ਅਤੇ ਸੰਪਰਕ ਨੰਬਰ |
|---|---|---|---|---|---|
| ਫਾਜ਼ਿਲਕਾ / ਸ਼੍ਰੀ ਰਿੰਕੂ ਸਿੰਘ | 25530610015001 | 1,54,000/- / 38,500/- | 1000/- | 04/08/2025 | ਯਸ਼ਵਰਧਨ ਅਗਰਵਾਲ fazila@ucobank.co.in Mob. 91474-03167 |

ਸ਼ਾਖਾ ਪ੍ਰਬੰਧਕ



ਇੰਡੀਅਨ ਬੈਂਕ Indian Bank ਇਲਾਹਾਬਾਦ ALLAHABAD

## ਈ-ਨਿਲਾਮੀ ਵਿਕਰੀ ਸੂਚਨਾ

ਅਚੱਲ ਸੰਪੱਤੀ/ਆਂ ਦੇ ਲਈ [ਨਿਯਮ 8(6) ਦੀ ਵਿਵਸਥਾ ਦੇਖੋ]

**ਜ਼ੋਨਲ ਦਫ਼ਤਰ: ਐਸਸੀਓ 96, ਜ਼ਿਲ੍ਹਾ ਸ਼ਾਪਿੰਗ ਸੈਂਟਰ, ਚੌਥੀ ਮੰਜ਼ਿਲ, ਰਣਜੀਤ ਐਵਿਨਿਊ, ਅੰਮ੍ਰਿਤਸਰ-143001, ਫੋਨ : 0183-2830600 ਫੈਕਸ: 0183-2500108, ਈ-ਮੇਲ: zoamritsar@indianbank.co.in**

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 6 (2) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਬਾਰੇ ਈ-ਨਿਲਾਮੀ ਵਿਕਰੀ ਸੂਚਨਾ।

ਆਮ ਕਰਕੇ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪੱਤੀ, ਜਿਸ ਦਾ **ਭੌਤਿਕ ਕਬਜ਼ਾ ਇੰਡੀਅਨ ਬੈਂਕ** ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਦਰਸਾਏ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ ਸੁਰੱਖਿਅਤ ਕਰਜ਼ਦਾਤਾ ਵੱਲ ਬਕਾਇਆ ਰਕਮ ਦੀ ਵਸੂਲੀ ਦੇ ਲਈ ਨਿਮਨ ਦਰਸਾਈ ਮਿਤੀ ਨੂੰ **"ਜਿਵੇਂ ਹੈ, ਜਿਥੇ ਹੈ", "ਜਿਵੇਂ ਹੈ, ਜੋ ਹੈ" ਅਤੇ "ਜੋ ਵੀ ਉਥੇ ਹੈ ਆਧਾਰ"** 'ਤੇ ਕੀਤੀ ਜਾਵੇਗੀ। **ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਅਤੇ ਚੱਲ/ਅਚੱਲ ਸੰਪੱਤੀਆਂ** ਦੇ ਵੇਰਵੇ ਹੇਠਾਂ ਵੀ ਦਰਸਾਏ ਗਏ ਹਨ :-

| ਲੜੀ ਨੰ. | ਕਰਜ਼ਦਾਰ (ਾਂ)/ਗਿਰਵੀਕਾਰ (ਾਂ) ਅਤੇ ਜ਼ਾਮਨਾ (ਾਂ) ਦਾ ਨਾਮ | ਸੰਕੇਤਕ/ਭੌਤਿਕ ਕਬਜ਼ੇ ਦੀ ਕਿਸਮ ਵਾਲੀਆਂ ਅਚੱਲ ਸੰਪਤੀ/ਆਂ ਦੇ ਵੇਰਵੇ | ਬਕਾਇਆ ਰਕਮ | ਰਾਖਵੀਂ ਕੀਮਤ | ਬਿਆਨਾ ਰਕਮ ਰਾਸ਼ੀ | ਬੋਲੀ ਵਾਧਾ ਰਕਮ |
|---|---|---|---|---|---|---|
| 1. | ਕਰਜ਼ਦਾਰ:- (1) ਮੈਸਰਜ਼ ਸ਼੍ਰੀ ਸ਼ਿਆਮ ਟਰੇਡਰਜ਼ (ਪ੍ਰੋਪ ਰਮਨ ਕੁਮਾਰ), ਪੁਰਾਣੀ ਫਾਜ਼ਿਲਕਾ ਰੋਡ, ਗਲੀ ਨੰ. 0, ਜੋਹਰੀ ਮੰਦਰ ਨੇੜੇ, ਅਬੋਹਰ, ਜ਼ਿਲ੍ਹਾ ਫਾਜ਼ਿਲਕਾ, ਪੰਜਾਬ 152116 (2) ਸ਼੍ਰੀ ਰਮਨ ਕੁਮਾਰ ਪੁੱਤਰ ਪ੍ਰਕਾਸ਼ ਚੰਦ, ਮਕਾਨ ਨੰ. 2198, ਗਲੀ ਨੰ. 0, ਭਗਵਾਨਪੁਰਾ ਪੁਰਾਣਾ ਫ਼ਾਜ਼ਿਲਕਾ ਰੋਡ, ਅਬੋਹਰ, ਜ਼ਿਲ੍ਹਾ ਫ਼ਾਜ਼ਿਲਕਾ, ਪੰਜਾਬ-152116। ਜ਼ਾਮਨ:- ਸ਼੍ਰੀਮਤੀ ਪੁਸ਼ਪਾ ਦੇਵੀ ਸੁਪਤਨੀ ਪ੍ਰਕਾਸ਼ ਚੰਦ, ਵਾਸੀ ਮਕਾਨ ਨੰ. 2198, ਗਲੀ ਨੰ. 0, ਭਗਵਾਨਪੁਰਾ, ਪੁਰਾਣੀ ਫ਼ਾਜ਼ਿਲਕਾ ਰੋਡ, ਅਬੋਹਰ, ਜ਼ਿਲ੍ਹਾ ਫ਼ਾਜ਼ਿਲਕਾ-152116 | ਜਾਇਦਾਦ ਦਾ ਉਹ ਸਾਰਾ ਹਿੱਸਾ ਅਤੇ ਪਾਰਸਲ ਜਿਸਦੀ 3 ਮਰਲੇ ਦੀ ਜ਼ਮੀਨ ਕੁੱਲ 06 ਕਨਾਲ 08 ਮਰਲੇ ਦਾ 18/768 ਹਿੱਸਾ ਹੈ, ਜਿਸ ਵਿੱਚ ਖਸਰਾ ਨੰਬਰ 560/1/1(6-8) ਖੇਵਟ ਨੰਬਰ 299 ਅਤੇ ਖਤੌਨੀ ਨੰਬਰ 424 ਸ਼ਾਮਲ ਹਨ, ਸਾਲ 2010-11 ਦੀ ਜਮ੍ਹਾਂਬੰਦੀ ਦੇ ਅਨੁਸਾਰ, ਅਬੋਹਰ-1, ਤਹਿਸੀਲ ਅਬੋਹਰ ਦੀ ਮਾਲੀਆ ਜਾਇਦਾਦ ਵਿੱਚ ਸਥਿਤ ਹੈ, ਜਿਸਦੇ ਨਾਲ ਮਕਾਨ ਨੰਬਰ 2198, ਗਲੀ ਨੰਬਰ 0, ਭਗਵਾਨਪੁਰਾ, ਪੁਰਾਣਾ ਫਾਜ਼ਿਲਕਾ ਰੋਡ ਅਬੋਹਰ, ਜ਼ਿਲ੍ਹਾ ਫਾਜ਼ਿਲਕਾ (ਪੰਜਾਬ) -152116 'ਤੇ ਸਥਿਤ ਰਿਹਾਇਸ਼ੀ ਘਰ ਵੀ ਸ਼ਾਮਲ ਹੈ। ਇਸ ਤਰ੍ਹਾਂ ਘਿਰਿਆ ਹੋਇਆ ਹੈ:- ਉੱਤਰ: 40'-9" ਸੋਨੀਆ ਰਾਣੀ ਦੀ ਜਾਇਦਾਦ; ਦੱਖਣ: 40'-9" ਰਮੇਸ਼ ਬਜਾਜ ਦੀ ਜਾਇਦਾਦ; ਪੂਰਬ: 23'-4.5" ਗਲੀ; ਪੱਛਮ: 24'-6" ਕੁਟੀਆ.. **ਕਬਜ਼ੇ ਦੀ ਕਿਸਮ: ਭੌਤਿਕ। ਪ੍ਰਾਪਰਟੀ ਆਈਡੀ: IDIB00**6716941056 | ਰੁ. 22,42,006/- 16.07.2025 ਦੇ ਅਨੁਸਾਰ 17.07.2025 ਤੋਂ ਅਗਲੇਰੇ ਵਿਆਜ, ਲਾਗਤਾਂ, ਹੋਰ ਫੀਸਾਂ ਅਤੇ ਖਰਚਿਆਂ ਸਮੇਤ। | Rs. 20,56,000/- | Rs. 2,05,600/- | Rs. 10,000/- |

**ਇਹ ਪ੍ਰਕਾਸ਼ਨ ਉਕਤ ਕਰਜ਼ਦਾਰਾਂ, ਗਿਰਵੀਕਾਰਾਂ ਅਤੇ ਜ਼ਾਮਨਾਂ ਦੇ ਲਈ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਦੇ ਨਿਯਮ 6(2) ਅਤੇ 9 (1) ਅਧੀਨ 30 ਰੋਜ਼ਾ ਸੂਚਨਾ ਵੀ ਹੈ**

ਹੋਰ ਵੇਰਵੇ, ਨਿਯਮਾਂ ਅਤੇ ਸ਼ਰਤਾਂ ਲਈ ਸੰਪਤੀ ਲਈ ਸੰਪਰਕ ਕਰੋ :- ਸ਼੍ਰੀ ਰੱਤੀ ਕਾਂਤਾ ਮੰਡਲ ਮੋ. : 62947-75735, ਈਮੇਲ : zoamritsar@indianbank.co.in

ਬੱਸ ਸਟੈਂਡ ਅਬੋਹਰ ਸ਼ਾਖਾ | ਸੰਪਰਕ ਵਿਅਕਤੀ : ਸ਼੍ਰੀ ਮੁਕੇਸ਼ ਕੁਮਾਰ ਮਲਹੋਤਰਾ | M. 98764-57064 | E-mail: abohar@indianbank.co.in

**ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ 11.08.2025 ਤੋਂ 18.08.2025, ਸਵੇਰੇ 10.00 ਵਜੇ ਤੋਂ ਸ਼ਾਮ 04.00 ਵਜੇ ਦੇ ਵਿਚਾਲੇ**

**ਈ-ਨਿਲਾਮੀ ਦੀ ਮਿਤੀ ਅਤੇ ਸਮਾਂ 20.08.2025 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 05.00 ਵਜੇ ਤੱਕ (10 ਮਿੰਟ ਦੀ ਹਰੇਕ ਮਿਆਦ ਦੇ ਅਸੀਮਿਤ ਵਾਧੇ ਸਮੇਤ)**

ਬੋਲੀਆਂ ਲਗਾਉਣ ਵਾਲਿਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਔਨਲਾਈਨ ਬੋਲੀ ਵਿੱਚ ਹਿੱਸਾ ਲੈਣ ਲਈ ਸਾਡੇ ਈ-ਨਿਲਾਮੀ ਸੇਵਾ ਪ੍ਰਦਾਤਾ PSB ਅਲਾਇੰਸ ਪ੍ਰਾਈਵੇਟ ਲਿਮਟਿਡ ਦੀ ਵੈੱਬਸਾਈਟ (https://baanknet.com) 'ਤੇ ਜਾਣ। ਤਕਨੀਕੀ ਸਹਾਇਤਾ ਲਈ ਕਿਰਪਾ ਕਰਕੇ 8291220220 'ਤੇ ਕਾਲ ਕਰੋ। ਰਜਿਸਟਰੇਸ਼ਨ ਸਥਿਤੀ ਅਤੇ EMD ਸਥਿਤੀ ਲਈ ਕਿਰਪਾ ਕਰਕੇ support.baanknet@psballiance.com 'ਤੇ ਈਮੇਲ ਕਰੋ। ਪ੍ਰਾਪਰਟੀ ਦੇ ਵੇਰਵਿਆਂ ਅਤੇ ਫੋਟੋ ਅਤੇ ਨਿਲਾਮੀ ਦੇ ਨਿਯਮਾਂ ਅਤੇ ਸ਼ਰਤਾਂ ਲਈ ਕਿਰਪਾ ਕਰਕੇ https://baanknet.com 'ਤੇ ਜਾਓ ਅਤੇ ਇਸ ਪੋਰਟਲ ਨਾਲ ਸਬੰਧਤ ਸਪਸ਼ਟੀਕਰਨ ਲਈ, ਕਿਰਪਾ ਕਰਕੇ PSB ਅਲਾਇੰਸ ਪ੍ਰਾਈਵੇਟ ਲਿਮਟਿਡ, ਸੰਪਰਕ ਨੰਬਰ 8291220220 'ਤੇ ਸੰਪਰਕ ਕਰੋ। ਬੋਲੀ ਲਗਾਉਣ ਵਾਲਿਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ https://baanknet.com ਨਾਲ ਵੈੱਬਸਾਈਟ ਵਿੱਚ ਪ੍ਰਾਪਰਟੀ ਦੀ ਖੋਜ ਕਰਦੇ ਸਮੇਂ ਉੱਪਰ ਦੱਸੇ ਗਏ ਪ੍ਰਾਪਰਟੀ ਆਈਡੀ ਨੰਬਰ ਦੀ ਵਰਤੋਂ ਕਰਨ।

ਮਿਤੀ: 17.07.2025 | ਸਥਾਨ: ਅੰਮ੍ਰਿਤਸਰ | ਅਧਿਕਾਰਤ ਅਧਿਕਾਰੀ

ਰੋਜ਼ਾਨਾ ਚੜ੍ਹਦੀਕਲਾ

## ਸਿਹਤ ਖ਼ਬਰਨਾਮਾ

# ਪਪੀਤੇ ਦਾ ਜੂਸ ਪੀਣ ਨਾਲ ਸਿਹਤ ਨੂੰ ਮਿਲੇਗਾ ਫਾਇਦਾ ਤੇ ਸਕਿਨ ਹੋਵੇਗੀ ਚਮਕਦਾਰ

ਹਰ ਦਿਨ ਦੀ ਇਕ ਚੰਗੀ ਸ਼ੁਰੂਆਤ ਤੁਹਾਡੀ ਪੂਰੀ ਸਿਹਤ 'ਤੇ ਅਸਰ ਪਾ ਸਕਦੀ ਹੈ ਤੇ ਜਦੋਂ ਗੱਲ ਹੋਵੇ ਸਵੇਰ ਦੀਆਂ ਹੈਲਦੀ ਆਦਤਾਂ ਦੀ



ਤਾਂ ਨੈਚੁਰਲ ਜੂਸ ਦਾ ਨਾਂ ਸਭ ਤੋਂ ਪਹਿਲਾਂ ਆਉਂਦਾ ਹੈ ਪਰ ਕੀ ਤੁਸੀਂ ਕਦੇ ਪਪੀਤੇ ਦੇ ਜੂਸ ਨੂੰ ਆਪਣੀ ਮਾਰਨਿੰਗ ਰੁਟੀਨ ਦਾ ਹਿੱਸਾ ਬਣਾਇਆ ਹੈ ? ਜੇਕਰ ਨਹੀਂ ਤਾਂ ਹੁਣ ਅਜਿਹਾ ਕਰਨ ਦਾ ਸਮਾਂ ਹੈ। ਮਾਹਿਰਾਂ ਮੁਤਾਬਕ ਸਵੇਰੇ-ਸਵੇਰੇ ਪਪੀਤੇ ਦਾ ਜੂਸ ਪੀਣਾ ਨਾ ਸਿਰਫ ਤੁਹਾਡੀ ਸਿਹਤ ਨੂੰ ਫਾਇਦਾ ਪਹੁੰਚਾਉਂਦਾ ਸਗੋਂ ਤੁਹਾਡੀ ਸਕਿਨ ਨੂੰ ਵੀ ਅੰਦਰ ਤੋਂ ਗਲੋਇੰਗ ਕਰਦਾ ਹੈ।

**ਕਬਜ਼ ਨੂੰ ਕਰੇ ਦੂਰ:** ਪਪੀਤੇ ਵਿਚ ਮੌਜੂਦਾ ਏਂਜ਼ਾਇਮ ਪੇਪੇਨ ਤੇ ਫਾਈਬਰ ਪਾਚਣ ਤੰਤਰ ਨੂੰ ਮਜ਼ਬੂਤ ਬਣਾਉਂਦੇ ਹਨ। ਸਵੇਰੇ ਖਾਲੀ ਪੇਟ ਇਸ ਦਾ ਜੂਸ ਪੀਣ ਨਾਲ ਕਬਜ਼ ਵਰਗੀਆਂ ਸਮੱਸਿਆਵਾਂ ਤੋਂ ਰਾਹਤ ਮਿਲਦੀ ਹੈ।

**ਸਕਿਨ ਨੂੰ ਦਿਓ ਨੈਚੁਰਲ ਗਲੋਅ:** ਪਪੀਤਾ ਐਂਟੀ ਆਕਸੀਡੈਂਟਸ, ਵਿਟਾਮਿਨ-ਸੀ ਤੇ ਵਿਟਾਮਿਨ-ਏ ਨਾਲ ਭਰਪੂਰ ਹੁੰਦਾ ਹੈ ਜੋ ਸਕਿਨ ਦੀ ਡੂੰਘਾਈ ਨਾਲ ਸਫਾਈ ਕਰਦਾ ਹੈ ਤੇ ਉਸ ਨੂੰ ਨੈਚੁਰਲ ਗਲੋਅ ਕਰਦਾ ਹੈ। ਡੇਲੀ ਸੇਵਨ ਨਾਲ ਡਾਰਕ ਸਪੋਰਟਸ ਤੇ ਪਿੰਪਲਸ ਵੀ ਘੱਟ ਹੋ ਸਕਦੇ ਹਨ।

**ਇਮਊਨਿਟੀ ਨੂੰ ਬਣਾਏ ਮਜਬੂਤ:** ਪਪੀਤੇ ਵਿਚ ਵਿਟਾਮਿਨ-ਸੀ ਦੀ ਚੰਗੀ ਮਾਤਰਾ ਹੁੰਦੀ ਹੈ ਜੋ ਸਰੀਰ ਦੀ ਰੋਗ ਪ੍ਰਤੀਰੋਧਕ ਸਮਰੱਥਾ ਨੂੰ ਵਧਾਉਂਦਾ ਹੈ। ਬਦਲਦੇ ਮੌਸਮ ਵਿਚ ਬੀਮਾਰ ਪੈਣ ਦਾ ਖਤਰਾ ਵੀ ਘੱਟ ਹੁੰਦਾ ਹੈ।

**ਵਜਨ ਘਟਾਉਣ ਵਿਚ ਮਦਦਗਾਰ:** ਪਪੀਤੇ ਦਾ ਜੂਸ ਲੋਅ ਕੈਲੋਰੀ ਪਰ ਹਾਈ ਨਿਊਟ੍ਰੀਐਂਟਸ ਨਾਲ ਭਰਪੂਰ ਹੁੰਦਾ ਹੈ ਜਿਸ ਨਾਲ ਪੇਟ ਲੰਬੇ ਸਮੇਂ ਤੱਕ ਭਰਿਆ ਮਹਿਸੂਸ ਹੁੰਦਾ ਹੈ ਤੇ ਓਵਰਈਟਿੰਗ ਤੋਂ ਬਚਾਉਂਦਾ ਹੈ।

**ਡਿਟਾਕਸ ਕਰਦਾ ਹੈ ਸਰੀਰ:** ਸਵੇਰੇ ਪਪੀਤੇ ਦਾ ਜੂਸ ਪੀਣ ਨਾਲ ਸਰੀਰ ਦੇ ਟਾਕਸਿਨਸ ਬਾਹਰ ਨਿਕਲਦੇ ਹਨ ਜਿਸ ਨਾਲ ਕਿਡਨੀ ਤੇ ਲੀਵਰ ਵੀ ਹੈਲਦੀ ਰਹਿੰਦੇ ਹਨ।

ਜੇਕਰ ਤੁਸੀਂ ਦਿਨ ਦੀ ਸ਼ੁਰੂਆਤ ਹੈਲਦੀ, ਐਨਰਜੈਟਿਕ ਤੇ ਨੈਚੁਰਲ ਤਰੀਕੇ ਨਾਲ ਕਰਨਾ ਚਾਹੁੰਦੇ ਹੋ ਤਾਂ ਪਪੀਤੇ ਦੇ ਜੂਸ ਨੂੰ ਆਪਣੀ ਮਾਰਨਿੰਗ ਆਦਤ ਵਿਚ ਜ਼ਰੂਰ ਸ਼ਾਮਲ ਕਰੋ। ਇਹ ਛੋਟਾ ਜਿਹਾ ਕਦਮ ਤੁਹਾਡੀ ਸਕਿਨ, ਪਾਚਣ ਤੇ ਇਮਿਊਨਿਟੀ ਨੂੰ ਬਹੁਤ ਫਾਇਦਾ ਦੇ ਸਕਦਾ ਹੈ।

# ਰੂਟ ਮੁੜ ਬਣਿਆ ਦੁਨੀਆ ਦਾ ਨੰਬਰ ਇੱਕ ਟੈਸਟ ਬੱਲੇਬਾਜ਼

ਦੁਬਈ, 17 ਜੁਲਾਈ (ਚ.ਨ.ਸ.) : ਇੰਗਲੈਂਡ ਦੇ ਸਟਾਰ ਬੱਲੇਬਾਜ਼ ਜੋਅ ਰੂਟ ਨੇ ਇਕ ਹਫ਼ਤੇ ਦੇ ਅੰਦਰ ਮੁੜ ਤੋਂ ਕੌਮਾਂਤਰੀ ਕ੍ਰਿਕਟ ਕੌਂਸਲ (ਆਈਸੀਸੀ) ਦੀ ਪੁਰਸ਼ ਟੈਸਟ ਬੱਲੇਬਾਜ਼ੀ ਰੈਂਕਿੰਗ ਵਿੱਚ ਚੋਟੀ ਦਾ ਸਥਾਨ ਹਾਸਲ ਕਰ ਲਿਆ ਹੈ ਜਦਕਿ ਭਾਰਤ ਦਾ ਆਲਰਾਊਂਡਰ ਰਵਿੰਦਰ ਜਡੇਜਾ ਅੱਜ ਜਾਰੀ ਨਵੀਂ ਸੂਚੀ ਵਿੱਚ 34ਵੇਂ ਸਥਾਨ 'ਤੇ ਪਹੁੰਚ ਗਿਆ ਹੈ।ਲਾਰਡਜ਼ ਵਿੱਚ ਭਾਰਤ ਖ਼ਿਲਾਫ਼ ਪੰਜ ਮੈਚਾਂ ਦੀ ਲੜੀ ਦੇ ਤੀਜੇ ਟੈਸਟ ਵਿੱਚ ਰੂਟ ਨੇ 104 ਅਤੇ 40 ਦੌੜਾਂ ਬਣਾਈਆਂ ਸਨ, ਜਿਸ ਨੂੰ ਇੰਗਲੈਂਡ ਨੇ 22 ਦੌੜਾਂ ਨਾਲ ਜਿੱਤਿਆ। ਭਾਰਤੀ ਬੱਲੇਬਾਜ਼ਾਂ ਵਿੱਚ ਸਲਾਮੀ ਬੱਲੇਬਾਜ਼ ਯਸ਼ਸਵੀ ਜੈਸਵਾਲ ਅਤੇ ਉਪ ਕਪਤਾਨ ਰਿਸ਼ਭ ਪੰਤ ਕ੍ਰਮਵਾਰ ਪੰਜਵੇਂ ਤੇ ਅੱਠਵੇਂ ਜਦਕਿ ਕਪਤਾਨ ਸ਼ੁਭਮਨ ਗਿੱਲ ਨੌਵੇਂ ਸਥਾਨ 'ਤੇ ਹੈ।ਭਾਰਤੀ ਤੇਜ਼ ਗੇਂਦਬਾਜ਼ ਜਸਪ੍ਰੀਤ ਬੁਮਰਾਹ ਨੇ ਟੈਸਟ ਗੇਂਦਬਾਜ਼ੀ ਰੈਂਕਿੰਗ ਵਿੱਚ ਆਪਣਾ ਦਬਦਬਾ ਬਣਾਇਆ ਹੋਇਆ ਹੈ ਅਤੇ ਦੱਖਣੀ ਅਫ਼ਰੀਕਾ ਦੇ ਕਾਗਿਸੋ ਰਬਾਡਾ 'ਤੇ 50 ਅੰਕਾਂ ਦੀ ਬੜ੍ਹਤ ਨਾਲ ਸਿਖ਼ਰਲੇ ਸਥਾਨ 'ਤੇ ਬਰਕਰਾਰ ਹੈ। ਆਸਟਰੇਲੀਆ ਦਾ ਤੇਜ਼ ਗੇਂਦਬਾਜ਼ ਸਕੌਟ ਬੋਲੈਂਡ ਛੇ ਸਥਾਨ ਦੀ ਛਾਲ ਮਾਰ ਕੇ ਆਪਣੇ ਕਰੀਅਰ ਦੇ ਸਭ ਤੋਂ ਵਧੀਆ ਛੇਵੇਂ ਸਥਾਨ 'ਤੇ ਪਹੁੰਚ ਗਿਆ ਹੈ। ਭਾਰਤੀ ਆਲਰਾਊਂਡਰ ਵਾਸ਼ਿੰਗਟਨ ਸੁੰਦਰ ਗੇਂਦਬਾਜ਼ਾਂ ਦੀ ਸੂਚੀ 'ਚ 58ਵੇਂ ਤੋਂ 46ਵੇਂ ਸਥਾਨ 'ਤੇ ਪਹੁੰਚ ਗਿਆ ਹੈ।



# ਡਰੋਨ ਨਾਲ ਹੋਵੇਗੀ ਬਲੱਡ ਡਿਲੀਵਰੀ ! ਭਾਰਤ 'ਚ ਪ੍ਰੀਖਣ ਨਾਲ ਜਾਗੀਆਂ ਉਮੀਦਾਂ...

ਨਵੀਂ ਦਿੱਲੀ, 17 ਜੁਲਾਈ (ਚ.ਨ.ਸ.) : ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ ਨੇ ਰਾਸ਼ਟਰੀ ਰਾਜਧਾਨੀ ਖੇਤਰ ਵਿੱਚ ਡਾਕਟਰੀ ਸੇਵਾਵਾਂ ਦੇ ਖੇਤਰ ਵਿੱਚ ਡਰੋਨ ਦੀ ਲਾਭਦਾਇਕ ਵਰਤੋਂ ਦੇ ਉਦੇਸ਼ ਨਾਲ ਇੱਕ ਪ੍ਰਯੋਗ ਕੀਤਾ। ਇਸ ਪ੍ਰਯੋਗ ਦੇ ਤਹਿਤ, ਬੀਤੇ ਦਿਨੀ ਨੂੰ ਖੂਨ ਨਾਲ ਭਰੇ ਇੱਕ ਬੈਗ ਨੇ ਦਿੱਲੀ ਦੇ ਟ੍ਰੈਫਿਕ ਜਾਮ ਨੂੰ ਮਾਤ ਦੇ ਕੇ ਅਤੇ 15 ਮਿੰਟਾਂ ਵਿੱਚ 35 ਕਿਲੋਮੀਟਰ ਦੀ ਦੂਰੀ ਤੈਅ ਕਰਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਹੁਣ ਆਈਸੀਐੱਮਆਰ ਨੇ ਐਮਰਜੈਂਸੀ ਮੈਡੀਕਲ ਸੇਵਾ ਬਾਰੇ ਇੱਕ ਰਿਪੋਰਟ ਜਾਰੀ ਕੀਤੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਡਰੋਨ ਐਮਰਜੈਂਸੀ ਮੈਡੀਕਲ ਸੇਵਾਵਾਂ ਪ੍ਰਦਾਨ ਕਰਨ ਵਿੱਚ ਇੱਕ ਕ੍ਰਾਂਤੀ ਲਿਆ ਸਕਦੇ ਹਨ। ਡਰੋਨ ਘੱਟ ਸਮੇਂ ਵਿੱਚ ਬਿਹਤਰ ਸੇਵਾ ਪ੍ਰਦਾਨ ਕਰਨ ਦੇ ਮਾਮਲੇ ਵਿੱਚ ਐਂਬੂਲੈਂਸਾਂ ਨੂੰ ਪਛਾੜ ਚੁੱਕੇ ਹਨ ਪਰ ਅਸਲ ਪ੍ਰੀਖਿਆ ਇਹ ਹੈ ਕਿ ਕੀ ਵਿਗਿਆਨ, ਪ੍ਰਬੰਧਨ



ਅਤੇ ਬੁਨਿਆਦੀ ਢਾਂਚਾ ਇਕੱਠੇ ਸੰਭਾਵੀ ਚੁਣੌਤੀਆਂ ਨੂੰ ਹੱਲ ਕਰਨ ਦੇ ਯੋਗ ਹੋਣਗੇ।ਆਈਸੀਐੱਮਆਰ ਨੇ ਖੂਨ ਵੰਡ ਲਈ ਡਰੋਨ ਤਕਨਾਲੋਜੀ ਨੂੰ ਅਪਣਾਉਣਾ ਵਿਸ਼ੇ 'ਤੇ ਰਿਪੋਰਟ ਜਾਰੀ ਕੀਤੀ ਹੈ ਕਿ ਡਰੋਨ ਜੀਵਨ-ਰੱਖਿਅਕ ਖੂਨ ਅਤੇ ਇਸਦੇ ਹਿੱਸਿਆਂ ਨੂੰ ਲਿਜਾਣ ਲਈ ਇੱਕ ਇਨਕਲਾਬੀ ਵਿਕਲਪ ਸਾਬਤ ਹੋ ਸਕਦੇ ਹਨ। ਰਿਪੋਰਟ ਦੇ ਅਨੁਸਾਰ, ਡਰੋਨ ਐਮਰਜੈਂਸੀ ਡਾਕਟਰੀ ਸੇਵਾਵਾਂ ਦੌਰਾਨ ਸੁਰੱਖਿਅਤ ਅਤੇ ਕੁਸ਼ਲਤਾ ਨਾਲ ਪਹਿਲੇ-ਜਵਾਬ ਵਾਹਨ ਵਜੋਂ ਕੰਮ ਕਰ ਸਕਦੇ ਹਨ।ਇਹ ਅਧਿਐਨ ਡਰੋਨਾਂ ਦੁਆਰਾ ਅੱਖਾਂ ਦੇ ਟਿਸ਼ੂ ਡਿਲੀਵਰੀ ਦੇ ਸਮੇਂ ਨੂੰ ਲਗਭਗ 70% ਘਟਾਉਣ ਤੋਂ ਕੁਝ ਮਹੀਨੇ ਬਾਅਦ ਆਇਆ ਹੈ। ਇੱਕ ਡਰੋਨ ਨੇ ਸੋਨੀਪਤ ਤੋਂ ਝੱਜਰ ਤੱਕ ਦੀ 38 ਕਿਲੋਮੀਟਰ ਦੀ ਦੂਰੀ ਸਿਰਫ 40 ਮਿੰਟਾਂ ਵਿੱਚ ਪੂਰੀ ਕੀਤੀ। ਸੜਕੀ ਯਾਤਰਾ ਵਿੱਚ ਦੋ ਘੰਟੇ ਤੋਂ ਵੱਧ ਸਮਾਂ ਲੱਗਦਾ ਹੈ।

**ਦਿੱਲੀ 'ਚ ਹੋ ਰਿਹਾ ਡਰੋਨ ਦਾ ਇਸਤੇਮਾਲ :** ਆਈਸੀਐਸਆਰ ਦੇ ਵਿਗਿਆਨੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਚੁਣੌਤੀਆਂ ਦਾ ਮੁਲਾਂਕਣ ਕਰਨ ਅਤੇ ਡਰੋਨਾਂ ਦੀ ਵਰਤੋਂ ਕਰਕੇ ਲਿਜਾਏ ਜਾਣ ਵਾਲੇ ਖੂਨ ਦੀ ਗੁਣਵੱਤਾ ਦਾ ਮੁਲਾਂਕਣ ਕਰਨ ਲਈ ਹੋਰ ਵਿਗਿਆਨਕ ਸਬੂਤਾਂ ਦੀ ਲੋੜ ਹੈ।

# ਜਾਨ ਅਰਬਨ ਪੋਲੈਂਡ ਦੀ ਕੌਮੀ ਫੁੱਟਬਾਲ ਟੀਮ ਦੇ ਕੋਚ ਨਿਯੁਕਤ

ਵਾਰਸਾ, 17 ਜੁਲਾਈ (ਚ.ਨ.ਸ.) : ਪੋਲਿਸ਼ ਫੁੱਟਬਾਲ ਐਸੋਸੀਏਸ਼ਨ (ਪੀ.ਜ਼ੈੱਡ.ਪੀ.ਐਨ.) ਨੇ ਜਾਨ ਅਰਬਨ ਨੂੰ ਪੁਰਸ਼ ਫੁੱਟਬਾਲ ਟੀਮ ਦਾ ਨਵਾਂ ਕੋਚ ਨਿਯੁਕਤ ਕੀਤਾ ਹੈ। 63 ਸਾਲਾ ਅਰਬਨ ਨੇ ਮਿਸ਼ਲ ਪ੍ਰੋਬੀਅਰਜ਼ ਦੀ ਜਗ੍ਹਾ ਲਈ ਹੈ, ਜਿਨ੍ਹਾਂ ਨੇ ਫੀਫਾ ਵਿਸ਼ਵ ਕੱਪ ਕੁਆਲੀਫਾਇਰ ਵਿੱਚ ਫਿਨਲੈਂਡ ਤੋਂ ਹੇਲਸਿੰਕੀ ਵਿੱਚ 2-1 ਨਾਲ ਹਾਰਨ ਤੋਂ ਬਾਅਦ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਪੀ.ਜ਼ੈੱਡ.ਪੀ.ਐਨ. ਦੀ ਅਧਿਕਾਰਤ ਵੈੱਬਸਾਈਟ 'ਤੇ ਅਰਬਨ ਦੇ ਹਵਾਲੇ ਨਾਲ ਕਿਹਾ ਗਿਆ ਹੈ, ਮੈਂ ਬਹੁਤ ਖੁਸ਼ ਹਾਂ ਕਿ ਮੈਨੂੰ ਰਾਸ਼ਟਰੀ ਟੀਮ ਵਿੱਚ ਕੰਮ ਕਰਨ ਦਾ ਮੌਕਾ ਮਿਲਿਆ ਹੈ। ਹਰੇਕ ਕੋਚ ਦੀ ਆਪਣੀ ਸ਼ੈਲੀ ਅਤੇ ਵਿਚਾਰ ਹੁੰਦੇ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਟੀਮ ਦੀ ਸਮਰੱਥਾ ਦਾ ਵੱਧ ਤੋਂ ਵੱਧ ਉਪਯੋਗ ਕੀਤਾ ਜਾਵੇ। ਪੀ.ਜ਼ੈੱਡ.ਪੀ.ਐਨ. ਦੇ ਪ੍ਰਧਾਨ ਸੇਜ਼ਾਰੀ ਕੁਲੇਸਜ਼ਾ ਨੇ ਕਿਹਾ, ਸਾਡਾ ਟੀਚਾ 2026 ਫੀਫਾ ਵਿਸ਼ਵ ਕੱਪ ਲਈ ਕੁਆਲੀਫਾਈ ਕਰਨਾ ਹੈ। ਮੈਂ ਕੋਚ ਦੀ ਸਫਲਤਾ ਦੀ ਕਾਮਨਾ ਕਰਦਾ ਹਾਂ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਉਨ੍ਹਾਂ ਨੂੰ ਸਾਡਾ ਪੂਰਾ ਸਮਰਥਨ ਮਿਲੇਗਾ।



## ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਅਵਤਾਰ ਪੁਰਬ ਸੰਬਧੀ ਪ੍ਰੋਗਰਾਮ ਅੱਜ ਤੋਂ

ਨਵੀਂ ਦਿੱਲੀ, 17 ਜੁਲਾਈ (ਚ.ਨ.ਸ.): ਅੱਠਵੇਂ ਪਾਤਸ਼ਾਹ ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਪੁਰਬ 18 ਜੁਲਾਈ ਅਤੇ 19 ਜੁਲਾਈ ਨੂੰ ਗੁਰਦੁਆਰਾ ਬੰਗਲਾ ਸਾਹਿਬ, ਗੁ. ਸੀਸ ਗੰਜ ਸਾਹਿਬ, ਗੁ. ਰਕਾਬ ਗੰਜ ਸਾਹਿਬ, ਗੁ.ਨਾਨਕ ਪਿਆਉ ਸਾਹਿਬ, ਗੁ. ਬਾਲਾ ਸਾਹਿਬ, ਗੁ. ਮੋਤੀ ਬਾਗ ਸਾਹਿਬ ਵਿਖੇ ਸ਼ਾਮ ਦੇ ਪ੍ਰੋਗਰਾਮ ਕੀਤੇ ਜਾਣਗੇ। ਇਸ ਮੌਕੇ 18 ਜੁਲਾਈ ਨੂੰ ਸਿੱਖ ਪੰਥ ਦੇ ਉਚ ਕੋਟੀ ਦੇ ਰਾਗੀ ਜਥੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। 18, ਜੁਲਾਈ ਨੂੰ ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ਪ੍ਰਭਾਤ ਫੇਰੀ ਨਹੀਂ ਨਿਕਲੇਗੀ। ਸ਼ਨੀਵਾਰ 19 ਜੁਲਾਈ ਨੂੰ ਸਵੇਰੇ 11.00 ਵਜੇ ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਲੱਖੀ ਸ਼ਾਹ ਵਣਜਾਰਾ ਹਾਲ ਵਿਚ ਅੰਮ੍ਰਿਤ ਵੇਲੇ ਤੋਂ ਲੈ ਕੇ ਸੁਖਮਨੀ ਸਾਹਿਬ ਦਾ ਪਾਠ ਅਤੇ ਦਰ ਰਾਤ ਕੀਰਤਨ ਕੀਤਾ ਜਾਵੇਗਾ। 18 ਜੁਲਾਈ ਨੂੰ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਹੋਣ ਵਾਲੇ ਇਸ ਸਮਾਗਮ ਦਾ ਸ਼ਾਮ ਨੂੰ ਪ੍ਰਸਾਰਣ ਚੜ੍ਹਦੀਕਲਾ ਟਾਈਮ ਟੀ.ਵੀ. ਚੈਨਲ ਅਤੇ ਗੁਰਬਾਣੀ ਚੈਨਲ 'ਤੇ ਕੀਤਾ ਜਾਵੇਗਾ। ਇਸ ਮੌਕੇ ਗੁਰੂ ਕਾ ਲੰਗਰ ਅਤੁਟ ਵਰਤੇਗਾ।

# ਪੰਜਾਬ ਨੈਸ਼ਨਲ ਬੈਂਕ ਵੱਲੋਂ ਮੈਗਾ ਰਿਟੇਲ ਆਊਟਰੀਚ ਪ੍ਰੋਗਰਾਮ

ਚੰਡੀਗੜ੍ਹ, 17 ਜੁਲਾਈ (ਅੰਮ੍ਰਿਤਪਾਲ ਸਿੰਘ) : ਚੰਡੀਗੜ੍ਹ ਸਰਕਲ ਵੱਲੋਂ ਸੀਆਈਆਈ ਚੰਡੀਗੜ੍ਹ ਵਿਖੇ ਇੱਕ ਰਿਟੇਲ ਪਬਲਿਕ ਰਿਲੇਸ਼ਨ ਪ੍ਰੋਗਰਾਮ ਆਯੋਜਿਤ ਕੀਤਾ ਗਿਆ, ਜਿਸਦੀ ਪ੍ਰਧਾਨਗੀ ਮੁੱਖ ਦਫਤਰ ਤੋਂ ਜਨਰਲ ਮੈਨੇਜਰ ਸ੍ਰੀ ਐਨਵੀਐਸਪੀ ਰੈਡੀ ਨੇ ਕੀਤੀ ਅਤੇ ਇਸ ਮੌਕੇ, ਸ੍ਰੀ ਸੁਮਿਤ ਸਿਹਾਗ, ਸੰਯੁਕਤ ਕਮਿਸ਼ਨਰ ਐਮਸੀ ਚੰਡੀਗੜ੍ਹ ਦੇ ਨਾਲ-ਨਾਲ ਜ਼ੋਨਲ ਮੈਨੇਜਰ ਸ੍ਰੀ ਲਲਿਤ ਤਨੇਜਾ ਅਤੇ ਡਿਵੀਜ਼ਨਲ ਹੈੱਡ ਸ੍ਰੀ ਸੰਜੀਵ ਸਿੰਘ ਵਿਸ਼ੇਸ਼ ਤੌਰ ਤੇ ਮੁੱਖ ਮਹਿਮਾਨ ਵਜੋਂ ਮੌਜੂਦ ਸਨ। ਪ੍ਰੋਗਰਾਮ ਵਿੱਚ 125 ਤੋਂ ਵੱਧ ਗਾਹਕ ਮੌਜੂਦ ਸਨ। ਗਾਹਕਾਂ ਨੂੰ ਸੰਬੋਧਨ ਕਰਦੇ ਹੋਏ, ਜਨਰਲ ਮੈਨੇਜਰ ਸ੍ਰੀ ਐਨਵੀਐਸਪੀ ਰੈਡੀ ਨੇ ਕਿਹਾ ਕਿ ਬੈਂਕ ਅੱਜ ਦੇ ਆਊਟਰੀਚ ਪ੍ਰੋਗਰਾਮ ਰਾਹੀਂ ਵੱਧ ਤੋਂ ਵੱਧ ਗਾਹਕਾਂ ਤੱਕ ਪਹੁੰਚਣਾ ਚਾਹੁੰਦਾ ਹੈ ਤਾਂ ਜੋ ਬੈਂਕ ਦੀਆਂ ਲਾਭਦਾਇਕ ਯੋਜਨਾਵਾਂ ਤੁਰੰਤ ਤੱਕ ਪਹੁੰਚਾਈਆਂ ਜਾ ਸਕਣ ਅਤੇ ਹਰ ਗਾਹਕ ਇਨ੍ਹਾਂ ਯੋਜਨਾਵਾਂ ਦਾ ਲਾਭ ਲੈ ਕੇ ਘਰ ਅਤੇ ਕਾਰ ਦੇ ਸੁਪਨੇ ਨੂੰ ਪੂਰਾ ਕਰ ਸਕੇ ਅਤੇ ਨਾਲ ਹੀ ਸਿੱਖਿਆ ਅਤੇ ਨਿੱਜੀ ਕਰਜ਼ੇ ਦੀ ਜ਼ਰੂਰਤ ਨੂੰ ਪੂਰਾ ਕਰ ਸਕੇ। ਮੁੱਖ ਮਹਿਮਾਨ ਸ੍ਰੀ ਸੁਮਿਤ ਸਿਹਾਗ, ਸੰਯੁਕਤ ਕਮਿਸ਼ਨਰ ਐਮਸੀ ਚੰਡੀਗੜ੍ਹ ਨੇ ਪੀਐਨਬੀ ਵੱਲੋਂ ਗਾਹਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਭਵਿੱਖ ਵਿੱਚ ਆਮ ਲੋਕਾਂ ਦੇ ਲਾਭ ਲਈ ਨਵੀਆਂ ਯੋਜਨਾਵਾਂ ਦੀ ਕਾਮਨਾ ਕੀਤੀ। ਚੰਡੀਗੜ੍ਹ ਜ਼ੋਨਲ ਮੈਨੇਜਰ ਸ੍ਰੀ ਲਲਿਤ ਤਨੇਜਾ ਨੇ ਗਾਹਕਾਂ ਨੂੰ ਸਭ ਤੋਂ ਵਧੀਆ ਬੈਂਕਿੰਗ ਸੇਵਾਵਾਂ ਦਾ ਭਰੋਸਾ ਦਿੱਤਾ। ਇਸ ਰਿਟੇਲ ਆਊਟਰੀਚ ਪ੍ਰੋਗਰਾਮ ਵਿੱਚ, 49.05 ਕਰੋੜ ਦੇ 129 ਲੋਨ ਤਿਆਰ ਕੀਤੇ ਗਏ। ਇਸ ਦੌਰਾਨ, ਮੌਜੂਦ ਗਾਹਕਾਂ ਨੂੰ ਬੈਂਕ ਦੇ ਰਿਹਾਇਸ਼, ਕਾਰ, ਸਿੱਖਿਆ ਅਤੇ ਹੋਰ ਪ੍ਰਚੂਨ ਉਤਪਾਦਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ।



# ਟੋਰਾਂਟੋ ਤੋਂ ਵੈਨਕੂਵਰ ਜਾ ਰਹੇ ਜਹਾਜ਼ ਨੂੰ ਧੂੰਏਂ ਕਾਰਨ ਰਿਜਾਇਨਾ ਉਤਾਰਿਆ

ਵੈਨਕੂਵਰ, 17 ਜੁਲਾਈ (ਚ.ਨ.ਸ.): ਟੋਰਾਂਟੋ ਤੋਂ ਵੈਨਕੂਵਰ ਲਈ ਉਡਾਣ ਭਰਨ ਵਾਲੇ ਪੋਰਟਰ ਏਅਰਲਾਈਨ ਦੇ ਜਹਾਜ਼ ਅੰਦਰ ਧੂੰਆਂ ਫੈਲਣ ਕਰਕੇ ਉਸ ਨੂੰ ਹੰਗਾਮੀ ਹਾਲਤ ਵਿੱਚ ਰਿਜਾਇਨਾ ਦੇ ਹਵਾਈ ਅੱਡੇ 'ਤੇ ਉਤਾਰਿਆ ਗਿਆ। ਐਂਬਰਾਇਰ-195 ਜੈੱਟ ਜਹਾਜ਼ ਵਿੱਚ 95 ਯਾਤਰੀ ਤੇ ਅਮਲੇ ਦੇ 5 ਮੈਂਬਰ ਸਨ। ਉਡਾਣ ਭਰਨ ਤੋਂ ਕਰੀਬ ਦੋ ਘੰਟੇ ਬਾਅਦ 38 ਹਜ਼ਾਰ ਫੁੱਟ ਦੀ ਉਚਾਈ 'ਤੇ ਕੁੱਝ ਯਾਤਰੀਆਂ ਨੂੰ ਜਹਾਜ਼ ਅੰਦਰ ਧੂੰਆਂ ਮਹਿਸੂਸ ਹੋਇਆ। ਜਿਸ ਉਪਰੰਤ ਪਾਇਲਟ ਨੇ ਰਿਜਾਇਨਾ ਹਵਾਈ ਅੱਡੇ ਦੇ ਕੰਟਰੋਲ ਟਾਵਰ ਨਾਲ ਸੰਪਰਕ ਬਣਾ ਕੇ ਹੰਗਾਮੀ ਲੈਂਡਿੰਗ ਬਾਰੇ ਦੱਸਿਆ ਅਤੇ ਜਹਾਜ਼ ਨੂੰ ਸੁਰੱਖਿਅਤ ਉਤਾਰ ਲਿਆ। ਏਅਰਲਾਈਨ ਦੇ ਬੁਲਾਰੇ ਅਨੁਸਾਰ ਸਾਰੇ ਯਾਤਰੀਆਂ ਤੇ ਅਮਲੇ ਦੇ ਮੈਂਬਰਾਂ ਨੂੰ ਹੋਟਲ ਵਿੱਚ ਠਹਿਰਾਇਆ ਗਿਆ ਤੇ ਦੁਪਹਿਰ ਇੱਕ ਹੋਰ ਜਹਾਜ਼ ਰਾਹੀਂ ਉਨ੍ਹਾਂ ਨੂੰ ਵੈਨਕੂਵਰ ਲਈ ਰਵਾਨਾ ਕੀਤਾ ਗਿਆ। ਹੁਣ ਤੱਕ ਧੂੰਆ ਨਿਕਲਣ ਦੇ ਸਹੀ ਕਾਰਨਾਂ ਦਾ ਪਤਾ ਨਹੀ ਲੱਗ ਸਕਿਆ ਹੈ ਪਰ ਏਅਰਲਾਈਨ ਵੱਲੋਂ ਪਾਇਲਟ ਦੀ ਮੁਸਤੈਦੀ ਲਈ ਸ਼ਲਾਘਾ ਕੀਤੀ ਗਈ ਹੈ।

# ਪੰਜਾਬ ਨੈਸ਼ਨਲ ਬੈਂਕ ਵੱਲੋਂ ਪਠਾਨਕੋਟ ਵਿਖੇ ਮੈਗਾ ਰਿਟੇਲ ਲੋਨ ਆਊਟਰੀਚ ਪ੍ਰੋਗਰਾਮ

ਪਠਾਨਕੋਟ, 17 ਜੁਲਾਈ (ਅੰਮ੍ਰਿਤਪਾਲ ਸਿੰਘ) :ਭਾਰਤ ਦੇ ਪ੍ਰਮੁੱਖ ਜਨਤਕ ਖੇਤਰ ਦੇ ਬੈਂਕਾਂ ਵਿੱਚੋਂ ਇੱਕ, ਪੰਜਾਬ ਨੈਸ਼ਨਲ ਬੈਂਕ (ਪੀ.ਐਨ.ਬੀ.) ਨੇ 17 ਜੁਲਾਈ 2025 ਨੂੰ ਪਠਾਨਕੋਟ ਦੇ ਡਿਫੈਂਸ ਕਲੋਨੀ ਦੇ ਕਮਿਊਨਿਟੀ ਹਾਲ ਵਿਖੇ ਇੱਕ ਮੈਗਾ ਰਿਟੇਲ ਲੋਨ ਆਊਟਰੀਚ ਪ੍ਰੋਗਰਾਮ ਦਾ ਆਯੋਜਨ ਕੀਤਾ। ਇਹ ਪ੍ਰੋਗਰਾਮ ਪੀ.ਐਨ.ਬੀ. ਦੇ ਗਾਹਕ-ਕੇਂਦ੍ਰਿਤ ਪਹਿਲਕਦਮੀ ਦਾ ਹਿੱਸਾ ਸੀ ਜਿਸਦਾ ਉਦੇਸ਼ ਵੱਖ-ਵੱਖ ਲੋਨ ਉਤਪਾਦਾਂ ਅਤੇ ਸੇਵਾਵਾਂ ਰਾਹੀਂ ਹਰੇਕ ਗਾਹਕ ਨੂੰ ਸਸ਼ਕਤ ਬਣਾਉਣਾ ਸੀ। ਇਸ ਪ੍ਰੋਗਰਾਮ ਨੇ ਗਾਹਕਾਂ ਨੂੰ ਹੋਮ ਲੋਨ, ਵਾਹਨ ਲੋਨ, ਸਿੱਖਿਆ ਲੋਨ, ਨਿੱਜੀ ਲੋਨ ਅਤੇ ਵਿੱਤ ਵਰਗੀਆਂ ਯੋਜਨਾਵਾਂ ਬਾਰੇ ਜਾਣਕਾਰੀ ਅਤੇ ਸਹੂਲਤਾਂ ਪ੍ਰਦਾਨ ਕੀਤੀਆਂ। ਇਹ ਪ੍ਰੋਗਰਾਮ ਸ੍ਰੀ ਦੇਵੇਂਦਰ ਕੁਮਾਰ ਤ੍ਰਿਪਾਠੀ (ਡਿਪਟੀ ਜਨਰਲ ਮੈਨੇਜਰ, ਮੁੱਖ ਦਫ਼ਤਰ) ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ ਤੇ, ਸਰਕਲ ਹੈੱਡ ਸ੍ਰੀ ਸੰਜੀਤ ਕੁਮਾਰ, ਸ੍ਰੀ ਸ਼ਸ਼ਾਂਕ ਸ਼ੁਕਲਾ (ਮੁੱਖ ਪ੍ਰਬੰਧਕ), ਸ੍ਰੀ ਅਰੁਣ ਧੀਮਾਨ (ਮੁੱਖ ਪ੍ਰਬੰਧਕ), ਸ੍ਰੀ ਸੌਰਭ ਧੀਮਾਨ (ਪੀਐਲਪੀ ਮੁਖੀ), ਸ੍ਰੀ ਰਾਜਨ ਮਲਹੋਤਰਾ (ਐਲਡੀਐਮ, ਗੁਰਦਾਸਪੁਰ), ਸ੍ਰੀ ਵਿਨੈ ਮਾਰਵਾਹ (ਐਲਡੀਐਮ, ਪਠਾਨਕੋਟ), ਸ਼ਾਖਾ ਪ੍ਰਬੰਧਕ, ਗਾਹਕ, ਸਥਾਨਕ ਨਾਗਰਿਕ, ਸਾਬਕਾ ਸੈਨਿਕ, ਬਿਲਡਰ, ਸੋਲਰ ਵਿਕਰੇਤਾ, ਵਾਹਨ ਡੀਲਰ ਅਤੇ ਵੱਖ-ਵੱਖ ਹਿੱਸੇਦਾਰ ਸਮੇਤ ਬੈਂਕ ਦੇ ਕਈ ਸੀਨੀਅਰ ਅਧਿਕਾਰੀ ਸਰਗਰਮੀ ਨਾਲ ਮੌਜੂਦ ਸਨ। ਇਹ ਮੈਗਾ ਰਿਟੇਲ ਲੋਨ ਆਊਟਰੀਚ ਪਹਿਲਕਦਮੀ ਪੰਜਾਬ ਨੈਸ਼ਨਲ ਬੈਂਕ ਦੇ ਬੈਂਕਿੰਗ ਨੂੰ ਸਿਰਫ਼ ਸ਼ਾਖਾਵਾਂ ਤੱਕ ਸੀਮਤ ਨਾ ਕਰਕੇ ਭਾਈਚਾਰਿਆਂ ਤੱਕ ਲੈ ਜਾਣ ਦੇ ਦ੍ਰਿਸ਼ਟੀਕੋਣ ਦਾ ਪ੍ਰਮਾਣ ਹੈ। ਸਾਡਾ ਉਦੇਸ਼ ਹਰੇਕ ਗਾਹਕ ਨੂੰ ਉਨ੍ਹਾਂ ਦੀ ਵਿੱਤੀ ਯਾਤਰਾ ਵਿੱਚ ਸਸ਼ਕਤ ਬਣਾਉਣਾ ਹੈ। ਸਰਕਲ ਹੈੱਡ ਸ੍ਰੀ ਸੰਜੀਤ ਕੁਮਾਰ ਨੇ ਭਾਗੀਦਾਰਾਂ ਨੂੰ ਪੀਐਨਬੀ ਦੀਆਂ ਪ੍ਰਚੂਨ ਯੋਜਨਾਵਾਂ ਬਾਰੇ ਦੱਸਿਆ ਅਤੇ ਦੱਸਿਆ ਕਿ ਕਿਵੇਂ ਬੈਂਕ ਹਰ ਸ਼੍ਰੇਣੀ ਦੇ ਗਾਹਕਾਂ ਦੀਆਂ ਵਿੱਤੀ ਜ਼ਰੂਰਤਾਂ ਨੂੰ ਸਮਝਦਾ ਹੈ ਅਤੇ ਅਨੁਕੂਲਿਤ ਵਿੱਤੀ ਹੱਲ ਪ੍ਰਦਾਨ ਕਰਦਾ ਹੈ।



# ਪੰਜਾਬ ਰਾਜ ਵਿੱਚ ਵਿੱਤੀ ਸਮਾਵੇਸ਼ ਸਕੀਮਾਂ ਲਈ 3 ਮਹੀਨਿਆਂ ਦੀ ਸੰਤ੍ਰਿਪਤ ਮੁਹਿੰਮ ਸ਼ੁਰੂ

ਮੋਹਾਲੀ/ ਚੰਡੀਗੜ੍ਹ, 17 ਜੁਲਾਈ (ਅੰਮ੍ਰਿਤਪਾਲ ਸਿੰਘ) : ਭਾਰਤ ਸਰਕਾਰ, ਸੇਵਾਵਾਂ ਵਿਭਾਗ, ਵਿੱਤ ਮੰਤਰਾਲਾ ਨਵੀਂ ਦਿੱਲੀ ਦੁਆਰਾ ਵਿਤੀ ਸਮਾਵੇਸ਼ ਯੋਜਨਾਵਾਂ ਵਿੱਚ ਸਾਰੇ ਵਾਂਝੇ ਲੋਕਾਂ ਨੂੰ ਸ਼ਾਮਲ ਕਰਨ ਦੇ ਉਦੇਸ਼ ਨਾਲ 01 ਜੁਲਾਈ ਤੋਂ 30 ਸਤੰਬਰ, 2025 ਤੱਕ ਗ੍ਰਾਮ ਪੰਚਾਇਤ ਪੱਧਰ 'ਤੇ 3 ਮਹੀਨੇ ਦੀ ਸੰਤ੍ਰਿਪਤ ਮੁਹਿੰਮ ਤਹਿਤ ਵਿਸ਼ੇਸ਼ ਰਜਿਸਟ੍ਰੇਸ਼ਨ ਮੁਹਿੰਮ ਚਲਾ ਰਿਹਾ ਹੈ।ਪੰਜਾਬ ਨੈਸ਼ਨਲ ਬੈਂਕ ਦੇ ਡਿਪਟੀ ਜਨਰਲ ਮੈਨੇਜਰ ਅਤੇ ਸਟੇਟ ਲੈਵਲ ਬੈਂਕਰਜ਼ ਕਮੇਟੀ, ਪੰਜਾਬ ਦੇ ਡਿਪਟੀ ਕਨਵੀਨਰ ਸ੍ਰੀ ਰਾਮਕਿਸ਼ੋਰ ਮੀਨਾ ਵੱਲੋਂ ਇਹ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਵਿਸ਼ੇਸ਼ ਮੁਹਿੰਮ ਤਹਿਤ ਪੰਜਾਬ ਰਾਜ ਦੀ ਹਰੇਕ ਗ੍ਰਾਮ ਪੰਚਾਇਤ ਵਿੱਚ ਵਿਸ਼ੇਸ਼ ਕੈਂਪ ਲਗਾਏ ਜਾਣਗੇ। ਇਸ ਵਿਸ਼ੇ 'ਤੇ 24 ਜੂਨ 2025 ਨੂੰ ਸ੍ਰੀ ਕ੍ਰਿਸ਼ਨ ਕੁਮਾਰ ਪ੍ਰਮੁੱਖ ਸਕੱਤਰ ਵਿੱਤ ਦੀ ਪ੍ਰਧਾਨਗੀ ਹੇਠ ਰਾਜ ਪੱਧਰੀ ਬੈਂਕਰਜ਼ ਕਮੇਟੀ, ਪੰਜਾਬ ਦੀ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ ਗਈ ਸੀ ਜਿਸ ਵਿੱਚ ਸਾਰੇ ਬੈਂਕਾਂ ਅਤੇ ਜ਼ਿਲ੍ਹਾ ਕਲੈਕਟਰਾਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ ਗਏ ਹਨ। ਗ੍ਰਾਮ ਪੰਚਾਇਤਾਂ ਵਿੱਚ ਕੈਂਪ ਦੌਰਾਨ, ਨੇੜਲੇ ਬੈਂਕਾਂ ਦੇ ਸ਼ਾਖਾ ਪ੍ਰਬੰਧਕ ਅਤੇ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਅਧਿਕਾਰੀ ਮੌਜੂਦ ਰਹਿਣਗੇ। ਮੁਹਿੰਮ ਵਿੱਚ ਮੁੱਖ ਤੌਰ 'ਤੇ ਕਲਿਆਣਕਾਰੀ ਯੋਜਨਾਵਾਂ ਦੀ ਜਾਣਕਾਰੀ ਦਿੱਤੀ ਜਾ ਰਹੀ ਹੈ ਅਤੇ ਵਾਂਝੇ ਲਾਭਪਾਤਰੀਆਂ ਤੋਂ ਮੌਕੇ 'ਤੇ ਹੀ



ਅਰਜ਼ੀ ਫਾਰਮ ਪ੍ਰਾਪਤ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਜਨ-ਧਨ ਖਾਤਿਆਂ ਨੂੰ ਚਾਲੂ ਕਰਨ ਲਈ ਕਿਰਿਆਸ਼ੀਲ ਖਾਤਿਆਂ ਵਿੱਚ ਕੇਵਾਈਸੀ ਦਸਤਾਵੇਜ਼ ਪ੍ਰਾਪਤ ਕਰਨੇ ਹੋਣਗੇ। ਜਿਨ੍ਹਾਂ ਬਾਲਗਾਂ ਕੋਲ ਹੁਣ ਤੱਕ ਬੈਂਕ ਖਾਤਾ ਨਹੀਂ ਹੈ, ਉਨ੍ਹਾਂ ਦਾ ਪ੍ਰਧਾਨ ਮੰਤਰੀ ਜਨ ਧਨ ਯੋਜਨਾ ਅਧੀਨ ਖਾਤਾ ਖੋਲ੍ਹਣਾ ਯਕੀਨੀ ਬਣਾਉਣਾ ਹੈ। ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਅਤੇ ਪ੍ਰਧਾਨ ਮੰਤਰੀ ਸੁਰਕਸ਼ਾ ਬੀਮਾ ਯੋਜਨਾ ਵਿੱਚ ਰਜਿਸਟ੍ਰੇਸ਼ਨ ਅਤੇ ਯੋਗ ਵਿਅਕਤੀਆਂ ਦੀ ਅਟਲ ਪੈਨਸ਼ਨ ਯੋਜਨਾ ਵਿੱਚ ਰਜਿਸਟ੍ਰੇਸ਼ਨ ਕੀਤੀ ਜਾਵੇਗੀ। ਡਿਜੀਟਲ ਧੋਖਾਧੜੀ ਤੋਂ ਬਚਣ ਦੇ ਉਪਾਅ ਦੱਸਣਾ, ਦਾਅਵਾ ਨਾ ਕੀਤੀਆਂ ਰਕਮਾਂ ਬਾਰੇ ਜਾਣਕਾਰੀ, 10 ਸਾਲ ਤੋਂ ਵੱਧ ਪੁਰਾਣੀਆਂ ਜਮ੍ਹਾਂ ਰਕਮਾਂ ਨੂੰ ਕਿਵੇਂ ਪ੍ਰਾਪਤ ਕਰਨ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ। 2014 ਤੋਂ 2016 ਤੱਕ ਖੋਲ੍ਹੇ ਗਏ ਪ੍ਰਧਾਨ ਮੰਤਰੀ ਜਨ-ਧਨ ਖਾਤਿਆਂ ਦਾ ਰੀ-ਕੇਵਾਈਸੀ ਕੀਤਾ ਜਾਵੇਗਾ ਅਤੇ ਇਸ ਦੇ ਲਈ ਸ਼ਿਕਾਇਤ ਨਿਵਾਰਣ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਦਿੱਤੀ ਜਾਵੇਗੀ।ਸ੍ਰੀ ਮੀਨਾ ਨੇ ਦੱਸਿਆ ਕਿ ਪੰਜਾਬ ਰਾਜ ਵਿੱਚ ਪੰਜਾਬ ਨੈਸ਼ਨਲ ਬੈਂਕ, ਰਾਜ ਪੱਧਰੀ ਬੈਂਕਰਜ਼ ਕਮੇਟੀ, ਪੰਜਾਬ ਦੇ ਕੋਆਰਡੀਨੇਟਰ ਵਜੋਂ ਕੰਮ ਕਰ ਰਿਹਾ ਹੈ ਅਤੇ ਸਾਰੀਆਂ ਸਰਕਾਰੀ ਯੋਜਨਾਵਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਦਾ ਕੰਮ ਰਾਜ ਵਿੱਚ ਕੰਮ ਕਰ ਰਹੀਆਂ 7551 ਬੈਂਕ ਸ਼ਾਖਾਵਾਂ ਦੁਆਰਾ ਕੀਤਾ ਜਾ ਰਿਹਾ ਹੈ। ਰਾਜ ਵਿੱਚ 7517 ਏ.ਟੀ.ਐਮ ਅਤੇ 6616 ਬੀ.ਸੀ. ਦੁਆਰਾ ਬੈਂਕਿੰਗ ਸਹੂਲਤਾਂ ਵੀ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਰਾਜ ਵਿੱਚ 36 ਵਿੱਤੀ ਜਾਗਰੂਕਤਾ ਕੇਂਦਰਾਂ ਰਾਹੀਂ ਵੀ ਆਮ ਲੋਕਾਂ ਨੂੰ ਵੱਖ-ਵੱਖ ਯੋਜਨਾਵਾਂ ਦੀ ਨਿਯਮਿਤ ਤੌਰ 'ਤੇ ਜਾਣਕਾਰੀ ਦਿੱਤੀ ਜਾਂਦੀ ਹੈ। ਵਧੇਰੇ ਜਾਣਕਾਰੀ ਲਈ ਕੋਈ ਵੀ ਵਿਅਕਤੀ ਆਪਣੀ ਨੇੜਲੀ ਸ਼ਾਖਾ ਨਾਲ ਸੰਪਰਕ ਕਰ ਸਕਦਾ ਹੈ। ਉਨ੍ਹਾਂ ਨੇ ਦੱਸਿਆ ਕਿ 1 ਜੁਲਾਈ ਤੋਂ 15 ਜੁਲਾਈ ਤੱਕ 2833 ਕੈਂਪ ਲਗ ਚੁੱਕੇ ਹਨ ।ਪੰਜਾਬ ਨੈਸ਼ਨਲ ਬੈਂਕ ਦੇ ਡਿਪਟੀ ਜਨਰਲ ਮੈਨੇਜਰ ਸ੍ਰੀ ਪੰਕਜ ਆਨੰਦ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਸੁਰਕਸ਼ਾ ਬੀਮਾ ਯੋਜਨਾ ਤਹਿਤ 18 ਤੋਂ 70 ਸਾਲ ਦੀ ਉਮਰ ਵਰਗ ਲਈ 20 ਰੁਪਏ ਸਾਲਾਨਾ ਪ੍ਰੀਮੀਅਮ ਦਾ ਭੁਗਤਾਨ ਕਰਕੇ 2 ਲੱਖ ਰੁਪਏ ਤੱਕ ਦਾ ਦੁਰਘਟਨਾ ਬੀਮਾ ਅਤੇ ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਤਹਿਤ 18 ਤੋਂ 50 ਸਾਲ ਦੀ ਉਮਰ ਵਰਗ ਲਈ 436 ਰੁਪਏ ਸਾਲਾਨਾ ਪ੍ਰੀਮੀਅਮ ਦਾ ਭੁਗਤਾਨ ਕਰਕੇ 2 ਲੱਖ ਰੁਪਏ ਤੱਕ ਦਾ ਮੌਤ ਬੀਮਾ ਉਪਲਬਧ ਹੈ। ਉਨ੍ਹਾਂ ਦੱਸਿਆ ਕਿ ਅਟਲ ਪੈਨਸ਼ਨ ਯੋਜਨਾ ਵਿੱਚ 60 ਸਾਲ ਦੀ ਉਮਰ ਤੋਂ ਬਾਅਦ 1000 ਤੋਂ 5000 ਰੁਪਏ ਤੱਕ ਮਹੀਨਾਵਾਰ ਪੈਨਸ਼ਨ ਪ੍ਰਾਪਤ ਕਰਨ ਦੀ ਵਿਵਸਥਾ ਹੈ । ਜਿਸ ਲਈ 18 ਤੋਂ 40 ਸਾਲ ਦੇ ਲੋਕ ਯੋਗ ਹਨ। ਇਸ ਮੌਕੇ ਪੀਐਨਬੀ ਦੇ ਐੱਲਡੀਐੱਮ ਸ੍ਰੀ ਐੱਮ.ਕੇ. ਭਾਰਦਵਾਜ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਇਸ ਵਿਸ਼ੇਸ਼ ਮੁਹਿੰਮ ਦੇ ਕੈਂਪਾਂ ਵਿੱਚ ਸ਼ਾਮਲ ਹੋ ਕੇ ਭਾਰਤ ਸਰਕਾਰ ਵੱਲੋਂ ਚਲਾਈ ਜਾ ਰਹੀ ਵਿਸ਼ੇਸ਼ ਸੰਤ੍ਰਿਪਤਾ ਮੁਹਿੰਮ ਵਿੱਚ ਵੱਖ-ਵੱਖ ਯੋਜਨਾਵਾਂ ਦਾ ਲਾਭ ਉਠਾਓ।

# ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਸਵੱਛ ਸਰਵੇਖਣ ਪੁਰਸਕਾਰ ਵੰਡੇ



ਨਵੀਂ ਦਿੱਲੀ, 17 ਜੁਲਾਈ (ਅੰਮ੍ਰਿਤਪਾਲ ਸਿੰਘ) : ਰਾਸ਼ਟਰਪਤੀ ਸ਼੍ਰੀਮਤੀ ਦ੍ਰੋਪਦੀ ਮੁਰਮੂ ਨੇ ਨਵੀਂ ਦਿੱਲੀ ਵਿੱਚ ਰਿਹਾਇਸ਼ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ਦੁਆਰਾ ਆਯੋਜਿਤ ਇੱਕ ਸਮਾਗਮ ਵਿੱਚ ਸਵੱਛ ਸਰਵੇਖਣ ਪੁਰਸਕਾਰ ਪੇਸ਼ ਕੀਤੇ।ਇਸ ਮੌਕੇ 'ਤੇ ਬੋਲਦਿਆਂ, ਮੈਡਮ ਰਾਸ਼ਟਰਪਤੀ ਨੇ ਕਿਹਾ ਕਿ ਸਵੱਛ ਸਰਵੇਖਣ ਸਾਡੇ ਸ਼ਹਿਰਾਂ ਦੁਆਰਾ ਸਫਾਈ ਦੇ ਯਤਨਾਂ ਦਾ ਮੁਲਾਂਕਣ ਅਤੇ ਉਤਸ਼ਾਹਿਤ ਕਰਨ ਵਿੱਚ ਇੱਕ ਸਫਲ ਪ੍ਰਯੋਗ ਸਾਬਤ ਹੋਇਆ ਹੈ। ਉਨ੍ਹਾਂ ਖੁਸ਼ੀ ਪ੍ਰਗਟ ਕੀਤੀ ਕਿ ਸਾਲ 2024 ਲਈ ਦੁਨੀਆ ਦਾ ਸਭ ਤੋਂ ਵੱਡਾ ਸਵੱਛ ਸਰਵੇਖਣ ਰਿਹਾਇਸ਼ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ਦੁਆਰਾ ਕੀਤਾ ਗਿਆ ਸੀ, ਜਿਸ ਵਿੱਚ ਵੱਖ-ਵੱਖ ਹਿੱਸੇਦਾਰਾਂ, ਰਾਜ ਸਰਕਾਰਾਂ, ਸ਼ਹਿਰੀ ਸੰਸਥਾਵਾਂ ਅਤੇ ਲਗਭਗ 14 ਕਰੋੜ ਨਾਗਰਿਕਾਂ ਨੇ ਹਿੱਸਾ ਲਿਆ।ਸ਼੍ਰੀਮਤੀ ਮੁਰਮੂ ਨੇ ਵਿਦਿਆਰਥੀਆਂ ਵਿੱਚ ਸਫਾਈ ਨੂੰ ਜੀਵਨ ਮੁੱਲ ਵਜੋਂ ਵਿਕਸਤ ਕਰਨ ਦੇ ਉਦੇਸ਼ ਨਾਲ ਸਕੂਲ ਪੱਧਰੀ ਮੁਲਾਂਕਣ ਪਹਿਲਕਦਮੀ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਸ ਦੇ ਬਹੁਤ ਹੀ ਲਾਭਦਾਇਕ ਅਤੇ ਦੂਰਗਾਮੀ ਨਤੀਜੇ ਹੋਣਗੇ।ਰਾਸ਼ਟਰਪਤੀ ਨੇ ਕਿਹਾ ਕਿ ਪਲਾਸਟਿਕ ਅਤੇ ਇਲੈਕਟ੍ਰਾਨਿਕ ਰਹਿੰਦ-ਖੂੰਹਦ ਨੂੰ ਕੰਟਰੋਲ ਕਰਨਾ ਅਤੇ ਉਨ੍ਹਾਂ ਤੋਂ ਹੋਣ ਵਾਲੇ ਪ੍ਰਦੂਸ਼ਣ ਨੂੰ ਰੋਕਣਾ ਇੱਕ ਵੱਡੀ ਚੁਣੌਤੀ ਹੈ। ਸਹੀ ਯਤਨਾਂ ਨਾਲ, ਅਸੀਂ ਦੇਸ਼ ਦੇ ਪਲਾਸਟਿਕ ਦੇ ਨਿਕਾਸ ਨੂੰ ਕਾਫ਼ੀ ਘਟਾ ਸਕਦੇ ਹਾਂ।ਰਾਸ਼ਟਰਪਤੀ ਸ਼੍ਰੀਮਤੀ ਦ੍ਰੋਪਦੀ ਮੁਰਮੂ ਨੇ ਕਿਹਾ ਕਿ ਸਫਾਈ ਦੇ ਯਤਨਾਂ ਦੇ ਆਰਥਿਕ, ਸੱਭਿਆਚਾਰਕ ਅਤੇ ਭੂਗੋਲਿਕ ਪਹਿਲੂ ਹਨ। ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਸਾਰੇ ਨਾਗਰਿਕ ਸਵੱਛ ਭਾਰਤ ਮਿਸ਼ਨ ਵਿੱਚ ਪੂਰੇ ਦਿਲ ਨਾਲ ਹਿੱਸਾ ਲੈਣਗੇ।

# ਬੈਂਕ ਆਫ਼ ਬੜੌਦਾ ਵੱਲੋਂ 66 ਫੁੱਟ ਰੋਡ ਸ਼ਾਖਾ ਦਾ ਉਦਘਾਟਨ

ਜਲੰਧਰ, 17 ਜੁਲਾਈ (ਅੰਮ੍ਰਿਤਪਾਲ ਸਿੰਘ) : ਬੈਂਕ ਆਫ਼ ਬੜੌਦਾ ਨੇ ਆਪਣੀ ਨਵੀਂ ਸ਼ਾਖਾ 66 ਫੁੱਟ ਰੋਡ, ਜਲੰਧਰ 'ਚ ਉਦਘਾਟਨ ਕੀਤਾ। ਇਹ ਉਦਘਾਟਨ ਏ.ਜੀ.ਆਈ. ਇੰਫ਼ਰਾ ਲਿਮਿਟਡ ਦੇ ਪ੍ਰਬੰਧ ਨਿਰਦੇਸ਼ਕ ਸ੍ਰੀ ਸੁਖਦੇਵ ਸਿੰਘ ਖਿੰਡਾ ਅਤੇ ਬੈਂਕ ਆਫ਼ ਬੜੌਦਾ ਲੁਧਿਆਣਾ ਅੰਚਲ ਦੇ ਮਹਾਪ੍ਰਬੰਧਕ ਤੇ ਅੰਚਲ ਮੁਖੀ ਸ੍ਰੀ ਹਰਦੀਪ ਸਿੰਘ ਦੇ ਸਨਮਾਨੀ ਹੱਥੀਂ ਹੋਇਆ।ਅੰਚਲ ਮੁਖੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਸ ਸ਼ਾਖਾ ਦੇ ਖੁਲ੍ਹਣ ਨਾਲ ਇਲਾਕੇ ਦੇ ਵਸਨੀਕਾਂ ਨੂੰ ਵੱਖ-ਵੱਖ ਬੈਂਕਿੰਗ ਸੇਵਾਵਾਂ ਦਾ ਲਾਭ ਮਿਲੇਗਾ। ਇਹ ਨਵੀਂ ਸ਼ਾਖਾ ਗਾਹਕਾਂ ਨੂੰ ਕਈ ਤਰ੍ਹਾਂ ਦੇ ਬੈਂਕਿੰਗ ਉਤਪਾਦ ਅਤੇ ਸੇਵਾਵਾਂ ਉਪਲਬਧ ਕਰਵਾਏਗੀ, ਜਿਵੇਂ ਕਿ ਬਚਤ ਖਾਤੇ, ਚਾਲੂ ਖਾਤੇ, ਕਰਜ਼ੇ, ਕਰੈਡਿਟ ਕਾਰਡ ਅਤੇ ਆਨਲਾਈਨ ਬੈਂਕਿੰਗ ਸੇਵਾਵਾਂ।ਉਪ ਮਹਾਪ੍ਰਬੰਧਕ (ਅਨੁਕੂਲਤਾ ਅਤੇ ਭਰੋਸਾ), ਬੈਂਕ ਆਫ਼ ਬੜੌਦਾ, ਲੁਧਿਆਣਾ ਅੰਚਲ ਸ੍ਰੀ ਜੀ.ਪੀ. ਵਰਮਾ ਨੇ ਹਾਜ਼ਰ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬੈਂਕ ਨਾਲ ਜੁੜਨ ਅਤੇ ਸਾਨੂੰ ਵੱਧ ਤੋਂ ਵੱਧ ਸੇਵਾ ਕਰਨ ਦਾ ਮੌਕਾ ਦੇਣ।ਖੇਤਰੀ ਮੁਖੀ, ਜਲੰਧਰ ਖੇਤਰ ਸ੍ਰੀ ਜਤਿੰਦਰ ਕੁਮਾਰ ਸਿੰਘ ਨੇ ਕਿਹਾ ਕਿ, ਸਾਨੂੰ ਜਲੰਧਰ ਜ਼ਿਲ੍ਹੇ ਵਿੱਚ ਆਪਣੀ ਨਵੀਂ ਸ਼ਾਖਾ ਦਾ ਉਦਘਾਟਨ ਕਰਕੇ ਬਹੁਤ ਖੁਸ਼ੀ ਹੋ ਰਹੀ ਹੈ। ਸਾਨੂੰ ਪੂਰਾ ਵਿਸ਼ਵਾਸ ਹੈ ਕਿ ਇਹ ਸ਼ਾਖਾ ਸਾਡੇ ਗਾਹਕਾਂ ਨੂੰ ਸ਼੍ਰੇਸ਼ਠ ਬੈਂਕਿੰਗ ਸੇਵਾਵਾਂ ਪ੍ਰਦਾਨ ਕਰੇਗੀ ਅਤੇ ਉਨ੍ਹਾਂ ਦੇ ਵਿੱਤੀ ਲਕੜਾਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰੇਗੀ।ਇਸ ਮੌਕੇ 'ਤੇ ਉਪ ਖੇਤਰੀ ਮੁਖੀ ਸ੍ਰੀ ਰਾਜੇਸ਼, ਸ਼ਾਖਾ ਮੁਖੀ ਸ੍ਰੀ ਸਰਬਜੀਤ ਸਿੰਘ ਅਤੇ ਇਲਾਕੇ ਦੇ ਹੋਰ ਮਾਣਯੋਗ ਵਿਅਕਤੀ ਮੌਜੂਦ ਸਨ।



# ਅਮਿਤ ਸ਼ਾਹ ਨੇ 8 ਹਜ਼ਾਰ ਨੌਜਵਾਨਾਂ ਨੂੰ ਵੰਡੇ ਨਿਯੁਕਤੀ ਪੱਤਰ

ਜੈਪੁਰ, 17 ਜੁਲਾਈ (ਅੰਮ੍ਰਿਤਪਾਲ ਸਿੰਘ) : ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਸ਼੍ਰੀ ਅਮਿਤ ਸ਼ਾਹ ਨੇ ਅੱਜ ਰਾਜਸਥਾਨ ਦੇ ਜੈਪੁਰ ਵਿੱਚ ਸਹਿਕਾਰੀ ਅਤੇ ਰੁਜ਼ਗਾਰ ਉਤਸਵ ਵਿੱਚ ਰਾਜਸਥਾਨ ਦੇ ਵੱਖ-ਵੱਖ ਜ਼ਿਲ੍ਹਿਆਂ ਦੇ 8 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਵੰਡਣ ਦੇ ਪ੍ਰੋਗਰਾਮ ਨੂੰ ਸੰਬੋਧਨ ਕੀਤਾ। ਇਸ ਮੌਕੇ ਰਾਜਸਥਾਨ ਦੇ ਮੁੱਖ ਮੰਤਰੀ ਸ਼੍ਰੀ ਭਜਨ ਲਾਲ ਸ਼ਰਮਾ, ਕੇਂਦਰੀ ਸੱਭਿਆਚਾਰ ਮੰਤਰੀ ਸ਼੍ਰੀ ਗਜੇਂਦਰ ਸਿੰਘ ਸ਼ੇਖਾਵਤ, ਰਾਜਸਥਾਨ ਦੀ ਸਾਬਕਾ ਮੁੱਖ ਮੰਤਰੀ ਸ਼੍ਰੀਮਤੀ ਵਸੁੰਧਰਾ ਰਾਜੇ ਸਿੰਧੀਆ ਅਤੇ ਕੇਂਦਰੀ ਸਹਿਕਾਰਤਾ ਮੰਤਰਾਲੇ ਦੇ ਸਕੱਤਰ ਡਾ. ਆਸ਼ੀਸ਼ ਕੁਮਾਰ ਭੂਟਾਨੀ ਸਮੇਤ ਕਈ ਪਤਵੰਤੇ ਮੌਜੂਦ ਸਨਸਹਿਕਾਰੀ ਅਤੇ ਰੁਜ਼ਗਾਰ ਉਤਸਵ ਨੂੰ ਸੰਬੋਧਨ ਕਰਦਿਆਂ ਸ਼੍ਰੀ ਅਮਿਤ ਸ਼ਾਹ ਨੇ ਕਿਹਾ ਕਿ ਅੰਤਰਰਾਸ਼ਟਰੀ ਸਹਿਕਾਰਤਾ ਸਾਲ ਮਨਾਉਣ ਦੀ ਸ਼ੁਰੂਆਤ ਭਾਰਤ ਤੋਂ ਹੋਈ ਸੀ। ਉਨ੍ਹਾਂ ਕਿਹਾ ਕਿ ਜਦੋਂ ਸੰਯੁਕਤ ਰਾਸ਼ਟਰ ਮਹਾਸਭਾ ਨੇ 2025 ਨੂੰ ਅੰਤਰਰਾਸ਼ਟਰੀ ਸਹਿਕਾਰਤਾ ਸਾਲ ਵਜੋਂ ਘੋਸ਼ਿਤ ਕੀਤਾ ਸੀ, ਤਾਂ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਇਸਦੇ ਪਹਿਲੇ ਪ੍ਰੋਗਰਾਮ ਦਾ ਉਦਘਾਟਨ ਕੀਤਾ ਸੀ। ਸ਼੍ਰੀ ਸ਼ਾਹ ਨੇ ਕਿਹਾ ਕਿ ਸਹਿਕਾਰਤਾ ਸਾਲ ਦੀ ਯਾਦ ਵਿੱਚ ਆਯੋਜਿਤ ਪ੍ਰੋਗਰਾਮ ਵਿੱਚ, ਅੱਜ 24 ਅਨਾਜ ਭੰਡਾਰਨ ਗੋਦਾਮਾਂ ਅਤੇ 64 ਬਾਜਰੇ ਦੇ ਆਊਟਲੈੱਟਾਂ ਦਾ ਵਰਚੁਅਲ ਉਦਘਾਟਨ ਕੀਤਾ ਗਿਆ, ਗੋਪਾਲ ਕ੍ਰੈਡਿਟ ਕਾਰਡ ਯੋਜਨਾ ਤਹਿਤ ਕਰਜ਼ਾ ਵੰਡ, ਦੁੱਧ ਉਤਪਾਦਕ ਕਮੇਟੀਆਂ ਨੂੰ ਮਾਈਕ੍ਰੋ ਏਟੀਐਮ ਵੰਡ, ਦੋ ਉੱਤਮ ਪ੍ਰਾਇਮਰੀ ਖੇਤੀਬਾੜੀ ਕ੍ਰੈਡਿਟ ਸੋਸਾਇਟੀਜ਼ (ਪੀਏਸੀਐਸ) ਨੂੰ ਸਨਮਾਨਿਤ ਕੀਤਾ ਗਿਆ।ਸ਼੍ਰੀ ਅਮਿਤ ਸ਼ਾਹ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਕੇਂਦਰ ਸਰਕਾਰ ਵਿੱਚ ਸਹਿਕਾਰਤਾ ਮੰਤਰਾਲੇ ਦੀ ਸਥਾਪਨਾ ਕੀਤੀ ਹੈ ਜਿਸਦਾ ਟੀਚਾ ਸਹਿਕਾਰਤਾ ਨੂੰ ਹਰ ਪਿੰਡ, ਗਰੀਬ ਅਤੇ ਕਿਸਾਨ ਤੱਕ ਪਹੁੰਚਾਉਣਾ ਹੈ।ਸ਼੍ਰੀ ਅਮਿਤ ਸ਼ਾਹ ਨੇ ਕਿਹਾ ਕਿ ਅੱਜ ਰਾਜਸਥਾਨ ਦੇਸ਼ ਦੇ ਖੇਤੀਬਾੜੀ ਵਿਕਾਸ ਵਿੱਚ ਵੱਡਾ ਯੋਗਦਾਨ ਪਾ ਰਿਹਾ ਹੈ।ਸ਼੍ਰੀ ਅਮਿਤ ਸ਼ਾਹ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਜੀ ਦੀ ਅਗਵਾਈ ਹੇਠ ਦੇਸ਼ 11ਵੇਂ ਸਥਾਨ ਤੋਂ ਛਾਲ ਮਾਰ ਕੇ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਗਿਆ ਹੈ। ਮੋਦੀ ਜੀ ਨੇ 27 ਕਰੋੜ ਲੋਕਾਂ ਨੂੰ ਗਰੀਬੀ ਰੇਖਾ ਤੋਂ ਉੱਪਰ ਲਿਆਉਣ ਲਈ ਕੰਮ ਕੀਤਾ ਹੈ।ਉਨ੍ਹਾਂ ਕਿਹਾ ਕਿ ਰਾਜਸਥਾਨ ਦਾ ਦੇਸ਼ ਦੀ ਸੁਰੱਖਿਆ ਵਿੱਚ ਮਹੱਤਵਪੂਰਨ ਯੋਗਦਾਨ ਹੈ ਅਤੇ ਇੱਥੋਂ ਵੱਡੀ ਗਿਣਤੀ ਵਿੱਚ ਲੋਕ ਫੌਜ ਵਿੱਚ ਸ਼ਾਮਲ ਹੁੰਦੇ ਹਨ। ਪਰਮ ਵੀਰ ਚੱਕਰ ਪੁਰਸਕਾਰ ਜੇਤੂ ਨਿਰਮਲ ਸਿੰਘ ਸੇਖੋਂ ਨੂੰ ਉਨ੍ਹਾਂ ਦੀ ਜਨਮ ਵਰ੍ਹੇਗੰਢ ਤੇ ਯਾਦ ਕਰਦਿਆਂ, ਸ਼੍ਰੀ ਸ਼ਾਹ ਨੇ ਕਿਹਾ ਕਿ ਨਿਰਮਲ ਸਿੰਘ ਸੇਖੋਂ ਨੇ ਆਪਣੀ ਮਾਤ ਭੂਮੀ ਦੀ ਰੱਖਿਆ ਲਈ ਬੇਮਿਸਾਲ ਬਹਾਦਰੀ ਅਤੇ ਕੁਰਬਾਨੀ ਦਿਖਾਈ।



# ਮਾਂਡਵੀਆ ਨੇ ਏਸ਼ੀਅਨ ਕੁਸ਼ਤੀ ਚੈਂਪੀਅਨਸ਼ਿਪ ਦੇ ਤਮ.ਗਾ ਜੇਤੂਆਂ ਨੂੰ ਕੀਤਾ ਸਨਮਾਨਿਤ

ਨਵੀਂ ਦਿੱਲੀ, 17 ਜੁਲਾਈ (ਚ.ਨ.ਸ.): ਕੇਂਦਰੀ ਖੇਡ ਮੰਤਰੀ ਡਾ. ਮਨਸੁਖ ਮਾਂਡਵੀਆ ਨੇ ਅੰਡਰ-15, ਅੰਡਰ-17, ਅੰਡਰ-20 ਅਤੇ ਅੰਡਰ-23 ਏਸ਼ੀਅਨ ਕੁਸ਼ਤੀ ਚੈਂਪੀਅਨਸ਼ਿਪ 2025 ਦੇ ਤਗਮਾ ਜੇਤੂਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦਾ ਸਨਮਾਨ ਕੀਤਾ।ਡਾ. ਮਾਂਡਵੀਆ ਨੇ ਅੱਜ ਸੋਸ਼ਲ ਮੀਡੀਆ ਪਲੇਟਫਾਰਮ ਐਕਸ ਤੇ ਅੰਡਰ-15, ਅੰਡਰ-17, ਅੰਡਰ-20 ਅਤੇ ਅੰਡਰ-23 ਏਸ਼ੀਅਨ ਕੁਸ਼ਤੀ ਚੈਂਪੀਅਨਸ਼ਿਪ 2025 ਦੇ ਤਗਮਾ ਜੇਤੂਆਂ ਨਾਲ ਆਪਣੀ ਮੁਲਾਕਾਤ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ। ਇਸ ਮੌਕੇ ਤੇ ਤਗਮਾ ਜੇਤੂ ਖਿਡਾਰੀਆਂ ਦਾ ਸਨਮਾਨ ਕੀਤਾ ਗਿਆ। ਡਾ. ਮਾਂਡਵੀਆ ਨੇ ਕਿਹਾ ਕਿ ਪਹਿਲਵਾਨਾਂ ਦੇ ਸਬਰ, ਦ੍ਰਿੜ ਇਰਾਦੇ ਅਤੇ ਅਣਥੱਕ ਮਿਹਨਤ ਨੇ ਦੇਸ਼ ਨੂੰ ਮਾਣ ਦਿਵਾਇਆ ਹੈ। ਮੈਂ ਉਨ੍ਹਾਂ ਦੇ ਖੇਡ ਕਰੀਅਰ ਵਿੱਚ ਲਗਾਤਾਰ ਸਫਲਤਾ ਦੀ ਕਾਮਨਾ ਕਰਦਾ ਹਾਂ। ਇਸ ਦੌਰਾਨ, ਖਿਡਾਰੀਆਂ ਨੇ ਡਾ. ਮਾਂਡਵੀਆ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨਾਲ ਆਪਣੇ ਅਨੁਭਵ ਸਾਂਝੇ ਕੀਤੇ।

# ਪੀ.ਐਨ.ਬੀ. ਬੈਂਕ ਨੇ ਰਾਜੇਂਦਰ ਵਧਵਾ ਦੀ ਬਹੁ-ਮੰਜ਼ਿਲਾ ਇਮਾਰਤ ਦਾ ਭੌਤਿਕ ਕਬਜ਼ਾ ਲਿਆ

ਗੰਗਾਨਗਰ, 17 ਜੁਲਾਈ (ਅੰਮ੍ਰਿਤਪਾਲ ਸਿੰਘ) : ਪੰਜਾਬ ਨੈਸ਼ਨਲ ਬੈਂਕ ਨੇ ਕਰਜ਼ਦਾਰ ਰਾਜੇਂਦਰ ਵਧਵਾ (ਚਿੰਟੂ ਵਧਵਾ) ਅਤੇ ਉਸਦੇ ਪਰਿਵਾਰਕ ਮੈਂਬਰਾਂ ਦੁਆਰਾ ਲਗਭਗ 18.40 ਕਰੋੜ ਰੁਪਏ ਦੇ ਬਕਾਇਆ ਕਰਜ਼ੇ ਦੀ ਅਦਾਇਗੀ ਨਾ ਕਰਨ ਕਾਰਨ ਕੋਤਵਾਲੀ ਪੁਲਿਸ ਸਟੇਸ਼ਨ ਦੇ ਸਾਹਮਣੇ ਸਥਿਤ ਕਰਜ਼ਦਾਰ ਦੀ ਬਹੁ-ਮੰਜ਼ਿਲਾ ਇਮਾਰਤ ਨੂੰ ਜ਼ਬਤ ਕਰ ਲਿਆ। ਕਬਜ਼ੇ ਦੀ ਕਾਰਵਾਈ ਦੌਰਾਨ, ਪੰਜਾਬ ਨੈਸ਼ਨਲ ਬੈਂਕ, ਬੀਕਾਨੇਰ ਦੇ ਅਧਿਕਾਰਤ ਅਧਿਕਾਰੀ, ਸ੍ਰੀ ਨਰਿੰਦਰ ਕੁਮਾਰ ਗੁਪਤਾ, ਸਪਾਟ ਮੈਜਿਸਟਰੇਟ ਸ੍ਰੀ ਵਿਕਰਮ ਸਿੰਘ (ਤਹਿਸੀਲਦਾਰ, ਸ੍ਰੀ ਗੰਗਾਨਗਰ), ਪੁਲਿਸ ਫੋਰਸ ਅਤੇ ਸਹਾਇਕ ਏਜੰਸੀ ਸ਼ਿਵਮ ਇਨਫੋਰਸਮੈਂਟ ਐਂਡ ਰਿਕਵਰੀ ਏਜੰਸੀ ਦੇ ਵਕੀਲ ਸ੍ਰੀ ਭਾਰਤ ਭੂਸ਼ਣ ਮਹਿੰਦਰਾ ਮੌਕੇ 'ਤੇ ਮੌਜੂਦ ਸਨ। ਐਡਵੋਕੇਟ ਭਾਰਤ ਭੂਸ਼ਣ ਮਹਿੰਦਰਾ ਨੇ ਦੱਸਿਆ ਕਿ ਰਾਜੇਂਦਰ ਵਧਵਾ (ਚਿੰਟੂ ਵਧਵਾ) ਅਤੇ ਉਸਦੇ ਪਰਿਵਾਰਕ ਮੈਂਬਰਾਂ ਦੁਆਰਾ ਲਗਭਗ 18.40 ਕਰੋੜ ਰੁਪਏ ਦੇ ਬਕਾਇਆ ਕਰਜ਼ੇ ਦੀ ਅਦਾਇਗੀ ਨਾ ਕਰਨ ਕਾਰਨ, ਉਕਤ ਜਾਇਦਾਦ ਦਾ ਭੌਤਿਕ ਕਬਜ਼ਾ, ਜਿਸਦੀ ਨਿਲਾਮੀ ਕੀਤੀ ਗਈ ਸੀ, ਅੱਜ ਸਰਫੇਸੀ ਐਕਟ ਦੇ ਤਹਿਤ ਲਿਆ ਗਿਆ ਅਤੇ ਮੌਕੇ 'ਤੇ ਉਕਤ ਜਾਇਦਾਦ ਦੇ ਖਰੀਦਦਾਰ ਨੂੰ ਭੌਤਿਕ ਕਬਜ਼ਾ ਸੌਂਪ ਦਿੱਤਾ ਗਿਆ।



## ਜਨਮ ਦਿਨ ਮੁਬਾਰਕ



ਪ੍ਰਾਂਸ਼ੁਲ ਭੀਖਣ

## ਸਰਕਾਰੀ ਆਈ.ਟੀ.ਆਈ ਮਹਿਰਾਜ ਅਤੇ ਰਾਮਪੁਰਾ ਫੂਲ ਦੇ ਠੇਕਾ ਮੁਲਾਜ਼ਮਾਂ ਵੱਲੋਂ ਗੇਟ ਰੈਲੀ



ਰਾਮਪੁਰਾ ਫੂਲ,17 ਜੁਲਾਈ (ਮਨਪ੍ਰੀਤ ਮਿੰਟੂ): ਬੀਤੇ ਦਿਨੀਂ ਸਰਕਾਰੀ ਆਈ.ਟੀ.ਆਈ. ਮਹਿਰਾਜ ਅਤੇ ਸਰਕਾਰੀ ਆਈ.ਟੀ.ਆਈ. ਰਾਮਪੁਰਾ ਫੂਲ ਗੈਸਟ ਫੈਸਿਲਿਟੀ ਦੀ ਸਾਂਝੀ ਮਹਿਮਾਨ ਸਹੂਲਤ ਵੱਲੋਂ ਪੰਜਾਬ ਸਰਕਾਰ ਦੇ ਖਿਲਾਫ ਗੇਟ ਰੈਲੀ ਕੀਤੀ ਗਈ। ਰੈਲੀ ਦੌਰਾਨ ਰੁੱਖ ਲਗਾ ਕੇ ਸ਼ਾਂਤੀ ਅਤੇ ਭਾਈਚਾਰੇ ਦਾ ਸੁਨੇਹਾ ਦਿੱਤਾ ਗਿਆ। ਅਸਲ ਲੀਡਰ ਉਹ ਅਧਿਆਪਕ ਹਨ, ਜੋ ਸਮਾਜ ਨੂੰ ਰੋਸ਼ਨ ਕਰਦੇ ਹਨ, ਭਾਵੇਂ ਉਹ ਸਰਕਾਰ ਵੱਲੋਂ ਅਣਡਿੱਠੇ ਹੀ ਕਿਉਂ ਨਾ ਕੀਤੇ ਜਾਣ। ਇਹ ਗੈਸਟ ਫੈਸਿਲਿਟੀ ਅਧਿਆਪਕ ਆਪਣੀ ਨਿਯਮਤ ਨੌਕਰੀ ਅਤੇ ਪੂਰੇ ਸਕੇਲ ਦੀ ਮੰਗ ਕਰ ਰਹੇ ਹਨ। ਇਹ ਅੰਦੋਲਨ ਪੰਜਾਬ ਦੀ ਸਾਰੀ ਗੈਸਟ ਫੈਸਿਲਿਟੀ ਯੂਨੀਅਨ ਵੱਲੋਂ ਕੀਤਾ ਗਿਆ ਹੈ।

## ਸਮਾਜ ਵਿਰੋਧੀ ਅਨਸਰਾਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ : ਐਸ.ਐਚ.ਓ.



ਰਾਮਪੁਰਾ ਫੂਲ, 17 ਜੁਲਾਈ (ਮਨਪ੍ਰੀਤ ਮਿੰਟੂ): ਪੁਲਿਸ ਆਮ ਲੋਕਾਂ ਦੀ ਸਹਾਇਤਾ ਲਈ ਹੁੰਦੀ ਹੈ ਅਤੇ ਪੁਲੀਸ ਵਿਭਾਗ ਆਪਣੇ ਇਸ ਕਰਤਵ ਦੀ ਪਾਲਣਾ ਲਈ ਹਮੇਸ਼ਾਂ ਵਚਨਬੱਧ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਅੱਜ ਥਾਣਾ ਫੂਲ ਦੇ ਮੁਖੀ ਸੁਖਵਿੰਦਰ ਸਿੰਘ ਬਰਾੜ ਨੇ ਪ੍ਰੈਸ ਵਾਰਤਾ ਸਮੇਂ ਕੀਤਾ। ਪ੍ਰੈਸ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡੀਜੀਪੀ ਸਾਹਿਬ ਤੇ ਐਸਐਸਪੀ ਬਠਿੰਡਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਲਾਕੇ ਵਿਚ ਅਮਨ-ਸ਼ਾਂਤੀ, ਭਾਈਚਾਰਾ ਬਣਾਈ ਰੱਖਣਾ ਅਤੇ ਚਿੱਟੇ ਜਾਂ ਕਿਸੇ ਹੋਰ ਨਸ਼ੇ ਦੇ ਤਸਕਰਾਂ ਨੂੰ ਨੱਥ ਪਾਉਣਾ ਹੀ ਉਨ੍ਹਾਂ ਦਾ ਮੁੱਖ ਮਕਸਦ ਹੈ।ਉਨ੍ਹਾਂ ਕਿਹਾ ਕਿ ਜਾਇਜ਼ ਕੰਮਾਂ ਲਈ ਥਾਣੇ ਆਉਣ ਵਾਲੇ ਹਰ ਵਿਅਕਤੀ ਨੂੰ ਬਣਦਾ ਮਾਣ ਸਤਿਕਾਰ ਮਿਲੇਗਾ ਅਤੇ ਸ਼ਾਂਤੀ ਭੰਗ ਕਰਨ ਵਾਲਿਆਂ ਖਿਲਾਫ਼ ਸਖ਼ਤ ਕਨੂੰਨੀ ਕਾਰਵਾਈ ਕੀਤੀ ਜਾਵੇਗੀ। ਐਸ.ਐਚ. ਓ ਬਰਾੜ ਨੇ ਕਿਹਾ ਕਿ ਇਲਾਕੇ ਵਿੱਚ ਅਮਨ ਸ਼ਾਂਤੀ ਬਰਕਰਾਰ ਲਈ ਗੁੰਡਾ ਅਤੇ ਸਮਾਜ ਵਿਰੋਧੀ ਅਨਸਰਾਂ ਨੂੰ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੁਲਿਸ ਵਿਭਾਗ ਵੱਲੋਂ ਨਸ਼ਿਆਂ ਖਿਲਾਫ ਕਾਰਵਾਈ ਕਰਦੇ ਹੋਏ ਵੱਡੇ ਨਸ਼ਾ ਤਸਕਰਾਂ ਨੂੰ ਫੜਿਆ ਜਾਵੇਗਾ ਤਾਂ ਜੋ ਇਸ ਸਮਾਜਿਕ ਕੁਰੀਤੀ ਨੂੰ ਜੜ੍ਹੋਂ ਖਤਮ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪੁਲਿਸ ਦੀ ਚੌਕਸੀ ਨੂੰ ਹੋਰ ਵਧਾਇਆ ਜਾਵੇਗਾ ਅਤੇ ਨਾਕਾਬੰਦੀ ਨੂੰ ਵੀ ਮਜ਼ਬੂਤ ਕੀਤਾ ਜਾਵੇਗਾ। ਐਸ ਐਚ ਓ ਬਰਾੜ ਨੇ ਕਿਹਾ ਕਿ ਕਿਸੇ ਵੀ ਮੁਹਿੰਮ ਦੀ ਸਫਲਤਾ ਲਈ ਲੋਕਾਂ ਦਾ ਸਾਥ ਬੇਹੱਦ ਜ਼ਰੂਰੀ ਹੁੰਦਾ ਹੈ ਅਤੇ ਪੁਲਿਸ ਵਿਭਾਗ ਵੱਲੋਂ ਵੀ ਨਸ਼ਾ ਵਿਰੋਧੀ ਮੁਹਿੰਮ ਵਿੱਚ ਲੋਕਾਂ ਦਾ ਸਹਿਯੋਗ ਲਿਆ ਜਾਵੇਗਾ।ਉਨ੍ਹਾਂ ਕਿਹਾ ਕਿ ਨਸ਼ੇ ਦੀ ਆਦਤ ਦੇ ਸ਼ਿਕਾਰ ਨੌਜਵਾਨਾਂ ਨੂੰ ਇਲਾਜ ਕਰਾਉਣ ਲਈ ਪ੍ਰੇਰਿਤ ਕੀਤਾ ਜਾਵੇਗਾ ਤਾਂ ਜੋ ਸਰਕਾਰ ਵੱਲੋਂ ਉਨ੍ਹਾਂ ਦਾ ਮੁੜ ਵਸੇਬਾ ਕੀਤਾ ਜਾ ਸਕੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਕੋਲ ਨਸ਼ਾ ਵੇਚਣ ਵਾਲਿਆਂ ਸਬੰਧੀ ਕੋਈ ਵੀ ਜਾਣਕਾਰੀ ਹੈ, ਤਾਂ ਉਹ ਬਿਨ੍ਹਾਂ ਕਿਸੇ ਸੰਕੋਚ ਤੋਂ ਉਨ੍ਹਾਂ ਨਾਲ ਸਾਂਝੀ ਕਰਨ। ਉਨ੍ਹਾਂ ਕਿਹਾ ਕਿ ਸੂਚਨਾ ਦੇਣ ਵਾਲੇ ਵਿਅਕਤੀ ਦਾ ਨਾਮ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ।

## ਰਾਜਵਿੰਦਰ ਸਿੰਘ ਗਿੱਲ ਦੀ ਅਗਵਾਈ ਹੇਠ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਕੀਤਾ ਵਿਚਾਰ-ਵਟਾਂਦਰਾ



ਰਾਮਪੁਰਾ ਫੂਲ,17 ਜੁਲਾਈ (ਮਨਪ੍ਰੀਤ ਮਿੰਟੂ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਐਸਡੀਐਮ ਰਾਮਪੁਰਾ ਫੂਲ ਗਗਨਦੀਪ ਸਿੰਘ , ਡੀਐਸਪੀ ਰਾਮਪੁਰਾ ਫੂਲ ਪ੍ਰਦੀਪ ਸਿੰਘ ਪੀਪੀਐਸ , ਰਾਜਵਿੰਦਰ ਸਿੰਘ ਗਿੱਲ ਹਲਕਾ ਕੋਆਰਡੀਨੇਟਰ ਰਾਮਪੁਰਾ ਫੂਲ, ਵਾਈਸ ਕੋਆਰਡੀਨੇਟਰ ਪਾਲਦੀਪ ਸਿੰਘ ਨੀਟਾ ਅਤੇ ਹਰਦੀਪ ਸਿੰਘ ਸਰਪੰਚ ਦੀ ਅਗਵਾਈ ਵਿੱਚ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ-2 ਦੇ ਸਬੰਧ ਵਿੱਚ ਮੀਟਿੰਗ ਹੋਈ, ਜਿਸ ਵਿਚ ਹਲਕੇ ਵਿੱਚ ਨਸ਼ੇ ਦੇ ਖਾਤਮੇ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਜਸਵਿੰਦਰ ਲਾਡੀ ਭਾਉ ਸਰਪੰਚ ਸੁਰਜੀਤ ਪੁਰਾ , ਗੁਰਜੀਵਨ ਸਿੰਘ ਸੁਰਜੀਤ ਪੁਰਾ, ਹਰਪ੍ਰੀਤ ਸਿੰਘ ਸਰਪੰਚ ਨਵਾਂ ਕੇਸਰ ਸਿੰਘ ਵਾਲਾ , ਇਕਬਾਲ ਸਿੰਘ ਗੋਸਪੁਰਾ , ਜੋੜ ਵਿੱਚੋਂ ਗੋਸਪੁਰਾ , ਭਿੰਦਰ ਸਰਪੰਚ ਗੁਰੂਸਰ , ਦੀਪਕ ਸ਼ਰਮਾ ਸਰਪੰਚ ਰਾਜਗੜ੍ਹ ਅਤੇ ਹਲਕਾ ਰਾਮਪੁਰਾ ਫੂਲ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਸਮੁੱਚੀ ਟੀਮ ਹਾਜਰ ਰਹੀ । ਮੀਟਿੰਗ ਨੇ ਸਰਬਸੰਮਤੀ ਨਾਲ ਪ੍ਰੋਗਰਾਮ ਉਲੀਕਿਆ ਕਿ ਹਲਕਾ ਰਾਮਪੁਰਾ ਫੂਲ ਵਿਚੋਂ ਪੁਲਸ ਪ੍ਰਸ਼ਾਸਨ ਅਤੇ ਲੋਕਾਂ ਦੇ ਸਹਿਯੋਗ ਨਾਲ ਨਸ਼ਿਆਂ ਦੇ ਖਾਤਮੇ ਲਈ ਹਰ ਪੱਧਰ 'ਤੇ ਜ਼ੋਰਦਾਰ ਯਤਨ ਜੁਟਾਏ ਜਾਣਗੇ।

## ਸ੍ਰੀ ਰਾਮ ਇੰਟਰਨੈਸ਼ਨਲ ਸਕੂਲ ਵਿਚ ਪੌਦੇ ਲਗਾਏ

ਧੂਰੀ, 17 ਜੁਲਾਈ (ਰਾਜੇਸ਼ਵਰ ਪਿੰਟੂ, ਅਮਨ ਗਰਗ): ਸਥਾਨਕ ਸ੍ਰੀ ਰਾਮ ਇੰਟਰਨੈਸ਼ਨਲ ਸਕੂਲ ਨੇ ਸਕੂਲ ਕੈਂਪਸ ਵਿੱਚ ਏਕ ਪੇਡ ਮਾਂ ਕੇ ਨਾਮ"ਮੁਹਿੰਮ ਤਹਿਤ ਪੌਦੇ ਲਗਾਏ ਗਏ। ਇਸ ਮੌਕੇ ਥਾਣਾ ਸਦਰ ਧੂਰੀ ਦੇ ਮੁਖੀ ਇੰਸਪੈਕਟਰ ਕਰਨਵੀਰ ਸਿੰਘ ਸੰਧੂ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਤੇਜਿੰਦਰ ਕੌਰ ਸੇਖੋਂ ਸਕੂਲ ਪ੍ਰਿੰਸੀਪਲ, ਗੁਰਜੀਤ ਕੌਰ ਅਤੇ ਮੈਨੇਜਿੰਗ ਡਾਇਰੈਕਟਰ ਅਭਿਨਵ ਗੋਇਲ ਨਵੀਂ ਅਤੇ ਮਨੋਜ ਗਰਗ ਦੇ ਨਾਲ 100 ਪੌਦੇ ਲਗਾਏ ਗਏ। ਈਕੋ ਕਲੱਬ ਫਾਰ ਮਿਸ਼ਨ ਲਾਈਫ ਦੀ ਅਗਵਾਈ ਹੇਠ ਏਕ ਪੇਡ ਮਾਂ ਕੇ ਨਾਮ 2.0 ਪਹਿਲਕਦਮੀ ਵਿਦਿਆਰਥੀਆਂ ਨੂੰ ਆਪਣੀ ਮਾਂ ਅਤੇ ਧਰਤੀ ਮਾਤਾ ਦੇ ਸਨਮਾਨ ਵਿੱਚ ਲਗਾਏ ਗਏ ਪੌਦੇ ਦੀ ਪੌਦੇ ਲਗਾਉਣ ਤੋਂ ਬਾਅਦ ਦੇਖਭਾਲ ਲਈ ਜ਼ਰੂਰਤ ਜ਼ਿੰਮੇਵਾਰੀ ਲੈਣ ਲਈ ਉਤਸ਼ਾਹਿਤ ਕਰਦੀ ਹੈ। ਨਿਰੰਤਰ ਪਾਲਣ-ਪੋਸ਼ਣ, ਜਿਵੇਂ ਕਿ ਬਹੁਤ ਜ਼ਿਆਦਾ ਗਰਮੀ ਦੌਰਾਨ ਛਾਂ ਪ੍ਰਦਾਨ ਕਰਨਾ, ਪੌਦੇ ਦੇ ਲੰਬੇ ਸਮੇਂ ਦੇ ਬਚਾਅ ਅਤੇ ਵਿਕਾਸ ਨੂੰ ਯਕੀਨੀ ਬਣਾਉਂਦਾ ਹੈ ਅਜਿਹੀ ਇਕਸਾਰ ਨਿਗਰਾਨੀ ਵਾਤਾਵਰਣ ਜਾਗਰੂਕਤਾ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਵਾਤਾਵਰਣ ਸਥਿਰਤਾ ਵਿੱਚ ਅਰਥਪੂਰਨ ਯੋਗਦਾਨ ਪਾਉਂਦੀ ਹੈ। ਇਕੱਠੇ ਮਿਲ ਕੇ, ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਆਪਣੇ ਗ੍ਰਹਿ ਦੀ ਰੱਖਿਆ ਅਤੇ ਪਾਲਣ-ਪੋਸ਼ਣ ਕਰਨ ਦਾ ਵਾਅਦਾ ਕਰਦੇ ਹੋਏ ਪਹਿਲ ਕੀਤੀ।

## ਡੇਅਰੀ ਵਿਕਾਸ ਵਿਭਾਗ ਵੱਲੋਂ ਓਕਾਬ ਫੈਡਰੇਸ਼ਨ ਦੇ ਸਹਿਯੋਗ ਨਾਲ ਮੁਫ਼ਤ ਦੁੱਧ ਸੈਂਪਲਿੰਗ ਕੈਂਪ ਲਗਾਇਆ



ਧੂਰੀ, 17 ਜੁਲਾਈ (ਰਾਜੇਸ਼ਵਰ ਪਿੰਟੂ, ਅਮਨ ਗਰਗ): ਡੇਅਰੀ ਵਿਕਾਸ ਵਿਭਾਗ ਵੱਲੋਂ ਪ੍ਰੀਤ ਵਿਹਾਰ ਨਗਰ ਨੇੜੇ ਨੀਲ ਕੰਠ ਮੰਦਿਰ ਵਿਖੇ ਦੁੱਧ ਖਪਤਕਾਰ ਜਾਗਰੂਕਤਾ ਕੈਂਪ ਓਕਾਬ ਫੈਡਰੇਸ਼ਨ ਦੇ ਸਹਿਯੋਗ ਨਾਲ ਲਗਾਇਆ ਗਿਆ, ਜਿਸ ਵਿਚ 19 ਦੁੱਧ ਦੇ ਸੈਂਪਲ ਚੈੱਕ ਕੀਤੇ ਗਏ ਅਤੇ 13 ਦੁੱਧ ਦੇ ਸੈਂਪਲਾਂ ਵਿਚ ਪਾਣੀ ਦੀ ਮਾਤਰਾ ਵੱਧ ਪਾਈ ਗਈ। 6 ਦੁੱਧ ਦੇ ਸੈਂਪਲ ਠੀਕ ਪਾਏ ਗਏ। ਕਿਸੇ ਵੀ ਸੈਂਪਲ ਵਿਚ ਕੋਈ ਹਾਨੀਕਾਰਕ ਰਸਾਇਣ ਨਹੀਂ ਪਾਇਆ ਗਿਆ। ਕੈਂਪ ਦੌਰਾਨ ਦਵਿੰਦਰ ਸਿੰਘ ਡੇਅਰੀ ਵਿਕਾਸ ਇੰਸਪੈਕਟਰ, ਗੁਰਵਿੰਦਰ ਸਿੰਘ ਡਰਾਈਵਰ, ਓਕਾਬ ਫੈਡਰੇਸ਼ਨ ਧੂਰੀ ਦੇ ਪ੍ਰਧਾਨ ਵਿਕਾਸ ਵਰਮਾ, ਸੋਹਨ ਲਾਲ, ਨਰੇਸ਼ ਅੱਤਰੀ ਹਾਜ਼ਰ ਰਹੇ। ਇਸ ਮੌਕੇ 'ਤੇ ਦੁੱਧ ਦੇ ਖਪਤਕਾਰਾਂ ਵੱਲੋਂ ਇਸ ਕੈਂਪ ਦੀ ਪ੍ਰਸ਼ੰਸਾ ਕੀਤੀ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਕਿ ਇਹੋ ਜਿਹੇ ਦੁੱਧ ਸੈਂਪਲਿੰਗ ਕੈਂਪ ਲਗਾਉਣੇ ਚਾਹੀਦੇ ਹਨ।

## ਸੁਖਬੀਰ ਬਾਦਲ ਵੱਲੋਂ ਨਿਯੁਕਤ ਕੀਤੇ ਅਹੁਦੇਦਾਰਾਂ ਦਾ ਸਨਮਾਨ



ਭਦੌੜ, 17 ਜੁਲਾਈ (ਸੁਖਵਿੰਦਰ ਪਲਾਹਾ): ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਬੀਤੇ ਦਿਨ ਸਾਬਕਾ ਮੁੱਖ ਸੰਸਦੀ ਸਕੱਤਰ ਪੰਜਾਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਸੰਤ ਬਲਵੀਰ ਸਿੰਘ ਘੁੰਨਸ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ, ਐਡਵੋਕੇਟ ਸਤਨਾਮ ਸਿੰਘ ਰਾਹੀ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਵਰਕਿੰਗ ਕਮੇਟੀ ਮੈਂਬਰ, ਬੀਰਇੰਦਰ ਸਿੰਘ ਬੀਰੀ ਜੈਲਦਾਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਵਰਕਿੰਗ ਕਮੇਟੀ ਮੈਂਬਰ, ਬੇਅੰਤ ਕੌਰ ਖਹਿਰਾ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸਪੈਸਲ ਇਨਵਾਈਟੀ ਵਰਕਿੰਗ ਕਮੇਟੀ ਮੈਂਬਰ, ਯਾਦਵਿੰਦਰ ਸਿੰਘ ਨੂੰ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਵਜੋਂ ਜੋ ਅਹੁਦੇਦਾਰੀਆਂ ਸੌਂਪੀਆਂ ਗਈਆਂ ਹਨ 'ਤੇ ਅੱਜ ਸਾਵਨ ਦੀ ਸੰਗਰਾਂਦ ਦੇ ਪਵਿੱਤਰ ਦਿਹਾੜੇ ਮੌਕੇ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਦਾ ਧੰਨਵਾਦ ਕਰਦਿਆਂ ਅਤੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਜੱਥੇਦਾਰ ਬਲਦੇਵ ਸਿੰਘ ਚੂੰਘਾਂ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ (ਵਿਸਾਖੀ ਵਾਲਾ), ਗੁਰਦੁਆਰਾ ਸਾਹਿਬ ਪਾਤਸ਼ਾਹੀ ਦਸਵੀਂ (ਅੰਦਰਲਾ) ਭਦੌੜ ਅਤੇ ਗਹਿਲ ਦੇ ਮੈਨੇਜਰ ਭਾਈ ਜਗਦੇਵ ਸਿੰਘ ਸੰਧੂ ਵੱਲੋਂ ਗੁਰਦੁਆਰਾ ਸਾਹਿਬ ਪਾਤਸਾਹੀ ਛੇਵੀਂ (ਵਿਸਾਖੀ ਵਾਲਾ) ਭਦੌੜ ਵਿਖੇਂ ਸਿਰੋਪਾਓ ਅਤੇ ਸਨਮਾਨ ਚਿੰਨ ਦੇਕੇ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ ਇਸ ਸਮੇਂ ਉਕਤ ਨਵ-ਨਿਯੁਕਤ ਅਹੁਦੇਦਾਰਾਂ ਨੇ ਕਿਹਾ ਕਿ ਜਦੋਂ ਪੰਜਾਬ 'ਚ ਸ੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ ਅਤੇ ਸ੍ਰੋਮਣੀ ਅਕਾਲੀ ਦਲ ਪੂਰੀ ਤਰੱਕੀ 'ਤੇ ਸੀ ਤਾਂ ਵਰੋਧੀ ਪਾਰਟੀਆਂ ਨੂੰ ਇਹ ਗੱਲ ਰਾਸ ਨਹੀ ਆਈ ਅਤੇ ਉਨ੍ਹਾਂ ਨੇ ਕੂੜ ਪ੍ਰਚਾਰ ਕਰਕੇ ਪੰਜਾਬ ਦੇ ਭੋਲੇ-ਭਾਲੇ ਲੋਕਾਂ ਨੂੰ ਗੁੰਮਰਾਹ ਕਰਕੇ ਆਪਣੇ ਵੱਲ ਕਰ ਲਿਆ।ਉਨ੍ਹਾਂ ਕਿਹਾ ਕਿ ਹੁਣ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਸਾਢੇ ਤਿੰਨ ਸਾਲ ਹੋ ਗਏ ਹਨ ਪਰ ਇਨ੍ਹਾਂ ਨੇ ਪੰਜਾਬ ਦੇ ਲੋਕਾਂ ਦਾ ਕੁੱਝ ਨਹੀਂ ਸਵਾਰਿਆ ਇਸ ਲਈ ਪੰਜਾਬ ਦੇ ਲੋਕਾਂ ਨੇ ਇਸ ਪਾਰਟੀ ਨੂੰ ਨਕਾਰ ਦਿੱਤਾ ਹੈ ਅਤੇ ਹੁਣ ਫਿਰ ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੂੰ ਯਾਦ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਜੋ ਸਾਨੂੰ ਮਾਣ ਸਤਿਕਾਰ ਦਿੱਤਾ ਹੈ ਉਸ ਲਈ ਅਸੀਂ ਤਹਿ ਦਿਲੋਂ ਉਨ੍ਹਾਂ ਦਾ ਧੰਨਵਾਦ ਕਰਦੇ ਹਾਂ ਅਤੇ ਵਾਅਦਾ ਕਰਦੇ ਹਾਂ ਕਿ ਪਾਰਟੀ ਦੀ ਚੜ੍ਹਦੀ ਕਲਾ ਲਈ ਦਿਨ ਰਾਤ ਇੱਕ ਕਰ ਦੇਵਾਂਗੇ ਅਤੇ ਹੁਣ ਪੂਰੀ ਤਰ੍ਹਾਂ ਤਹਿ ਹੈ ਕਿ 2027 'ਚ ਪੰਜਾਬ 'ਚ ਮੁੜ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੇਗੀ ਅਤੇ ਮੁੜ ਪੰਜਾਬ ਤਰੱਕੀ ਦੀ ਰਾਹ 'ਤੇ ਦੌੜੇਗਾ ਇਸ ਮੌਕੇ ਸੀਨੀਅਰ ਆਗੂ ਜਸਵੀਰ ਸਿੰਘ ਧੰਮੀ, ਅਮਨਿੰਦਰ ਸਿੰਘ ਗੋਲਡੀ ਭਦੌੜ ਸੋMਮਣੀ ਅਕਾਲੀ ਦਲ ਯੂਥ ਵਿੰਗ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ, ਮੈਨੇਜਰ ਸੁਰਜੀਤ ਸਿੰਘ ਠੀਕਰੀਵਾਲ,ਸੁਖਦੇਵ ਸਿੰਘ ਜੈਦ, ਸਰਪੰਚ ਗੋਰਾ ਸਿੰਘ ਮੱਝੂਕੇ, ਡਾ. ਅਵਤਾਰ ਸਿੰਘ, ਚਰਨ ਸਿੰਘ ਖੰਨਾ ਬਲਵਿੰਦਰ ਸਿੰਘ ਲਧਰੋਈਆ,ਮੋਟਰਜ, ਸਰਪੰਚ ਗੁਰਮੇਲ ਸਿੰਘ ਗੋਲੀ, ਪੰਮਾ ਨੰਬਰਦਾਰ, ਸੁਖਦੇਵ ਸਿੰਘ ਧਾਲੀਵਾਲ, ਦਰਸ਼ਨ ਸਿੰਘ, ਜਸਵਿੰਦਰ ਸਿੰਘ ਸਟੋਰ ਕੀਪਰ, ਸੁਖਪਾਲ ਸਿੰਘ ਅਕਾਊਂਟੈਂਟ, ਮਨਪ੍ਰੀਤ ਸਿੰਘ ਰਿਕਾਰਡ ਕੀਪਰ, ਭਾਈ ਸਤਿਨਾਮ ਸਿੰਘ ਹੈੱਡ ਗ੍ਰੰਥੀ, ਡਰਾਇਵਰ ਗੁਰਪ੍ਰੀਤ ਸਿੰਘ, ਹਰਪ੍ਰੀਤ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਪਾਰਟੀ ਦੇ ਆਗੂ ਅਤੇ ਵਰਕਰ ਮੌਜੂਦ ਸਨ।

## ਪੰਜਾਬ ਸਰਕਾਰ ਮਿਲਾਵਟਖੋਰੀ ਵਿਰੁੱਧ ਵੀ ਯੁੱਧ ਕਰੇ ਸ਼ੁਰੂ



ਬਰਨਾਲਾ 17 ਜੁਲਾਈ (ਸੁਖਵਿੰਦਰ ਸਿੰਘ ਭੰਡਾਰੀ): ਪੰਜਾਬ ਸਰਕਾਰ ਨੇ ਨਸ਼ਿਆਂ ਦੇ ਖਾਤਮੇ ਲਈ ਯੁੱਧ ਨਸ਼ਿਆਂ ਵਿਰੁੱਧ ਚਲਾਇਆ ਹੋਇਆ ਹੈ, ਕਿਉਂਕਿ ਨਸ਼ਿਆਂ ਕਾਰਨ ਪੰਜਾਬ ਦੀ ਜਵਾਨੀ ਦਾ ਘਾਣ ਹੋ ਰਿਹਾ ਹੈ। ਇਸ ਪ੍ਰਕਾਰ ਪੰਜਾਬ ਵਿੱਚ ਯੁੱਧ ਮਿਲਾਵਟਖੋਰੀ ਵਿਰੁੱਧ ਸ਼ੁਰੂ ਕਰਨਾ ਸਮੇਂ ਦੀ ਮੁੱਖ ਲੋੜ ਹੈ। ਇਸ ਮੌਕੇ ਬੋਲਦਿਆਂ 22 ਏਕੜ ਪ੍ਰਾਚੀਨ ਸ਼ਿਵ ਮੰਦਰ ਦੇ ਪ੍ਰਧਾਨ ਸੁਰੇਸ਼ ਕੁਮਾਰ ਤਪੇ ਵਾਲੇ , ਸੀਨੀਅਰ ਐਡਵੋਕੇਟ ਲੋਕੇਸ਼ਵਰ ਸੇਵਕ ਬਰਨਾਲਾ ਅਤੇ ਜ਼ਿਲ੍ਹਾ ਬਾਰ ਐਸੋਸੀਏਸ਼ਨ ਬਰਨਾਲਾ ਦੇ ਮੀਤ ਪ੍ਰਧਾਨ ਤਲਵਿੰਦਰ ਸਿੰਘ ਮਸੌਣ ਨੇ ਕਿਹਾ ਕਿ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ 'ਚ ਵੀ ਮਿਲਾਵਟਖੋਰੀ ਵੱਡੀ ਪੱਧਰ 'ਤੇ ਹੋਣ ਕਾਰਨ ਲੋਕ ਕਿਡਨੀ, ਜਿਗਰ ਅਤੇ ਹੋਰ ਰੋਗਾਂ ਤੋਂ ਪੀੜ੍ਹਤ ਹੋ ਕੇ ਡਾਕਟਰੀ ਇਲਾਜ ਲਈ ਹਸਪਤਾਲਾਂ 'ਚ ਦਾਖ਼ਲ ਹਨ। ਸਰਕਾਰ ਨੂੰ ਮਿਲਾਵਟਖੋਰੀ ਦੀ ਰੋਕਥਾਮ ਲਈ ਠੋਸ ਕਦਮ ਚੁੱਕਣੇ ਚਾਹੀਦੇ ਹਨ। ਭਾਰਤ ਅੰਦਰ ਰੋਜ਼ਾਨਾ 64 ਕਰੋੜ ਲੀਟਰ ਦੁੱਧ ਦੀ ਖਪਤ ਹੁੰਦੀ ਹੈ, ਲੇਕਿਨ ਦੇਸ਼ ਅੰਦਰ ਦੁੱਧ ਦੀ ਪੈਦਾਵਾਰ ਕੇਵਲ 14 ਕਰੋੜ ਲੀਟਰ ਹੈ। ਬਾਕੀ ਦਾ 50 ਕਰੋੜ ਲੀਟਰ ਦੁੱਧ ਮਿਲਾਵਟਖੋਰੀ ਵਾਲਾ ਜਾਂ ਨਕਲੀ ਹੁੰਦਾ ਹੈ। ਇਸ ਲਈ ਲੋਕਾਂ ਨੂੰ ਜਾਗਰੂਕ ਹੋਣ ਦੇ ਲੋੜ ਹੈ। ਮੱਝਾਂ ਗਾਵਾਂ ਦੇ ਟੀਕੇ ਲਾ ਕੇ ਚੋਏ ਹੋਏ ਦੁੱਧ ਨੂੰ ਅੰਮ੍ਰਿਤ ਨਹੀਂ ਕਿਹਾ ਜਾ ਸਕਦਾ। ਟੀਕਿਆਂ ਵਾਲਾ ਦੁੱਧ ਪੀਣ ਨਾਲ ਲੋਕਾਂ ਦੀ ਵਿਸ਼ੇਸ਼ ਤੌਰ 'ਤੇ ਪ੍ਰਜਨਨ ਸ਼ਕਤੀ ਘੱਟ ਹੋ ਰਹੀ ਹੈ, ਦੁੱਧ ਤੋਂ ਇਲਾਵਾ ਨਕਲੀ ਖੋਆ, ਨਕਲੀ ਪਨੀਰ, ਮਿਲਾਵਟ ਵਾਲਾ ਦੇਸੀ ਘਿਓ ਆਦਿ ਨੂੰ ਲੋਕ ਅਸਲ ਸਮਝ ਕੇ ਆਪ ਅਤੇ ਆਪਣੇ ਬੱਚਿਆਂ ਨੂੰ ਖੁਆ ਰਹੇ ਹਨ। ਉਹਨਾਂ ਮਿਲਾਵਟਖੋਰਾਂ ਨੂੰ ਮਨੁੱਖਤਾ ਦਾ ਘਾਣ ਕਰਨ ਤੋਂ ਗੁਰੇਜ਼ ਕਰਨ ਦੀ ਅਪੀਲ ਕੀਤੀ ਹੈ। ਮਿਲਾਵਟਖੋਰੀ ਕਾਰਨ ਨੌਜਵਾਨ ਪੀੜ੍ਹੀ ਖੋਖਲੀ ਹੁੰਦੀ ਜਾ ਰਹੀ ਹੈ ।ਬੁਢਾਪਾ ਬਿਮਾਰੀਆਂ ਦਾ ਸ਼ਿਕਾਰ ਹੋਇਆ ਪਿਆ ਹੈ। ਜੇਕਰ ਮਿਲਾਵਟਖੋਰੀ ਤੇ ਜਲਦੀ ਕਾਬੂ ਨਾ ਪਾਇਆ ਗਿਆ ਤਾਂ ਅਸੀਂ ਬਿਮਾਰਾਂ ਦੀ ਕੌਮ ਬਣ ਜਾਵਾਂਗੇ। ਦੁੱਧ ਤੋਂ ਬਿਨਾਂ ਹਲਦੀ, ਮਿਰਚ, ਮਸਾਲੇ, ਦਾਲਾਂ, ਦਵਾਈਆਂ ਆਦਿ ਖਾਣ ਪੀਣ ਦੀਆਂ ਹੋਰ ਚੀਜ਼ਾਂ ਵੀ ਵਿੱਚ ਵੀ ਮਿਲਾਵਟ ਪਾਈ ਜਾ ਜਾ ਰਹੀ ਹੈ। ਉਹਨਾਂ ਪੰਜਾਬ ਦੀ ਉਦਾਹਰਨ ਦਿੰਦਿਆਂ ਕਿਹਾ ਕਿ ਪੰਜਾਬ 'ਚ ਰੋਜ਼ਾਨਾ 360 ਲੱਖ ਲੀਟਰ ਦੁੱਧ ਦਾ ਉਤਪਾਦਨ ਅਤੇ ਖਪਤ 680 ਲੱਖ ਲੀਟਰ ਹੁੰਦਾ ਹੈ। ਅਰਥਾਤ 320 ਲੱਖ ਲੀਟਰ ਦੁੱਧ ਮਿਲਾਵਟਖੋਰੀ ਵਾਲਾ ਹੁੰਦਾ ਹੈ। ਮਿਲਾਵਟਖੋਰੀ ਨੂੰ ਰੋਕਣ ਲਈ ਸਰਕਾਰ ਨੂੰ ਸਖ਼ਤ ਕਾਨੂੰਨ ਬਣਾਉਣ ਦੀ ਲੋੜ ਹੈ।

## ਅਮਨ ਅਰੋੜਾ ਅਤੇ ਆਰ.ਐਨ. ਕਾਂਸਲ ਬਣੇ ਰੋਟਰੀ ਕਲੱਬ ਦੇ ਆਨਰੇਰੀ ਮੈਂਬਰ

ਸੁਨਾਮ, 17 ਜੁਲਾਈ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ):ਰੋਟਰੀ ਕਲੱਬ ਸੁਨਾਮ ਵੱਲੋਂ ਸਮਾਜ ਸੇਵਾ ਦੇ ਖੇਤਰ ਵਿੱਚ ਬੇਮਿਸਾਲ ਯੋਗਦਾਨ ਦੇਣ ਵਾਲੀਆਂ ਦੋ ਪ੍ਰਸਿੱਧ ਸ਼ਖ਼ਸੀਅਤਾਂ— ਕੈਬਿਨੇਟ ਮੰਤਰੀ ਅਮਨ ਅਰੋੜਾ ਅਤੇ ਸੀਨੀਅਰ ਪੱਤਰਕਾਰ ਆਰ.ਐਨ. ਕਾਂਸਲ—ਨੂੰ ਰੋਟਰੀ ਕਲੱਬ ਦਾ ਆਨਰੇਰੀ ਮੈਂਬਰ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਕਲੱਬ ਦੇ ਪ੍ਰਧਾਨ ਰੋਟੇਰੀਅਨ ਜਗਦੀਪ ਭਾਰਦਵਾਜ ਦੀ ਅਗਵਾਈ ਵਿੱਚ ਸਰਵਸੰਮਤੀ ਨਾਲ ਕੀਤੀ ਗਈ।ਇਸ ਮੌਕੇ 'ਤੇ ਕਲੱਬ ਪ੍ਰਧਾਨ ਜਗਦੀਪ ਭਾਰਦਵਾਜ ਨੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਕਿ ਅਮਨ ਅਰੋੜਾ ਨਾ ਸਿਰਫ਼ ਪੰਜਾਬ ਸਰਕਾਰ ਵਿੱਚ ਕੈਬਿਨੇਟ ਮੰਤਰੀ ਦੇ ਤੌਰ 'ਤੇ ਵਿਕਾਸ ਦੇ ਪ੍ਰਤੀਕ ਹਨ, ਸਗੋਂ ਰੋਟਰੀ ਇੰਟਰਨੈਸ਼ਨਲ ਵਰਗੀਆਂ ਸਮਾਜ ਸੇਵੀ ਸੰਸਥਾਵਾਂ ਦੀਆਂ ਗਤਿਵਿਧੀਆਂ ਵਿੱਚ ਵੀ ਉਨ੍ਹਾਂ ਦਾ ਯੋਗਦਾਨ ਕਾਬਿਲ-ਏ-ਤਾਰੀਫ਼ ਰਿਹਾ ਹੈ। ਉਨ੍ਹਾਂ ਕਿਹਾ ਕਿ ਅਮਨ ਅਰੋੜਾ ਦੇ ਕੰਮ ਕਰਨ ਦਾ ਢੰਗ, ਪਾਰਦਰਸ਼ਤਾ ਅਤੇ ਲੋਕਸੇਵਾ ਪ੍ਰਤੀ ਉਨ੍ਹਾਂ ਦੀ ਨਿਸ਼ਠਾ ਉਨ੍ਹਾਂ ਨੂੰ ਇਕ ਆਦਰਸ਼ ਲੋਕਪ੍ਰਤਿਨਿਧੀ ਬਣਾਉਂਦੀ ਹੈ। ਦੂਜੇ ਪਾਸੇ ਆਰ.ਐਨ. ਕਾਂਸਲ, ਜੋ ਕਿ ਦਿ ਇਲੈਕਟ੍ਰਾਨਿਕ ਮੀਡੀਆ ਪ੍ਰੈਸ ਕਲੱਬ ਅਤੇ ਸਿਟੀ ਮੀਡੀਆ ਪ੍ਰੈਸ ਦੇ ਜਰਨਲ ਸਕੱਤਰ ਹਨ, ਕਈ ਸਾਲਾਂ ਤੋਂ ਪੱਤਰਕਾਰਤਾ ਰਾਹੀਂ ਸਮਾਜ ਸੇਵਾ ਵਿੱਚ ਸਰਗਰਮ ਭੂਮਿਕਾ ਨਿਭਾ ਰਹੇ ਹਨ।ਉਨ੍ਹਾਂ ਦੀ ਨਿਸ਼ਪੱਖ ਪੱਤਰਕਾਰਤਾ ਅਤੇ ਸਮਾਜ ਪ੍ਰਤੀ ਸਕਾਰਾਤਮਕ ਸੋਚ ਨੂੰ ਵੇਖਦੇ ਹੋਏ ਕਲੱਬ ਵੱਲੋਂ ਉਨ੍ਹਾਂ ਨੂੰ ਵੀ ਇਹ ਸਨਮਾਨ ਦੇਣ ਦਾ ਫੈਸਲਾ ਲਿਆ ਗਿਆ।ਕਲੱਬ ਵੱਲੋਂ ਦੋਵੇਂ ਹਸਤੀਆਂ ਨੂੰ ਉਨ੍ਹਾਂ ਦੇ ਯੋਗਦਾਨ ਲਈ ਵਿਸ਼ੇਸ਼ ਤੌਰ 'ਤੇ ਰੋਟਰੀ ਕਲੱਬ ਸੁਨਾਮ ਦਾ ਆਨਰੇਰੀ ਮੈਂਬਰ ਨਿਯੁਕਤ ਕੀਤਾ ਗਿਆ। ਰੋਟਰੀ ਕਲੱਬ ਸੁਨਾਮ ਦਾ ਇਹ ਕਦਮ ਸਮਾਜ ਸੇਵਾ ਨਾਲ ਜੁੜੇ ਲੋਕਾਂ ਨੂੰ ਉਤਸ਼ਾਹਤ ਕਰਨ ਵੱਲ ਇਕ ਸਰਾਹਣਯੋਗ ਪਹਲ ਮੰਨੀ ਜਾ ਰਹੀ ਹੈ।

## ਮੰਦਰ ਕਮੇਟੀ ਦੀ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਸਬੰਧੀ ਮੀਟਿੰਗ



ਤਪਾ ਮੰਡੀ, 17 ਜੁਲਾਈ (ਭੂਸ਼ਨ ਘੜੈਲਾ):ਪ੍ਰਾਚੀਨ ਸਰਾਂ ਮੰਦਰ ਕਮੇਟੀ ਦੀ ਇੱਕ ਵਿਸ਼ੇਸ਼ ਮੀਟਿੰਗ ਪ੍ਰਧਾਨ ਅਸ਼ਵਨੀ ਕੁਮਾਰ ਆਸ਼ੂ ਭੂਤ ਦੀ ਅਗਵਾਈ ਹੇਠ ਪ੍ਰਾਚੀਨ ਸਰਾਂ ਮੰਦਰ ਵਿਖੇ ਦਫ਼ਤਰ 'ਚ ਹੋਈ, ਜਿਸ ਵਿੱਚ ਜਿੱਥੇ 16 ਅਗਸਤ ਨੂੰ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਧੂਮ ਧਾਮ ਨਾਲ ਮਨਾਉਣ ਦਾ ਫੈਸਲਾ ਲਿਆ ਗਿਆ ਉੱਥੇ ਹੀ ਮੰਦਰ ਵਿਖੇ ਸਥਾਪਿਤ ਮੂਰਤੀਆਂ ਦੇ 25 ਸਾਲ ਪੂਰੇ ਹੋਣ 'ਤੇ ਸਾਲਾਨਾ ਧਾਰਮਿਕ ਸਮਾਰੋਹ ਕਰਨ ਸਬੰਧੀ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਮੰਦਰ ਕਮੇਟੀ ਦੇ ਸਮੂਹ ਹਾਜ਼ਰ ਮੈਂਬਰਾਂ ਨੇ ਮਾਂ ਭਗਵਤੀ ਦਾ ਵਿਸ਼ਾਲ ਜਾਗਰਣ ਕਰਾਉਣ ਲਈ ਵੀ ਫੈਸਲਾ ਲਿਆ। ਇਸ ਮੌਕੇ ਪ੍ਰਾਚੀਨ ਸਰਾਂ ਮੰਦਰ ਕਮੇਟੀ ਦੇ ਪ੍ਰਧਾਨ ਅਸ਼ਵਨੀ ਕੁਮਾਰ ਆਸ਼ੂ ਭੂਤ ਤੇ ਸੈਕਟਰੀ ਭੂਸ਼ਨ ਘੜੈਲਾ ਨੇ ਦੱਸਿਆ ਕਿ 14 ਅਗਸਤ ਦਿਨ ਵੀਰਵਾਰ ਨੂੰ ਮਾਂ ਭਗਵਤੀ ਦਾ ਜਾਗਰਣ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਅਤੇ ਮਾਂ ਭਗਵਤੀ ਦੇ ਜਾਗਰਣ ਨੂੰ ਲੈਕੇ ਦੋ - ਚਾਰ ਦਿਨਾਂ ਤੋਂ ਤਿਆਰੀਆਂ ਆਰੰਭ ਕਰ ਦਿੱਤੀਆ ਜਾਣਗੀਆਂ। ਇਸ ਮੌਕੇ ਕਮੇਟੀ ਮੈਂਬਰਾਂ ਨੇ ਦੱਸਿਆ ਕਿ ਮਾਂ ਭਗਵਤੀ ਦੇ ਜਾਗਰਣ ਦੇ ਸ਼ੁਭ ਦਿਹਾੜੇ 'ਤੇ ਸ਼ਾਮ ਨੂੰ ਸਮੂਹ ਸੰਗਤ ਲਈ ਅਤੁੱਟ ਲੰਗਰ ਲਗਾਇਆ ਜਾਵੇਗਾ। ਕ੍ਰਿਸ਼ਨ ਜਨਮ ਅਸ਼ਟਮੀ 16 ਅਗਸਤ ਦਿਨ ਸ਼ਨੀਵਾਰ ਨੂੰ ਹਰ ਸਾਲ ਦੀ ਤਰ੍ਹਾਂ ਪ੍ਰਾਚੀਨ ਸਰਾਂ ਮੰਦਰ ਵਿਚ ਬੜੀ ਹੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਈ ਜਾਵੇਗੀ। ਇਸ ਮੌਕੇ ਪ੍ਰਚੀਨ ਸਰਾਂ ਮੰਦਰ ਕਮੇਟੀ ਦੇ ਪ੍ਰਧਾਨ ਅਸ਼ਵਨੀ ਕੁਮਾਰ ਆਸ਼ੂ ਭੂਤ, ਸੈਕਟਰੀ ਭੂਸ਼ਨ ਘੜੈਲਾ, ਕੈਸ਼ੀਅਰ ਵਿਸ਼ਾਲ ਗਰਗ ਬਬਲਾ ਭੈਣੀ, ਸਾਬਕਾ ਕੌਂਸਲਰ ਵਿਜੇ ਕੁਮਾਰ ਧੂਰਕੋਟੀਆ, ਸਾਬਕਾ ਕੌਂਸਲਰ ਬੁੱਧ ਰਾਮ ਕਾਲਾ, ਰਮੇਸ਼ ਕੁਮਾਰ ਧੋਲਾ, ਰਾਜੀਵ ਕੁਮਾਰ ਗੋਲਾ ਧੂਰਕੋਟੀਆ, ਬਿੰਦਰ ਕੁਮਾਰ ਗਰਗ,ਮੋਨੂੰ ਮੌੜ,ਤਰਲੋਕ ਤੋਤੀ ਆਦਿ ਮੈਂਬਰ ਹਾਜ਼ਰ ਸਨ।

## ਏ ਐਸ ਰਾਏ ਦੇ ਡੀ ਜੀ ਪੀ ਪ੍ਰਮੋਟ ਹੋਣ 'ਤੇ ਗਰੇਵਾਲ ਨੇ ਦਿੱਤੀ ਵਧਾਈ



ਬਰਨਾਲਾ, 17 ਜੁਲਾਈ (ਸੁਖਵਿੰਦਰ ਸਿੰਘ ਭੰਡਾਰੀ): ਪੰਜਾਬ ਪੁਲਿਸ ਦੇ ਆਈ ਪੀ ਐਸ ਅਧਿਕਾਰੀ ਅਮਰਜੀਤ ਸਿੰਘ ਰਾਏ ਦੀ ਸ਼ਾਨਦਾਰ ਕਾਰਗੁਜ਼ਾਰੀ ਨੂੰ ਦੇਖਦਿਆਂ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਤਰੱਕੀ ਦੇ ਕੇ ਡੀ ਜੀ ਪੀ ਪੰਜਾਬ ਬਣਾ ਦਿੱਤਾ ਹੈ। ਕਾਂਗਰਸ ਦੇ ਕਿਸਾਨ ਮੋਰਚੇ ਦੇ ਸੂਬਾ ਮੀਤ ਪ੍ਰਧਾਨ ਧੰਨਾ ਸਿੰਘ ਗਰੇਵਾਲ ਨੇ ਨਵੇਂ ਪ੍ਰਮੋਟ ਹੋਏ ਡੀ ਜੀ ਪੀ ਅਮਰਜੀਤ ਸਿੰਘ ਰਾਏ ਨਾਲ ਮੁਲਾਕਾਤ ਕਰਕੇ ਉਹਨਾਂ ਨੂੰ ਗੁਲਦਸਤਾ ਭੇਟ ਕਰਕੇ ਵਧਾਈ ਦਿੱਤੀ। ਧੰਨਾ ਸਿੰਘ ਗਰੇਵਾਲ ਨੇ ਕਿਹਾ ਕਿ ਅਮਰਜੀਤ ਸਿੰਘ ਰਾਏ ਨੇ ਸੰਗਰੂਰ , ਪਟਿਆਲਾ ਅਤੇ ਅਨੇਕਾਂ ਹੋਰ ਥਾਵਾਂ 'ਤੇ ਕੰਮ ਕੀਤਾ ਹੈ, ਉਹ ਜਿੱਥੇ ਜਿੱਥੇ ਵੀ ਰਹੇ, ਲੋਕਾਂ 'ਚ ਹਰਮਨ ਪਿਆਰੇ ਰਹੇ, ਕਿਉਂਕਿ ਇਨ੍ਹਾਂ ਨੇ ਹਮੇਸ਼ਾ ਹੱਕ ਸੱਚ 'ਤੇ ਪਹਿਰਾ ਦਿੰਦਿਆਂ ਕਾਨੂੰਨ ਅਨੁਸਾਰ ਲੋਕਾਂ ਨੂੰ ਇਨਸਾਫ਼ ਦਿੱਤਾ ਅਤੇ ਦਿਵਾਇਆ । ਇਨ੍ਹਾਂ ਨੇ ਧਰਮ ਤੇ ਜਾਤਾਂ ਦੀਆਂ ਵਲਗਣਾਂ ਤੋਂ ਉੱਪਰ ਉੱਠ ਕੇ ਹਮੇਸ਼ਾ ਮਨੁੱਖੀ ਅਧਿਕਾਰਾਂ ਦੀ ਰੱਖਿਆ ਕੀਤੀ। ਇਹ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ 'ਚ ਸ਼ਲਾਘਾਯੋਗ ਯੋਗਦਾਨ ਪਾ ਰਹੇ ਹਨ। ਕਿਸਾਨ ਆਗੂ ਧੰਨਾ ਸਿੰਘ ਗਰੇਵਾਲ ਦੀ ਇਨ੍ਹਾਂ ਨਾਲ ਰਿਸ਼ਤੇਦਾਰੀ ਵੀ ਹੈ। ਅਮਰਜੀਤ ਸਿੰਘ ਰਾਏ ਇਨਸਾਨੀਅਤ ਨੂੰ ਪਿਆਰ ਕਰਨ ਵਾਲੇ ਪੁਲਿਸ ਅਧਿਕਾਰੀ ਹਨ। ਇਹੋ ਜਿਹੇ ਇਮਾਨਦਾਰ ਅਤੇ ਨਿਸ਼ਠਾਵਾਨ ਪੁਲਿਸ ਅਧਿਕਾਰੀਆਂ ਸਦਕਾ ਹੀ ਪੰਜਾਬ ਪੁਲਿਸ ਹਮੇਸ਼ਾ ਚੜ੍ਹਦੀ ਕਲਾ 'ਚ ਰਹਿ ਕੇ ਕਾਨੂੰਨ ਦੀ ਰਖਵਾਲੀ ਕਰਦੀ ਹੈ।

## ਐਸ.ਸੀ. ਕਮਿਸ਼ਨ ਦੇ ਮੈਂਬਰ ਗੁਲਜ਼ਾਰ ਸਿੰਘ ਬੌਬੀ ਨੇ ਪਿੰਡ ਕਾਲਾਬੂਲਾ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ



ਧੂਰੀ, 17 ਜੁਲਾਈ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਮੈਂਬਰ ਸ਼੍ਰੀ ਗੁਲਜ਼ਾਰ ਸਿੰਘ ਬੌਬੀ ਨੇ ਪਿੰਡ ਕਾਲਾਬੂਲਾ ਵਿਖੇ ਅਨੁਸੂਚਿਤ ਜਾਤੀਆਂ ਭਾਈਚਾਰੇ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਹੱਲ ਦਾ ਭਰੋਸਾ ਦਿੱਤਾ, ਜਿਨ੍ਹਾਂ ਵਿੱਚ ਜ਼ਿਆਦਾਤਰ ਲਾਲ ਕਾਪੀਆਂ ਬੰਦ ਹੋਣ ਦਾ ਮੁੱਦਾ ਉਠਾਇਆ ਗਿਆ। ਇਸ ਮੌਕੇ ਬੌਬੀ ਨੇ ਕਿਹਾ ਕਿ ਅਨੁਸੂਚਿਤ ਜਾਤੀਆਂ ਕਮਿਸ਼ਨ ਇਸੇ ਗੱਲ ਨੂੰ ਲੈ ਕੇ ਕਾਰਜਸ਼ੀਲ ਹੈ ਕਿ ਅਨੁਸੂਚਿਤ ਜਾਤੀਆਂ ਭਾਈਚਾਰੇ ਦੇ ਲੋਕਾਂ ਦੀਆਂ ਸਮੱਸਿਆਵਾਂ ਦਾ ਢੁਕਵਾਂ ਹੱਲ ਹੋਵੇ ਤੇ ਭਾਈਚਾਰੇ ਦੇ ਲੋਕਾਂ ਨਾਲ ਕਿਸੇ ਕਿਸਮ ਦਾ ਧੱਕਾ ਨਾ ਹੋਵੇ। ਉਹਨਾਂ ਦੀ ਆਪਣੀ ਇਹ ਕੋਸ਼ਿਸ਼ ਹੁੰਦੀ ਹੈ ਕਿ ਲੋਕਾਂ ਵਿੱਚ ਜ਼ਮੀਨੀ ਪੱਧਰ ਉੱਤੇ ਵੱਧ ਤੋਂ ਵੱਧ ਵਿਚਰਿਆ ਜਾਵੇ ਤਾਂ ਜੋ ਜ਼ਮੀਨੀ ਹਕੀਕਤਾਂ ਦਾ ਪਤਾ ਲਗਦਾ ਰਹੇ ਅਤੇ ਮੁਸ਼ਕਲਾਂ ਦਾ ਠੋਸ ਹੱਲ ਕੀਤਾ ਜਾ ਸਕੇ। ਬੌਂਬੀ ਨੇ ਕਿਹਾ ਕਿ ਅਨੁਸੂਚਿਤ ਜਾਤੀਆਂ ਨਾਲ ਭੇਦਭਾਵ ਕਿਸੇ ਵੀ ਹਾਲਤ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਗ਼ਰੀਬ ਵਰਗ ਨੂੰ ਇਨਸਾਫ਼ ਦਿਵਾਉਣ ਲਈ ਕਮਿਸ਼ਨ ਕੋਲ ਸੰਵਿਧਾਨਕ ਸ਼ਕਤੀਆਂ ਹਨ ਤੇ ਕਿਸੇ ਵੀ ਖੇਤਰ ਵਿੱਚ ਜਾਤੀ ਵਿਤਕਰੇਬਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਮੈਂਬਰ ਨੇ ਕਿਹਾ ਕਿ ਕਈ ਵਾਰੀ ਲੋਕ ਵੱਖੋ ਵੱਖ ਕਾਰਨਾਂ ਕਰ ਕੇ ਆਪਣੇ ਨਾਲ ਹੋਈਆਂ ਵਧੀਕੀਆਂ ਬਾਰੇ ਸ਼ਿਕਾਇਤ ਕਰਨ ਤੋਂ ਝਿਜਕ ਜਾਂਦੇ ਹਨ, ਜਿਸ ਕਰ ਕੇ ਵਾਰ ਵਾਰ ਵਧੀਕੀਆਂ ਦਾ ਸ਼ਿਕਾਰ ਹੁੰਦੇ ਹਨ। ਉਹਨਾਂ ਕਿਹਾ ਕਿ ਜਦੋਂ ਵੀ ਕਦੇ ਕਿਤੇ ਵੀ ਕੋਈ ਵਧੀਕੀ ਹੁੰਦੀ ਹੈ, ਉਸ ਦੀ ਸ਼ਿਕਾਇਤ ਜ਼ਰੂਰ ਕੀਤੀ ਜਾਵੇ। ਬੌਬੀ ਨੇ ਐਸ.ਸੀ.ਭਾਈਚਾਰੇ ਦੇ ਲੋਕ ਬੇਝਿਜਕ ਹੋ ਕੇ ਆਪਣੀਆਂ ਸ਼ਿਕਾਇਤਾਂ ਦਰਜ ਕਰਵਾਉਣ। ਉਨ੍ਹਾਂ ਕਿਹਾ ਕਿ ਸ਼ਿਕਾਇਤ ਦਰਜ ਕਰਵਾਉਣ ਨਾਲ ਉਹਨਾਂ ਨੂੰ ਜਲਦ ਇਨਸਾਫ਼ ਮਿਲੇਗਾ। ਇਸ ਮੌਕੇ ਸਰਪੰਚ ਵੱਲੋਂ ਸ਼੍ਰੀ ਬੌਬੀ ਦਾ ਸਨਮਾਨ ਵੀ ਕੀਤਾ ਗਿਆ ।ਇਸ ਦੌਰਾਨ ਬਲਵਿੰਦਰ ਸਿੰਘ ਬਾਵਲਾ, ਅਨਿਲ ਕੁਮਾਰ ਰੌਕੀ, ਰਾਜ ਸਿੰਘ, ਸੋਨੂ ਸਿੰਘ, ਸਰਪੰਚ ਰਣਜੀਤ ਸਿੰਘ ਕਾਲਾਬੂਲਾ, ਸਰਪੰਚ ਦਵਿੰਦਰ ਬਧੇਸ਼ਾ ਹਲਕਾ ਪ੍ਰਧਾਨ ਮਹਿਲ ਕਲਾਂ ਐਸ.ਸੀ. ਵਿੰਗ, ਹਰਬੰਸ ਸਿੰਘ ਹੰਸਾ ਗੰਡੇਵਾਲ ਬਲਾਕ ਪ੍ਰਧਾਨ ਸ਼ੇਰਪੁਰ, ਕਾਕਾ ਸਲੇਮਪੁਰ ਆਪ ਆਗੂ, ਅਤੇ ਸੁੱਖਾ ਦੀਦਾਰਗੜ੍ਹ ਆਪ ਆਗੂ ਸਮੇਤ ਵੱਡੀ ਗਿਣਤੀ ਪਿੰਡ ਵਾਸੀ ਹਾਜ਼ਰ ਸਨ। ਧੂਰੀ, 17 ਜੁਲਾਈ (ਰਾਜੇਸ਼ਵਰ ਪਿੰਟੂ, ਅਮਨ ਗਰਗ) - ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਮੈਂਬਰ ਸ਼੍ਰੀ ਗੁਲਜ਼ਾਰ ਸਿੰਘ ਬੌਬੀ ਨੇ ਪਿੰਡ ਕਾਲਾਬੂਲਾ ਵਿਖੇ ਅਨੁਸੂਚਿਤ ਜਾਤੀਆਂ ਭਾਈਚਾਰੇ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਹੱਲ ਦਾ ਭਰੋਸਾ ਦਿੱਤਾ, ਜਿਨ੍ਹਾਂ ਵਿੱਚ ਜ਼ਿਆਦਾਤਰ ਲਾਲ ਕਾਪੀਆਂ ਬੰਦ ਹੋਣ ਦਾ ਮੁੱਦਾ ਉਠਾਇਆ ਗਿਆ ।ਇਸ ਮੌਕੇ ਸ਼੍ਰੀ ਬੌਬੀ ਨੇ ਕਿਹਾ ਕਿ ਅਨੁਸੂਚਿਤ ਜਾਤੀਆਂ ਕਮਿਸ਼ਨ ਇਸੇ ਗੱਲ ਨੂੰ ਲੈ ਕੇ ਕਾਰਜਸ਼ੀਲ ਹੈ ਕਿ ਅਨੁਸੂਚਿਤ ਜਾਤੀਆਂ ਭਾਈਚਾਰੇ ਦੇ ਲੋਕਾਂ ਦੀਆਂ ਸਮੱਸਿਆਵਾਂ ਦਾ ਢੁਕਵਾਂ ਹੱਲ ਹੋਵੇ ਤੇ ਭਾਈਚਾਰੇ ਦੇ ਲੋਕਾਂ ਨਾਲ ਕਿਸੇ ਕਿਸਮ ਦਾ ਧੱਕਾ ਨਾ ਹੋਵੇ। ਉਹਨਾਂ ਦੀ ਆਪਣੀ ਇਹ ਕੋਸ਼ਿਸ਼ ਹੁੰਦੀ ਹੈ ਕਿ ਲੋਕਾਂ ਵਿੱਚ ਜ਼ਮੀਨੀ ਪੱਧਰ ਉੱਤੇ ਵੱਧ ਤੋਂ ਵੱਧ ਵਿਚਰਿਆ ਜਾਵੇ ਤਾਂ ਜੋ ਜ਼ਮੀਨੀ ਹਕੀਕਤਾਂ ਦਾ ਪਤਾ ਲਗਦਾ ਰਹੇ ਅਤੇ ਮੁਸ਼ਕਲਾਂ ਦਾ ਠੋਸ ਹੱਲ ਕੀਤਾ ਜਾ ਸਕੇ। ਸ਼੍ਰੀ ਬੌਂਬੀ ਨੇ ਕਿਹਾ ਕਿ ਅਨੁਸੂਚਿਤ ਜਾਤੀਆਂ ਨਾਲ ਭੇਦਭਾਵ ਕਿਸੇ ਵੀ ਹਾਲਤ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਗ਼ਰੀਬ ਵਰਗ ਨੂੰ ਇਨਸਾਫ਼ ਦਿਵਾਉਣ ਲਈ ਕਮਿਸ਼ਨ ਕੋਲ ਸੰਵਿਧਾਨਕ ਸ਼ਕਤੀਆਂ ਹਨ ਤੇ ਕਿਸੇ ਵੀ ਖੇਤਰ ਵਿੱਚ ਜਾਤੀ ਵਿਤਕਰੇਬਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਮੈਂਬਰ ਨੇ ਕਿਹਾ ਕਿ ਕਈ ਵਾਰੀ ਲੋਕ ਵੱਖੋ-ਵੱਖ ਕਾਰਨਾਂ ਕਰ ਕੇ ਆਪਣੇ ਨਾਲ ਹੋਈਆਂ ਵਧੀਕੀਆਂ ਬਾਰੇ ਸ਼ਿਕਾਇਤ ਕਰਨ ਤੋਂ ਝਿਜਕ ਜਾਂਦੇ ਹਨ, ਜਿਸ ਕਰ ਕੇ ਵਾਰ ਵਾਰ ਵਧੀਕੀਆਂ ਦਾ ਸ਼ਿਕਾਰ ਹੁੰਦੇ ਹਨ। ਉਹਨਾਂ ਕਿਹਾ ਕਿ ਜਦੋਂ ਵੀ ਕਦੇ ਕਿਤੇ ਵੀ ਕੋਈ ਵਧੀਕੀ ਹੁੰਦੀ ਹੈ, ਉਸ ਦੀ ਸ਼ਿਕਾਇਤ ਜ਼ਰੂਰ ਕੀਤੀ ਜਾਵੇ।

## ਐਨ.ਆਰ.ਆਈ ਵੀਰਾਂ ਨੇ ਸਕੂਲ 'ਚ ਲਗਵਾਇਆ ਆਰ.ਓ ਸਿਸਟਮ



ਕੌਹਰੀਆਂ, 17 ਜੁਲਾਈ (ਅਵਤਾਰ ਸਿੰਘ ਜਟਾਣਾ ):ਅੱਜ ਸਰਕਾਰੀ ਪ੍ਰਾਇਮਰੀ ਸਕੂਲ ਸੰਗਤੀਵਾਲਾ ਵਿਖੇ ਬੱਚਿਆਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ ਆਰ. ਓ ਸਿਸਟਮ ਲਗਾਇਆ ਗਿਆ। ਇਸ ਸਮੇਂ ਸਕੂਲ ਦੇ ਮੁੱਖ ਅਧਿਆਪਕ ਸ੍ਰੀ ਗੁਰਜੰਟ ਸਿੰਘ ਜੀ ਨੇ ਦਾਨੀ ਸੱਜਣ ਜਗਜੀਤ ਸਿੰਘ ਖੰਡੇਬਾਦ ਜੀ ਦੇ ਪੁੱਤਰ ਕਰਨਵੀਰ ਸਿੰਘ (ਕੈਨੇਡਾ) ਤੇ ਖੁਸ਼ਪ੍ਰੀਤ ਸਿੰਘ (ਕਨੇਡਾ)ਪੁੱਤਰ ਸ੍ਰ. ਬਿਕਰਜੀਤ ਸਿੰਘ ਸਾਬਕਾ ਮੈਂਬਰ ਦਾ ਧੰਨਵਾਦ ਕਰਦੇ ਹੋਏ ਕਿਹਾ ਇਸ ਨਾਲ ਸਕੂਲ ਦੇ ਬੱਚੇ ਸਾਫ਼ ਪਾਣੀ ਪੀ ਸਕਣਗੇ ਤੇ ਉਨ੍ਹਾਂ ਦੀ ਸਿਹਤ ਵਧੀਆ ਰਹੇਗੀ। ਦਾਨੀ ਸੱਜਣਾਂ ਨੂੰ ਇਸ ਤਰ੍ਹਾਂ ਦੇ ਉਪਰਾਲੇ ਕਰਦੇ ਰਹਿਣਾ ਚਾਹੀਦਾ ਹੈ, ਤਾਂ ਜੋ ਸਰਕਾਰੀ ਸਕੂਲਾਂ 'ਚ ਪੜ੍ਹਦੇ ਬੱਚਿਆਂ ਨੂੰ ਸਹੂਲਤਾਂ ਮਿਲ ਸਕਣ। ਇਸ ਸਮੇਂ ਸਾਬਕਾ ਪੰਚਾਇਤ ਮੈਂਬਰ ਬਿਕਰਜੀਤ ਸਿੰਘ ਸਿੱਧੂ, ਮਾਸਟਰ ਪ੍ਰਗਟ ਸਿੰਘ,ਮੈਡਮ ਨਰਦੀਪ ਕੌਰ, ਵੀਰਪਾਲ ਕੌਰ ਤੇ ਪ੍ਰੀਤੀ ਹਾਜ਼ਰ ਸਨ।

## ਸਮੱਗਲਰਾਂ ਦੀ ਸੂਹ ਦੇਣ ਵਾਲਿਆਂ ਦੀ ਪਹਿਚਾਣ ਜਨਤਕ ਨਹੀਂ ਕੀਤੀ ਜਾਵੇਗੀ : ਐਸ.ਐਚ.ਓ.



ਮੂਨਕ,17 ਜੁਲਾਈ (ਸਮਸ਼ੇਰ ਸਿੰਘ): ਅੱਜ ਯੁੱਧ ਨਸ਼ਿਆਂ ਵਿਰੁੱਧ ਤਹਿਤ ਪਿੰਡ ਭੂੰਦੜਭੈਣੀ ਵਿਖੇ ਸਰਪੰਚ ਹਰਦੀਪ ਸਿੰਘ ਦੀ ਅਗਵਾਈ ਹੇਠ ਗ੍ਰਾਮ ਪੰਚਾਇਤ ਦਾ ਇਜਲਾਸ ਹੋਇਆ। ਜਿਸ 'ਚ ਪੰਚਾਇਤ ਦੇ ਮੈਂਬਰਾਂ ਤੋਂ ਇਲਾਵਾ ਪਿੰਡ ਵਾਸੀ ਭਾਰੀ ਗਿਣਤੀ 'ਚ ਪਹੁੰਚੇ। ਇਸ ਦੌਰਾਨ ਐਸ.ਐਚ.ਓ.ਮੂਨਕ ਜਗਤਾਰ ਸਿੰਘ ਵੀ ਆਪਣੀ ਪੁਲਸ ਟੀਮ ਨਾਲ ਉਚੇਚੇ ਤੌਰ 'ਤੇ ਆਏ ਅਤੇ ਪਿੰਡਾਂ ਵਾਸੀਆਂ ਨੂੰ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਸਬੰਧੀ ਜਾਣੂੰ ਕਰਵਾਇਆ। ਉਨ੍ਹਾਂ ਕਿਹਾ ਕਿ ਪੁਲਸ ਹਰ ਵੇਲੇ ਆਮ ਜਨਤਾ ਦੀ ਸੇਵਾ 'ਚ ਤੱਤਪੁਰ ਅਤੇ ਨਸ਼ੇ ਦੇ ਸਮੱਗਲਰਾਂ ਦੀ ਸੂਹ ਦੇਣ ਵਾਲੇ ਵਿਅਕਤੀ ਦੀ ਪਹਿਚਾਣ ਜਨਤਕ ਨਹੀਂ ਕੀਤੀ ਜਾਂਦੀ । ਇਸ ਲਈ ਹਰ ਜਨਤਾ ਨੂੰ ਪੰਜਾਬ 'ਚੋਂ ਨਸ਼ਾ ਖਤਮ ਕਰਨ ਲਈ ਪੁਲਿਸ ਦਾ ਵੱਧ ਤੋਂ ਸਹਿਯੋਗ ਕਰਨਾ ਚਾਹੀਦਾ ਹੈ। ਉਨ੍ਹਾਂ ਪਿੰਡ ਵਾਸੀਆਂ ਵੱਲੋਂ ਪੁਲਿਸ ਨੂੰ ਸਹਿਯੋਗ ਦੇਣ ਦੇ ਫੈਸਲੇ ਦੀ ਵੀ ਭਰਪੂਰ ਸ਼ਲਾਘਾ ਕੀਤੀ ਤੇ ਉਨ੍ਹਾਂ ਕਿਹਾ ਕਿ ਨਸ਼ੇ ਦੇ ਆਦੀ ਨੌਜਵਾਨਾਂ ਨਾਲ ਸਮਾਜ ਨੂੰ ਨਫ਼ਰਤ ਨਹੀਂ ਕਰਨੀ ਚਾਹੀਦੀ ਬਲਕਿ ਉਨ੍ਹਾਂ ਨੂੰ ਬਿਮਾਰ ਸਮਝਕੇ ਨਸ਼ਾ ਛੁਡਾਊ ਕੇਂਦਰਾਂ 'ਚ ਭਰਤੀ ਕਰਵਾਉਣ ਲਈ ਪੁਲਸ ਦਾ ਸਹਿਯੋਗ ਕਰਨਾ ਚਾਹੀਦਾ ਹੈ। ਇਸ ਮੌਕੇ ਸਰਪੰਚ ਹਰਦੀਪ ਸਿੰਘ ਨੇ ਕਿਹਾ ਕਿ ਸਾਡਾ ਪਿੰਡ ਨਸ਼ਾ ਮੁਕਤ ਹੈ ਪਰ ਨਸ਼ਾ ਬਹੁਤ ਹੀ ਭਿਆਨਕ ਸਮੱਸਿਆ ਹੈ ਅਤੇ ਪੂਰਾ ਪਿੰਡ ਇਸ ਮੁਹਿੰਮ 'ਚ ਪੁਲਸ ਦਾ ਸਾਥ ਦੇਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨੰਬਰਦਾਰ ਬਲਵੀਰ ਸਿੰਘ, ਨੰਬਰਦਾਰ ਬਲਵੰਤ ਸਿੰਘ, ਪੰਚ ਨਿਰਮਲ, ਪੰਚ ਗੁਰਮੀਤ ਕੌਰ, ਪੰਚ ਸੁਖਪਾਲ ਕੌਰ, ਪੰਚ ਲਖਵੀਰ ਸਿੰਘ, ਪੰਚ ਅਮਰੀਕ,ਪੰਚ ਜਗਸੀਰ ਸਿੰਘ,ਡਾ. ਸੰਦੀਪ ਸਿੰਘ ਅਤੇ ਬੂਟਾ ਸਿੰਘ ਮੌਜੂਦ ਰਹੇ।

## ਹੈਰੋਇਨ ਸਣੇ ਇੱਕ ਵਿਅਕਤੀ ਕਾਬੂ



ਧੂਰੀ, 17 ਜੁਲਾਈ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੁਲਿਸ ਵੱਲੋਂ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਇਸੇ ਕੜੀ ਤਹਿਤ ਅੱਜ ਥਾਣਾ ਸਦਰ ਧੂਰੀ ਦੀ ਪੁਲਿਸ ਨੇ ਇੱਕ ਵੱਡੀ ਸਫਲਤਾ ਹਾਸਲ ਕਰਦਿਆਂ 50 ਗ੍ਰਾਮ ਹੈਰੋਇਨ ਸਣੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਨ ਦੀ ਕਾਮਯਾਬੀ ਪ੍ਰਾਪਤ ਕੀਤੀ ਹੈ। ਇੰਸਪੈਕਟਰ ਕਰਨਬੀਰ ਸਿੰਘ ਸੰਧੂ, ਮੁਖੀ ਥਾਣਾ ਸਦਰ ਧੂਰੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜ਼ਿਲ੍ਹਾ ਪੁਲਿਸ ਮੁਖੀ ਸੰਗਰੂਰ ਸਰਤਾਜ ਸਿੰਘ ਚਹਿਲ ਦੀਆਂ ਹਦਾਇਤਾਂ ਤਹਿਤ ਪੁਲਿਸ ਟੀਮ ਨੇ ਕਾਰਵਾਈ ਕਰਦਿਆਂ ਜਗਤਾਰ ਸਿੰਘ ਉਰਫ ਬਿੱਟੂ ਨੂੰ 50 ਗ੍ਰਾਮ ਹੈਰੋਇਨ ਸਣੇ ਕਾਬੂ ਕੀਤਾ ਹੈ ਅਤੇ ਫੜੇ ਗਏ ਮੁਲਜਮ ਖਿਲਾਫ਼ ਨਸ਼ਾ ਵਿਰੋਧੀ ਐਕਟ ਤਹਿਤ ਮੁੱਕਦਮਾ ਦਰਜ ਕਰਕੇ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਦੌਰਾਨੇ ਪੁੱਛਗਿੱਛ ਕਈ ਅਹਿਮ ਸੁਰਾਗ ਲੱਗਣ ਦੀ ਸੰਭਾਵਨਾ ਹੈ। ਇੰਸਪੈਕਟਰ ਸੰਧੂ ਨੇ ਲੋਕਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਨਸ਼ਿਆਂ ਵਿਰੁੱਧ ਲੜਾਈ ਵਿੱਚ ਪੁਲਿਸ ਦੀ ਮਦਦ ਕਰਨਾ ਹਰ ਨਾਗਰਿਕ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਅਪੀਲ ਕੀਤੀ ਕਿ ਜੇ ਕਿਸੇ ਨੂੰ ਵੀ ਆਪਣੇ ਆਸ-ਪਾਸ ਨਸ਼ਾ ਤਸਕਰੀ ਜਾਂ ਇਸ ਸਬੰਧੀ ਕੋਈ ਜਾਣਕਾਰੀ ਮਿਲਦੀ ਹੈ ਤਾਂ ਬੇਝਿਜਕ ਕਰਕੇ ਪੁਲਿਸ ਨੂੰ ਸੂਚਿਤ ਕਰੇ। ਪੁਲਿਸ ਵੱਲੋਂ ਜਾਣਕਾਰੀ ਦੇਣ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ।

## ਨਰਮੇ ਦੀ ਫ਼ਸਲ ਵਿੱਚ ਪਾਣੀ ਦੀ ਨਿਕਾਸੀ ਜ਼ਰੂਰੀ : ਮੁੱਖ ਖੇਤੀਬਾੜੀ ਅਫ਼ਸਰ

ਸ੍ਰੀ ਮੁਕਤਸਰ ਸਾਹਿਬ, 17 ਜੁਲਾਈ ( ਐਚ ਐਸ ਕਪੂਰ):ਪਿਛਲੇ ਦੋ ਤਿੰਨ ਦਿਨਾਂ ਤੋਂ ਪੈ ਰਹੀ ਬਾਰਿਸ਼ ਕਾਰਨ ਫ਼ਸਲਾਂ ਦੀ ਮੌਜੂਦਾ ਸਥਿਤੀ ਦਾ ਜਾਇਜ਼ਾ ਲੈਣ ਲਈ ਡਾ. ਕਰਨਜੀਤ ਸਿੰਘ ਗਿੱਲ, ਮੁੱਖ ਖੇਤੀਬਾੜੀ ਅਫ਼ਸਰ, ਸ੍ਰੀ ਮੁਕਤਸਰ ਸਾਹਿਬ ਵੱਲੋਂ ਅੱਜ ਜ਼ਿਲ੍ਹੇ ਦੇ ਕਾਫ਼ੀ ਪਿੰਡਾਂ ਦਾ ਦੌਰਾ ਕੀਤਾ ਗਿਆ। ਇਸ ਮੌਕੇ ਡਾ: ਗਿੱਲ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਖੇਤੀਬਾੜੀ ਵਿਭਾਗ ਦਾ ਸਮੁੱਚਾ ਫੀਲਡ ਸਟਾਫ਼ ਲਗਾਤਾਰ ਫੀਲਡ ਵਿਜ਼ਿਟ ਕਰ ਰਿਹਾ ਹੈ ਅਤੇ ਕਿਸਾਨਾਂ ਨਾਲ ਸੰਪਰਕ ਬਣਾਇਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਇਸ ਸਮੇਂ ਹੋ ਰਹੀ ਬਾਰਿਸ਼ ਕਾਰਨ ਜੇਕਰ ਨਰਮੇਂ ਦੇ ਖੇਤਾਂ ਵਿੱਚ ਕਿਤੇ ਪਾਣੀ ਰੁਕਦਾ ਹੈ ਉਸ ਦੀ ਤੁਰੰਤ ਨਿਕਾਸੀ ਕੀਤੀ ਜਾਵੇ। ਉਨ੍ਹਾਂ ਸਮੂਹ ਕਿਸਾਨ ਵੀਰਾਂ ਨੂੰ ਅਪੀਲ ਕੀਤੀ ਕਿ ਨਰਮੇ ਵਾਲੇ ਖੇਤਾਂ ਵਿੱਚ ਲੰਮਾ ਸਮਾਂ ਪਾਣੀ ਨਾ ਖੜ੍ਹਾ ਰੱਖਿਆ ਜਾਵੇ, ਜੇਕਰ ਸੰਭਵ ਹੋਵੇ ਤਾਂ ਆਪਣੇ ਪੱਧਰ ਤੇ ਖੇਤਾਂ ਵਿੱਚੋਂ ਪਾਣੀ ਨਿਕਾਸੀ ਦੇ ਯਤਨ ਕੀਤੇ ਜਾਣ, ਤਾਂ ਜੋ ਫ਼ਸਲ ਨੂੰ ਨੁਕਸਾਨ ਹੋਣ ਤੋਂ ਬਚਾਇਆ ਜਾ ਸਕੇ। ਇਸ ਤੋਂ ਇਲਾਵਾ ਖੇਤੀਬਾੜੀ ਵਿਭਾਗ ਵੱਲੋਂ ਡਰੇਨੇਜ਼ ਵਿਭਾਗ ਦੇ ਅਧਿਕਾਰੀਆਂ ਨਾਲ ਪਾਣੀ ਦੀ ਨਿਕਾਸੀ ਨੂੰ ਲੈ ਕੇ ਵੀ ਸੰਪਰਕ ਰੱਖਿਆ ਜਾ ਰਿਹਾ ਹੈ। ਇਸ ਸਮੇਂ ਉਨ੍ਹਾਂ ਦੱਸਿਆ ਕਿ ਬਾਰਿਸ਼ਾਂ ਹੋਣ ਕਾਰਨ ਝੋਨੇ/ਬਾਸਮਤੀ ਦੀ ਲਵਾਈ ਵਿੱਚ ਤੇਜ਼ੀ ਹੋਈ ਹੈ ਅਤੇ ਝੋਨੇ/ ਬਾਸਮਤੀ ਦੀ ਫ਼ਸਲ ਦੀ ਹਾਲਤ ਤਸੱਲੀਬਖ਼ਸ਼ ਹੈ। ਉਨ੍ਹਾਂ ਵੱਲੋਂ ਕਿਸਾਨਾਂ ਨੂੰ ਖੇਤਾਂ ਵਿੱਚ ਟਿਊਬਵੈਲਾਂ 'ਤੇ ਵੱਧ ਤੋਂ ਵੱਧ ਬੂਟੇ ਲਗਵਾਉਣ ਦੀ ਅਪੀਲ ਕੀਤੀ ਤਾਂ ਜੋ ਵਾਤਾਵਰਨ ਨੂੰ ਸਾਫ਼ ਸੁਥਰਾ ਅਤੇ ਹਰਿਆ ਭਰਿਆ ਰੱਖਣ ਵਿੱਚ ਯੋਗਦਾਨ ਬਣਾਇਆ ਜਾ ਸਕੇ। ਅੰਤ ਵਿੱਚ ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਕਿਸੇ ਕਿਸਮ ਦੀ ਤਕਨੀਕੀ ਜਾਣਕਾਰੀ ਲੈਣ ਲਈ ਆਪਣੇ ਇਲਾਕੇ ਦੇ ਖੇਤੀਬਾੜੀ ਵਿਕਾਸ ਅਫ਼ਸਰ ਜਾਂ ਕਿਸਾਨ ਹੈਲਪ ਡੈਸਕ ਨੰਬਰ 98781—66287 'ਤੇ ਸੰਪਰਕ ਕਰਨ।

## ਬੀ.ਵੀ.ਐਮ. ਇੰਟਰਨੈਸ਼ਨਲ ਸਕੂਲ ਵਿੱਚ ਸਰੀਰਕ ਅੰਗਾਂ ਦੇ ਮਹੱਤਵ ਨੂੰ ਸਮਝਾਇਆ

ਬਰਨਾਲਾ, 17 ਜੁਲਾਈ (ਅਮਨਦੀਪ ਸਿੰਘ): ਬੀ ਵੀ ਐਮ ਇੰਟਰਨੈਸ਼ਨਲ ਸਕੂਲ ਵਿੱਚ ਕਲਾਸ 1 ਅਤੇ 2 ਦੇ ਵਿਦਿਆਰਥੀਆਂ ਲਈ ਸਰੀਰ ਦੇ ਅੰਗਾਂ ਵਿਸ਼ੇ 'ਤੇ ਇੱਕ ਗਿਆਨਵਰਧਕ ਅਤੇ ਰੋਚਕ ਗਤੀਵਿਧੀ ਦਾ ਆਯੋਜਨ ਕੀਤਾ ਗਿਆ। ਇਸ ਗਤੀਵਿਧੀ ਦਾ ਮੁੱਖ ਉਦੇਸ਼ ਬੱਚਿਆਂ ਨੂੰ ਸਰੀਰ ਦੇ ਵੱਖ-ਵੱਖ ਅੰਗਾਂ ਦੀ ਪਛਾਣ ਕਰਵਾਉਣ ਅਤੇ ਉਨ੍ਹਾਂ ਦੇ ਕੰਮਾਂ ਬਾਰੇ ਜਾਣਕਾਰੀ ਦੇਣਾ ਸੀ। ਬੱਚਿਆਂ ਨੇ ਇਸ ਸਿੱਖਣ ਵਾਲੇ ਅਨੁਭਵ ਦਾ ਪੂਰਾ ਆਨੰਦ ਲਿਆ ਅਤੇ ਬਹੁਤ ਕੁਝ ਸਿੱਖਿਆ। ਗਤੀਵਿਧੀ ਦੌਰਾਨ ਸਿੱਖਿਆਰਥੀਆਂ ਨੇ ਸਿਖਿਆਰਥਣੀਆਂ ਦੇ ਸਹਿਯੋਗ ਨਾਲ ਅੱਖਾਂ, ਕੰਨ, ਨੱਕ, ਮੂੰਹ, ਹੱਥ, ਪੈਰ ਆਦਿ ਸਰੀਰਕ ਅੰਗਾਂ ਦੀ ਪਛਾਣ ਕੀਤੀ। ਗੀਤਾਂ, ਕਵਿਤਾਵਾਂ ਅਤੇ ਨ੍ਰਿਤਯ ਦੇ ਜ਼ਰੀਏ ਵੀ ਇਸ ਵਿਸ਼ੇ ਨੂੰ ਜੀਵੰਤ ਰੂਪ ਵਿੱਚ ਪੇਸ਼ ਕੀਤਾ ਗਿਆ। ਚੇਅਰਮੈਨ ਪ੍ਰਮੋਦ ਅਰੋੜਾ, ਡਾਇਰੈਕਟਰ ਗੀਤਾ ਅਰੋੜਾ, ਨਿਖਿਲ ਅਰੋੜਾ, ਨੇਹੁਲ ਅਰੋੜਾ ਅਤੇ ਪ੍ਰਿੰਸੀਪਲ ਮਨਿੰਦਰਜੀਤ ਕੌਰ ਧਾਲੀਵਾਲ ਨੇ ਵੀ ਇਸ ਕੋਸ਼ਿਸ਼ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ "ਬੀ ਵੀ ਐਮ ਇੰਟਰਨੈਸ਼ਨਲ ਸਕੂਲ ਵਿੱਚ ਸਿੱਖਿਆ ਨੂੰ ਸਿਰਫ ਕਿਤਾਬਾਂ ਤੱਕ ਸੀਮਿਤ ਨਾ ਰੱਖਦਿਆਂ, ਉਸਨੂੰ ਵਰਤਮਾਨਕਾਲੀਨ ਰੂਪ ਦੇਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।

# ਲੱਖੇਵਾਲ ਵਿਖੇ ਵਾਪਰੀ ਅੱਗ ਦੀ ਘਟਨਾ ਲਈ ਜ਼ਿੰਮੇਵਾਰ ਵਿਅਕਤੀ ਨੂੰ 21 ਜੁਲਾਈ ਨੂੰ ਤਲਬ ਕੀਤਾ

ਭਵਾਨੀਗੜ੍ਹ, 17 ਜੁਲਾਈ (ਅਮਨਦੀਪ ਸਿੰਘ ਮਾਝਾ) : ਬੀਤੇ ਕੱਲ੍ਹ ਪਿੰਡ ਲੱਖੇਵਾਲ ਵਿਖੇ ਗੁਰਦੁਆਰਾ ਚਰਨ ਛੋਹ ਸਾਹਿਬ ਵਿਖੇ ਸੰਗਰਾਂਦ ਵਾਲੇ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਅਗਨ ਭੇਟ ਹੋ ਗਏ, ਜਿਸਦੀ ਘੋਖ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਵਿਸ਼ੇਸ਼ ਤੌਰ 'ਤੇ ਜਥੇਦਾਰ ਟੇਕ ਸਿੰਘ ਧਨੌਲਾ ਸਿੰਘ ਸਾਹਿਬ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵੱਲੋਂ ਕੀਤੀ ਗਈ। ਸਿੰਘ ਸਾਹਿਬ ਵੱਲੋਂ ਗੁਰਦੁਆਰਾ ਸਾਹਿਬ ਪੁੱਜਕੇ ਕੈਮਰਿਆਂ ਦੀ ਘੋਖ 'ਤੇ ਪ੍ਰਬੰਧਕ ਕਮੇਟੀ, ਗ੍ਰੰਥੀ ਸਿੰਘਾਂ ਦੇ ਬਿਆਨ ਦਰਜ ਕੀਤੇ ਗਏ ਤੇ ਗ੍ਰੰਥੀ ਸਿੰਘ ਤੇ ਕਮੇਟੀ ਨੂੰ ਸਖ਼ਤ ਤਾੜਨਾ ਕੀਤੀ ਗਈ। ਪ੍ਰਬੰਧਕਾਂ ਦੀ ਅਣਗਹਿਲੀ ਕਾਰਨ ਇਹ ਸਾਰਾ ਵਰਤਾਰਾ ਸ਼ਾਰਟ ਸਰਕਟ ਨਾਲ ਹੋਇਆ। ਗੁਰੂ ਗ੍ਰੰਥ ਸਾਹਿਬ ਜੋ ਕਿ ਲੱਕੜ ਦੀ ਪਾਲਕੀ ਵਿੱਚ ਪ੍ਰਕਾਸ਼ ਸਨ, ਉਸਦੇ ਵਿਚ ਚਾਨਣੀ ਸਾਹਿਬ ਦੇ ਕੋਲ ਪਲੰਗ ਤੇ ਬਿਜਲੀ ਦਾ ਬੱਲਬ ਲੱਗਾ ਹੋਣ ਕਾਰਨ ਸ਼ਾਰਟ ਸਰਕਟ ਹੋਇਆ। ਇਸ ਅਣਗਹਿਲੀ ਲਈ ਪ੍ਰਬੰਧਕਾਂ ਤੇ ਗ੍ਰੰਥੀ ਸਿੰਘਾਂ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ 21 ਜੁਲਾਈ ਦਿਨ ਸੋਮਵਾਰ ਨੂੰ ਤਲਬ ਕੀਤਾ ਗਿਆ ਹੈ। ਜਿਸ ਉਪਰੰਤ ਪੰਜ ਪਿਆਰਿਆਂ ਤੇ ਜਥੇਦਾਰ ਟੇਕ ਸਿੰਘ ਧਨੌਲਾ ਸਿੰਘ ਸਾਹਿਬ ਵੱਲੋਂ ਇਸ ਅਣਗਹਿਲੀ ਲਈ ਸਜ਼ਾ ਦਿੱਤੀ ਜਾਵੇਗੀ। ਜਥੇਦਾਰ ਦੀ ਅਗਵਾਈ ਵਿਚ ਪਾਵਨ ਸਰੂਪ ਜੋ ਅਗਨੀ ਭੇਟ ਹੋ ਗਏ ਸਨ ਨੂੰ ਪਾਲਕੀ ਸਾਹਿਬ ਰਾਹੀਂ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਭੇਜੇ ਗਏ। ਜਥੇਦਾਰ ਨੇ ਆਦੇਸ਼ ਕੀਤਾ ਕਿ ਗ੍ਰੰਥੀ ਸਿੰਘ ਕੇਵਲ ਨਿੱਤਨੇਮ ਹੀ ਕਰਨਗੇ ਤੇ ਹਰ ਗੁ: ਸਾਹਿਬ ਵਿਖੇ ਇਕ ਸੇਵਾਦਾਰ ਹਰ ਸਮੇਂ ਦਰਬਾਰ ਸਾਹਿਬ ਵਿਚ ਹਾਜ਼ਰ ਤੇ ਡਾਲੀ ਲਈ ਵੱਖਰੇ ਪ੍ਰਬੰਧ ਕੀਤੇ ਜਾਣ। ਇਸ ਮੌਕੇ ਜਗਜੀਤ ਸਿੰਘ ਮੈਨੇਜਰ ਗੁ: ਪਾਤਸ਼ਾਹੀ ਨੌਵੀਂ ਭਵਾਨੀਗੜ੍ਹ, ਭੋਲਾ ਸਿੰਘ ਇੰਚਾਰਜ ਧਰਮ ਪ੍ਰਚਾਰ ਕਮੇਟੀ ਤਲਵੰਡੀ ਸਾਬੋ, ਗੁਰਸੇਵ ਸਿੰਘ ਪ੍ਰਚਾਰਕ, ਗੁਰਵਿੰਦਰ ਸਿੰਘ ਭੱਠਲ, ਇੰਦਰਜੀਤ ਸਿੰਘ ਤੂਰ, ਜੀਵਨ ਸਿੰਘ ਘਰਾਚੋਂ, ਮਨਜੀਤ ਸਿੰਘ ਅਕਾਊਟੈਂਟ, ਮਨਦੀਪ ਸਿੰਘ ਲੱਖੇਵਾਲ, ਗੋਲਡੀ ਤੂਰ, ਮਾਲਵਿੰਦਰ ਸਿੰਘ ਐਸ ਐਚ ਓ ਭਵਾਨੀਗੜ੍ਹ ਤੇ ਪ੍ਰਸ਼ਾਸਨਿਕ ਅਧਿਕਾਰੀ ਹਾਜ਼ਰ ਸਨ।

# ਪੈਸਿਆਂ ਦੇ ਲਾਲਚ 'ਚ ਪਤੀ ਦਾ ਕਤਲ, ਲਾਸ਼ ਨਹਿਰ 'ਚ ਸੁੱਟੀ

## ਪਤਨੀ ਸਮੇਤ 4 ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

ਬਠਿੰਡਾ, 17 ਜੁਲਾਈ (ਦੀਪਕ ਸ਼ਰਮਾ) : ਪਿੰਡ ਭਾਗੀਵਾਂਦਰ ਵਿਖੇ ਪਤਨੀ ਨੇ ਪੈਸਿਆਂ ਦੇ ਲਾਲਚ 'ਚ ਆ ਕੇ ਆਪਣੇ ਹੀ ਸਿਰ ਦੇ ਸਾਈਂ ਨੂੰ ਆਪਣੇ ਭਰਾਵਾਂ ਨਾਲ ਮਿਲ ਕੇ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰਵਾ ਦਿੱਤਾ। ਸਬੂਤ ਮਿਟਾਉਣ ਦੇ ਮਕਸਦ ਨਾਲ ਦੋਸ਼ੀਆਂ ਨੇ ਲਾਸ਼ ਨੂੰ ਨਹਿਰ 'ਚ ਸੁੱਟ ਦਿੱਤਾ। ਜਾਣਕਾਰੀ ਅਨੁਸਾਰ ਪਿੰਡ ਭਾਗੀਵਾਂਦਰ ਦਾ ਰਹਿਣ ਵਾਲਾ ਨੌਜਵਾਨ ਗੁਰਸੇਵਕ ਸਿੰਘ ਛੇ ਦਿਨ ਪਹਿਲਾਂ ਸ਼ੱਕੀ ਹਾਲਾਤਾਂ ਵਿਚ ਲਾਪਤਾ ਹੋ ਗਿਆ ਸੀ। ਐਤਵਾਰ ਨੂੰ ਉਕਤ ਨੌਜਵਾਨ ਦੀ ਲਾਸ਼ ਪਿੰਡ ਜੱਸੀ ਪੌ ਵਾਲੀ ਦੀ ਨਹਿਰ ਵਿੱਚੋਂ ਬਰਾਮਦ ਹੋਈ। ਦੂਜੇ ਪਾਸੇ ਮ੍ਰਿਤਕ ਨੌਜਵਾਨ ਦੇ ਪਰਿਵਾਰਕ ਮੈਂਬਰਾਂ ਨੇ ਉਸੇ ਵਕਤ ਹੀ ਗੁਰਸੇਵਕ ਸਿੰਘ ਦੇ ਕਤਲ ਦਾ ਸ਼ੱਕ ਜਤਾ ਕੇ ਪੁਲਿਸ ਤੋਂ ਪੂਰੇ ਮਾਮਲੇ ਦੀ ਜਾਂਚ ਕਰਕੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਗਈ ਸੀ। ਥਾਣਾ ਤਲਵੰਡੀ ਸਾਬੋ ਦੇ ਮੁਖੀ ਯਾਦਵਿੰਦਰ ਸਿੰਘ ਨੇ ਇਸ ਮਾਮਲੇ ਦੀ ਉਸੇ ਦਿਨ ਹੀ ਡੂੰਘਾਈ ਨਾਲ ਜਾਂਚ ਸ਼ੁਰੂ ਕਰ ਦਿੱਤੀ ਸੀ। ਥਾਣਾ ਤਲਵੰਡੀ ਸਾਬੋ ਨੂੰ ਦਿੱਤੇ ਬਿਆਨਾਂ ਵਿਚ ਮ੍ਰਿਤਕ ਦੇ ਪਿਤਾ ਮੇਜਰ ਸਿੰਘ ਵਾਸੀ ਪਿੰਡ ਭਾਗੀਵਾਂਦਰ ਨੇ ਦੱਸਿਆ ਕਿ ਉਸ ਦਾ ਪੁੱਤਰ ਗੁਰਸੇਵਕ ਸਿੰਘ 8 ਜੁਲਾਈ ਨੂੰ ਸ਼ੱਕੀ ਹਾਲਾਤਾਂ ਵਿਚ ਘਰੋਂ ਲਾਪਤਾ ਹੋ ਗਿਆ ਸੀ। ਉਨ੍ਹਾਂ ਗੁਰਸੇਵਕ ਸਿੰਘ ਦੀ ਬਹੁਤ ਭਾਲ ਕੀਤੀ, ਪ੍ਰੰਤੂ ਉਹ ਨਹੀਂ ਮਿਲਿਆ। 13 ਜੂਨ ਨੂੰ ਉਸ ਦੇ ਪੁੱਤਰ ਦੀ ਲਾਸ਼ ਪਿੰਡ ਜੱਸੀ ਪੌ ਵਾਲੀ ਜ਼ਿਲ੍ਹਾ ਬਠਿੰਡਾ ਦੀ ਨਹਿਰ ਵਿੱਚੋਂ ਬਰਾਮਦ ਹੋਈ। ਪਰਿਵਾਰ ਨੇ ਦੋਸ਼ ਲਗਾਇਆ ਸੀ ਕਿ ਗੁਰਸੇਵਕ ਸਿੰਘ ਦਾ ਕਤਲ ਕੀਤਾ ਗਿਆ ਹੈ। ਪਰਿਵਾਰ ਨੇ ਮੰਗ ਕੀਤੀ ਸੀ, ਕਿ ਮਾਮਲਾ ਦਰਜ ਕਰਕੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇ। ਤਲਵੰਡੀ ਪੁਲਿਸ ਨੇ ਮ੍ਰਿਤਕ ਗੁਰਸੇਵਕ ਸਿੰਘ ਦੀ ਲਾਸ਼ ਦਾ ਸਿਵਲ ਹਸਪਤਾਲ ਬਠਿੰਡਾ ਵਿਖੇ ਪੋਸਟਮਾਰਟਮ ਕਰਵਾ ਕੇ ਪਰਿਵਾਰ ਨੂੰ ਸੌਂਪ ਦਿੱਤੀ ਸੀ ਤਾਂ ਜੋ ਉਹ ਉਸ ਦਾ ਅੰਤਿਮ ਸੰਸਕਾਰ ਕਰ ਸਕਣ। ਪ੍ਰੰਤੂ ਪਰਿਵਾਰ ਵੱਲੋਂ ਮ੍ਰਿਤਕ ਗੁਰਸੇਵਕ ਸਿੰਘ ਦੀ ਲਾਸ਼ ਨੂੰ ਸਿਵਲ ਹਸਪਤਾਲ ਤਲਵੰਡੀ ਸਾਬੋ ਦੇ ਮੁਰਦਾਘਰ ਵਿਚ ਰਖਵਾ ਕੇ ਮੰਗ ਕੀਤੀ ਕਿ ਜਦੋਂ ਤਕ ਉਨ੍ਹਾਂ ਦੇ ਪੁੱਤਰ ਦੇ ਕਤਲ ਦਾ ਮਾਮਲਾ ਦਰਜ ਨਹੀਂ ਹੁੰਦਾ, ਉਦੋਂ ਤਕ ਉਹ ਲਾਸ਼ ਦਾ ਅੰਤਿਮ ਸੰਸਕਾਰ ਨਹੀਂ ਕਰਨਗੇ। ਇਸ ਮਾਮਲੇ ਤਹਿਤ ਪੁਲਿਸ ਨੇ ਮ੍ਰਿਤਕ ਦੇ ਪਰਿਵਾਰ ਦੇ ਬਿਆਨ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇੰਸਪੈਕਟਰ ਯਾਦਵਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਗੁਰਸੇਵਕ ਸਿੰਘ ਦਾ ਪਿਛਲੇ ਸਮੇਂ ਦੌਰਾਨ ਐਕਸੀਡੈਂਟ ਹੋ ਗਿਆ ਸੀ, ਜਿਸ ਦੀ ਸਹਾਇਤਾ ਲਈ ਪਰਿਵਾਰ ਵੱਲੋਂ ਸ਼ੋਸ਼ਲ ਮੀਡੀਆ 'ਤੇ ਵੀਡੀਓ ਪਾ ਕੇ ਮੱਦਦ ਦੀ ਗੁਹਾਰ ਲਗਾਈ ਸੀ। ਮੱਦਦ ਲਈ ਪਰਿਵਾਰ ਵੱਲੋਂ ਮ੍ਰਿਤਕ ਗੁਰਸੇਵਕ ਸਿੰਘ ਦੀ ਪਤਨੀ ਮਨਪ੍ਰੀਤ ਕੌਰ ਦਾ ਬੈਂਕ ਖਾਤਾ ਦਿੱਤਾ ਗਿਆ ਸੀ। ਲੋਕਾਂ ਵੱਲੋਂ ਗੁਰਸੇਵਕ ਸਿੰਘ ਦੀ ਮੱਦਦ ਲਈ ਲੱਖਾਂ ਰੁਪਏ ਭੇਜ ਦਿੱਤੇ, ਜੋ ਕਿ ਸਾਰੇ ਪੈਸੇ ਉਸ ਦੀ ਪਤਨੀ ਦੇ ਖ਼ਾਤੇ 'ਚ ਆਏ। ਮਨਪ੍ਰੀਤ ਕੌਰ ਇਹ ਪੈਸੇ ਆਪਣੇ ਪੇਕੇ ਪਰਿਵਾਰ ਨੂੰ ਦੇ ਰਹੀ ਸੀ, ਜਿਸ ਦਾ ਮ੍ਰਿਤਕ ਗੁਰਸੇਵਕ ਸਿੰਘ ਵਿਰੋਧ ਕਰਦਾ ਸੀ। ਉਨ੍ਹਾਂ ਦੱਸਿਆ ਕਿ ਗੁਰਸੇਵਕ ਸਿੰਘ 8 ਜੁਲਾਈ ਨੂੰ ਘਰ ਤੋਂ ਗਿਆ। ਪ੍ਰੰਤੂ ਵਾਪਸ ਨਹੀਂ ਆਇਆ। ਦਰਅਸਲ ਉਸ ਦਿਨ ਮ੍ਰਿਤਕ ਗੁਰਸੇਵਕ ਸਿੰਘ ਦਾ ਸਾਲਾ ਅਮਨਾ, ਅਮਨੇ ਦਾ ਸਾਲਾ ਸੁਖਪ੍ਰੀਤ ਸਿੰਘ ਤੇ ਇਕ ਸੁਖਪ੍ਰੀਤ ਸਿੰਘ ਦਾ ਦੋਸਤ ਮੰਨੂੰ ਸਿੰਘ ਮੋਟਰਸਾਈਕਲ 'ਤੇ ਗੁਰਸੇਵਕ ਸਿੰਘ ਨੂੰ ਪਿੰਡ ਕੱਲੋਂ ਦੀ ਨਹਿਰ 'ਤੇ ਲੈ ਗਏ, ਜਿੱਥੇ ਉਕਤ ਵਿਅਕਤੀਆਂ ਵੱਲੋਂ ਗੁਰਸੇਵਕ ਸਿੰਘ ਦਾ ਤੇਜ਼ਧਾਰ ਹਥਿਆਰ ਨਾਲ ਕਤਲ ਕਰ ਦਿੱਤਾ ਗਿਆ। ਦੋਸ਼ੀਆਂ ਨੇ ਕਤਲ ਦੇ ਸਬੂਤ ਮਿਟਾਉਣ ਲਈ ਲਾਸ਼ ਨੂੰ ਨਹਿਰ 'ਚ ਸੁੱਟ ਦਿੱਤਾ। ਇਸ ਸਾਰੇ ਕਾਰਨਾਮੇ 'ਚ ਮ੍ਰਿਤਕ ਗੁਰਸੇਵਕ ਸਿੰਘ ਦੀ ਪਤਨੀ ਮਨਪ੍ਰੀਤ ਕੌਰ ਵੀ ਮਿਲੀ ਹੋਈ ਸੀ। ਪੁਲਿਸ ਨੇ ਮ੍ਰਿਤਕ ਗੁਰਸੇਵਕ ਸਿੰਘ ਦੇ ਭਰਾ ਤਰਸੇਮ ਸਿੰਘ ਦੇ ਬਿਆਨਾਂ 'ਤੇ ਗੁਰਸੇਵਕ ਸਿੰਘ ਦੀ ਪਤਨੀ ਮਨਪ੍ਰੀਤ ਕੌਰ, ਸਾਲਾ ਅਮਨਾ ਵਾਸੀ ਕੱਲੋ, ਸੁਖਪ੍ਰੀਤ ਸਿੰਘ ਤੇ ਮੰਨੂੰ ਸਿੰਘ ਵਾਸੀ ਜੋਧਪੁਰ ਖ਼ਿਲਾਫ਼ ਮਾਮਲਾ ਦਰਜ ਕਰਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਅੱਖਾਂ ਦਾ ਮੁਫ਼ਤ ਕੈਂਪ ਲਗਾਇਆ



ਭਵਾਨੀਗੜ੍ਹ, 17 ਜੁਲਾਈ (ਅਮਨਦੀਪ ਸਿੰਘ ਮਾਝਾ) : ਗੁਰਦੁਆਰਾ ਸਾਹਿਬ ਪਿੰਡ ਚੰਨੋਂ ਵਿਖੇ ਮਾਤਾ ਚਰਨਜੀਤ ਕੌਰ ਘੁਮਾਣ ਦੀ ਯਾਦ ਵਿੱਚ ਮਿੱਤਲ ਅੱਖਾਂ ਦਾ ਹਸਪਤਾਲ ਭਵਾਨੀਗੜ੍ਹ ਦੀ ਟੀਮ ਦੇ ਸਹਿਯੋਗ ਨਾਲ ਅੱਖਾਂ ਦਾ ਮੁਫ਼ਤ ਚੈੱਕ ਅੱਪ ਕੈਂਪ ਲਗਾਇਆ ਗਿਆ। ਜਿਸ ਵਿੱਚ 120 ਦੇ ਲੱਗਭੱਗ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਅਤੇ ਦਵਾਈਆਂ ਮੁਫ਼ਤ ਦਿੱਤੀਆਂ ਗਈਆਂ। ਇਸ ਮੌਕੇ ਮੁੱਖ ਮਹਿਮਾਨ ਵਜੋਂ ਸ. ਮਾਤਾ ਚਰਨਜੀਤ ਕੌਰ ਜੀ ਦੇ ਪੁੱਤਰ ਪਰਵਿੰਦਰ ਸਿੰਘ ਘੁਮਾਣ ਜ਼ਿਲ੍ਹਾ ਯੂਥ ਪ੍ਰਧਾਨ ਬੀਜੇਪੀ ਸੰਗਰੂਰ ਪਹੁੰਚੇ ਅਤੇ ਬੋਲਦਿਆਂ ਕਿਹਾ ਕਿ ਸਾਡੀ ਟੀਮ ਹਰ ਪਿੰਡ ਵਿੱਚ ਅੱਖਾਂ ਦਾ ਮੁਫ਼ਤ ਚੈੱਕ ਅੱਪ ਲਗਾਉਂਦੀ ਹੈ ਅਤੇ ਅੱਗੇ ਤੋਂ ਹੋਰ ਬਹੁਤ ਸਾਰੇ ਲੋਕ ਭਲਾਈ ਦੇ ਕੰਮਾਂ ਵਿੱਚ ਵੀ ਯੋਗਦਾਨ ਪਾਉਂਦੇ ਰਹਿੰਦੇ ਹਾਂ। ਇਸ ਮੌਕੇ ਡਾਕਟਰਾਂ ਦੀ ਟੀਮ ਨੇ ਅੱਖਾਂ ਦੀਆਂ ਬਿਮਾਰੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਮੋਤੀਏ ਦੇ ਮਰੀਜ਼ ਵੀ ਬਹੁਤ ਜ਼ਿਆਦਾ ਆਉਂਦੇ ਹਨ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਹੋਰ ਜਰਨੈਲ ਸਿੰਘ, ਜਸਪਾਲ ਸਿੰਘ, ਹਰਬੰਸ ਸਿੰਘ, ਅਵਤਾਰ ਸਿੰਘ, ਅਮਰਜੀਤ ਸਿੰਘ, ਜੱਗਾ ਸਿੰਘ, ਗੁਰਸੇਵਕ ਸਿੰਘ ਬਿਰੜਵਾਲ, ਸੁਖਵਿੰਦਰ ਕੌਰ, ਬੇਅੰਤ ਕੌਰ ਆਦਿ ਹਾਜ਼ਰ ਸਨ।

# ਦੁਕਾਨ ਸੜਕੇ ਹੋਈ ਸੁਆਹ, ਲੱਖਾਂ ਦਾ ਨੁਕਸਾਨ

ਦਿੜ੍ਹਬਾ ਮੰਡੀ, 17 ਜੁਲਾਈ (ਹੈਪੀ/ਸੁਖਵਿੰਦਰ ਵਿਰਕ): ਅੱਜ ਸਵੇਰੇ ਤੜਕਸਾਰ ਸ਼ਹਿਰ ਅੰਦਰ ਇਕ ਦੁਕਾਨ ਨੂੰ ਅੱਗ ਲੱਗ ਜਾਣ ਕਾਰਨ ਦੁਕਾਨ ਦਾ ਭਾਰੀ ਨੁਕਸਾਨ ਹੋਣ ਦੀ ਜਾਣਕਾਰੀ ਪ੍ਰਾਪਤ ਹੋਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਸਵੇਰੇ ਤੜਕਸਾਰ ਸ਼ਹਿਰ ਅੰਦਰ ਲਿੰਕ ਰੋਡ 'ਤੇ ਗੀਤਾ ਭਵਨ ਦੇ ਨਜ਼ਦੀਕ ਇੱਕ ਦੁਕਾਨ 'ਚ ਅੱਗ ਲੱਗਣ ਕਾਰਨ ਦੁਕਾਨ ਵਿੱਚ ਰੱਖੇ ਕੱਪੜੇ ਅਤੇ ਸਮਾਨ ਸੜ ਕੇ ਸਵਾਹ ਹੋ ਗਿਆ। ਅੱਜ ਸਵੇਰੇ ਤੜਕਸਾਰ ਸ਼ਹਿਰ ਦੁਕਾਨ ਨੂੰ ਅੱਗ ਲੱਗਣ ਦੀ ਵਾਪਰੀ ਮੰਦਭਾਗੀ ਘਟਨਾ ਦਾ ਪਤਾ ਲੱਗਦੇ ਹੀ ਵੱਡੀ ਗਿਣਤੀ ਵਿਚ ਦੁਕਾਨਦਾਰਾਂ ਅਤੇ ਲੋਕਾਂ ਨੇ ਮੌਕੇ 'ਤੇ ਘਟਨਾ ਸਥਾਨ 'ਤੇ ਪਹੁੰਚ ਕੇ ਅੱਗ ਨੂੰ ਕਾਬੂ ਪਾਇਆ ਅਤੇ ਵੱਡਾ ਨੁਕਸਾਨ ਹੋਣ ਤੋਂ ਬਚਾ ਲਿਆ ਗਿਆ। ਇਸ ਸਬੰਧੀ ਦੁਕਾਨ ਮਾਲਕ ਨੇ ਪ੍ਰੈੱਸ ਮੀਡੀਆ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਉਸ ਨੂੰ ਸਵੇਰੇ ਕਿਸੇ ਨੇ ਫੋਨ 'ਤੇ ਜਾਣਕਾਰੀ ਦਿੱਤੀ, ਕਿ ਉਸ ਦੀ ਦੁਕਾਨ ਵਿੱਚੋਂ ਧੂੰਆਂ ਨਿਕਲ ਰਿਹਾ ਹੈ। ਜਦੋਂ ਉਹ ਦੁਕਾਨ 'ਤੇ ਪਹੁੰਚਿਆ, ਤਾਂ ਉਸਨੇ ਦੁਕਾਨ ਦਾ ਸ਼ਟਰ ਚੱਕ ਕੇ ਵੇਖਿਆ, ਤਾਂ ਦੁਕਾਨ 'ਚੋਂ ਅੱਗ ਦੀਆਂ ਲਾਟਾਂ ਨਿਕਲ ਰਹੀਆਂ ਸਨ ਅਤੇ ਦੁਕਾਨ ਪੂਰੀ ਤਰ੍ਹਾਂ ਸੜ ਚੁੱਕੀ ਸੀ। ਉਹਨਾਂ ਭਰੇ ਮਨ ਨਾਲ ਦੱਸਿਆ ਕਿ ਉਹਨਾਂ ਦਾ ਲੱਖਾਂ ਰੁਪਏ ਦਾ ਨੁਕਸਾਨ ਹੋ ਜਾਣ ਨਾਲ ਆਰਥਿਕ ਤੌਰ 'ਤੇ ਬੁਰੀ ਤਰ੍ਹਾਂ ਟੁੱਟ ਗਿਆ ਹੈ। ਦੁਕਾਨ ਦੀ ਫਿਟਿੰਗ ਸਮੇਤ ਸਮਾਨ ਕੱਪੜੇ ਸੜਕੇ ਸਵਾਹ ਹੋ ਗਿਆ ਹੈ। ਹੁਣ ਉਹਨਾਂ ਕੋਲ ਹੁਣ ਕੁਝ ਵੀ ਨਹੀਂ ਰਿਹਾ। ਉਹਨਾਂ ਦੱਸਿਆ ਕਿ ਮੌਕੇ 'ਤੇ ਵੱਡੀ ਗਿਣਤੀ 'ਚ ਦੁਕਾਨਦਾਰਾਂ ਅਤੇ ਲੋਕਾਂ ਨੇ ਪਾਣੀ ਦੀਆਂ ਬਾਲਟੀਆਂ ਨਾਲ ਅੱਗ 'ਤੇ ਕਾਬੂ ਪਾਇਆ ਅਤੇ ਕਿਸੇ ਵੱਡੀ ਅਣਸੁਖਾਵੀਂ ਘਟਨਾ ਵਾਪਰਨ ਤੋਂ ਬਚਾਅ ਹੋ ਗਿਆ। ਉਹਨਾਂ ਦੱਸਿਆ ਕਿ ਸਾਧ ਸੰਗਤ ਨੇ ਜਿੱਥੇ ਮੇਰੀ ਦੁਕਾਨ ਦੀ ਅੱਗ ਬੁਝਾਈ, ਉੱਥੇ ਹੋਰ ਲੋਕ ਅਤੇ ਸੰਸਥਾਵਾਂ ਮੱਦਦ ਲਈ ਅੱਗੇ ਆ ਗਈਆਂ। ਉਹਨਾਂ ਕਿਹਾ ਕਿ ਉਹਦੁਕਾਨਦਾਰਾਂ ਅਤੇ ਲੋਕਾਂ ਦਾ ਸਦਾ ਰਿਣੀ ਰਹਿਣਗੇ। ਤੇਜ ਅੱਗ ਨਾਲ ਦੁਕਾਨ ਤਾਂ ਭਾਵੇਂ ਪੂਰੀ ਸੜ ਗਈ, ਪਰ ਕਿਸੇ ਵੱਡੀ ਘਟਨਾ ਵਾਪਰਨ ਬਚਾ ਲਿਆ ਗਿਆ।

# ਜਨਮ ਦਿਨ 'ਤੇ ਸਕੂਲ ਨੂੰ ਸੈਂਟਰਲ ਏਸੀ ਕੀਤਾ



ਭਗਤਾ ਭਾਈ ਕਾ, 17 ਜੁਲਾਈ (ਸਵਰਨ ਸਿੰਘ ਭਗਤਾ) :ਮਾਤਾ ਬਲਜਿੰਦਰ ਕੌਰ ਮੈਮੋਰੀਅਲ ਕਲੇਰ ਇੰਟਰਨੈਸ਼ਨਲ ਪਬਲਿਕ ਸਕੂਲ ਸਮਾਧ ਭਾਈ ਦਾ ਨੀਂਹ ਪੱਥਰ 14 ਜੁਲਾਈ 2005 ਵਿੱਚ ਚੇਅਰਮੈਨ ਕੁਲਵੰਤ ਸਿੰਘ ਮਲੂਕਾ ਅਤੇ ਚੇਅਰ ਪਰਸਨ ਰਣਧੀਰ ਕੌਰ ਵੱਲੋਂ ਆਪਣੀ ਸਪੁੱਤਰੀ ਨੀਲਮ ਸਿੱਧੂ ਦੇ ਜਨਮ ਦਿਨ ਦੇ ਮੌਕੇ 'ਤੇ ਰੱਖਿਆ ਗਿਆ। ਸਕੂਲ ਦੇ ਸਥਾਪਨਾ ਦਿਵਸ ਦੇ ਮੌਕੇ 'ਤੇ ਬੀਤੇ ਦਿਨੀਂ ਵਿਦਿਆਰਥੀਆਂ ਨੂੰ ਗਰਮੀ ਤੋਂ ਰਾਹਤ ਦਿਵਾਉਣ ਲਈ ਆਪਣੀ ਸਪੁੱਤਰੀ ਦੇ ਜਨਮਦਿਨ ਦੀ ਖੁਸ਼ੀ ਵਿੱਚ ਉਹਨਾਂ ਵੱਲੋਂ ਸਕੂਲ ਨੂੰ ਸੈਂਟਰਲ ਏ ਸੀ ਕਰ ਦਿੱਤਾ ਗਿਆ। ਜਿਸ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਵਿਚ ਕੋਈ ਮੁਸ਼ਕਿਲ ਨਾ ਹੋਵੇ ਤੇ ਪੜ੍ਹਾਈ ਦੇ ਵਾਤਾਵਰਨ ਨੂੰ ਅਨੁਕੂਲ ਬਣਾਇਆ ਜਾਵੇ। ਜਿਸ ਦਾ ਉਦਘਾਟਨ ਚੇਅਰ ਪਰਸਨ ਮੈਡਮ ਰਣਧੀਰ ਕੌਰ ਨੇ ਕੀਤਾ। ਇਸ ਮੌਕੇ 'ਤੇ ਚੇਅਰਮੈਨ ਕੁਲਵੰਤ ਸਿੰਘ ਮਲੂਕਾ ਨੇ ਪਿਛਲੇ 20 ਸਾਲਾਂ 'ਤੇ ਝਾਤ ਪਾਉਂਦਿਆਂ ਦੱਸਿਆ ਕਿ ਅੱਜ ਤੱਕ ਵਿਦਿਆਰਥੀਆਂ ਦੇ ਸਿੱਖਿਆ ਮਿਆਰ ਨੂੰ ਉੱਚਾ ਚੁੱਕਣ ਵਾਸਤੇ ਸਕੂਲ ਨੇ ਅੰਗਰੇਜੀ ਭਾਸ਼ਾ ਲੈਬ,ਸਾਇੰਸ ਵਿਸ਼ੇ ਦੀਆਂ ਅਲੱਗ ਅਲੱਗ ਪ੍ਰਯੋਗਸ਼ਾਲਾਵਾਂ ਬਣਵਾਈਆਂ ਗਈਆਂ ਤੇ ਸਮੇਂ ਦੇ ਅਨੁਸਾਰ ਆਧੁਨਿਕ ਤਕਨਾਲੋਜੀ ਦਾ ਧਿਆਨ ਰੱਖਦੇ ਹੋਏ ਰਿਬੋਟਿਕ ਲੈਬ, ਸਮਾਰਟ ਬੋਰਡ ਪੈਨਲ ਵੀ ਲਗਾਏ ਗਏ। ਉਹਨਾਂ ਦੱਸਿਆ ਕਿ ਸਿੱਖਿਆ ਦੇ ਨਾਲ- ਨਾਲ ਵਿਦਿਆਰਥੀਆਂ ਨੇ ਖੇਡਾਂ ਵਿੱਚ ਰਾਜ ਪੱਧਰੀ 'ਤੇ ਨੈਸ਼ਨਲ ਖੇਡਾਂ ਵੀ ਖੇਡੀਆਂ ਤੇ ਬੱਚਿਆਂ ਨੇ ਸਕੂਲ ਦਾ ਨਾਮ ਰੋਸ਼ਨ ਕੀਤਾ ਅਤੇ ਬਹੁਤ ਸਾਰੇ ਇਨਾਮ ਸਕੂਲ ਦੇ ਝੋਲੀ ਪਾਏ। ਸਕੂਲ ਦੇ ਚੇਅਰਮੈਨ ਕੁਲਵੰਤ ਸਿੰਘ ਮਲੂਕਾ ਨੇ ਕਿਹਾ ਕਿ ਵਿਦਿਆਰਥੀਆਂ ਦੀ ਸਿੱਖਿਆ ਮਿਆਰ ਨੂੰ ਮੱਦੇ ਨਜ਼ਰ ਰੱਖਦੇ ਹੋਏ ਸਕੂਲ ਵਿਦਿਆਰਥੀਆਂ ਲਈ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਸਹੂਲਤਾਂ ਲੈ ਕੇ ਆਇਗਾ। ਇਸ ਮੌਕੇ 'ਤੇ ਸਕੂਲ ਦੇ ਡਾਇਰੈਕਟਰ ਕੋਹਿਨੂਰ ਸਿੱਧੂ ,ਪ੍ਰਿੰਸੀਪਲ ਸ਼ਸ਼ੀਕਾਂਤ, ਸੀਨੀਅਰ ਕੁਆਰਡੀਨੇਟਰ ਰੰਜੀਵ ਸ਼ਰਮਾ ,ਐਗਜ਼ਾਮੀਨੇਸ਼ਨ ਇੰਚਾਰਜ ਦਮਨਜੋਤ ਕੌਰ, ਜੂਨੀਅਰ ਕੋਆਰਡੀਨੇਟਰ ਰੁਪਿੰਦਰ ਕੌਰ, ਪ੍ਰਾਇਮਰੀ ਕੁਆਰਡੀਨੇਟਰ ਕਰਮਜੀਤ ਕੌਰ, ਕਿੰਡਰਗਾਰਟਨ ਕੋਆਰਡੀਨੇਟਰ ਮੋਨਿਕਾ ਚਲਾਣਾ, ਆਈਟੀ ਕੋਆਰਡੀਨੇਟਰ ਗੁਰਵਿੰਦਰ ਸਿੰਘ, ਹਾਊਸ ਕੋਆਰਡੀਨੇਟਰ ਹਰਜਿੰਦਰ ਸਿੰਘ ਹਾਜ਼ਰ ਸਨ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋਣ ਉਪਰੰਤ ਹੀ ਸਾਰੇ ਪੰਥਕ ਸੰਕਟ ਹੱਲ ਹੋਣਗੇ : ਜਥੇਦਾਰ ਰਣਜੀਤ ਸਿੰਘ



ਭਗਤਾ ਭਾਈ ਕਾ, 17 ਜੁਲਾਈ (ਸਵਰਨ ਸਿੰਘ ਭਗਤਾ): ਸਾਡੀਆਂ ਪੰਥਕ ਰਵਾਇਤਾਂ ਅਤੇ ਰਹੁ ਰੀਤਾਂ ਦੀ ਸਲਾਮਤੀ ਲਈ ਹਰ ਗੁਰੂ ਦੇ ਸਿੱਖ ਨੂੰ ਆਪਣੇ ਧਰਮ ਅਤੇ ਇਸ਼ਟ ਦੀ ਅਜ਼ਮਤ ਲਈ ਪੁਰਾਤਨ ਸਮੇਂ ਦੇ ਇਤਿਹਾਸ ਤੋਂ ਸਬਕ ਲੈਣਾ ਚਾਹੀਦਾ ਹੈ। ਜਦੋਂ ਸ੍ਰੀ ਆਕਾਲ ਤਖਤ ਸਾਹਿਬ ਤੋਂ ਬਿਨਾਂ ਪੱਖਪਾਤ ਅਤੇ ਨਿਆਰੇਪਨ ਦੇ ਫੈਸਲੇ ਆਉਣਗੇ ਤਾਂ ਹੀ ਕੌਮ ਵਿੱਚ ਕਲਾ ਵਰਤੇਗੀ। ਪੰਥ ਅਤੇ ਗ੍ਰੰਥ ਦਾ ਸੰਕਲਪ ਮਜ਼ਬੂਤ ਹੋਵੇਗਾ। ਪੰਚ ਪ੍ਰਧਾਨੀ ਦਾ ਸਿਧਾਂਤ ਲਾਗੂ ਹੋਵੇਗਾ। ਉਕਤ ਵਿਚਾਰਾਂ ਦਾ ਪ੍ਰਗਟਾਵਾ ਪੰਥਕ ਸੇਵਾ ਲਹਿਰ ਦੇ ਮੁੱਖ ਸੇਵਾਦਾਰ ਅਤੇ ਸ੍ਰੀ ਆਕਾਲ ਤਖਤ ਸਾਹਿਬ ਜੀ ਦੇ ਸਾਬਕਾ ਜਥੇਦਾਰ ਰਣਜੀਤ ਸਿੰਘ ਨੇ ਗੁਰਦੁਆਰਾ ਗੁੰਗਸਰ ਸਾਹਿਬ ਕੋਠਾਗੁਰੂ ਕਾ ਵਿਖੇ ਪੱਤਰਕਾਰਾਂ ਨਾਲ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋਣ ਉਪਰੰਤ ਹੀ ਸਾਰੇ ਪੰਥਕ ਸੰਕਟ ਹੱਲ ਹੋਣਗੇ। ਉਨ੍ਹਾਂ ਸਾਰੀਆਂ ਰਾਜਨੀਤਕ ਧਿਰਾਂ ਨੂੰ ਧਰਮ ਬਾਰੇ ਗੁਰੂ ਆਸ਼ੇ ਮੁਤਾਬਿਕ ਸਾਡੀਆਂ ਪੰਥਕ ਸੰਸਥਾਵਾਂ ਨੂੰ ਬਚਾਉਣ ਲਈ ਨਿਰੋਲ ਧਾਰਮਿਕ ਜਥੇਬੰਦੀ ਪੰਥਕ ਅਕਾਲੀ ਲਹਿਰ ਦਾ ਸਾਥ ਦੇਣ ਦੀ ਅਪੀਲ ਕੀਤੀ। ਉਨ੍ਹਾਂ ਦਾ ਗੁਰੂ ਘਰ ਦੇ ਪ੍ਰਬੰਧਕਾਂ ਅਤੇ ਵੱਲੋਂ ਸਨਮਾਨ ਕੀਤਾ ਗਿਆ। ਗਿਆਨੀ ਕੌਰ ਸਿੰਘ ਕੋਠਾ ਗੁਰੂ ਵੱਲੋਂ 'ਜੀਵਨ ਕਥਾ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਭੇਂਟ ਕੀਤੀ ਗਈ। ਇਸ ਮੌਕੇ ਦਸਤਾਰ ਫੈਡਰੇਸ਼ਨ ਦੇ ਆਗੂ ਅਤੇ ਹਲਕਾ ਭਗਤਾ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਮੀਦਵਾਰ ਭਾਈ ਪਰਗਟ ਸਿੰਘ ਭੋਡੀਪੁਰਾ, ਸਰਪੰਚ ਪਾਲ ਸਿੰਘ ਢਿਲੋਂ, ਐਡਵੋਕੇਟ ਜਸਵਿੰਦਰ ਸਿੰਘ, ਢਾਡੀ ਬਲਵਿੰਦਰ ਸਿੰਘ, ਗਿਆਨੀ ਰਣਜੀਤ ਸਿੰਘ ਕੋਠਾ ਗੁਰੂ, ਗੁਰਮੀਤ ਸਿੰਘ ਪੂਹਲਾ, ਚੇਅਰਮੈਨ ਬੇਅੰਤ ਸਿੰਘ ਧਾਲੀਵਾਲ,ਨਿਰਮਲ ਸਿੰਘ ਪੂਹਲੀ, ਦਰਸ਼ਨ ਸਿੰਘ ਬੱਜੋਆਣਾ, ਐਡਵੋਕੇਟ ਮਨਪ੍ਰੀਤ ਸਿੰਘ, ਹਰਚੰਦ ਸਿੰਘ ਕੋਠਾ ਗੁਰੂ,ਲਾਭ ਸਿੰਘ ਖਹਿਰਾ,ਕੇਵਲ ਸਿੰਘ ਜੱਸੜ ਆਦਿ ਆਗੂ ਅਤੇ ਸੰਗਤਾਂ ਹਾਜ਼ਰ ਸਨ।

# ਨਸ਼ੇ ਦੀ ਬਿਮਾਰੀ ਨੂੰ ਜੜ੍ਹੋਂ ਖਤਮ ਕਰਨ ਲਈ ਸਮਾਜ ਦਾ ਹਾਂ ਪੱਖੀ ਹੁੰਗਾਰਾ ਬਹੁਤ ਜ਼ਰੂਰੀ : ਖੁੱਡੀਆਂ



ਸ੍ਰੀ ਮੁਕਤਸਰ ਸਾਹਿਬ, 17 ਜੁਲਾਈ: (ਐਚ ਐਸ ਕਪੂਰ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪੰਜਾਬ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਦਾ ਸੱਦਾ ਦਿੰਦੇ ਹੋਏ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਕੈਬਨਿਟ ਮੰਤਰੀ ਪੰਜਾਬ ਗੁਰਮੀਤ ਸਿੰਘ ਖੁੱਡੀਆਂ ਨੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਹਲਕਾ ਲੰਬੀ ਦੇ ਪਿੰਡ ਬਣਵਾਲਾ ਅਣੂ, ਮਿੱਡੂ ਖੇੜਾ ਅਤੇ ਕਿੱਲਿਆਂਵਾਲੀ ਵਿੱਚ ਨਸ਼ਾ ਮੁਕਤੀ ਯਾਤਰਾ ਦੌਰਾਨ ਜਾਗਰੂਕਤਾ ਪ੍ਰੋਗਰਾਮਾਂ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਬੋਲਦਿਆਂ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ, ਕਿ ਨਸ਼ੇ ਦੀ ਬਿਮਾਰੀ ਨੂੰ ਜੜ੍ਹੋਂ ਖਤਮ ਕਰਨ ਲਈ ਸਮਾਜ ਦਾ ਹਾਂ ਪੱਖੀ ਹੁੰਗਾਰਾ ਬਹੁਤ ਜ਼ਰੂਰੀ ਹੈ। ਕੈਬਨਿਟ ਮੰਤਰੀ ਖੁੱਡੀਆਂ ਨੇ ਕਿਹਾ ਕਿ ਇਹਨਾਂ ਪ੍ਰੋਗਰਾਮਾਂ ਦਾ ਮੁੱਖ ਮਕਸਦ ਵੀ ਪਿੰਡ ਵਾਸੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨਾ ਅਤੇ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਲਈ ਸਮੂਹ ਸਮਾਜ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨਾ ਹੈ। ਕੈਬਨਿਟ ਮੰਤਰੀ ਨੇ ਪਿੰਡ ਵਾਸੀਆਂ ਨੂੰ ਨਸ਼ਿਆਂ ਦੀ ਦਲਦਲ ਵਿੱਚ ਫਸੇ ਨੌਜਵਾਨਾਂ ਨੂੰ ਬਚਾਉਣ ਅਤੇ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਮੁਫਤ ਇਲਾਜ ਦੀ ਸਹੂਲਤ ਦਾ ਲਾਭ ਉਠਾਉਣ ਦੀ ਅਪੀਲ ਕੀਤੀ। ਉਨ੍ਹਾਂ ਲੋਕਾਂ ਨੂੰ ਨਸ਼ਾ ਵੇਚਣ ਵਾਲਿਆਂ ਦੀ ਸੂਚਨਾ ਪੁਲਿਸ ਨੂੰ ਦੇਣ ਅਤੇ ਅਜਿਹੇ ਵਿਅਕਤੀਆਂ ਦਾ ਸਮਾਜਿਕ ਬਾਈਕਾਟ ਕਰਨ ਦੀ ਅਪੀਲ ਕੀਤੀ, ਜਿਸ ਦੀ ਪਛਾਣ ਗੁਪਤ ਰੱਖੀ ਜਾਵੇਗੀ। ਇਸ ਮੌਕੇ ਪਿੰਡਾਂ ਦੀਆਂ ਪੰਚਾਇਤਾਂ, ਸਰਪੰਚਾਂ, ਅਤੇ ਵੱਡੀ ਗਿਣਤੀ ਵਿੱਚ ਨੌਜਵਾਨਾਂ ਸਮੇਤ ਸਮੂਹ ਪਿੰਡ ਵਾਸੀਆਂ ਨੇ ਸਹੁੰ ਚੁੱਕੀ, ਕਿ ਉਹ ਨਸ਼ਿਆਂ ਦੇ ਵਿਰੁੱਧ ਇਸ ਜੰਗ ਵਿੱਚ ਸਰਕਾਰ ਦਾ ਪੂਰਨ ਸਹਿਯੋਗ ਦੇਣਗੇ। ਇਸ ਮੌਕੇ ਯੂਥ ਆਗੂ ਅਮੀਤ ਸਿੰਘ ਖੁੱਡੀਆਂ, ਡਾ. ਗੁਰਦਿੱਤ ਸਿੰਘ ਡਿਪਟੀ ਡਾਇਰੈਕਟਰ, ਡਾ: ਕਰਨਜੀਤ ਸਿੰਘ ਗਿੱਲ, ਮੁੱਖ ਖੇਤੀਬਾੜੀ ਅਫ਼ਸਰ, ਨਸ਼ਾ ਮੁਕਤੀ ਮੋਰਚੇ ਦੇ ਜ਼ਿਲ੍ਹਾ ਇੰਚਾਰਜ ਮਨਵੀਰ ਸਿੰਘ ਖੁੱਡੀਆਂ ਤੋਂ ਇਲਾਵਾ ਹਲਕਾ ਲੰਬੀ ਮੋਰਚੇ ਦੇ ਇੰਚਾਰਜ ਪਰਮਪਾਲ ਸਿੰਘ, ਕੈਬਨਿਟ ਮੰਤਰੀ ਦੇ ਨਿੱਜੀ ਸਹਾਇਕ ਗੁਰਬਾਜ ਸਿੰਘ ਖੁੱਡੀਆਂ, ਡੀ.ਐਸ.ਪੀ. ਲੰਬੀ ਜਸਪਾਲ ਸਿੰਘ ਧਾਲੀਵਾਲ, ਰਾਕੇਸ਼ ਬਿਸ਼ਨੋਈ ਬੀਡੀਪੀਓ, ਗੁਰਬਾਜ ਸਿੰਘ ਵਣਵਾਲਾ, ਰਛਪਾਲ ਸਿੰਘ ਚੇਅਰਮੈਨ, ਗੁਰਮੇਲ ਸਿੰਘ ਸਰਪੰਚ, ਸਰਬਜੀਤ ਸਿੰਘ ਮਿੱਡੂ ਖੇੜਾ, ਬਾਬਾ ਬਲਕਾਰ ਸਿੰਘ, ਮਾਸਟਰ ਰਾਮ ਸਿੰਘ, ਗੁਰਭਜਨ ਸਿੰਘ, ਨਿਰਮਲ ਸਿੰਘ, ਜਸਵਿੰਦਰ ਸਿੰਘ ਮਿੱਡੂ ਖੇੜਾ, ਮਲਕੀਤ ਸਿੰਘ ਸਰਪੰਚ ਮਿੱਡੂ ਖੇੜਾ, ਪਰਮ ਭਾਗੂ ਸਰਪੰਚ, ਰਾਜਾ ਮਾਹੂੱਆਣਾ, ਨਾਨਕਦੀਪ ਸਿੰਘ, ਤਰਸੇਮ ਸਿੰਘ, ਬਿੱਟੂ ਸਿੰਘ ਸਾਬਕਾ ਸਰਪੰਚ ਮਿੱਡੂ ਖੇੜਾ, ਬੱਬੂ ਨੰਬਰਦਾਰ, ਮਿੱਡੂ ਖੇੜਾ, ਗੁਰੀ ਮਿੱਡੂ ਖੇੜਾ, ਰਾਜਾ ਭੀਟੀਵਾਲ, ਸੋਮ ਪ੍ਰਕਾਸ਼, ਹਿਮਾਂਸ਼ੂ, ਤੇਜਾ ਸਿੰਘ, ਦੀਪਕ, ਰੂਪ ਪ੍ਰਧਾਨ, ਰਾਜ ਮੈਂਬਰ, ਮੰਗਾ ਸਿੰਘ ਨੰਬਰਦਾਰ, ਐਸ.ਐਚ.ਓ. ਕਿੱਲਿਆਂਵਾਲੀ ਕਰਮਜੀਤ ਕੌਰ ਅਤੇ ਹੋਰਨਾਂ ਪਿੰਡਾਂ ਦੀਆਂ ਪੰਚਾਇਤਾਂ ਹਾਜ਼ਰ ਸਨ।

# ਨੌਜਵਾਨ ਪੀੜ੍ਹੀ ਨੂੰ ਫੌਜਾ ਸਿੰਘ ਵੱਲੋਂ ਪ੍ਰਾਪਤ ਕੀਤੇ ਮੁਕਾਮ ਤੋਂ ਸੇਧ ਲੈਣ ਦੀ ਲੋੜ : ਪ੍ਰੋ. ਬਡੂੰਗਰ

ਫਤਹਿਗੜ੍ਹ ਸਾਹਿਬ, 17 ਜੁਲਾਈ (ਹਰਪ੍ਰੀਤ ਕੌਰ ਟਿਵਾਣਾ):ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ 117 ਸਾਲਾ ਐਥਲੀਟ ਫੌਜਾ ਸਿੰਘ ਦੇ ਦਿਹਾਂਤ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਫੌਜਾ ਸਿੰਘ ਨੇ ਵਿਸ਼ਵ ਪਧਰ 'ਤੇ ਸਿੱਖੀ ਸਰੂਪ ਵਿੱਚ ਦੌੜ ਕੇ ਆਪਣਾ ਨਾਮ ਰੁਸ਼ਨਾਇਆ ਹੈ। ਉਹਨਾਂ ਕਿਹਾ ਕਿ ਫੌਜਾ ਸਿੰਘ ਅੱਜ ਦੀ ਨੌਜਵਾਨ ਪੀੜ੍ਹੀ ਲਈ ਇੱਕ ਪ੍ਰੇਰਨਾ ਸਰੋਤ ਅਥਲੀਟ ਹਨ, ਜਿਨ੍ਹਾਂ ਨੇ ਸਾਬਤ ਕਰ ਦਿੱਤਾ ਕੇ ਜ਼ਿੰਦਗੀ ਵਿੱਚ ਨਾਮਨਾ ਖੱਟਣ ਲਈ ਉਮਰ ਕੋਈ ਮਾਇਨੇ ਨਹੀਂ ਰੱਖਦੀ। ਪ੍ਰੋਫੈਸਰ ਬਡੂੰਗਰ ਨੇ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਫੌਜਾ ਸਿੰਘ ਦੇ ਜੀਵਨ ਤੇ ਮਿਹਨਤ ਤੋਂ ਪ੍ਰੇਰਨਾ ਲੈਣ ਦੀ ਲੋੜ ਕਰਾਰ ਦਿੰਦਿਆਂ ਵੱਧ ਤੋਂ ਵੱਧ ਨੌਜਵਾਨਾਂ ਨੂੰ ਖੇਡਾਂ ਨਾਲ ਜੁੜਨ ਦੀ ਅਪੀਲ ਕੀਤੀ। ਪ੍ਰੋਫੈਸਰ ਬਡੂੰਗਰ ਨੇ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਫੌਜਾ ਸਿੰਘ ਦੇ ਜੀਵਨ ਤੇ ਮਿਹਨਤ ਤੋਂ ਪ੍ਰੇਰਨਾ ਲੈਣ ਦੀ ਲੋੜ ਕਰਾਰ ਦਿੰਦਿਆਂ ਵੱਧ ਤੋਂ ਵੱਧ ਨੌਜਵਾਨਾਂ ਨੂੰ ਖੇਡਾਂ ਨਾਲ ਜੁੜਨ ਦੀ ਅਪੀਲ ਕੀਤੀ।

# ਕਲੇਰ ਸਕੂਲ ਦੇ ਵਿਦਿਆਰਥੀ ਜਗਮਨਦੀਪ ਸਿੰਘ ਨੇ ਕੈਨੇਡਾ ਦੀ ਧਰਤੀ 'ਤੇ ਮਾਰੀ ਬਾਜੀ



ਭਗਤਾ ਭਾਈ ਕਾ, 17 ਜੁਲਾਈ (ਸਵਰਨ ਸਿੰਘ ਭਗਤਾ):ਮਾਤਾ ਬਲਜਿੰਦਰ ਕੌਰ ਮੈਮੋਰੀਅਲ ਕਲੇਰ ਇੰਟਰਨੈਸ਼ਨਲ ਪਬਲਿਕ ਸਕੂਲ ਸਮਾਧ ਭਾਈ ਲਈ ਬਹੁਤ ਹੀ ਮਾਣ ਦੀ ਗੱਲ ਹੈ, ਕਿ ਸਕੂਲ ਦਾ ਹੋਣਹਾਰ ਵਿਦਿਆਰਥੀ ਜਗਮਨਦੀਪ ਸਿੰਘ ਨੇ ਕੈਨੇਡਾ ਅੰਡਰ 19 ਆਈ ਸੀ ਸੀ ਮੈਨਜ਼ ਵਰਲਡ ਕੱਪ ਅਮਰੀਕਾਜ਼ ਕੁਆਲੀਫਾਇਰ 2025 ਵਿਚ ਵਾਈਸ ਕੈਪਟਨ ਦੇ ਤੌਰ 'ਤੇ ਕੈਨੇਡਾ ਦੀ ਟੀਮ ਵਿੱਚ ਚੁਣਿਆ ਗਿਆ ਹੈ। ਸਕੂਲ ਦੇ ਚੇਅਰਮੈਨ ਕੁਲਵੰਤ ਸਿੰਘ ਮਲੂਕਾ ਨੇ ਇਸ ਖੁਸ਼ੀ ਦੇ ਮੌਕੇ 'ਤੇ ਦੱਸਿਆ ਕਿ ਇਸ ਵਿਦਿਆਰਥੀ ਨੇ ਲਖਵਿੰਦਰ ਬਰਾੜ ਤੇ ਅਰਸ਼ਦੀਪ ਸਿੰਘ ਦੀ ਅਗਵਾਈ ਹੇਠ ਪਿਛਲੇ ਸਾਲਾਂ ਵਿੱਚ ਸਕੂਲੀ ਖੇਡਾਂ ਵਿੱਚ ਵੀ ਮੱਲਾਂ ਮਾਰੀਆਂ, ਤੇ ਹੁਣ ਕੈਨੇਡਾ ਦੀ ਧਰਤੀ 'ਤੇ ਆਪਣਾ ਲੋਹਾ ਮਨਵਾਇਆ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਸਕੂਲ ਦੀ ਬਹੁਤ ਮਿਹਨਤੀ ਵਿਦਿਆਰਥਣ ਅਮਰਪਾਲ ਕੌਰ ਨੇ ਕੈਨੇਡਾ ਵਿੱਚ ਕ੍ਰਿਕਟ ਵੂਮੈਨ ਕੈਪਟਨ ਬਣਨ ਦਾ ਮਾਣ ਹਾਸਲ ਕੀਤਾ। ਉਹਨਾਂ ਕਿਹਾ ਕਿ ਇਹ ਸਭ ਪ੍ਰਾਪਤੀਆਂ ਸਾਡੇ ਸਕੂਲ ਦੇ ਮਿਹਨਤੀ ਤੇ ਯੋਗ ਕੋਚ ਲਖਵਿੰਦਰ ਬਰਾੜ ਤੇ ਅਰਸ਼ਦੀਪ ਸਿੰਘ ਦੇ ਅਣਥੱਕ ਯਤਨਾਂ ਕਾਰਨ ਸੰਭਵ ਹੋਇਆ,ਜਿਨ੍ਹਾਂ ਨੇ ਸਾਡੇ ਵਿਦਿਆਰਥੀਆਂ ਨੂੰ ਤਰਾਸ਼ਿਆ ਤੇ ਇਸ ਯੋਗ ਬਣਾਇਆ। ਇਸ ਤੋਂ ਇਲਾਵਾ ਉਹਨਾਂ ਕਿਹਾ ਕਿ ਇਹ ਇਲਾਕੇ ਦਾ ਇੱਕੋ ਇੱਕ ਅਜਿਹਾ ਸਕੂਲ ਹੈ, ਜਿਸ ਵਿੱਚ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਖੇਡਾਂ ਲਈ ਵੀ ਪ੍ਰੇਰਿਤ ਕੀਤਾ ਜਾਂਦਾ ਹੈ ਤਾਂ ਜੋ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਹੋ ਸਕੇ। ਇਸ ਮੌਕੇ 'ਤੇ ਸਕੂਲ ਦੇ ਚੇਅਰਮੈਨ ਕੁਲਵੰਤ ਸਿੰਘ ਮਲੂਕਾ, ਚੇਅਰ ਪਰਸਨ ਮੈਡਮ ਰਣਧੀਰ ਕੌਰ, ਡਾਇਰੈਕਟਰ ਕੋਹਿਨੂਰ ਸਿੱਧੂ, ਪ੍ਰਿੰਸੀਪਲ ਸ਼ਸ਼ੀਕਾਂਤ, ਕੁਆਰਡੀਨੇਟਰ ਤੇ ਸਮੂਹ ਸਟਾਫ ਮੈਂਬਰਾਂ ਨੇ ਸਕੂਲ ਦੇ ਕੋਚ ਸਾਹਿਬਾਨ, ਵਿਦਿਆਰਥੀ ਜਗਮਨਦੀਪ ਸਿੰਘ ਤੇ ਉਸਦੇ ਮਾਪਿਆਂ ਨੂੰ ਵਧਾਈ ਦਿੱਤੀ।

# 20 ਜੁਲਾਈ ਤੋਂ ਕੀਤੀ ਜਾਵੇਗੀ ਬੂਟੇ ਲਗਾਉਣ ਦੀ ਸ਼ੁਰੂਆਤ

## ਵੱਡੀ ਗਿਣਤੀ ਵਿੱਚ ਲਗਾਏ ਜਾਣਗੇ ਬੂਟੇ : ਕੁਲਦੀਪ ਸ਼ਰਮਾ

ਸੰਗਰੂਰ, 17 ਜੁਲਾਈ (ਹਰਕੰਵਲ ਸਿੰਘ ਹੈਪੀ): ਡੈਮੋਕਰੇਟਿਕ ਹਿਊਮਨ ਪਾਵਰ ਆਰਗਨਾਈਜੇਸ਼ਨ ਪੰਜਾਬ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਾਤਾਵਰਣ ਬਚਾਓ ਮੁਹਿੰਮ ਦੀ ਸ਼ੁਰੂਆਤ 20 ਜੁਲਾਈ ਦਿਨ ਐਤਵਾਰ ਤੋਂ ਕੀਤੀ ਜਾ ਰਹੀ ਹੈ। ਜਿਸ ਦੀਆਂ ਤਿਆਰੀਆਂ ਸਬੰਧੀ ਪਹਿਲਾਂ ਇੱਕ ਮੀਟਿੰਗ ਸੰਗਰੂਰ ਵਿਖੇ ਕੀਤੀ ਗਈ ਸੀ। ਅੱਜ ਦੂਸਰੀ ਮੀਟਿੰਗ ਪੰਜਾਬ ਪ੍ਰਧਾਨ ਕੁਲਦੀਪ ਸ਼ਰਮਾ ਦੀ ਅਗਵਾਈ ਵਿੱਚ ਲੌਂਗੋਵਾਲ ਵਿਖੇ ਟੀਮ ਮੈਂਬਰਾਂ ਨਾਲ ਮੀਟਿੰਗ ਕੀਤੀ ਗਈ। ਜਿਸ ਵਿੱਚ ਪਿੰਡਾਂ ਅਤੇ ਸ਼ਹਿਰਾਂ ਦੇ ਵੱਖ ਵੱਖ ਥਾਵਾਂ ਉੱਪਰ ਬੂਟੇ ਲਗਾਉਣ ਲਈ ਨੌਜਵਾਨਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਮੀਟਿੰਗ ਦੌਰਾਨ ਵਾਤਾਵਰਨ ਨੂੰ ਬਚਾਉਣ ਸਬੰਧੀ ਨੌਜਵਾਨਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਤੋਂ ਇਲਾਵਾ ਲੌਂਗੋਵਾਲ ਦੇ ਨਾਲ ਲੱਗਦੇ 20 ਤੋਂ 25 ਪਿੰਡਾਂ ਦੇ ਵਰਕਰ ਵੀ ਇਸ ਮੁਹਿੰਮ ਨੂੰ ਅੱਗੇ ਲੈ ਕੇ ਜਾਣਗੇ ਅਤੇ ਆਪੋ ਆਪਣੇ ਪਿੰਡਾਂ ਤੇ ਸ਼ਹਿਰਾਂ ਵਿੱਚ ਵੱਡੀ ਗਿਣਤੀ ਵਿੱਚ ਬੂਟੇ ਲਗਾਉਣਗੇ, ਤਾਂ ਜੋ ਇਲਾਕੇ ਦਾ ਵਾਤਾਵਰਨ ਹਰਿਆ ਭਰਿਆ ਹੋ ਸਕੇ ਅਤੇ ਲੋਕਾਂ ਨੂੰ ਹਰ ਰੋਜ਼ ਦੀਆਂ ਨਵੀਆਂ ਬਿਮਾਰੀਆਂ ਤੋਂ ਨਿਜ਼ਾਤ ਮਿਲ ਸਕੇ। ਇਸ ਦੌਰਾਨ ਜਗਦੇਵ ਸਿੰਘ ਕੁਨਰਾ ਸੀਨੀਅਰ ਆਗੂ, ਪਾਰਿਸ ਗਰਗ, ਧ੍ਰੂਵ ਆਰੀਆ, ਹਰਮਨ ਸਿੰਘ, ਕੁਲਵੀਰ ਸਿੰਘ, ਹਰਮਨ ਸਿੰਘ, ਨੈਨਪ੍ਰੀਤ ਸਿੰਘ ਜਗਦੇਵ ਸਿੰਘ ਕੁਨਰਾ ਸੀਨੀਅਰ ਆਗੂ, ਪਾਰਿਸ ਗਰਗ, ਧ੍ਰੂਵ ਆਰੀਆ, ਹਰਮਨ ਸਿੰਘ, ਕੁਲਵੀਰ ਸਿੰਘ, ਹਰਮਨ ਸਿੰਘ, ਨੈਨਪ੍ਰੀਤ ਸਿੰਘ ਆਦਿ ਮੈਂਬਰ ਹਾਜ਼ਰ ਸਨ।

# ਰੋਟਰੀ ਕਲੱਬ ਦੀ ਮੀਟਿੰਗ 'ਚ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਵਸ ਨੂੰ ਲੈ ਕੇ ਕੰਮਾਂ ਦੀ ਰੂਪ-ਰੇਖਾ ਤੈਅ



ਸੁਨਾਮ, 17 ਜੁਲਾਈ (ਮੋਹਨ ਸ਼ਰਮਾ/ ਰਾਊਵਰਿੰਦਰ ਮਠਾੜੂ):ਰੋਟਰੀ ਕਲੱਬ ਸੁਨਾਮ ਦੀ ਇੱਕ ਵਿਸ਼ੇਸ਼ ਮੀਟਿੰਗ ਕਲੱਬ ਦੇ ਪ੍ਰਧਾਨ ਰੋਟੇਰੀਅਨ ਜਗਦੀਪ ਭਾਰਦਵਾਜ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤੀ ਗਈ। ਜਿਸ ਵਿੱਚ 31 ਜੁਲਾਈ ਨੂੰ ਮਨਾਏ ਜਾਣ ਵਾਲੇ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਵਸ ਨੂੰ ਲੈ ਕੇ ਵਿਸਥਾਰਪੂਰਵਕ ਕਾਰਜਕ੍ਰਮਾਂ ਦੀ ਰਚਨਾ ਤੈਅ ਕੀਤੀ ਗਈ। ਮੀਟਿੰਗ ਦੌਰਾਨ ਵੱਖ-ਵੱਖ ਕਾਰਜਕ੍ਰਮਾਂ ਲਈ ਪ੍ਰੋਜੈਕਟ ਚੇਅਰਮੈਨ ਨਿਯੁਕਤ ਕਰ ਉਨ੍ਹਾਂ ਨੂੰ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ ਕਿ ਸ਼ਹੀਦੀ ਦਿਵਸ ਮੌਕੇ ਰੋਟਰੀ ਕਲੱਬ ਦੇ ਮੈਂਬਰ ਸ਼ਹੀਦ ਊਧਮ ਸਿੰਘ ਦੇ ਪੈਤ੍ਰਿਕ ਘਰ ਪਹੁੰਚਕੇ, ਉਨ੍ਹਾਂ ਨੂੰ ਸ਼ਰਧਾਂਜਲੀ ਅਰਪਿਤ ਕਰਨਗੇ। ਇਸ ਪ੍ਰੋਗਰਾਮ ਦੇ ਸਫਲ ਆਯੋਜਨ ਲਈ ਯਸ਼ਪਾਲ ਮੰਗਲਾ, ਸੰਦੀਪ ਜੈਨ ਅਤੇ ਰਾਕੇਸ਼ ਜਿੰਦਲ ਨੂੰ ਪ੍ਰੋਜੈਕਟ ਚੇਅਰਮੈਨ ਨਿਯੁਕਤ ਕੀਤਾ ਗਿਆ। ਇਸ ਦੇ ਇਲਾਵਾ, ਸ਼ਹੀਦੀ ਦਿਵਸ ਦੀ ਪੂਰਵ ਸੰਧਿਆ 'ਤੇ ਸ਼ਹੀਦ ਊਧਮ ਸਿੰਘ ਦੇ ਜੀਵਨ ਅਤੇ ਵਿਚਾਰਾਂ 'ਤੇ ਆਧਾਰਿਤ ਸੈਮੀਨਾਰ ਕਰਵਾਇਆ ਜਾਵੇਗਾ, ਜਿਸ ਲਈ ਦਵਿੰਦਰ ਪਾਲ ਸਿੰਘ ਰਿੰਪੀ ਅਤੇ ਰੂਪਿੰਦਰ ਸੱਗੂ ਨੂੰ ਪ੍ਰੋਜੈਕਟ ਚੇਅਰਮੈਨ ਬਣਾਇਆ ਗਿਆ। ਰੁੱਖ ਲਗਾਉਣ ਦੀ ਮੁਹਿੰਮ ਲਈ ਲਾਡੀ ਚੰਦ ਗਰਗ, ਅਤੁਲ ਗੁਪਤਾ ਅਤੇ ਅਸ਼ੋਕ ਗੋਇਲ ਨੂੰ ਪ੍ਰੋਜੈਕਟ ਚੇਅਰਮੈਨ ਦੀ ਜ਼ਿੰਮੇਵਾਰੀ ਦਿੱਤੀ ਗਈ। ਮੀਟਿੰਗ ਦੌਰਾਨ ਕਲੱਬ ਦੇ ਸਰਗਰਮ ਮੈਂਬਰ ਮਨੋਹਰ ਲਾਲ ਅਰੋੜਾ ਨੂੰ ਉਨ੍ਹਾਂ ਦੇ ਯੋਗਦਾਨ ਲਈ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਜਦਕਿ ਲਾਡੀ ਚੰਦ ਗਰਗ ਨੂੰ ਪੰਕਚੁਅਲਟੀ ਐਵਾਰਡ ਨਾਲ ਨਵਾਜਿਆ ਗਿਆ। ਇਸ ਮੌਕੇ 'ਤੇ ਆਈ.ਪੀ.ਪੀ. ਦਵਿੰਦਰ ਪਾਲ ਸਿੰਘ ਰਿੰਪੀ ਨੇ ਆਪਣੇ ਕਾਰਜਕਾਲ ਦਾ ਸੰਖੇਪ ਲੇਖਾ-ਜੋਖਾ ਪੇਸ਼ ਕਰਦਿਆਂ ਕਲੱਬ ਦੀਆਂ ਵੱਖ-ਵੱਖ ਉਪਲੱਬਧੀਆਂ ਸਾਂਝੀਆਂ ਕੀਤੀਆਂ। ਮੀਟਿੰਗ ਵਿੱਚ ਸਾਬਕਾ ਰੋਟਰੀ ਗਵਰਨਰ ਘਨਸ਼ਿਆਮ ਕਾਂਸਲ, ਮੌਜੂਦਾ ਪ੍ਰਧਾਨ ਜਗਦੀਪ ਭਾਰਦਵਾਜ, ਆਈ.ਪੀ.ਪੀ. ਦਵਿੰਦਰ ਪਾਲ ਸਿੰਘ ਰਿੰਪੀ, ਵਿਜੈ ਮੋਹਨ, ਰੂਪਿੰਦਰ ਸੱਗੂ, ਡਾ. ਵਿਜੈ ਗਰਗ, ਰਮੇਸ਼ ਗਰਗ, ਰਾਕੇਸ਼ ਸਿੰਗਲਾ, ਪੁਨੀਤ ਬਾਂਸਲ, ਸੰਜੀਵ ਸਿੰਗਲਾ, ਪ੍ਰਭਾਤ ਜਿੰਦਲ, ਚਰਨ ਦਾਸ ਗੋਇਲ, ਐਡਵੋਕੇਟ ਨਵੀਨ ਗਰਗ, ਅਨਿਲ ਜੁਨੇਜਾ, ਡਾ. ਸਿੱਧਾਰਥ ਫੁੱਲ, ਹਰੀਸ਼ ਗੋਇਲ, ਲਾਜਪਤ ਰਾਏ ਗਰਗ, ਮਦਨ ਲਾਲ ਮਾਨਾ, ਨਵੀਨ ਸਿੰਗਲਾ, ਪ੍ਰਮੋਦ ਹੋਡਲਾ, ਰਚਿਨ ਗੁਪਤਾ, ਵਿਨੋਦ ਬੋਬੀ, ਲਿਟਸਨ ਜਿੰਦਲ, ਬਹਾਲ ਸਿੰਘ ਕਾਲੇਕਾ, ਇੰਦਰ ਕੁਮਾਰ ਅਤੇ ਅਜਾਇਬ ਸਿੰਘ ਸੱਗੂ ਸਮੇਤ ਕਲੱਬ ਦੇ ਕਈ ਮੈਂਬਰ ਮੌਜੂਦ ਰਹੇ। ਮੀਟਿੰਗ ਦੇ ਅੰਤ ਵਿੱਚ ਸਾਰੇ ਮੈਂਬਰਾਂ ਨੇ ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਨੂੰ ਨਮਨ ਕਰਦਿਆਂ ਉਨ੍ਹਾਂ ਦੇ ਆਦਰਸ਼ਾਂ ਨੂੰ ਘਰ-ਘਰ ਤੱਕ ਪਹੁੰਚਾਉਣ ਦਾ ਸੰਕਲਪ ਲਿਆ।

# ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਨੇ ਘੇਰਿਆ ਥਾਣਾ ਜੋਗਾ



ਜੋਗਾ, 17 ਜੁਲਾਈ (ਵਿਰੇਂਦਰਪਾਲ ਮੰਤਰੋ):ਨੇੜਲੇ ਪਿੰਡ ਮਾਖਾ ਚਹਿਲਾਂ ਦੀਆਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੱਲਾ ਵਿਖੇ ਪੜ੍ਹਦੀਆਂ ਤਿੰਨ ਵਿਦਿਆਰਥਣਾਂ ਦਾ ਆਪਣੇ ਪ੍ਰੇਮੀਆਂ ਨਾਲ ਫਰਾਰ ਹੋ ਜਾਣਾ ਸਮਾਚਾਰ ਪ੍ਰਾਪਤ ਹੋਇਆ ਹੈ। ਜਿਨ੍ਹਾਂ ਵਿੱਚੋਂ ਦੋ ਵਿਦਿਆਰਥਣਾ ਦੀ ਘਰ ਵਾਪਸੀ ਹੋ ਚੁੱਕੀ ਹੈ, ਅਤੇ ਇੱਕ ਨਾਬਾਲਗ ਲੜਕੀ ਲਾਪਤਾ ਹੈ, ਜਿਸ ਨੂੰ ਲੱਭਣ ਵਿੱਚ ਪਿਛਲੇ ਕਈ ਦਿਨਾਂ ਤੋਂ ਥਾਣਾ ਜੋਗਾ ਦੀ ਪੁਲਿਸ ਨਾ ਕਾਮਯਾਬ ਰਹੀ ਹੈ। ਜਿਸ ਦੇ ਖਿਲਾਫ ਭਾਰਤੀ ਕਿਸਾਨ ਯੂਨੀਅਨ ਏਕਤਾ ਡਕਾਉਂਦਾ ਵੱਲੋਂ ਅੱਜ ਥਾਣਾ ਜੋਗੇ ਦਾ ਘਿਰਾਓ ਕਰਕੇ ਧਰਨਾ ਲਾਇਆ ਗਿਆ। ਇਸ ਮੌਕੇ ਕਿਸਾਨ ਆਗੂ ਮਹਿੰਦਰ ਸਿੰਘ ਭੈਣੀ ਬਾਘਾ ਜੀਤ ਸਿੰਘ ਦਲੇਵਾਂ ਰਾਜ ਸਿੰਘ ਅਕਲੀਆ ਸਿੰਦਰਪਾਲ ਕੌਰ ਕੁਲਵਿੰਦਰ ਕੌਰ ਅਕਲੀਆ ਜੋਰਾ ਸਿੰਘ ਮਾਖਾ ਨਾਜਮ ਸਿੰਘ ਖਾਲਸਾ ਸਾਬਕਾ ਸਰਪੰਚ ਚਰਨਜੀਤ ਸਿੰਘ ਮਾਖਾ ਮੈਡੀਕਲ ਪ੍ਰੈਕਟੀਸ਼ਨ ਐਸੋਸੀਏਸ਼ਨ ਜ਼ਿਲ੍ਹਾ ਪ੍ਰਧਾਨ ਰਘਬੀਰ ਚੰਦ ਸ਼ਰਮਾ ਡਾਕਟਰ ਗੁਰਵਿੰਦਰ ਸਿੰਘ ਜੋਗਾ ਆਦਿ ਵੱਖ ਵੱਖ ਬੁਲਾਰਿਆਂ ਨੇ ਥਾਣਾ ਜੋਗਾ ਅੱਗੇ ਲੱਗੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ, ਕਿ ਪਿਛਲੇ 11 ਜੁਲਾਈ ਤੋਂ ਪਿੰਡ ਮਾਖਾ ਚਹਿਲਾਂ ਨਬਾਲਗ ਬੱਚੀ ਜੋ ਕੇ ਪਿੰਡ ਰੱਲਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਪੜ੍ਹਦੀ ਸੀ ਲਾਪਤਾ ਹੋਈ ਹੈ। ਉਹਨਾਂ ਦੱਸਿਆ ਕਿ ਪਰਿਵਾਰ ਵੱਲੋਂ ਪੁਲਿਸ ਦੇ ਉੱਚ ਅਧਿਕਾਰੀਆਂ ਅਤੇ ਥਾਣਾ ਜੋਗਾ ਵਿਖੇ ਵਾਰ-ਵਾਰ ਗੇੜੇ ਮਾਰਨ ਦੇ ਬਾਵਜੂਦ ਥਾਣਾ ਜੋਗਾ ਦੇ ਮੁਲਾਜ਼ਮਾਂ ਵੱਲੋਂ ਪਰਿਵਾਰ ਨਾਲ ਮਾੜਾ ਵਤੀਰਾ ਕੀਤਾ ਗਿਆ। ਪਰਿਵਾਰ ਨੂੰ ਬੁਰਾ ਭਲਾ ਵੀ ਪੁਲਿਸ ਵੱਲੋਂ ਕਿਹਾ ਗਿਆ। ਪਰ ਬੱਚੀ ਨੂੰ ਲੱਭਣ ਵਿੱਚ ਜੋਗਾ ਪੁਲਿਸ ਨੇ ਦਿਲਚਸਪੀ ਨਹੀਂ ਦਿਖਾਈ। ਜਿਸ ਕਾਰਨ ਪਰਿਵਾਰ ਨੇ ਜਥੇਬੰਦੀਆਂ ਨਾਲ ਰਾਬਤਾ ਕਰਕੇ ਥਾਣੇ ਜੋਗੇ ਦਾ ਘਿਰਾਓ ਕਰਨ ਦਾ ਫੈਸਲਾ ਕੀਤਾ ਗਿਆ ਅਤੇ ਇਨਸਾਫ ਲੈਣ ਲਈ ਥਾਣੇ ਅੱਗੇ ਧਰਨਾ ਲਾਇਆ ਗਿਆ ਹੈ। ਉੱਧਰ ਜੋਗਾ ਪੁਲਿਸ ਦਾ ਕਹਿਣਾ ਸੀ, ਕਿ ਕੁਝ ਵਿਅਕਤੀਆਂ ਖਿਲਾਫ ਕਾਰਵਾਈ ਕੀਤੀ ਗਈ ਹੈ ਅਤੇ ਕੁਝ ਵਿਅਕਤੀ ਗ੍ਰਿਫਤਾਰ ਵੀ ਕੀਤੇ ਗਏ ਹਨ। ਇਸ ਮੌਕੇ ਪੁਲਿਸ ਪ੍ਰਸ਼ਾਸਨ ਵੱਲੋਂ ਪਹੁੰਚੇ ਡੀਐਸਪੀ ਪ੍ਰਿਤਪਾਲ ਸਿੰਘ ਨੇ ਪੰਜ ਮੈਂਬਰੀ ਕਮੇਟੀ ਨਾਲ ਮੀਟਿੰਗ ਕੀਤੀ ਅਤੇ ਤਿੰਨ ਦਿਨਾਂ ਵਿੱਚ ਬੱਚੀ ਨੂੰ ਲੱਭਣ ਦਾ ਭਰੋਸਾ ਦੇ ਕੇ ਧਰਨਾ ਸਮਾਪਤ ਕਰਵਾਇਆ। ਕਿਸਾਨ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਛੋਟੇ ਬੱਚੇ ਬੱਚੀਆਂ 'ਤੇ ਮੋਬਾਇਲ ਫੋਨ ਮਾੜਾ ਪ੍ਰਭਾਵ ਪਾਉਂਦੇ ਹਨ, ਜੋ ਕਿ ਸਕੂਲੀ ਬੱਚਿਆਂ ਦੇ ਮੋਬਾਇਲ ਫੋਨ ਸਕੂਲ ਵਿੱਚ ਲਿਜਾਣ ਦੀ ਮਨਾਹੀ ਕੀਤੀ ਜਾਵੇ।

# ਵਿਦਿਆਰਥੀਆਂ ਨੇ ਪੰਜਾਬ ਪੁਲਿਸ ਦੇ ਕੋਲੋਂ ਲਈ ਅਨਮੋਲ ਜਾਣਕਾਰੀ

ਜੰਡਿਆਲਾ ਗੁਰੂ 17ਜੁਲਾਈ (ਰਾਮ ਸ਼ਰਨਜੀਤ ਸਿੰਘ, ਮੰਗਲਦੀਪ ਸਿੰਘ) ਸ੍ਰੀ ਗੁਰੂ ਹਰਗੋਬਿੰਦ ਪਬਲਿਕ ਸਕੂਲ ਮੱਲੀਆਂ ਦੇ ਵਿਦਿਆਰਥੀ ਜਿੱਥੇ ਵਿਦਿਆ ਦੇ ਖ਼ੇਤਰ ਵਿੱਚ ਹੋਰ ਵੱਖ ਵੱਖ ਖੇਡਾਂ ਅਤੇ ਪੰਜਾਬੀ ਸੱਭਿਆਚਾਰਕ ਦੇ ਸਬੰਧ ਵਿੱਚ ਆਪਣੇ ਸਕੂਲ ਦਾ ਨਾਮ ਰੋਸ਼ਨ ਕਰਕੇ ਝੰਡੇ ਬੁਲੰਦ ਕੀਤੇ ਹਨ ਇਹ ਸਕੂਲ ਦੇ ਬੱਚੇ ਆਪਣੀ ਜਨਰਲ ਨੌਲੇਜ ਵਿੱਚ ਹੋਰ ਵਾਧਾ ਕਰਦੇ ਹੋਏ ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਸਹਿਯੋਗ ਨਾਲ ਬੱਚਿਆਂ ਨੂੰ ਜੰਡਿਆਲਾ ਗੁਰੂ ਥਾਣੇ ਵਿਖੇ ਲੈਕੇ ਆਏ ਕਿ ਪੁਲਿਸ ਨਾਲ ਕਿਵੇਂ ਗੱਲਬਾਤ ਕਰਨੀ ਹੈ ਪੁਲਿਸ ਦੇ ਕੀ ਕੀ ਕੰਮ ਹਨ ਪੁਲਿਸ ਵਿੱਚ ਜੋ ਸਾਂਝ ਕੇਂਦਰ ਬਣਿਆ ਹੈ ਉਹਨਾਂ ਦੇ ਕੀ ਕੰਮ ਹਨ ਅਤੇ ਕਿੰਨੀਆਂ ਕੁੱਲ ਸੇਵਾਵਾਂ ਆਮ ਪਬਲਿਕ ਨੂੰ ਦੇ ਰਹੇ ਹਨ ਇਹ ਸੇਵਾਵਾਂ ਬਾਰੇ ਸਾਂਝ ਕੇਂਦਰ ਦੇ ਇੰਚਾਰਜ ਦਵਿੰਦਰ ਪਾਲ ਸਿੰਘ ਨੇ ਬਖੂਬੀ ਵਿਸਥਾਰਪੂਰਵਕ ਜਾਣਕਾਰੀ ਬੱਚਿਆਂ ਨਾਲ ਸਾਂਝੀ ਕੀਤੀ ਬਾਅਦ ਵਿੱਚ ਜੰਡਿਆਲਾ ਥਾਣੇ ਦਾ ਬੱਚਿਆਂ ਨੂੰ ਦੌਰਾ ਵੀ ਕਰਵਾਇਆ ਅਤੇ ਉਹਨਾਂ ਦੇ ਕੰਮਾਂ ਤੋਂ ਬੱਚਿਆਂ ਨੂੰ ਵਿਸਥਾਰਪੂਰ ਜਾਣਕਾਰੀ ਦਿੱਤੀ ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਪਲਵਿੰਦਰ ਪਾਲ ਸਿੰਘ ਨੇ ਐਸਐਚਓ ਜੰਡਿਆਲਾ ਹਰਚੰਦ ਸਿੰਘ ਅਤੇ ਸਾਂਝ ਕੇਂਦਰ ਦੇ ਇੰਚਾਰਜ ਦਵਿੰਦਰ ਪਾਲ ਸਿੰਘ ਦਾ ਤਹਿ ਦਿਲੋਂ ਧੰਨਵਾਦ ਕੀਤਾ ਕਿ ਜੋ ਤੁਸੀਂ ਅਨਮੋਲ ਜਾਣਕਾਰੀ ਸਾਡੇ ਸਕੂਲ ਦੇ ਬੱਚਿਆਂ ਨੂੰ ਦਿੱਤੀ ਮੈਂ ਤੁਹਾਡਾ ਪੰਜਾਬ ਪੁਲਿਸ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਇਸ ਮੌਕੇ ਤੇ ਏਐਸਆਈ ਰਣਜੀਤ ਸਿੰਘ ਇਨਚਾਰਜ ਸਾਂਝ ਕੇਂਦਰ ਜੰਡਿਆਲਾ ਗੁਰੂ, ਐਸ ਆਈ ਬਲਦੇਵ ਸਿੰਘ, ਏਐਸਆਈ ਦਿਲਬਾਗ ਸਿੰਘ, ਐਚ ਸੀ ਦਵਿੰਦਰ ਪਾਲ ਸਿੰਘ, ਮੁੱਖ ਮੁਨਸ਼ੀ ਜੰਡਿਆਲਾ ਥਾਣਾ ਸੁਖਜਿੰਦਰ ਸਿੰਘ, ਇੰਸਪੈਕਟਰ ਸਿਮਰਨਜੀਤ ਕੌਰ ਇੰਚਾਰਜ ਵੂਮਨ ਹੈਲਪਲਾਈਨ, ਐਚ ਸੀ ਆਰਤੀ,ਐਚ ਸੀ ਚੰਚਲ ਕੁਮਾਰੀ ਆਦਿ ਹਾਜ਼ਰ ਸਨ

# ਦੇਹ ਵਪਾਰ ਅਤੇ ਹੁੱਕਾ ਬਾਰ ਦੇ ਧੰਦੇ ਦਾ ਪਰਦਾਫਾਸ਼

# ਹੋਟਲ ਵਿੱਚ ਰੁਕੇ ਦੋ ਵਿਅਕਤੀ ਨਾਜਾਇਜ਼ ਅਸਲੇ ਸਮੇਤ ਗ੍ਰਿਫ਼ਤਾਰ

ਬਠਿੰਡਾ, 17 ਜੁਲਾਈ (ਦੀਪਕ ਸ਼ਰਮਾ):ਬਠਿੰਡਾ ਪੁਲਿਸ ਨੇ ਥਾਵਾਂ 'ਤੇ ਕਾਰਵਾਈ ਕਰਦਿਆਂ ਹੋਇਆਂ ਇੱਕ ਕੈਫੇ ਵਿੱਚ ਚੱਲ ਰਹੇ ਹੁੱਕਾ ਵਾਰ ਅਤੇ ਦੇਵਪਾਰ ਦੇ ਧੰਦੇ ਦਾ ਪਰਦਾਫਾਸ਼ ਕੀਤਾ ਹੈ। ਇਸੇ ਦੌਰਾਨ ਥਾਣਾ ਮੌੜ ਦੀ ਪੁਲਿਸ ਨੇ ਇੱਕ ਹੋਟਲ ਵਿੱਚੋਂ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਦੇਸੀ ਕੱਟੇ ਬਰਾਮਦ ਕੀਤੇ ਹਨ। ਜਾਣਕਾਰੀ ਅਨੁਸਾਰ ਥਾਣਾ ਕੈਂਟ ਪੁਲਿਸ ਨੇ ਆਦੇਸ਼ ਹਸਪਤਾਲ ਸਾਹਮਣੇ ਸਥਿਤ ਕੈਫੇ ਵਿੱਚ ਛਾਪੇਮਾਰੀ ਕਰਕੇ ਹੁੱਕਾ ਬਾਰ ਅਤੇ ਦੇਵ ਵਪਾਰ ਦੇ ਧੰਦੇ ਦਾ ਪਰਦਾਫਾਸ਼ ਕੀਤਾ ਹੈ। ਇਸ ਦੌਰਾਨ 11 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਦਕਿ ਦੋ ਵਿਅਕਤੀ ਫਰਾਰ ਦੱਸੇ ਜਾ ਰਹੇ ਹਨ। ਇਹ ਜਾਣਕਾਰੀ ਪੁਲਿਸ ਵਿਭਾਗ ਵੱਲੋਂ ਮੁਹੱਈਆ ਕਰਵਾਈ ਗਈ ਹੈ। ਪੁਲਿਸ ਅਨੁਸਾਰ ਇਹ ਕਾਰਵਾਈ ਸੂਚਨਾ ਦੇ ਅਧਾਰ 'ਤੇ ਕੀਤੀ ਗਈ ਹੈ। ਇਸ ਸਬੰਧੀ ਥਾਣਾ ਕੈਂਟ ਦੇ ਮੁੱਖ ਅਫ਼ਸਰ ਇੰਸਪੈਕਟਰ ਦਲਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਆਦੇਸ਼ ਹਸਪਤਾਲ ਦੇ ਸਾਹਮਣੇ ਬਣੇ ਕੈਫੇ 'ਚ ਕੈਫੇ ਮਾਲਕ ਵੱਲੋਂ ਹੁੱਕਾ ਬਾਰ ਚਲਾਉਣ ਦੇ ਨਾਲ-ਨਾਲ ਦੇਹ ਵਪਾਰ ਦਾ ਧੰਦਾ ਵੀ ਚਲਾਇਆ ਜਾ ਰਿਹਾ ਹੈ। ਪੁਲਿਸ ਪਾਰਟੀ ਨੇ ਜਦ ਉਕਤ ਠਿਕਾਣੇ 'ਤੇ ਛਾਪੇਮਾਰੀ ਕੀਤੀ ਤਾਂ ਉੱਥੋਂ 10 ਵਿਅਕਤੀਆਂ ਨੂੰ ਅੱਠ ਹੁੱਕੇ ਬਾਰ ਸਮੇਤ ਕਾਬੂ ਕੀਤਾ ਗਿਆ। ਜਦੋਂਕਿ ਦੋ ਵਿਅਕਤੀਆਂ ਦੀ ਗ੍ਰਿਫ਼ਤਾਰੀ ਹਾਲੇ ਬਾਕੀ ਹੈ। ਪੁਲਿਸ ਵੱਲੋਂ ਫੜ੍ਹੇ ਗਏ ਵਿਅਕਤੀਆਂ ਦੀ ਪਛਾਣ ਸਤੀਸ਼ ਕੁਮਾਰ ਵਾਸੀ ਪਰਸ ਰਾਮ ਨਗਰ, ਨਿਖਲ ਕੁਮਾਰ, ਚੰਦਰ ਮੋਹਨ, ਜੈ ਗਰਗ, ਮਿਅੰਕ ਗਰਗ, ਰਿਤੇਸ਼ ਗਰਗ, ਸਹਿਲ ਗਰਗ, ਸੰਦੀਪ ਮਿੱਤਲ, ਹੈਰੀ ਗੋਇਲ, ਗੁਨੀਕ ਗਰਗ ਤੇ ਗੋਪਾਲ ਗਰਗ ਵਾਸੀਆਨ ਮੌੜ ਮੰਡੀ ਵਜੋਂ ਹੋਈ ਜਦੋਂਕਿ ਇਸ ਮਾਮਲੇ 'ਚ ਫਰਾਰ ਵਿਅਕਤੀਆਂ ਦੀ ਪਛਾਣ ਅਮਨ ਕੁਮਾਰ ਵਾਸੀ ਸਿਲਵਰ ਓਕਸ ਕਲੋਨੀ ਤੇ ਹੈਪੀ ਬਰਨਾਲਾ ਵਜੋਂ ਹੋਈ ਹੈ।

*ਥਾਣਾ ਮੌੜ ਮੰਡੀ ਦੀ ਪੁਲਿਸ ਨੇ ਸ਼ਹਿਰ ਦੇ ਇਕ ਹੋਟਲ 'ਚੋਂ ਦੋ ਵਿਅਕਤੀਆਂ ਨੂੰ ਦੇਸੀ ਕੱਟੇ ਸਮੇਤ ਕਾਬੂ ਕੀਤਾ ਹੈ। ਥਾਣਾ ਮੌੜ ਦੇ ਮੁਖੀ ਇੰਸਪੈਕਟਰ ਤਰਨਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਦੋ ਵਿਕਅਤੀ ਸ਼ਹਿਰ ਦੇ ਇਕ ਹੋਟਲ 'ਚ ਹਥਿਆਰ ਲੈ ਕੇ ਆਏ ਹਨ। ਜਦੋਂ ਪੁਲਿਸ ਨੇ ਹੋਟਲ ਦੀ ਤਲਾਸ਼ੀ ਲਈ ਤਾਂ ਉਥੇ ਮੌਜੂਦ ਦੋ ਵਿਅਕਤੀਆਂ ਕੋਲੋਂ ਦੇਸੀ ਕੱਟੇ ਬਰਾਮਦ ਹੋਏ। ਪੁਲਿਸ ਨੇ ਮੁਲਜਮਾਂ ਨੂੰ ਮੌਕੇ 'ਤੇ ਗ੍ਰਿਫ਼ਤਾਰ ਕਰ ਲਿਆ। ਮੁਲਜਮਾਂ ਦੀ ਪਛਾਣ ਪਾਲੀ ਸਿੰਘ ਵਾਸੀ ਤਲਵੰਡੀ ਸਾਬੋ ਤੇ ਗੁਰਵਿੰਦ ਸਿੰਘ ਵਾਸੀ ਭਾਗੀਵਾਂਦਰ ਵਜੋਂ ਹੋਈ। ਪੁਲਿਸ ਨੇ ਉਕਤ ਵਿਅਕਤੀਆਂ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।*

# ਲਗਾਤਾਰ ਪੈ ਰਹੇ ਮੀਂਹ ਨੇ ਕਿਸਾਨਾਂ ਦੀਆਂ ਵਧਾਈਆਂ ਮੁਸ਼ਕਿਲਾਂ

ਭੁੱਚੋ ਮੰਡੀ ਨਥਾਣਾ, 17ਜੁਲਾਈ( ਹਰਬੰਸ ਸਿੰਘ ਭੋਲਾ): ਪਿਛਲੇ ਦੋ ਦਿਨਾਂ ਤੋਂ ਹੋ ਰਹੀ ਬਾਰਸ਼ ਨੇ ਕਿਸਾਨਾਂ ਦੀਆਂ ਮੁਸਕਲਾਂ ਵਧਾ ਦਿੱਤੀਆ। ਖੇਤਾਂ ਵਿੱਚ ਪਾਣੀ ਭਰਨ ਨਾਲ ਝੋਨੇ ਅਤੇ ਮੱਕੀ ਦੀਆਂ ਫ਼ਸਲਾਂ ਡੁੱਬ ਗਈਆਂ ਦੇ ਨਾਲ -ਨਾਲ ਮੂੰਗੀ ਦੀ ਫ਼ਸਲ ਵੀ ਖਰਾਬ ਹੋ ਗਈ ਜ਼ਿਆਦਾ ਤਰ੍ਹਾਂ ਖੇਤਾਂ ਵਿੱਚ ਪਸ਼ੂਆ ਲਈ ਮੱਕੀ,ਚਰੀ,ਜਵਾਰ ਵਗੈਰਾ ਵਿੱਚ ਪਾਣੀ ਖੜ੍ਹਾ ਹੋਣ ਕਰਕੇ ਹਰੇ ਚਾਰੇ ਦੀ ਕਟਾਈ ਬਿਲਕੁਲ ਵੀ ਨਹੀਂ ਕਰ ਸਕਦੇ, ਜਿਸ ਕਰਕੇ ਦਧਾਰੂ ਪਸ਼ੂਆਂ ਦੇ ਹਰੇ ਚਾਰੇ ਦਾ ਪ੍ਰਬੰਧ ਨਾ ਹੋਣ ਕਰਕੇ ਪਸ਼ੂਆਂ ਭੁੱਖੇ ਰਹਿਣ ਨਾਲ ਉਨ੍ਹਾਂ ਦਾ ਦੁੱਧ ਦੀ ਐਬਰੇਜ ਤੇ ਬਹੁਤ ਫ਼ਰਕ ਪੈਂਦਾ ਜਿੱਥੇ ਪਾਣੀ ਦੇ ਖੜ੍ਹੇ ਹੋਣ ਕਰਕੇ ਝੋਨੇ ਦੀ ਫ਼ਸਲ ਨੂੰ ਬਿਮਾਰੀਆਂ ਦਾ ਡਰ ਹੈ ਦੇ ਤੇ ਮੱਕੀ ਦੀ ਫਸਲ ਦਾ ਵੀ ਬਹੁਤ ਨੁਕਸਾਨ ਹੋ ਰਿਹਾ ਹੈ। ਕਿਸਾਨਾਂ ਦੀਆਂ ਮੋਟਰਾਂ ਅਤੇ ਟਿਊਬਵੈੱਲ ਵੀ ਪਾਣੀ ਵਿੱਚ ਡੁੱਬ ਗਏ ਹਨ। ਇਸ ਕਰਕੇ ਕਿਸਾਨਾਂ ਦਾ ਲੱਖਾਂ ਰੁਪਏ ਨੁਕਸਾਨ ਹੋਇਆ ਹੈ। ਪਹਿਲਾਂ ਫਸਲਾਂ ਪਾਣੀ ਘਾਟ ਕਰਕੇ ਖਰਾਬ ਹੋ ਰਹੀਆ ਸਨ। ਹੁਣ ਜ਼ਿਆਦਾ ਪਾਣੀ ਖੜ੍ਹਨ ਨਾਲ ਫਸਲਾਂ ਦਾ ਨੁਕਸਾਨ ਹੋਣ ਦਾ ਡਰ ਬਣਿਆ ਹੋਇਆ ਹੈ। ਇਥੋਂ ਇੰਜ ਜਾਪਦਾ ਹੈ ਕਿ ਠੇਕੇ 'ਤੇ ਜ਼ਮੀਨ ਲੈਂ ਕੇ ਖੇਤੀ ਕਰਨ ਵਾਲਿਆਂ ਨੂੰ ਫ਼ਸਲ ਨਾ ਹੋਣ ਦੀ ਸੂਰਤ ਵਿੱਚ ਠੇਕਾ ਭਰਨ ਦੀ ਮੁਸ਼ਕਲ ਖੜ੍ਹੀ ਹੋ ਸਕਦੀ ਹੈ। ਤੇ ਇਸ 'ਤੇ ਕਿਸਾਨ ਯੂਨੀਅਨ ਦੇ ਆਗੂਆਂ ਵੱਲੋਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਪਾਣੀ ਨਾਲ ਖਰਾਬ ਹੋਣ ਵਾਲੀਆਂ ਝੋਨਾ, ਮੂੰਗੀ, ਮੱਕੀ ਨਰਮਾ ਕਪਾਹ ਵਰਗੀਆਂ ਫਸਲਾਂ ਦੇ ਹੋਣ ਵਾਲੇ ਨੁਕਸਾਨ ਦੀ ਭਰਪਾਈ ਕੀਤੀ ਜਾਵੇ। ਤਾਂ ਜੋ ਕਿਸਾਨ ਦੁਬਾਰਾ ਆਪਣੇ ਪੈਰਾਂ 'ਤੇ ਖੜ੍ਹਾ ਹੋ ਸਕੇ।



# ਪਟਿਆਲਾ-ਆਸ/ਪਾਸ



# ਸ਼ਹੀਦ ਕਰਤਾਰ ਸਿੰਘ ਸਰਾਭਾ ਵੈਲਫੇਅਰ ਟਰੱਸਟ ਦਾ ਮੈਰੀਟੋਰੀਅਸ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਦਾ ਉਪਰਾਲਾ ਸ਼ਲਾਘਾਯੋਗ: ਸੁੱਖੀ ਬਾਠ

## ਅੱਠਵੀਂ, ਦਸਵੀਂ ਅਤੇ ਬਾਰਵੀਂ ਕਲਾਸ ਦੇ ਮੈਰਿਟ 'ਚ ਆਏ 29 ਵਿਦਿਆਰਥੀਆਂ ਦਾ ਸਨਮਾਨ



ਪਟਿਆਲਾ, 17 ਜੁਲਾਈ (ਗੁਰਮੁੱਖ ਰੁਪਾਣਾ) : ਸ਼ਹੀਦ ਕਰਤਾਰ ਸਿੰਘ ਸਰਾਭਾ ਵੈਲਫੇਅਰ ਟਰੱਸਟ ਪਟਿਆਲਾ ਵੱਲੋਂ ਟਰੱਸਟ ਦੇ ਪ੍ਰਧਾਨ ਅਕਸ਼ੈ ਕੁਮਾਰ ਖਨੌਰੀ ਦੀ ਯੋਗ ਅਗਵਾਈ ਵਿੱਚ ਛੇਵਾਂ ਵਿਦਿਆਰਥੀ ਅਤੇ ਅਧਿਆਪਕ ਸਨਮਾਨ ਸਮਾਰੋਹ ਆਡੀਟੋਰੀਅਮ ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਵਿਖੇ ਕਰਵਾਇਆ ਗਿਆ। ਛੇਵਾਂ ਵਿਦਿਆਰਥੀ ਅਤੇ ਅਧਿਆਪਕ ਸਨਮਾਨ ਸਮਾਰੋਹ ਵਿੱਚ ਟਰੱਸਟ ਵੱਲੋਂ ਪਟਿਆਲਾ ਜ਼ਿਲ੍ਹੇ ਦੇ ਸਾਰੇ ਸਰਕਾਰੀ ਸਕੂਲਾਂ ਦੇ ਜਮਾਤ ਅੱਠਵੀਂ, ਦਸਵੀਂ ਅਤੇ ਬਾਰਵੀਂ ਵਿੱਚੋਂ ਮੈਰਿਟ ਪ੍ਰਾਪਤ ਕਰਨ ਵਾਲੇ 29 ਹੋਣਹਾਰ ਵਿਦਿਆਰਥੀਆਂ, ਉਹਨਾਂ ਦੇ 36 ਅਧਿਆਪਕਾਂ ਅਤੇ 21 ਪ੍ਰਿੰਸੀਪਲਾਂ ਦਾ ਸਨਮਾਨ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਮੋਦੀ ਕਾਲਜ ਦੇ ਪ੍ਰਿੰਸੀਪਲ ਡਾ. ਨੀਰਜ ਗੋਇਲ ਅਤੇ ਟਰੱਸਟ ਦੇ ਪ੍ਰਧਾਨ ਅਕਸ਼ੈ ਕੁਮਾਰ ਖਨੌਰੀ ਨੇ ਆਏ ਮਹਿਮਾਨਾਂ ਨੂੰ ਇਨਡੋਰ ਬੂਟੇ ਦੇ ਕੇ ਉਹਨਾਂ ਦਾ ਸਵਾਗਤ ਕੀਤਾ। ਇਸ ਮੌਕੇ 'ਤੇ ਪਹੁੰਚੇ ਮੁੱਖ ਮਹਿਮਾਨਾਂ ਵੱਲੋਂ ਸ਼ਮਾਂ ਰੌਸ਼ਨ ਕਰ ਕੇ ਸਮਾਰੋਹ ਦੀ ਸ਼ੁਰੂਆਤ ਕੀਤੀ ਗਈ। ਟਰੱਸਟ ਦੇ ਪ੍ਰਧਾਨ ਅਕਸ਼ੈ ਕੁਮਾਰ ਖਨੌਰੀ ਨੇ ਆਪਣੇ ਸਵਾਗਤੀ ਭਾਸ਼ਣ ਵਿੱਚ ਸੰਬੋਧਨ ਕਰਦਿਆਂ ਕਿਹਾ ਕਿ ਟਰੱਸਟ ਦਾ ਉਦੇਸ਼ ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ ਅੰਦਰ ਛਿਪੀ ਹੋਈ ਪ੍ਰਤਿਭਾ ਨੂੰ ਬਾਹਰ ਕੱਢਣਾ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨਾ ਵੀ ਹੈ। ਇਸ ਮੌਕੇ 'ਤੇ ਪੰਜਾਬ ਭਵਨ ਸਰੀ ਕੈਨੇਡਾ ਦੇ ਸੰਸਥਾਪਕ ਸੁੱਖੀ ਬਾਠ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਮਾਜ ਵਿੱਚ ਨਾਂ-ਪੱਖੀ ਸੋਚ ਖਤਮ ਕਰਨ ਦੀ ਲੋੜ ਹੈ ਤੇ ਮਾਂ ਬੋਲੀ ਪੰਜਾਬੀ ਨੂੰ ਅੱਜ ਦੇ ਸਮੇਂ ਪ੍ਰਫੁਲਿੱਤ ਕਰਨ ਦੀ ਵਧੇਰੇ ਲੋੜ ਹੈ। ਉਨ੍ਹਾਂ ਨੇ ਟਰੱਸਟ ਦੇ ਇਸ ਪ੍ਰੋਗਰਾਮ ਸੰਬੰਧੀ ਟਰੱਸਟ ਨੂੰ ਜਿੱਥੇ ਵਧਾਈ ਦਿੱਤੀ। ਇਸ ਮੌਕੇ 'ਤੇ ਮੁੱਖ ਮਹਿਮਾਨ ਪ੍ਰਸਿਧ ਸਮਾਜ ਸੇਵਕ ਰਾਜੀਵ ਬਾਂਸਲ, ਉਪ ਜ਼ਿਲ੍ਹਾ ਸਿੱਖਿਆ ਅਫਸਰ ਡਾ.ਰਵਿੰਦਰਪਾਲ ਸਿੰਘ ਅਤੇ ਡੀ.ਐਸ.ਪੀ ਡਾ. ਮਨੋਜ ਗੋਰਸੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਵਿਦਿਆਰਥੀ ਵਧਾਈ ਦੇ ਪਾਤਰ ਹਨ ਜੋ ਮੈਰਿਟ ਵਿੱਚ ਆਏ ਹਨ ਤੇ ਅੱਗੇ ਮਿਹਨਤ ਕਰਕੇ ਚੰਗੇ ਅਹੁਦੇ ਪ੍ਰਾਪਤ ਕਰਨ। ਇਸ ਮੌਕੇ 'ਤੇ ਮੁੱਖ ਮਹਿਮਾਨ ਰਿਟਾਇਰਡ ਪ੍ਰਿੰਸੀਪਲ ਅਜੀਤ ਸਿੰਘ ਭੱਟੀ ਅਤੇ ਚੇਅਰਮੈਨ ਮਾਰਕੀਟ ਕਮੇਟੀ ਡਕਾਲਾ ਹਨੀ ਮਾਹਲਾ ਨੇ ਸੰਬੋਧਨ ਕੀਤਾ। ਇਸ ਮੌਕੇ 'ਤੇ ਪੇਪਰ ਬੋਰਡ ਮਿੱਲ ਐਸੋਸੀਏਸ਼ਨ ਦੇ ਪ੍ਰਧਾਨ ਤਰਸੇਮ ਲਾਲ ਮਿੱਤਲ, ਡਾ.ਬਰਜਿੰਦਰ ਸਿੰਘ ਸੋਹਲ, ਉਂਕਾਰ ਸਿੰਘ ਤੇਜੇ ਪ੍ਰੋਜੈਕਟ ਇੰਚਾਰਜ ਨੇ ਵੀ ਸੰਬੋਧਨ ਕੀਤਾ। ਜ਼ਿਲ੍ਹੇ ਦੇ ਸਕੂਲਾਂ ਦੇ 29 ਵਿਦਿਆਰਥੀਆਂ, 36 ਅਧਿਆਪਕਾਂ ਅਤੇ 21 ਪ੍ਰਿੰਸੀਪਲਜ਼ ਦਾ ਟਰੱਸਟ ਵੱਲੋਂ ਸਨਮਾਨ ਕੀਤਾ ਗਿਆ। ਇਸ ਮੌਕੇ 'ਤੇ ਸਟੇਜ ਦੀ ਕਾਰਵਾਈ ਮਾਸਟਰ ਨਰਿੰਦਰਪਾਲ ਅਤੇ ਮੈਡਮ ਸੰਤੋਸ਼ ਸੰਧੀਰ ਨੇ ਬਾਖੂਬੀ ਨਿਭਾਈ। ਇਸ ਮੌਕੇ 'ਤੇ ਟਰੱਸਟ ਮੈਂਬਰਜ਼ ਮੈਡਮ ਰਿੰਕੂ ਮੋਦਗਿੱਲ, ਮੈਡਮ ਕਿਰਨ ਸ਼ਰਮਾ, ਮੈਡਮ ਸੁਮਨ ਗੋਇਲ, ਮੈਡਮ ਹਰਵਿੰਦਰ ਕੌਰ, ਕੁਲਵਿੰਦਰ ਸਿੰਘ, ਅਮਰਿੰਦਰ ਸਿੰਘ, ਦੀਪਕ ਭਾਰਦਵਾਜ, ਮੈਡਮ ਪ੍ਰਿਯੰਕਾ ਸ਼ਰਮਾ, ਮੈਡਮ ਮਨਜੀਤ ਕੌਰ, ਮੈਡਮ ਪਰਮਜੀਤ ਕੌਰ ਆਦਿ ਹਾਜ਼ਰ ਸਨ।

# ਗੁਰਲਾਲ ਘਨੌਰ ਨੇ ਡੀ.ਆਈ.ਜੀ. ਚਾਹਲ ਤੇ ਡੀ.ਸੀ. ਨਾਲ ਕੀਤੀ ਉੱਚ ਪੱਧਰੀ ਮੀਟਿੰਗ

## ➢ਘਨੌਰ 'ਚ ਨਸ਼ਾ ਮੁਕਤੀ ਮੁਹਿੰਮ ਦੀ ਤਾਜ਼ਾ ਸਥਿਤੀ ਤੇ ਹੋਰ ਵਿਕਾਸੀ ਕਾਰਜਾਂ ਦੀ ਕੀਤੀ ਸਮੀਖਿਆ



ਘਨੌਰ, 17 ਜੁਲਾਈ (ਮਦਨ ਲਾਲ): ਕਬੱਡੀ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਅਤੇ ਹਲਕਾ ਘਨੌਰ ਤੋਂ ਵਿਧਾਇਕ ਗੁਰਲਾਲ ਘਨੌਰ ਨੇ ਅੱਜ ਆਪਣੀ ਕੋਆਰਡੀਨੇਟਰ ਟੀਮ ਦੇ ਨਾਲ ਪਟਿਆਲਾ ਰੇਂਜ ਦੇ ਡਿਪਟੀ ਇੰਸਪੈਕਟਰ ਜਨਰਲ ਆਫ ਪੁਲਿਸ (ਡੀ ਆਈ ਜੀ) ਕੁਲਦੀਪ ਸਿੰਘ ਚਾਹਲ ਅਤੇ ਡਿਪਟੀ ਕਮਿਸ਼ਨਰ ਪਟਿਆਲਾ ਡਾ. ਪ੍ਰੀਤੀ ਯਾਦਵ ਨਾਲ ਇੱਕ ਮਹੱਤਵਪੂਰਨ ਉੱਚ ਪੱਧਰੀ ਮੀਟਿੰਗ ਕਰਕੇ ਹਲਕਾ ਘਨੌਰ ਵਿੱਚ ਨਸ਼ਾ ਮੁਕਤੀ ਮੁਹਿੰਮ ਦੀ ਤਾਜ਼ਾ ਸਥਿਤੀ ਅਤੇ ਹੋਰ ਵਿਕਾਸੀ ਕਾਰਜਾਂ ਦੀ ਸਮੀਖਿਆ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਧਾਇਕ ਗੁਰਲਾਲ ਘਨੌਰ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਨਸ਼ਾ ਮੁਕਤੀ ਪ੍ਰਤੀ ਸਰਕਾਰ ਦੀ ਜ਼ੋਰਦਾਰ ਪ੍ਰਤਿਬੱਧਤਾ ਦੇ ਤਹਿਤ ਹਲਕਾ ਘਨੌਰ ਵਿੱਚ ਯੁੱਧ ਪੱਧਰੀ ਨਸ਼ੇ ਵਿਰੋਧੀ ਕਾਰਵਾਈ ਜਾਰੀ ਹੈ। ਵਿਧਾਇਕ ਗੁਰਲਾਲ ਘਨੌਰ ਨੇ ਵਿਸ਼ੇਸ਼ ਤੌਰ 'ਤੇ ਜ਼ਿਲ੍ਹਾ ਪਟਿਆਲਾ ਰੂਲਰ ਯੂਥ ਵਿੰਗ ਦੇ ਨਵ-ਨਿਯੁਕਤ ਇੰਚਾਰਜ ਨਿਸ਼ਾਨ ਸਿੰਘ ਸੰਧੂ, ਚੇਅਰਮੈਨ ਸਹਿਜਪਾਲ ਸਿੰਘ ਚਹਿਲ ਲਾੜਾ ਨਨਹੇੜਾ, ਸਰਪੰਚ ਇੰਦਰਜੀਤ ਸਿੰਘ ਸਿਆਲੂ, ਜੋਧਵੀਰ ਸਿੰਘ ਵੜੈਚ ਘੜਾਮਾ ਖੁਰਦ ਸਮੇਤ ਆਪਣੀ ਨਸਾ ਮੁਕਤੀ ਟੀਮ ਨੂੰ ਵੀ ਇਸ ਮੀਟਿੰਗ ਵਿੱਚ ਸ਼ਾਮਿਲ ਕਰਵਾਇਆ, ਤਾਂ ਜੋ ਨਸ਼ਾ ਮੁਕਤੀ ਮੁਹਿੰਮ ਵਿੱਚ ਨੌਜਵਾਨਾਂ ਦੀ ਭੂਮਿਕਾ ਨੂੰ ਹੋਰ ਵਧਾਇਆ ਜਾ ਸਕੇ। ਮੀਟਿੰਗ ਦੌਰਾਨ ਡੀ.ਆਈ.ਜੀ. ਕੁਲਦੀਪ ਸਿੰਘ ਚਾਹਲ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਡੀਜੀਪੀ ਪੰਜਾਬ ਦੀਆਂ ਸਖ਼ਤ ਹਦਾਇਤਾਂ ਅਨੁਸਾਰ ਨਸ਼ਾ ਤਸਕਰਾਂ ਖ਼ਿਲਾਫ਼ ਸਖ਼ਤੀ ਕਾਨੂੰਨੀ ਕਾਰਵਾਈ ਨੂੰ ਅਮਲ ਵਿਚ ਲਿਆਉਣਾ ਯਕੀਨੀ ਬਣਾਇਆ ਗਿਆ ਹੈ। ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਵੀ ਇਸ ਮੁਹਿੰਮ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੂਰੀ ਤਰ੍ਹਾਂ ਸਹਿਯੋਗ ਦੇਣ ਦਾ ਭਰੋਸਾ ਦਿੰਦਿਆਂ ਕਿਹਾ ਕਿ ਨਸ਼ਾ ਮੁਕਤੀ ਲਈ ਕਮਿਊਨਿਟੀ ਸੈਂਟਰਾਂ, ਸਿਹਤ ਕੈਂਪਾਂ ਅਤੇ ਸਿੱਖਿਆ ਪ੍ਰੋਗਰਾਮਾਂ ਦਾ ਦਾਇਰਾ ਵਧਾਇਆ ਜਾਵੇਗਾ। ਇਸ ਮੌਕੇ ਵਿਧਾਇਕ ਗੁਰਲਾਲ ਘਨੌਰ ਨੇ ਕਿਹਾ ਨਸ਼ਾ ਮੁਕਤੀ ਮੁਹਿੰਮ ਸਿਰਫ ਕਾਨੂੰਨੀ ਕਾਰਵਾਈ ਤੱਕ ਸੀਮਿਤ ਨਹੀਂ ਰਹੇਗੀ। ਇਸ ਮੌਕੇ ਜੱਸੀ ਢਿੱਲੋਂ, ਸਰਪੰਚ ਗੁਰਬੇਜ ਸਿੰਘ ਆਲਮਪੁਰ, ਸੋਨੀ ਝੂੰਗੀਆ, ਗੁਰਦੀਪ ਸਿੰਘ ਵਿਕਸੀ ਚੱਪੜ ਸਮੇਤ ਹੋਰ ਟੀਮ ਆਗੂ ਮੌਜੂਦ ਸਨ।

# ਗਡਰੀਆ ਬਰਾਦਰੀ ਦਾ ਵਫ਼ਦ 'ਆਪ' ਪ੍ਰਧਾਨ ਅਮਨ ਅਰੋੜਾ ਨੂੰ ਮਿਲਿਆ

## ਭਾਈਚਾਰੇ ਨੂੰ ਬਣਦੀਆਂ ਸਹੂਲਤਾਂ ਦੇਣ ਸਬੰਧੀ ਕੀਤੀ ਗੱਲਬਾਤ



ਘਨੌਰ, 17 ਜੁਲਾਈ (ਮਦਨ ਲਾਲ) : ਅੱਜ ਗਡਰੀਆ ਭਾਈਚਾਰੇ ਨਾਲ ਸਬੰਧਤ ਇੱਕ ਵਫਦ ਨੇ ਬਲਾਕ ਪ੍ਰਧਾਨ ਜਮਨਾ ਸਿੰਘ ਰਾਏਪੁਰ ਦੀ ਰਹਿਨੁਮਾਈ ਹੇਠ ਅਤੇ ਚੇਅਰਮੈਨ ਇੰਦਰਜੀਤ ਸਿੰਘ ਸੰਧੂ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਨੂੰ ਪੰਜਾਬ ਭਵਨ ਵਿੱਚ ਮਿਲ ਕੇ ਗੱਲਬਾਤ ਕੀਤੀ। ਇਸ ਵਫਦ ਨੇ ਪੰਜਾਬ ਪ੍ਰਧਾਨ ਨੂੰ ਆਪਣੀਆਂ ਮੰਗਾਂ ਸਬੰਧੀ ਇੱਕ ਮੈਮੋਰੰਡਮ ਵੀ ਦਿੱਤਾ ਗਿਆ। ਇਸ ਦੌਰਾਨ ਬਲਾਕ ਪ੍ਰਧਾਨ ਜਮਨਾ ਸਿੰਘ ਰਾਏਪੁਰ ਨੇ ਭਾਈਚਾਰੇ ਨੂੰ ਆ ਰਹੀਆਂ ਸਮੱਸਿਆਵਾਂ ਸਬੰਧੀ ਜਾਣੂ ਕਰਵਾਉਂਦਿਆਂ ਕਿਹਾ ਕਿ ਗਡਰੀਆ ਬਰਾਦਰੀ ਦੇ ਭਾਈਚਾਰੇ ਦਾ ਇੱਕ ਬੋਰਡ ਬਣਾ ਦਿੱਤਾ ਜਾਵੇ, ਜਿਸ ਦੇ ਬਣਨ ਨਾਲ ਸਬੰਧਤ ਭਾਈਚਾਰੇ ਨੂੰ ਬੋਰਡ ਕੋਲ ਆਪਣੀਆਂ ਮੰਗਾਂ ਰੱਖਣ ਦਾ ਅਖਤਿਆਰ ਹੋ ਸਕੇ। ਉਨ੍ਹਾਂ ਨੇ ਗਡਰੀਆ ਭਾਈਚਾਰੇ ਨੂੰ ਸਰਕਾਰ ਵਿਚ ਕੋਈ ਨੁਮਾਇੰਦਗੀ ਦੇਣ ਸਬੰਧੀ ਵੀ ਗੱਲਬਾਤ ਕੀਤੀ ਗਈ। ਇਸ ਦੌਰਾਨ ਪਾਰਟੀ ਪ੍ਰਧਾਨ ਅਮਨ ਅਰੋੜਾ ਵੱਲੋਂ ਵਫਦ ਦਾ ਸਵਾਗਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਸਭ ਦੀ ਪਾਰਟੀ ਹੈ। ਇਹ ਆਮ ਲੋਕਾਂ ਵਿੱਚੋਂ ਨਿਕਲ ਕੇ ਆਈ ਹੈ ਅਤੇ ਆਮ ਲੋਕਾਂ ਦੀ ਰਹੇਗੀ। ਜਿਨ੍ਹਾਂ ਨੇ ਵਫਦ ਦੇ ਮੈਂਬਰਾਂ ਦੀਆਂ ਸਾਰੀਆਂ ਗੱਲਾਂ ਨੂੰ ਧਿਆਨ ਨਾਲ ਸੁਣਿਆ ਅਤ ਹੱਲ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਉਕਤ ਮੈਮੋਰੰਡਮ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕੋਲ ਪਹੁੰਚ ਦਿੱਤਾ ਜਾਵੇਗਾ। ਇਸ ਮੌਕੇ ਚੇਅਰਮੈਨ ਇੰਦਰਜੀਤ ਸਿੰਘ ਸੰਧੂ, ਨਸ਼ੀਬ ਸਿੰਘ ਫੌਜੀ, ਬਲਾਕ ਪ੍ਰਧਾਨ ਜਮਨਾ ਸਿੰਘ ਰਾਏਪੁਰ, ਬਲਵਿੰਦਰ ਸਿੰਘ ਸਰਪੰਚ ਅਕੌਤ, ਬਲਕਾਰ ਸਿੰਘ ਰਿਸ਼ੀ ਕਲੋਨੀ, ਕੁਲਦੀਪ ਸਿੰਘ ਰਾਏਪੁਰ ਮੰਡਲਾਂ ਆਦਿ ਸਮੇਤ ਹੋਰ ਪਤਵੰਤੇ ਸੱਜਣ ਮੌਜੂਦ ਸਨ।

# ਵੱਖ-ਵੱਖ ਜਥੇਬੰਦੀਆਂ ਵੱਲੋਂ 22 ਨੂੰ ਚੰਡੀਗੜ੍ਹ ਦੇ ਕਿਸਾਨ ਭਵਨ 'ਚ ਮੀਟਿੰਗ ਕਰਨ ਦਾ ਐਲਾਨ

## ☛ਬੰਦੀ ਸਿੰਘਾਂ ਦੀ ਰਿਹਾਈ, ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਅਤੇ ਬੇਅਦਬੀਆਂ ਨੂੰ ਰੋਕਣ ਲਈ ਇੱਕ ਸਖ਼ਤ ਕਾਨੂੰਨ ਬਣਾਉਣ ਵਾਸਤੇ ਵੱਡਾ ਇਕੱਠ ਕੀਤਾ ਜਾਵੇਗਾ



ਪਟਿਆਲਾ, 17 ਜੁਲਾਈ (ਰੁਪਾਣਾ): ਕੌਮੀ ਇਨਸਾਫ ਮੋਰਚੇ ਵਿੱਚ ਸ਼ਾਮਿਲ ਜ਼ਿਲ੍ਹਾ ਪਟਿਆਲਾ ਦੀਆਂ ਵੱਖ-ਵੱਖ ਜਥੇਬੰਦੀਆਂ ਦੀ ਮੀਟਿੰਗ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿੱਚ ਹੋਈ। ਮੀਟਿੰਗ ਵਿੱਚ ਕੌਮੀ ਇਨਸਾਫ ਮੋਰਚੇ ਦੇ ਆਗੂਆਂ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਬੰਦੀ ਸਿੰਘ ਜੋ ਵੱਖ-ਵੱਖ ਜੇਲ੍ਹਾਂ ਵਿੱਚ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ ਉਹਨਾਂ ਨੂੰ ਰਿਹਾਅ ਕਰਾਉਣ ਲਈ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਕਰਨ ਵਾਲੇ ਲੋਕਾਂ ਨੂੰ ਸਖਤ ਸਜ਼ਾ ਦਵਾਉਣ ਲਈ ਉਲੀਕੇ ਜਾਣ ਵਾਲੇ ਸੰਘਰਸ਼ ਦੀ ਜਾਣਕਾਰੀ ਅਤੇ ਤਿਆਰੀ ਲਈ 22 ਜੁਲਾਈ ਨੂੰ 11 ਵਜੇ ਚੰਡੀਗੜ੍ਹ ਦੇ ਕਿਸਾਨ ਭਵਨ ਵਿੱਚ ਇੱਕ ਵੱਡੀ ਮੀਟਿੰਗ ਕੀਤੀ ਜਾ ਰਹੀ ਹੈ। ਮੀਟਿੰਗ ਵਿੱਚ ਅੰਮ੍ਰਿਤਸਰ ਅਕਾਲੀ ਦਲ ਵੱਲੋਂ ਹਰਭਜਨ ਸਿੰਘ ਕਸ਼ਮੀਰੀ, ਪ੍ਰੋਫੈਸਰ ਮਹਿੰਦਰ ਪਾਲ ਸਿੰਘ, ਵਾਰਿਸ ਪੰਜਾਬ ਦੇ ਆਗੂ ਸੁਖਬੀਰ ਸਿੰਘ ਬਲਬੇੜਾ, ਇੰਡੀਅਨ ਫਾਰਮਰ ਐਸੋਸੀਏਸ਼ਨ ਦੇ ਰਣਜੀਤ ਸਿੰਘ ਆਕੜ, ਬੀਕੇਯੂ ਸਿੱਧੂਪੁਰ ਤੋਂ ਟਹਿਲ ਸਿੰਘ ਜਲਾਲਪੁਰ, ਬੀਕੇਯੂ ਭਟੇੜੀ ਤੋਂ ਜੱਸਾ ਸਿੰਘ ਅਲੀਪੁਰ ਅਰਾਈਆਂ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਡਾਕਟਰ ਦਰਸ਼ਨ ਪਾਲ ਅਤੇ ਉਨ੍ਹਾਂ ਦੇ ਨਾਲ ਜ਼ਿਲ੍ਹਾ ਜਨਰਲ ਸਕੱਤਰ ਅਵਤਾਰ ਸਿੰਘ ਕੌਰਜੀਵਾਲਾ ਅਤੇ ਜ਼ਿਲ੍ਹਾ ਖਜਾਨਚੀ ਹਰਮੇਲ ਸਿੰਘ ਤੁੰਗਾਂ ਅਤੇ ਹੋਰ ਬਲਾਕ ਆਗੂਆਂ ਦੀ ਟੀਮ ਤੋਂ ਇਲਾਵਾ ਗੁਰਜੰਟ ਸਿੰਘ, ਜਥੇਦਾਰ ਮੋਹਨ ਸਿੰਘ ਕਰਤਾਰਪੁਰ ਬਾਬਾ ਜੇਪੀ ਸਿੰਘ ਅਤੇ ਹੋਰ ਪਤਵੰਤੇ ਸੱਜਣ ਸ਼ਾਮਲ ਹੋਏ। ਮੀਟਿੰਗ ਵਿੱਚ ਕੌਮੀ ਇਨਸਾਫ ਮੋਰਚੇ ਦੀ ਤਾਲਮੇਲ ਕਮੇਟੀ ਦੇ ਆਗੂਆਂ ਵੱਲੋਂ ਦੱਸਿਆ ਗਿਆ ਕਿ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਬੰਦੀ ਸਿੰਘਾਂ ਨੂੰ ਰਿਹਾ ਕਰਨ ਲਈ ਕੋਈ ਵੀ ਉਪਰਾਲਾ ਨਹੀਂ ਕੀਤਾ ਜਾ ਰਿਹਾ, ਇਸ ਲਈ ਆਉਣ ਵਾਲੀ 4 ਅਗਸਤ ਨੂੰ ਕੇਂਦਰ ਅਤੇ ਪੰਜਾਬ ਸਰਕਾਰ ਦੇ ਪੁਤਲੇ ਪੰਜਾਬ ਦੇ ਸਾਰੇ ਜ਼ਿਲ੍ਹਾ ਹੈਡ ਕੁਆਰਟਰਾਂ ਤੇ ਫੂਕੇ ਜਾ ਰਹੇ ਹਨ। ਇਸ ਸੰਬੰਧ ਵਿੱਚ ਚਰਚਾ ਕਰਨ ਉਪਰੰਤ ਫੈਸਲਾ ਕੀਤਾ ਗਿਆ ਕਿ ਪਟਿਆਲਾ ਵਿਖੇ ਪੂਡਾ ਗਰਾਊਂਡ ਵਿੱਚ ਇਕੱਠੇ ਹੋ ਕੇ ਮਿੰਨੀ ਸਕੱਤਰੇਤ ਤੱਕ ਰੋਸ ਮੁਜਾਹਰਾ ਕਰਨ ਉਪਰੰਤ ਡਿਪਟੀ ਕਮਿਸ਼ਨਰ ਦਫਤਰ ਅੱਗੇ ਇਹ ਪੁਤਲੇ ਸਾੜੇ ਜਾਣਗੇ। ਇਸ ਦੇ ਨਾਲ ਹੀ 15 ਅਗਸਤ ਨੂੰ ਕੌਮੀ ਇਨਸਾਫ ਮੋਰਚਾ ਮੁਹਾਲੀ ਵਿਖੇ ਪੂਰੇ ਪੰਜਾਬ ਵਿੱਚੋਂ ਲੋਕਾਂ ਦਾ ਭਾਰੀ ਇਕੱਠ ਕਰਕੇ ਬੰਦੀ ਸਿੰਘਾਂ ਦੀ ਰਿਹਾਈ ਲਈ, ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਅਤੇ ਬੇਅਦਬੀਆਂ ਨੂੰ ਰੋਕਣ ਲਈ ਇੱਕ ਸਖਤ ਕਾਨੂੰਨ ਬਣਾਉਣ ਵਾਸਤੇ ਵੱਡਾ ਇਕੱਠ ਕੀਤਾ ਜਾਵੇਗਾ।

# ਸੜਕ ਹਾਦਸੇ 'ਚ ਮੌਤ

ਪਟਿਆਲਾ, 17 ਜੁਲਾਈ (ਵਿਨੋਦ ਸ਼ਰਮਾ) : ਥਾਣਾ ਸਦਰ ਪਟਿਆਲਾ ਪੁਲਿਸ ਕੋਲ ਕਰਮ ਚੰਦ ਪੁੱਤਰ ਰਾਮ ਕੁਮਾਰ ਵਾਸੀ ਪਿੰਡ ਗੱਗੜਪੁਰ ਥਾਣਾ ਚੀਕਾ ਜ਼ਿਲ੍ਹਾ ਕੈਥਲ ਹਰਿਆਣਾ ਨੇ ਅਣਪਛਾਤੇ ਕਾਰ ਡਰਾਈਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੀ ਮਾਤਾ ਬੱਸ ਅੱਡਾ ਬਲਬੇੜਾ ਪਾਸ ਸੜ੍ਹਕ ਕਿਨਾਰੇ ਖੜ੍ਹੀ ਸੀ, ਜੋ ਅਣਪਛਾਤੇ ਡਰਾਈਵਰ ਨੇ ਆਪਣੀ ਕਾਰ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਦੀ ਮਾਤਾ ਵਿੱਚ ਮਾਰੀ, ਜੋ ਐਕਸੀਡੈਂਟ ਵਿੱਚ ਉਸ ਦੀ ਮਾਤਾ ਦੀ ਮੌਤ ਹੋ ਗਈ। ਪੁਲਿਸ ਨੇ ਧਾਰਾ 281,106 ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

# ਪਤੀ ਤੋਂ ਤੰਗ ਮਹਿਲਾ ਨੇ ਲਿਆ ਫਾਹਾ

ਪਟਿਆਲਾ, 17 ਜੁਲਾਈ (ਵਿਨੋਦ ਸ਼ਰਮਾ) : ਥਾਣਾ ਕੋਤਵਾਲੀ ਪਟਿਆਲਾ ਪੁਲਿਸ ਕੋਲ ਅਸਲਮ ਪੁੱਤਰ ਪ੍ਰਵੀਨ ਕੁਮਾਰ ਵਾਸੀ ਪਿੰਡ ਜਰੋਟ ਤਹਿਸੀਲ ਜਵਾਲੀ ਜਿਲਾ ਕਾਂਗੜਾ ਹਿਮਾਚਲ ਪ੍ਰਦੇਸ਼ ਨੇ ਕਥਿਤ ਦੋਸ਼ੀ ਸੂਰਜ ਪ੍ਰਕਾਸ਼ ਪੁੱਤਰ ਰਾਮ ਚੰਦਰ ਵਾਸੀ ਮੁਹੱਲਾ ਸੁਖਦਾਸਪੁਰਾ ਪਟਿਆਲਾ ਹਾਲ ਕਿਰਾਏਦਾਰ ਕੱਚਾ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੀ ਭੈਣ ਉਮਰ 29 ਸਾਲ ਦਾ ਦੂਜਾ ਵਿਆਹ ਕਥਿਤ ਦੋਸ਼ੀ ਸੂਰਜ ਕੁਮਾਰ ਨਾਲ ਹੋਇਆ ਸੀ, ਜੋ ਉਸ ਨੂੰ ਅਕਸਰ ਹੀ ਉਸ ਨੂੰ ਦੱਸਦੀ ਹੁੰਦੀ ਸੀ ਕਿ ਕਥਿਤ ਦੋਸ਼ੀ ਫੋਨ ਪਰ ਕਿਸੇ ਲੜਕੀ ਨਾਲ ਗਲ ਕਰਦਾ ਹੈ, ਜਦੋਂ ਉਸ ਦੀ ਭੈਣ ਕਥਿਤ ਦੋਸ਼ੀ ਨੂੰ ਇਸ ਤਰ੍ਹਾ ਕਰਨ ਤੋਂ ਰੋਕਦੀ ਸੀ ਤਾ ਦੋਵਾਂ ਵਿੱਚ ਤਕਰਾਰਬਾਜੀ ਹੁੰਦੀ ਰਹਿੰਦੀ ਸੀ। ਕਾਜਲ ਨੇ ਆਪਣੀ ਮਾਤਾ ਨੂੰ ਫੋਨ ਕਰਕੇ ਕਿਹਾ ਕਿ ਕਥਿਤ ਦੋਸ਼ੀ ਕਿਸੇ ਲੜਕੀ ਨਾਲ ਫੋਨ ਪਰ ਗਲ ਕਰਦਾ ਹੈ ਅਤੇ 'ਤੇ ਕੁੱਟਮਾਰ ਕਰਦਾ ਹੈ, ਦੋਸ਼ੀ ਨੇ ਉਸ ਦੀ ਮਾਤਾ ਨੂੰ ਫੋਨ ਕਰਕੇ ਕਿਹਾ ਕਿ ਕਾਜਲ ਨੇ ਘਰ ਵਿੱਚ ਹੀ ਛੱਤ ਵਾਲੇ ਪੱਖੇ ਨਾਲ ਚੁੰਨੀ ਬੰਨ ਕੇ ਫਾਹਾ ਲੈ ਕੇ ਆਤਮ ਹੱਤਿਆ ਕਰ ਲਈ। ਪੁਲਿਸ ਨੇ ਧਾਰਾ 108 ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਨਸ਼ੇ ਦੇ ਆਦੀ ਤੋਂ ਇੱਕ ਲਾਈਟਰ, ਸਿਲਵਰ ਪੰਨੀ ਤੇ ਨੋਟ ਬ੍ਰਾਮਦ

ਪਟਿਆਲਾ, 17 ਜੁਲਾਈ (ਵਿਨੋਦ ਸ਼ਰਮਾ) : ਥਾਣਾ ਸਿਵਲ ਲਾਇਨ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਸੰਜੀਤ ਸਿੰਘ ਵਾਸੀ ਪਿੰਡ ਦੁਘਾਟ ਵਿਰੁੱਧ ਧਾਰਾ 27, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਐਸ.ਆਈ ਅੰਗਰੇਜ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਪੀ.ਐਸ.ਪੀ.ਸੀ.ਐਲ. ਵਰਕਸ਼ਾਪ ਪਟਿਆਲਾ ਕੋਲ ਮੌਜੂਦ ਸੀ, ਜੋ ਕਥਿਤ ਦੋਸ਼ੀ ਨਸ਼ੇ ਦਾ ਸੇਵਨ ਕਰਦਾ ਦਿਖਾਈ ਦਿੱਤਾ, ਜਿਸ ਨੂੰ ਸ਼ੱਕ ਦੇ ਅਧਾਰ 'ਤੇ ਚੈਕ ਕਰਨ ਪਰ 1 ਲਾਈਟਰ, ਸਿਲਵਰ ਪੰਨੀ ਅਤੇ 10 ਰੁਪਏ ਦਾ ਨੋਟ ਬ੍ਰਾਮਦ ਹੋਇਆ।

# ਕਿਸਾਨ ਯੂਨੀਅਨਾਂ ਵੱਲੋਂ 21 ਦੇ ਧਰਨੇ ਸਬੰਧੀ ਮੀਟਿੰਗ



ਨਾਭਾ, 17 ਜੁਲਾਈ (ਬਲਜਿੰਦਰ ਮਾਨ) : ਨਾਭਾ ਬਲਾਕ ਦੀਆਂ ਵੱਖ-ਵੱਖ ਜਥੇਬੰਦੀਆਂ ਦੀ ਵਿਸ਼ੇਸ਼ ਮੀਟਿੰਗ ਪਿੰਡ ਢਿੰਗੀ ਵਿੱਚ ਹੋਈ ਜਿਸ ਵਿੱਚ ਬੀਕੇਯੂ ਕ੍ਰਾਂਤੀਕਾਰੀ, ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ, ਬੀਕੇਯੂ ਡਕਾਉਂਦਾਅਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਸ਼ਾਮਿਲ ਹੋਏ ਮਸਲਾ ਜੋ ਕਿ ਪਿਛਲੇ ਦਿਨੀਂ 10 ਜੁਲਾਈ ਨੂੰ ਦਵਿੰਦਰ ਕੁਮਾਰ ਢੀਂਗੀ ਦਾ ਮੀਟਰ ਜਬਰਦਸਤੀ ਉੱਤਾਰ ਕੇ ਉਸਦੀ ਜਗਾ ਚਿੱਪ ਵਾਲਾ ਮੀਟਰ ਲਾਉਣ ਨੂੰ ਲੈ ਕੇ ਖਪਤਕਾਰ ਵੱਲੋਂ ਅਤੇ ਜਥੇਬੰਦੀ ਵੱਲੋਂ ਸੰਬੰਧਿਤ ਬਿਜਲੀ ਮੁਲਾਜ਼ਮਾਂ ਨੂੰ ਜਾਣਕਾਰੀ ਦਿੱਤੀ ਗਈ ਕਿ ਸਾਡੇ ਪ੍ਰਧਾਨ ਅਤੇ ਨਾਲ ਦੂਸਰੇ ਸਾਥੀ ਐਸਡੀਓ ਸਾਹਿਬ ਢੀਂਗੀ ਨੂੰ ਮਿਲੇ ਸੀ ਜਿਨ੍ਹਾਂ ਨੂੰ ਇਸ ਮਸਲੇ ਬਾਰੇ ਦੱਸਿਆ ਸੀ ਅਤੇ ਨਾਲ ਹੀ ਇਹ ਵੀ ਦੱਸਿਆ ਗਿਆ ਸੀ ਕਿ ਜੇਕਰ ਕੋਈ ਮੀਟਰ 'ਚ ਖਰਾਬੀ ਹੈ ਤਾਂ ਇਸ ਦੀ ਜਗ੍ਹਾ ਅਸੀਂ ਮੀਟਰ ਦੂਸਰਾ ਲਵਾਉਣ ਨੂੰ ਤਿਆਰ ਹਾਂ ਪ੍ਰੰਤੂ ਚਿੱਪ ਵਾਲਾ ਮੀਟਰ ਨਹੀਂ ਲਗਵਾਉਣਾ, ਜਿਸ ਦਾ ਸੰਯੁਕਤ ਕਿਸਾਨ ਮੋਰਚੇ ਵੱਲੋਂ ਅਤੇ ਸਾਡੀ ਜਥੇਬੰਦੀ ਵੱਲੋਂ ਸਮਰਾਟ ਮੀਟਰ ਨਾ ਲਗਵਾਉਣ ਦਾ ਫੈਸਲਾ ਕੀਤਾ ਹੋਇਆ ਹੈ। ਇਸ ਕਰਕੇ ਇਹ ਮੀਟਰ ਨਾ ਲਾਇਆ ਜਾਵੇ ਇਸ ਗੱਲ ਨੂੰ ਮੁਲਾਜ਼ਮਾਂ ਵੱਲੋਂ ਹੱਥੋਪਾਈ ਦਾ ਨਾਂ ਦੇ ਕੇ ਸਬੰਧਤ ਖਪਤਕਾਰ 'ਤੇ ਇੱਕ ਝੂਠਾ ਪਰਚਾ ਸਦਰ ਥਾਣਾ ਨਾਭਾ ਵਿਖੇ ਦਰਜ ਕਰਵਾਇਆ ਗਿਆ। ਇਸ ਦੇ ਰੋਸ ਵਜੋਂ ਸਾਨੂੰ ਮਜਬੂਰੀ ਵੱਸ ਡਵੀਜ਼ਨ ਨਾਭਾ ਦੇ ਐਕਸ਼ਨ ਦਫਤਰ ਦਾ ਘਰਾਓ ਕਰਨ ਲਈ ਮਜਬੂਰ ਹੋਣਾ ਪਿਆ। ਅਸੀਂ 21 ਜੁਲਾਈ ਦਿਨ ਸੋਮਵਾਰ ਨੂੰ ਐਕਸ਼ਨ ਦਫਤਰ ਦੇ ਸਾਹਮਣੇ ਸੰਕੇਤਕ ਧਰਨਾ ਦੇਣ ਜਾ ਰਹੇ ਹਾਂ ਜੇਕਰ ਫਿਰ ਵੀ ਇਹ ਝੂਠਾ ਪਰਚਾ ਸਬੰਧਿਤ ਮੁਲਾਜ਼ਮਾਂ ਵੱਲੋਂ ਰੱਦ ਨਾ ਕਰਵਾਇਆ ਗਿਆ। ਇਸ ਮੌਕੇ ਅਵਤਾਰ ਸਿੰਘ ਕੌਰਜੀਵਾਲਾ, ਗਮਦੂਰ ਸਿੰਘ ਬਾਬਰਪੁਰ, ਬਲਜੀਤ ਬੁੱਗਾ ਖੁਰਦ, ਚਮਕੌਰ ਸਿੰਘ ਘਨੁੜਕੀ, ਅਵਤਾਰ ਸਿੰਘ ਭਾਦਸੋ, ਪ੍ਰਿਤਪਾਲ ਸਰਮਾ ਢੀਂਗੀ, ਬਲਵਿੰਦਰ ਸਿੰਘ ਅਲੀਪੁਰ, ਭੁਪਿੰਦਰ ਸਿੰਘ ਤੂੰਗਾ, ਬਿੱਕਰ ਸਿੰਘ ਬਾਬਰਪੁਰ, ਕਰਮ ਸਿੰਘ ਬਜੀਦਪੁਰ, ਗੁਰਪ੍ਰੀਤ ਸਿੰਘ ਦੁਲੱਦੀ, ਲਖਵੀਰ ਸਿੰਘ ਦੁਲੱਦੀ, ਸਵਰਨਜੀਤ ਸਿੰਘ ਛੀਟਾਂਵਾਲਾ, ਨਰਿੰਦਰ ਸਿੰਘ ਬਿਰੜਵਾਲ, ਇੰਦਰਜੀਤ ਸਿੰਘ ਦਿਆਗੜ, ਅਮਰੀਕ ਸਿੰਘ, ਪਰਮਿੰਦਰ ਸਿੰਘ, ਜਸਮੇਲ ਸਿੰਘ, ਭੀਮ ਸਿੰਘ, ਉਮ ਪ੍ਰਕਾਸ਼, ਨਿਰਮਲ ਕੌਰ, ਸਮਸ਼ੇਰ ਕੌਰ, ਗੁਰਮੀਤ ਕੌਰ, ਅਮਰਜੀਤ ਕੌਰ, ਮੋਹਿਤ ਪੁਰੀ, ਮਲਕੀਤ ਸਿੰਘ ਆਦਿ ਆਗੂ ਹਾਜ਼ਰ ਸਨ।

# 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ ਲਗਾਏ ਪੌਦੇ



ਘਨੌਰ, 17 ਜੁਲਾਈ (ਮਦਨ ਲਾਲ) : ਰੁੱਖ ਲਗਾਓ ਵਾਤਾਵਰਨ ਬਚਾਓ' ਤਹਿਤ ਅੱਜ ਦੀ ਸਰਾਲਾ ਕਲਾਂ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮ. ਸਰਾਲਾ ਕਲਾਂ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ ਕੋਆਪਰੇਟਿਵ ਬੈਂਕ ਘਨੌਰ ਦੇ ਬਰਾਂਚ ਮੈਨੇਜਰ ਦਲਜੀਤ ਸਿੰਘ, ਵਿਪਨ ਗਾਬਾ ਇੰਸਪੈਕਟਰ ਸਹਿਕਾਰੀ ਸਭਾਵਾਂ ਏ ਕਪੂਰੀ ਤੇ ਗੁਰਪ੍ਰੀਤ ਸਿੰਘ ਸਕੱਤਰ ਸਰਾਲਾ ਕਲਾਂ ਨੇ ਜਾਮਣਾਂ ਦੇ ਬੂਟੇ ਲਾਏ ਤੇ ਸਮੂਹ ਪੰਜਾਬੀਆਂ ਨੂੰ ਮਾਨਸੂਨ ਦੀ ਰੁੱਤ ਵਿੱਚ ਵੱਧ ਤੋਂ ਵੱਧ ਬੂਟੇ ਲਾਉਣ ਦੀ ਬੇਨਤੀ ਕਰਦਿਆਂ ਕਿਹਾ ਕਿ ਸਾਨੂੰ ਬੂਟੇ ਲਗਾਉਣ ਦੇ ਨਾਲ ਨਾਲ ਇਹਨਾਂ ਦੀ ਸਾਂਭ ਸੰਭਾਲ ਕਰਨੀ ਵੀ ਬਹੁਤ ਜ਼ਰੂਰੀ ਹੈ, ਜੋ ਅਸੀਂ ਬੂਟੇ ਲਗਾਏ ਹਨ ਅਸੀਂ ਇਹਨਾਂ ਦੀ ਵੱਡੇ ਹੋਣ ਤੱਕ ਪੂਰੀ ਸਾਂਭ ਸੰਭਾਲ ਕਰਾਂਗੇ। ਇਸ ਮੌਕੇ ਸ੍ਰੀ ਬਲਕਾਰ ਸਿੰਘ ਸਰਾਲਾ ਕਲਾਂ ਸਮੇਤ ਹੋਰ ਵੀ ਮੌਜੂਦ ਸਨ।

# ਕੰਬੋਜ ਮਹਾਂਸਭਾ ਵੱਲੋਂ 29 ਨੂੰ ਲਗਾਏ ਜਾ ਰਹੇ ਕੈਂਸਰ ਜਾਂਚ ਕੈਂਪ ਦਾ ਲੋਕ ਲਾਹਾ ਲੈਣ : ਭੁਪਿੰਦਰ ਸਿੰਘ, ਸਵਿੰਦਰ ਧੰਜੂ



ਦੇਵੀਗੜ੍ਹ, 17 ਜੁਲਾਈ (ਚ.ਨ.ਸ.) : ਕੰਬੋਜ ਮਹਾਂਸਭਾ ਬਲਾਕ ਭੁੰਨਰਹੇੜੀ ਦੇ ਸਹਿਯੋਗ ਨਾਲ ਕੁਲਵੰਤ ਸਿੰਘ ਧਾਲੀਵਾਲ ਦੀ ਵਰਲਡ ਕੈਂਸਰ ਕੇਅਰ ਟੀਮ ਵੱਲੋਂ ਸ਼ਹੀਦ ਊਧਮ ਸਿੰਘ ਕੰਬੋਜ ਦੀ ਸ਼ਹਾਦਤ ਨੂੰ ਸਮਰਪਿਤ ਦੇਵੀਗੜ੍ਹ ਦੇ ਸੰਗਮ ਪੈਲਸ ਵਿਖੇ ਕੈਂਸਰ ਦੀ ਜਾਂਚ ਅਤੇ ਜਾਗਰੂਕਤਾ ਸਬੰਧੀ 29 ਜੁਲਾਈ ਨੂੰ ਜੋ ਕੈਂਪ ਲਗਾਇਆ ਜਾ ਰਿਹਾ ਹੈ ਲੋਕ ਇਸ ਦਾ ਵੱਧ ਤੋਂ ਵੱਧ ਲਾਹਾ ਲੈਣ। ਮਾਤਾ ਗੁਜਰੀ ਸਕੂਲ ਦੇ ਨਿਰਦੇਸ਼ਕ ਅਤੇ ਕੰਬੋਜ ਮਹਾਸਭਾ ਦੇ ਆਗੂ ਭੁਪਿੰਦਰ ਸਿੰਘ ਕੰਬੋਜ ਮਹਾਸਭਾ ਦੇ ਪ੍ਰਧਾਨ ਸਵਿੰਦਰ ਸਿੰਘ ਧੰਜੂ ਜਨਰਲ ਸਕੱਤਰ ਦਵਿੰਦਰ ਸਿੰਘ ਮਾੜੂ, ਆੜਤੀਆ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਜਸਵਿੰਦਰ ਸਿੰਘ ਰਾਣਾ, ਜੀਤ ਸਿੰਘ ਮੀਰਾਂਪੁਰ, ਰਾਜਵਿੰਦਰ ਸਿੰਘ ਰਾਜੂ ਵੱਲੋਂ ਇਸ ਦੀ ਸਾਂਝੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਕੈਂਪ ਵਿਚ ਨਾ ਮੁਰਾਦ ਬਿਮਾਰੀ ਕੈਂਸਰ ਦੇ ਜਾਂਚ ਟੈਸਟ ਫਰੀ ਕੀਤੇ ਜਾਣਗੇ ਅਤੇ ਲੋੜਵੰਦਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਜਾਣਗੀਆਂ। ਸ. ਭੁਪਿੰਦਰ ਸਿੰਘ, ਪ੍ਰਧਾਨ ਸਵਿੰਦਰ ਸਿੰਘ ਧੰਜੂ ਅਤੇ ਦਵਿੰਦਰ ਸਿੰਘ ਮਾੜੂ ਵੱਲੋਂ ਕੈਂਪ ਦੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਕੈਂਪ ਚ ਔਰਤਾਂ ਅਤੇ ਮਰਦਾਂ ਦੇ ਕੈਂਸਰ ਦੀ ਸਰੀਰਕ ਜਾਂਚ, ਔਰਤਾਂ ਦੇ ਛਾਤੀ ਦੇ ਕੈਂਸਰ ਦੀ ਜਾਂਚ, ਔਰਤਾਂ ਦੇ ਬੱਚੇਦਾਨੀ ਦੇ ਕੈਂਸਰ, ਔਰਤਾਂ ਅਤੇ ਮਰਦਾਂ ਦੇ ਮੂੰਹ ਦੇ ਕੈਂਸਰ, ਹੱਡੀਆਂ ਦੇ ਟੈਸਟ, ਮਰਦਾਂ ਦੇ ਗਦੂਦਾਂ ਦੇ ਕੈਂਸਰ, ਔਰਤਾਂ ਅਤੇ ਮਰਦਾਂ ਦੇ ਬਲੱਡ ਕੈਂਸਰ, ਔਰਤਾਂ ਤੇ ਮਰਦਾਂ ਦਾ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਟੈਸਟ ਤੋਂ ਇਲਾਵਾ ਸ਼ੂਗਰ ਬਲੱਡ ਪ੍ਰੈਸ਼ਰ ਆਮ ਬਿਮਾਰੀਆਂ ਸਬੰਧੀ ਕੈਂਪ 'ਚ ਮੁਫਤ ਜਾਂਚ ਕੀਤੀ ਜਾਵੇਗੀ।

# ਸਾਵਣ ਦੇ ਮੌਕੇ 'ਤੇ ਖੀਰ ਦਾ ਲੰਗਰ ਲਗਾਇਆ



ਪਟਿਆਲਾ, 17 ਜੁਲਾਈ (ਰੁਪਾਣਾ) : ਛੋਟੀ ਬਾਰਾਂਦਰੀ ਵਿਖੇ ਕਾਰ ਬਾਜ਼ਾਰ ਪਟਿਆਲਾ ਵੱਲੋਂ ਸਾਵਨ ਦੇ ਮੌਕੇ 'ਤੇ ਸੰਜੇ ਗੋਇਲ (ਉੱਘੇ ਸਮਾਜ ਸੇਵਕ) ਦੀ ਸਰਪਰਸਤੀ ਹੇਠ ਖੀਰ ਦਾ ਲੰਗਰ ਲਗਾਇਆ ਗਿਆ, ਜਿਸ ਦਾ ਆਮ ਲੋਕਾਂ ਨੇ ਖੂਬ ਆਨੰਦ ਮਾਣਿਆ, ਪਟਿਆਲਾ ਕਾਰ ਬਾਜ਼ਾਰ ਵੱਲੋਂ ਸ਼ਾਮਿਲ ਸ਼ਖ਼ਸੀਅਤਾਂ 'ਚ ਸੰਜੇ ਕੁਮਾਰ ਗੋਇਲ, ਅਨਿਲ ਚੁਘ (ਬੰਟੀ), ਅਨਿਲ ਵਧਵਾ, ਨੀਸ਼ੂ ਰਮੇਸ਼ ਵਧਵਾ, ਗੁਰਮਿੰਦਰ ਸੈਣੀ, ਡਾਕਟਰ ਹਰਬੰਸ ਸਿੰਘ, ਸੁਧੀਰ ਕੁਮਾਰ, ਪਵਿੱਤਰ, ਸੰਜੇ ਵੋਹਰਾ, ਸਰਬਜੀਤ ਸਿੰਘ, ਵਿਪਨ ਸ਼ਰਮਾ, ਮਿੰਟਾ, ਬੱਬੂ, ਸਤਪਾਲ ਸਿੰਘ, ਸਾਹਿਲ ਪੁਰੀ, ਮੁਕੇਸ਼ ਸਿੰਗਲਾ, ਅਨਿਲ ਪੁਰੀ, ਬਲਜਿੰਦਰ ਸਿੰਘ ਭਾਨਰਾ, ਰਵੀ ਗੋਇਲ, ਜਤਿੰਦਰ ਬਾਸਲ, ਸੰਜੀਵ ਕੁਮਾਰ, ਮਨੀ ਸੰਧੂ, ਭੁਪਿੰਦਰ ਸਿੰਘ ਆਦਿ ਨੇ ਸੇਵਾ ਕੀਤੀ।

# ਤਿੰਨ ਦਿਨਾਂ ਸਾਵਣ ਉਤਸਵ ਸਮਾ.ਗਮ ਅੱਜ ਤੋਂ

ਪਟਿਆਲਾ, 17 ਜੁਲਾਈ (ਚ.ਨ.ਸ.) : ਉੱਤਰੀ ਖੇਤਰ ਸੱਭਿਆਚਾਰਕ ਕੇਂਦਰ ਪਟਿਆਲਾ (ਸੱਭਿਆਚਾਰਕ ਮੰਤਰਾਲਾ, ਭਾਰਤ ਸਰਕਾਰ) ਵੱਲੋਂ 18 ਜੁਲਾਈ ਤੋਂ 20 ਜੁਲਾਈ 2025 ਤੱਕ ਹਰ ਰੋਜ਼ ਸ਼ਾਮ 6 .30 ਵਜੇ ਤੋਂ ਕਾਲੀ ਦਾਸ ਆਡੀਟੋਰੀਅਮ, ਵਿਰਸਾ ਵਿਹਾਰ ਕੇਂਦਰ, ਨਜ਼ਦੀਕ ਭਾਸ਼ਾ ਵਿਭਾਗ ਪੰਜਾਬ, ਸ਼ੇਰਾਂਵਾਲਾ ਗੇਟ ਪਟਿਆਲਾ ਵਿਖੇ 'ਤਿੰਨ ਦਿਨਾਂ ਸਾਵਨ ਉਤਸਵ ਸਮਾ.ਗਮ' ਸ਼ੁਰੂ ਕੀਤਾ ਜਾ ਰਿਹਾ ਹੈ। ਸੱਭਿਆਚਾਰਕ ਕੇਂਦਰ ਦੇ ਡਾਇਰੈਕਟਰ ਜਨਾਬ ਐਮ ਫੁਰਕਾਨ ਖਾਨ ਸਾਹਿਬ ਨੇ ਦੱਸਿਆ ਕਿ 18 ਜੁਲਾਈ ਨੂੰ ਸਮਾਗਮ ਦੇ ਪਹਿਲੇ ਦਿਨ ਪ੍ਰਸਿੱਧ ਕਲਾਕਾਰ ਪੰਡਿਤ ਹਰਵਿੰਦਰ ਸ਼ਰਮਾ (ਸਿਤਾਰ ਵਾਦਕ) ਅਤੇ ਮਾਨਸੀ ਸਕਸੈਨਾ ਵੱਲੋਂ ਕਥਕ ਨ੍ਰਿਤ ਦੀ ਪੇਸ਼ਕਾਰੀ ਕਰਦੇ ਹੋਏ ਸਮਾਗਮ ਦੀ ਸ਼ੁਰੂਆਤ ਕੀਤੀ ਜਾਵੇਗੀ। ਇਸੇ ਤਰ੍ਹਾਂ 19 ਜੁਲਾਈ ਨੂੰ ਉਸਤਾਦ ਵਾਹਿਦ ਜਿਲਾਨੀ ਅਤੇ ਸ੍ਰੀ ਸੁਨੀਲ ਡੋਗਰਾ ਵੀ ਆਪਣੀ ਗਾਇਨ ਕਲਾ ਦਾ ਪ੍ਰਦਰਸ਼ਨ ਕਰਨਗੇ। ਸਮਾਰੋਹ ਦੇ ਅਖੀਰਲੇ ਦਿਨ 20 ਜੁਲਾਈ ਨੂੰ ਪਦਮ ਸ੍ਰੀ ਅਲੀ-ਗਨੀ ਭਰਾ ਅਤੇ ਸ੍ਰੀ ਅਮਨਦੀਪ ਸਿੰਘ ਵੀ ਆਪਣੇ ਗਾਇਨ ਕਲਾ ਦਾ ਪ੍ਰਦਰਸ਼ਨ ਕਰਕੇ ਪਟਿਆਲਵੀਆਂ ਦਾ ਮਨ ਜਿੱਤਣਗੇ। ਕੇਂਦਰ ਵੱਲੋਂ ਇਸ ਸਮਾਗਮ ਨੂੰ ਸਫਲ ਬਣਾਉਣ ਅਤੇ ਸਮਾਗਮ ਵਿੱਚ ਪੂਰੀ ਤਰ੍ਹਾਂ ਸ਼ਿਰਕਤ ਕਰਨ ਲਈ ਸਾਰੇ ਪਟਿਆਲਾ ਵਾਸੀਆਂ ਅਤੇ ਕਲਾ ਪ੍ਰੇਮੀਆਂ ਨੂੰ ਨਿੱਘਾ ਸੱਦਾ ਦਿੱਤਾ ਗਿਆ ਹੈ।



ਸਮਾਜ ਸੇਵੀ ਡਾ. ਸੁਦੇਸ਼ ਕੁਮਾਰ ਸ਼ਰਮਾ ਦੇ ਪੋਤਰੇ ਯੁਵਾਨ ਸ਼ਰਮਾ ਤੇ ਨਿਸ਼ਠਾ ਸ਼ਰਮਾ ਨੇ ਆਪਣੀ ਵੱਡੀ ਭੈਣ ਭਵਯਾ ਸ਼ਰਮਾ ਦੇ ਜਨਮ ਦਿਨ ਮੌਕੇ ਛਾਂਦਾਰ ਤੇ ਫਲਦਾਰ ਪੌਦੇ ਲਗਾਏ। ਉਨ੍ਹਾਂ ਜਨਤਾ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਸਾਨੂੰ ਜਨਮ ਦਿਨ ਮੌਕੇ ਫਾਸਟ ਫੂਡ ਜਾਂ ਮਠਿਆਈਆਂ 'ਤੇ ਪੈਸੇ ਖ਼ਰਚ ਕਰਨ ਦੀ ਬਜਾਏ ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਵੱਧ ਤੋਂ ਵੱਧ ਬੂਟੇ ਲਗਵਾਉਣੇ ਚਾਹੀਦੇ ਹਨ ਤੇ ਉਨ੍ਹਾਂ ਦੀ ਸਾਂਭ ਸੰਭਾਲ ਵੀ ਕਰਨੀ ਚਾਹੀਦੀ ਹੈ। (ਫ਼ੋਟੋ ਤੇ ਵੇਰਵਾ : ਮਦਨ ਘਨੌਰ)

# ਬਸੰਤ ਰਿਤੂ ਕਲੱਬ ਨੇ ਬੀ.ਐਨ. ਖਾਲਸਾ ਸਕੂਲ 'ਚ ਲਗਾਏ ਛਾਂਦਾਰ ਪੌਦੇ



ਪਟਿਆਲਾ, 17 ਜੁਲਾਈ (ਚ.ਨ.ਸ.) : ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਮੇਰਾ ਯੁਵਾ ਭਾਰਤ ਖੇਡ ਮੰਤਰਾਲੇ ਭਾਰਤ ਸਰਕਾਰ ਦੇ ਸਹਿਯੋਗ ਨਾਲ ਬੀ.ਐਨ.ਖਾਲਸਾ ਸੀਨੀਅਰ ਸੈਕੰਡਰੀ ਸਕੂਲ ਮਾਲ ਰੋਡ ਪਟਿਆਲਾ ਵਿਖੇ ਵਣ-ਮਹਾਂਉਤਸਵ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਦੀ ਪ੍ਰਧਾਨਗੀ ਸਕੂਲ ਦੇ ਪ੍ਰਿੰਸੀਪਲ ਗੁਰਦੀਸ਼ ਸਿੰਘ ਨੇ ਕੀਤੀ ਅਤੇ ਮੁੱਖ ਮਹਿਮਾਨ ਵਜੋਂ ਸ਼ੰਕਰ ਲਾਲ ਖੁਰਾਣਾ ਮਿਊਂਸਿਪਲ ਕੌਂਸਲਰ ਵਾਰਡ ਨੰਬਰ 8 ਤ੍ਰਿਪੜੀ ਪਟਿਆਲਾ ਨੇ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਪਾਮ ਦਾ ਪੌਦਾ ਲਗਾ ਕੇ ਵਣ ਮਹਾ ਉਤਸਵ ਦਾ ਉਦਘਾਟਨ ਕੀਤਾ ਗਿਆ। ਬਸੰਤ ਰਿਤੂ ਯੂਥ ਕਲੱਬ ਦੇ ਪ੍ਰਧਾਨ ਇੰਜੀ: ਆਕਰਸ਼ ਸ਼ਰਮਾ ਅਤੇ ਸੰਸਥਾਪਕ ਰਾਜੇਸ਼ ਸ਼ਰਮਾ ਰਾਮਟੱਟਵਾਲੀ ਨੇ ਸਾਂਝੇ ਬਿਆਨ ਵਿੱਚ ਆਖਿਆ ਕਿ ਬਸੰਤ ਰਿਤੂ ਕਲੱਬ ਵੱਲੋਂ ਹਰ ਸਾਲ ਬੀ.ਐਨ. ਖਾਲਸਾ ਸਕੂਲ ਮਾਲ ਰੋਡ ਤੋਂ ਵਣ ਮਹਾ ਉਤਸਵ ਦੀ ਸ਼ੁਰੂਆਤ ਕੀਤੀ ਜਾਂਦੀ ਹੈ। ਮੁੱਖ ਮਹਿਮਾਨ ਸ਼ੰਕਰ ਲਾਲ ਖੁਰਾਣਾ ਮਿਊਂਸਿਪਲ ਕੌਂਸਲਰ ਵਾਰਡ ਨੰਬਰ 8 ਤ੍ਰਿਪੜੀ ਪਟਿਆਲਾ ਨੇ ਆਖਿਆ ਕਿ ਉਹ ਪਿਛਲੇ 30 ਸਾਲਾਂ ਤੋਂ ਕਲੱਬ ਨਾਲ ਜੁੜੇ ਹੋਏ ਹਨ ਅਤੇ ਕਲੱਬ ਵੱਲੋਂ ਪਿੰਡ-ਪਿੰਡ ਅਤੇ ਸ਼ਹਿਰ ਸ਼ਹਿਰ ਜਾ ਕੇ ਪੰਜਾਬ ਦੇ 5 ਜ਼ਿਲ੍ਹਿਆਂ ਦੇ 500 ਪਿੰਡਾਂ ਵਿੱਚ ਸਾਢੇ ਤਿੰਨ ਲੱਖ ਪੌਦੇ ਜੋ ਲਗਾਏ ਹਨ ਅਤੇ ਉਹਨਾਂ ਪੌਦਿਆਂ 'ਤੇ ਲਗਭਗ 38 ਲੱਖ ਰੁਪਏ ਜੋ ਖਰਚ ਕੀਤਾ ਹੈ ਉਹ ਇੱਕ ਵਿਲੱਖਣ ਅਤੇ ਸ਼ਲਾਘਾਯੋਗ ਕੰਮ ਹੈ। ਸਕੂਲ ਦੇ ਪ੍ਰਿੰਸੀਪਲ ਗੁਰਦੀਸ਼ ਸਿੰਘ ਨੇ ਵੀ ਆਪਣੇ ਵਿਚਾਰਾਂ ਵਿੱਚ ਆਖਿਆ ਕਿ ਬਸੰਤ ਰਿਤੂ ਕਲੱਬ ਪਿਛਲੇ 5 ਸਾਲਾਂ ਤੋਂ ਲਗਾਤਾਰ ਵਣ ਮਹਾਉਤਸਵ ਦੀ ਸ਼ੁਰੂਆਤ ਸਾਡੇ ਸਕੂਲ ਤੋਂ ਕਰਦਾ ਆ ਰਿਹਾ ਹੈ ਅਤੇ ਸਾਡੇ ਸਕੂਲ ਦੇ ਵਿਦਿਆਰਥੀਆ ਨੂੰ ਪੌਦੇ ਲਗਾਉਣ ਅਤੇ ਪਾਣੀ ਬਚਾਉਣ ਲਈ ਪ੍ਰੇਰਿਤ ਵੀ ਕਰਦਾ ਹੈ ਅਤੇ ਕਲੱਬ ਵੱਲੋਂ ਹੁਣ ਤੱਕ ਸਕੂਲ ਵਿਖੇ 150 ਪੌਦੇ ਲਗਾਏ ਜਾ ਚੁੱਕੇ ਹਨ। ਇਸ ਮੌਕੇ ਸਕੂਲ ਅਧਿਆਪਕ ਪੂਜਾ ਸ਼ਰਮਾ, ਗੁਰਮੀਤ ਸਿੰਘ, ਹਰਜੀਤ ਕੌਰ, ਦਿਲਜੋਤ ਕੌਰ, ਜਤਿੰਦਰ ਰਾਣੀ, ਨੀਲਮ ਸ਼ਰਮਾ, ਜਸਵਿੰਦਰ ਕੌਰ, ਅਸ਼ੋਕ ਨਾਸਰਾ, ਅਭਿਨਵ ਸ਼ਰਮਾ, ਸੰਤੋਸ਼ ਲਾਲਵਾਨੀ, ਮੁਕੇਸ਼ ਸ਼ਰਮਾ, ਮੇਹਰਵਾਨ ਸਿੰਘ ਮਾਗੋ, ਧਰਮਿੰਦਰ ਕੁਮਾਰ, ਤਰਸੇਮ ਲਾਲ ਆਦਿ ਹਾਜ਼ਰ ਸਨ।

# ਡੀ.ਸੀ. ਵੱਲੋਂ ਜ਼ਿਲ੍ਹੇ 'ਚ ਸੜਕ ਸੁਰੱਖਿਆ ਯਕੀਨੀ ਬਣਾਉਣ 'ਤੇ ਜ਼ੋਰ

## ਆਵਾਜਾਈ ਦੀ ਬੇਹਤਰੀ ਲਈ ਟ੍ਰੈਫਿਕ ਮੈਨੇਜਮੈਂਟ ਯੋਜਨਾ ਬਣਾਉਣ ਅਤੇ ਲਾਗੂ ਕਰਨ ਦੀ ਹਦਾਇਤ




ਪਟਿਆਲਾ, 17 ਜੁਲਾਈ (ਰੁਪਾਣਾ) : ਪਟਿਆਲਾ ਜ਼ਿਲ੍ਹੇ ਵਿੱਚ ਸੜਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀ ਦੀ ਬੈਠਕ ਕਰਦਿਆਂ ਡਿਪਟੀ ਕਮਿਸ਼ਨਰ ਡਾ: ਪ੍ਰੀਤੀ ਯਾਦਵ ਨੇ ਜ਼ਿਲ੍ਹੇ ਦੀਆਂ ਸੜਕਾਂ ਉਪਰ ਵਧੇਰੇ ਹਾਦਸਿਆਂ ਵਾਲੇ ਪਛਾਣ ਕੀਤੇ ਬਲੈਕ ਸਪਾਟਸ ਉੱਤੇ ਵਾਪਰਦੇ ਹਾਦਸੇ ਨੂੰ ਘਟਾਉਣ ਲਈ ਸਬੰਧਤ ਵਿਭਾਗਾਂ ਵੱਲੋਂ ਕੀਤੀ ਗਈ ਕਾਰਵਾਈ ਦੀ ਰਿਪੋਰਟ ਪ੍ਰਾਪਤ ਕਰਦਿਆਂ ਕਿਹਾ ਕਿ ਕੀਮਤੀ ਮਨੁੱਖੀ ਜਾਨਾਂ ਨੂੰ ਬਚਾਉਣ ਲਈ ਕੋਈ ਕਸਰ ਬਾਕੀ ਨਾ ਛੱਡੀ ਜਾਵੇ। ਉਹਨਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਹਾਦਸਿਆਂ ਵਾਲੀਆਂ ਸੜਕਾਂ ਸਮੇਤ ਜ਼ਿਆਦਾ ਖ਼ਤਰੇ ਵਾਲੇ ਚੌਂਕ 'ਤੇ ਮੋੜ ਅਤੇ ਵਾਧੂ ਟ੍ਰੈਫਿਕ ਭਾਰ ਵਾਲੀਆਂ ਸੜਕਾਂ ਦੀ ਤੁਰੰਤ ਪਛਾਣ ਕੀਤੀ ਜਾਵੇ। ਇਸ ਮੌਕੇ ਉਹਨਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ (ਯੂਡੀ) ਨਵਰੀਤ ਕੌਰ ਸੇਖੋਂ ਅਤੇ ਰੀਜ਼ਨਲ ਟਰਾਂਸਪੋਰਟ ਅਫ਼ਸਰ ਬਬਨਦੀਪ ਸਿੰਘ ਵਾਲੀਆ ਵੀ ਹਾਜ਼ਰ ਸਨ। ਉਹਨਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਟ੍ਰੈਫਿਕ ਮੈਨੇਜਮੈਂਟ ਪਲਾਨ ਤਿਆਰ ਕਰਕੇ ਫੌਰੀ ਤੌਰ 'ਤੇ ਲੋੜੀਂਦੇ ਪ੍ਰਬੰਧ ਕੀਤੇ ਜਾਣ ਅਤੇ ਉਸ ਨੂੰ ਸਮਾਂਬੱਧ ਤਰੀਕੇ ਨਾਲ ਲਾਗੂ ਕੀਤਾ ਜਾਵੇ, ਤਾਂ ਜੋ ਸ਼ਹਿਰ ਅੰਦਰ ਆਵਾਜਾਈ ਦੀ ਸਮੱਸਿਆ ਨੂੰ ਜਲਦੀ ਤੋਂ ਜਲਦੀ ਹੱਲ ਕੀਤਾ ਜਾ ਸਕੇ। ਡਾ. ਪ੍ਰੀਤੀ ਯਾਦਵ ਨੇ ਸੇਫ਼ ਸਕੂਲ ਵਾਹਨ ਪਾਲਿਸੀ ਤਹਿਤ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਹੁਕਮ ਦਿੱਤੇ ਕਿ ਜ਼ਿਲ੍ਹੇ ਦੇ ਸਾਰੇ ਸਕੂਲਾਂ ਵਿੱਚ ਰੋਡ ਸੇਫ਼ਟੀ ਦੇ ਨੋਡਲ ਅਫਸਰ ਲਗਾਏ ਜਾਣ। ਉਹਨਾਂ ਭੁਪਿੰਦਰਾ ਰੋਡ, ਰਾਜਿੰਦਰਾ ਹਸਪਤਾਲ, ਥਾਪਰ ਕਾਲਜ, ਮਨੀਪਾਲ ਹਸਪਤਾਲ ਅਤੇ ਨੈਸ਼ਨਲ ਪਾਰਕ ਦੇ ਨੇੜੇ ਮੌਜੂਦ ਸਟਰੀਟ ਵੈਂਡਰਜ਼ ਨੂੰ ਸਖ਼ਤੀ ਨਾਲ ਰੈਗੂਲੇਟ ਕਰਨ ਦੇ ਹੁਕਮ ਦਿੱਤੇ ਤਾਂ ਜੋ ਟਰੈਫਿਕ ਵਿੱਚ ਕਿਸੇ ਵੀ ਤਰ੍ਹਾਂ ਦਾ ਵਿਘਨ ਨਾ ਪਵੇ। ਉਹਨਾਂ ਕਿਹਾ ਕਿ ਸੜਕ ਦੁਰਘਟਨਾਵਾਂ ਕਰਕੇ ਬਹੁਤ ਸਾਰੀਆਂ ਜਾਨਾਂ ਅਜ਼ਾਈਂ ਚਲੀਆਂ ਜਾਂਦੀਆਂ ਹਨ ਅਤੇ ਕੁਝ ਜ਼ਰੂਰੀ ਬਦਲਾਅ ਕਰਕੇ ਅਤੇ ਸੜਕਾਂ ਨੂੰ ਠੀਕ ਕਰਨ ਅਤੇ ਸਮੇਤ ਸੜਕ ਸੁਰੱਖਿਆ ਨੇਮਾਂ ਦੀ ਪਾਲਣਾ ਕਰਕੇ ਇਹ ਹਾਦਸੇ ਰੋਕੇ ਜਾ ਸਕਦੇ ਹਨ ਤੇ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਡਿਪਟੀ ਕਮਿਸ਼ਨਰ ਨੇ ਬਜ਼ਾਰਾਂ ਵਿੱਚ ਦੁਕਾਨਦਾਰਾਂ ਨੂੰ ਸੜਕਾਂ ਦੇ ਕਿਨਾਰੇ ਸਮਾਨ ਅਤੇ ਮਸ਼ਹੂਰੀ ਬੋਰਡ ਨਾ ਰੱਖਣ ਦੇ ਨਿਰਦੇਸ਼ ਦਿੱਤੇ ਤਾਂ ਜੋ ਆਵਾਜਾਈ ਸੁਰੱਖਿਅਤ ਰਹੇ। ਮੀਟਿੰਗ ਵਿੱਚ ਐਸ.ਐਸ.ਪੀ. ਟ੍ਰੈਫਿਕ ਤੇ ਸੁਰੱਖਿਆ ਵੱਲੋਂ ਸ਼ਹਿਰ ਵਿੱਚ ਸੜਕ ਹਾਦਸਿਆਂ ਦੇ ਬਲੈਕ ਸਪਾਟ ਬਾਰੇ ਰਿਪੋਰਟ ਪੇਸ਼ ਕੀਤੀ। ਐਸ.ਐਸ.ਪੀ ਟਰੈਫਿਕ ਨੇ ਕਿਹਾ ਕਿ ਬਲੈਕ ਸਪੋਟਸ 'ਤੇ ਸੜਕ ਹਾਦਸਿਆਂ ਦੀ ਗਿਣਤੀ ਘਟਾਉਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾ ਰਹੇ ਹਨ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।



# ਪਟਿਆਲਾ-ਆਸ/ਪਾਸ



## ਜੱਸੀ ਸੋਹੀਆਂ ਵਾਲਾ ਦੀ ਅਗਵਾਈ 'ਚ 'ਆਪ' ਵਲੰਟੀਅਰਾਂ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਸਬੰਧੀ ਮੀਟਿੰਗ

### ਪਾਰਟੀ ਮਿਹਨਤੀ ਤੇ ਵਫਾਦਾਰ ਵਰਕਰਾਂ ਨੂੰ ਟਿਕਟ ਦੇਵੇਗੀ : ਚੇਅਰਮੈਨ



ਨਾਭਾ, 17 ਜੁਲਾਈ (ਬਲਜਿੰਦਰ ਮਾਨ) : ਆਉਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਹੂੰਝਾਫੇਰ ਜਿੱਤ ਪ੍ਰਾਪਤ ਕਰੇਗੀ, ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕੇ ਦੇ ਹੋਣਹਾਰ ਨੌਜਵਾਨ ਆਗੂ ਅਤੇ ਜ਼ਿਲ੍ਹਾ ਪਲੈਨਿੰਗ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆ ਵਾਲਾ ਨੇ ਅੱਜ ਸਥਾਨਕ ਰੈਸਟ ਹਾਊਸ ਵਿਖੇ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਨਾਲ ਮੀਟਿੰਗ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ ਵਿੱਚ ਪਾਰਟੀ ਦੇ ਮਿਹਨਤੀ ਅਤੇ ਇਮਾਨਦਾਰ ਵਲੰਟੀਅਰਾਂ ਨੂੰ ਟਿਕਟਾਂ ਦੇ ਕੇ ਚੋਣ ਲੜਾਈ ਜਾਵੇਗੀ। ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਸੂਬੇ ਅੰਦਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਅਤੇ ਲੋਕਪੱਖੀ ਕੰਮਾਂ ਨੂੰ ਦੇਖਦਿਆਂ ਲੋਕ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਫਤਵਾ ਦੇਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਯੂਥ ਆਗੂ ਲਾਲੀ ਫਤਿਹਪੁਰ, ਬਲਾਕ ਪ੍ਰਧਾਨ ਗੁਰਪ੍ਰੀਤ ਸਿੰਘ ਗੋਪੀ ਫੈਜਗੜ੍ਹ, ਸ਼ਹਿਰੀ ਬਲਾਕ ਪ੍ਰਧਾਨ ਸੰਦੀਪ ਸ਼ਰਮਾ, ਸੁੱਖ ਘੁੰਮਣ ਚਾਸਵਾਲ, ਦਵਿੰਦਰ ਸਿੰਘ ਸਰਪੰਚ ਕੁਲਾਰਾਂ, ਬੁੱਧ ਸਿੰਘ ਸੰਧਨੌਲੀ, ਸੁਖਜੀਤ ਸਿੰਘ ਹਾਂਸ, ਸਵਰਨਜੀਤ ਸਿੰਘ ਦੋਦਾ, ਬੱਬੂ ਛੀਟਾਂਵਾਲਾ, ਬੇਅੰਤ ਸਿੰਘ ਘੰਡੂਆ, ਖੁਸ਼ਵਿੰਦਰ ਸ਼ਰਮਾ, ਲਾਡੀ ਖਹਿਰਾ, ਜਸਪ੍ਰੀਤ ਸਿੰਘ ਰਾਇਮਲਮਾਜਰੀ, ਗੁਰਪ੍ਰੀਤ ਸਿੰਘ ਰਾਮਗੜ੍ਹ, ਜਸਕਰਨਵੀਰ ਸਿੰਘ ਤੇਜੇ, ਗਾਮਾ ਅਗੌਲ, ਦਵਿੰਦਰ ਸਿੰਘ ਬੂਹੀ, ਗੁਰਪ੍ਰੀਤ ਸਿੰਘ ਦੋਦਾ, ਗੁਰਧਿਆਨ ਸਿੰਘ ਬਿੱਟੂ, ਬੰਟੀ ਚਹਿਲ, ਗੁਰਜੀਤ ਸਿੰਘ ਕੋਟ ਕਲਾਂ, ਗੁਰਜੰਟ ਸਿੰਘ ਅੱਚਲ, ਕੁਲਦੀਪ ਸਿੰਘ ਬੂਹੀ, ਕੁਲਵੰਤ ਸਿੰਘ ਢੀਂਗੀ, ਲਾਲ ਸਿੰਘ ਲੱਧਾਹੇੜੀ, ਕਰਮਜੀਤ ਸਿੰਘ ਹਰੀਗੜ੍ਹ, ਗੁਰਵਿੰਦਰ ਸਿੰਘ ਸਕੋਹਾਂ, ਉੱਦਮਦੀਪ ਸਿੰਘ ਨਾਭਾ, ਗੁਰਜਿੰਦਰ ਸਿੰਘ ਕੱਲੇਮਾਜਰਾ, ਗੁਰਚਰਨ ਸਿੰਘ ਸੂਰਾਜਪੁਰ, ਕੁਲਦੀਪ ਸਿੰਘ ਹਰੀਗੜ੍ਹ, ਨਵੀਨ ਕੁਮਾਰ, ਬੂਟਾ ਸਿੰਘ ਰਾਮਗੜ੍ਹ, ਗੁਰਵਿੰਦਰ ਸਿੰਘ ਬੀਨਾਹੇੜੀ, ਲਵਪ੍ਰੀਤ ਸਿੰਘ ਲੱਭੂ, ਬੇਅੰਤ ਸਿੰਘ ਕੁਲਾਰਾਂ ਆਦਿ ਸਮੇਤ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਵਲੰਟੀਅਰ ਮੌਜੂਦ ਸਨ।

## ਵਿਧਾਇਕ ਅਜੀਤਪਾਲ ਸਿੰਘ ਕੋਹਲੀ ਵੱਲੋਂ ਐਸ.ਸੀ ਭਾਈਚਾਰੇ ਦੇ 24 ਕਰਜ਼ਦਾਰਾਂ ਨੂੰ 37.33 ਲੱਖ ਦੀ ਕਰਜ਼ਾ ਮੁਆਫ਼ੀ ਦਾ ਤੋਹਫ਼ਾ



ਪਟਿਆਲਾ, 17 ਜੁਲਾਈ (ਰੁਪਾਣਾ) : ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਅੱਜ ਹਲਕਾ ਪਟਿਆਲਾ ਅਰਬਨ (ਸ਼ਹਿਰੀ) ਐਸ.ਸੀ.ਭਾਈਚਾਰੇ ਦੇ 24 ਕਰਜ਼ਦਾਰਾਂ ਨੂੰ ਕਰੀਬ 37.33 ਲੱਖ ਰੁਪਏ ਦੀ ਕਰਜ਼ਾ ਮੁਆਫੀ ਦਾ ਲਾਭ ਪ੍ਰਦਾਨ ਕਰਕੇ ਸਮਾਜਿਕ ਅਤੇ ਆਰਥਿਕ ਸਥਿਤੀ ਨੂੰ ਮਜ਼ਬੂਤ ਬਣਾਉਣ ਵੱਲ ਇੱਕ ਵੱਡਾ ਕਦਮ ਚੁੱਕਿਆ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੇ ਗਰੀਬ ਪਰਿਵਾਰਾਂ ਦਾ ਸਾਰਾ ਕਰਜ਼ਾ ਮਾਫ਼ ਕਰਕੇ ਗਰੀਬ ਪਰਿਵਾਰਾਂ ਨੂੰ ਵਿੱਤੀ ਬੋਝ ਤੋਂ ਮੁਕਤ ਕੀਤਾ ਹੈ। ਅਜੀਤਪਾਲ ਸਿੰਘ ਕੋਹਲੀ ਨੇ ਕਰਜ਼ਾ ਮੁਆਫੀ ਸਰਟੀਫਿਕੇਟ ਵੰਡਦਿਆਂ ਕਿਹਾ ਕਿ ਗਰੀਬ ਪਰਿਵਾਰ ਹੁਣ ਆਪਣੇ ਬੱਚਿਆਂ ਦੀ ਪੜ੍ਹਾਈ ਅਤੇ ਪਰਿਵਾਰਾਂ ਦੀਆਂ ਜ਼ਰੂਰਤਾਂ ਲਈ ਬਿਹਤਰ ਤਰੀਕੇ ਨਾਲ ਯਤਨ ਕਰ ਸਕਣਗੇ, ਜਿਸ ਨਾਲ ਇਹ ਪਰਿਵਾਰ ਨਵੀਂ ਉਮੀਦ ਅਤੇ ਹੌਂਸਲੇ ਨਾਲ ਆਪਣੀ ਜਿੰਦਗੀ ਨੂੰ ਅੱਗੇ ਵਧਾ ਸਕਣਗੇ। ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਅੰਦਰ 400 ਲਾਭਪਾਤਰੀਆਂ ਨੂੰ 4 ਕਰੋੜ 83 ਲੱਖ ਰੁਪਏ ਦੀ ਕਰਜ਼ਾ ਮੁਆਫੀ ਦਾ ਲਾਭ ਮਿਲਿਆ ਹੈ ਅਤੇ ਇਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਧਾਈ ਦੀ ਪਾਤਰ ਹੈ, ਜਿਸ ਨੇ ਇਸ ਭਾਈਚਾਰੇ ਦੇ ਲੋਕਾਂ ਨਾਲ ਵਾਅਦਾ ਪੂਰਾ ਕੀਤਾ ਹੈ। ਉਹਨਾਂ ਕਿਹਾ ਕਿ ਕਰਜ਼ਾ ਮੁਆਫ਼ੀ ਮੁਹਿੰਮ ਨਾਲ ਨਾ ਸਿਰਫ ਲੋੜਵੰਦ ਪਰਿਵਾਰਾਂ ਨੂੰ ਆਰਥਿਕ ਬੋਝ ਤੋਂ ਛੁਟਕਾਰਾ ਮਿਲਿਆ ਹੈ, ਸਗੋਂ ਇਸ ਮੁਹਿੰਮ ਨਾਲ ਲੋਕਾਂ ਨੂੰ ਆਤਮਨਿਰਭਰ ਹੋਣ ਵਿੱਚ ਵੀ ਮਦਦ ਮਿਲੀ ਹੈ। ਉਹਨਾਂ ਕਿਹਾ ਕਿ ਐਸ.ਸੀ.ਭਾਈਚਾਰੇ ਵੱਲੋਂ ਲੰਬੇ ਸਮੇਂ ਤੋਂ ਇਹ ਮੰਗ ਕੀਤੀ ਜਾ ਰਹੀ ਸੀ ਕਿ ਉਹਨਾਂ ਦੇ ਕਰਜੇ ਮਾਫ਼ ਕੀਤੇ ਜਾਣ, ਕਿਉਂਕਿ ਹੜ੍ਹਾਂ, ਬਿਮਾਰੀਆਂ ਅਤੇ ਆਰਥਿਕ ਕਮਜ਼ੋਰੀ ਕਾਰਨ ਬਹੁਤ ਸਾਰੇ ਪਰਿਵਾਰ ਉਕਤ ਕਰਜ਼ੇ ਅਦਾ ਕਰਨ ਤੋਂ ਅਸਮਰਥ ਸਨ। ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਇਸ ਮੁਹਿੰਮ ਵਿੱਚ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੀ ਅਹਿਮ ਭੂਮਿਕਾ ਹੈ। ਇਸ ਮੌਕੇ ਜ਼ਿਲ੍ਹਾ ਮੈਨੇਜਰ ਮੰਜੂ ਬਾਲਾ ਨੇ ਦੱਸਿਆ ਕਿ 31 ਮਾਰਚ 2020 ਤੱਕ ਦੇ ਸਾਰੇ ਕਰਜ਼ਾ ਕੇਸਾਂ ਵਿੱਚ ਮੁਆਫੀ ਕਰ ਦਿੱਤੀ ਗਈ, ਜਿਸ ਨਾਲ ਲਾਭਪਾਤਰੀਆਂ ਨੂੰ ਆਰਥਿਕ ਰਾਹਤ ਮਿਲੀ ਹੈ। ਇਸ ਮੌਕੇ ਐਸ.ਡੀ.ਐਮ. ਤੋਂ ਇਲਾਵਾ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੇ ਅਧਿਕਾਰੀ ਅਤੇ ਵੱਡੀ ਗਿਣਤੀ ਵਿੱਚ ਲਾਭਪਾਤਰੀ ਹਾਜ਼ਰ ਸਨ।

## ਔਰਤ ਦਾ ਬੈਗ ਖੋਹਣ ਦੀ ਕੋਸ਼ਿਸ਼ ਕਰਨ ਵਾਲੇ ਮੋਟਰਸਾਈਕਲ ਸਵਾਰ ਕਾਬੂ

ਸਮਾਣਾ, 17 ਜੁਲਾਈ (ਵਿਜੇ ਕੁਮਾਰ): ਸਮਾਣਾ ਵਿੱਚ ਦਿਨ-ਦਿਹਾੜੇ ਸ਼ਹਿਰ ਦੀ ਮੁੱਖ ਸੜਕ 'ਤੇ ਪੈਦਲ ਜਾ ਰਹੀ ਇੱਕ ਔਰਤ ਦਾ ਬੈਗ ਖੋਹਣ ਦੀ ਕੋਸ਼ਿਸ਼ ਕਰਦਿਆਂ ਉਸਨੂੰ ਸੜਕ 'ਤੇ ਦੂਰ ਤੱਕ ਘਸੀਟਣ ਵਾਲੇ ਦੋਵੇਂ ਬਾਈਕ ਸਵਾਰਾਂ ਨੂੰ ਸਿਟੀ ਪੁਲਿਸ ਨੇ ਕਾਬੂ ਕਰ ਲਿਆ ਹੈ। ਦੋਵੇਂ ਨੌਜਵਾਨ ਪੰਜਾਬ-ਹਰਿਆਣਾ ਸਰਹੱਦ 'ਤੇ ਵਸੇ ਹਰਿਆਣਾ ਦੇ ਜ਼ਿਲ੍ਹਾ ਕੈਥਲ ਦੇ ਪਿੰਡਾਂ ਦੇ ਰਹਿਣ ਵਾਲੇ ਹਨ। ਦੋਸ਼ੀਆਂ ਦੀ ਪਛਾਣ ਅੰਮ੍ਰਿਤਪਾਲ ਸਿੰਘ ਪੁੱਤਰ ਜੱਗਾ ਸਿੰਘ ਵਾਸੀ ਪਿੰਡ ਟੱਗਾ ਖੇੜਾ (ਜ਼ਿਲ੍ਹਾ ਕੈਥਲ) ਅਤੇ ਕਪਤਾਨ ਸਿੰਘ ਪੁੱਤਰ ਬਲਬੀਰ ਸਿੰਘ ਵਾਸੀ ਪਿੰਡ ਮਲਿਕਪੁਰ (ਜ਼ਿਲ੍ਹਾ ਕੈਥਲ-ਹਰਿਆਣਾ) ਵਜੋਂ ਹੋਈ ਹੈ। ਮਾਮਲੇ ਦੇ ਜਾਂਚ ਅਧਿਕਾਰੀ ਸਿਟੀ ਪੁਲਿਸ ਦੇ ਏ.ਐਸ.ਆਈ. ਸਿੰਦਰ ਸਿੰਘ ਨੇ ਦੱਸਿਆ ਕਿ ਸੁਰਿੰਦਰ ਕੌਰ ਪਤਨੀ ਨਿਧਾਨ ਸਿੰਘ ਵਾਸੀ ਪਿੰਡ ਅਤਾਲਾਂ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ 15 ਜੁਲਾਈ ਦੀ ਦੁਪਹਿਰ ਨੂੰ ਉਹ ਸ਼ਹਿਰ ਵਿੱਚ ਸਾਮਾਨ ਖਰੀਦਣ ਆਈ ਸੀ। ਜਦੋਂ ਉਹ ਤਹਿਸੀਲ ਪਾਰਕ ਨੇੜੇ ਸੜਕ 'ਤੇ ਪੈਦਲ ਜਾ ਰਹੀ ਸੀ, ਤਾਂ ਪਿੱਛੋਂ ਬਾਈਕ 'ਤੇ ਸਵਾਰ ਹੋ ਕੇ ਆਏ ਦੋ ਨੌਜਵਾਨਾਂ ਨੇ ਉਸਦੇ ਮੋਢੇ 'ਤੇ ਲਟਕਾਇਆ ਬੈਗ ਖੋਹਣ ਦੀ ਕੋਸ਼ਿਸ਼ ਕੀਤੀ। ਇਸ ਘਟਨਾ ਦੌਰਾਨ ਅਚਾਨਕ ਲੱਗੇ ਝਟਕੇ ਨਾਲ ਉਹ ਸੜਕ 'ਤੇ ਡਿੱਗ ਗਈ ਅਤੇ ਬਾਈਕ ਸਵਾਰ ਉਸਨੂੰ ਦੂਰ ਤੱਕ ਘਸੀਟਦੇ ਲੈ ਗਏ ਤੇ ਬੈਗ ਖੋਹ ਕੇ ਫਰਾਰ ਹੋ ਗਏ, ਜਿਸ ਵਿੱਚ ਉਸਦਾ ਮੋਬਾਈਲ ਫੋਨ, ਆਧਾਰ ਕਾਰਡ ਅਤੇ ਕੁਝ ਨਕਦੀ ਵੀ ਸੀ। ਅਧਿਕਾਰੀ ਅਨੁਸਾਰ ਨੇੜਲੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਸਹਾਇਤਾ ਨਾਲ ਦੋਸ਼ੀ ਨੌਜਵਾਨਾਂ ਦੀ ਪਛਾਣ ਉਪਰੰਤ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਦੋਸ਼ੀ ਨੌਜਵਾਨਾਂ ਨੂੰ ਹਿਰਾਸਤ ਵਿੱਚ ਲੈ ਕੇ ਪੁਲਿਸ ਨੇ ਆਪਣੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਐਸ.ਡੀ.ਐਮ ਨੇ ਪਾਣੀ ਦੀ ਪਾਈਪਲਾਈਨ ਦੇ ਕੰਮ ਦੀ ਸਮੀਖਿਆ ਲਈ ਕੀਤਾ ਦੌਰਾ

### ਅਧਿਕਾਰੀਆਂ ਨੂੰ ਕੰਮ 'ਚ ਤੇਜ਼ੀ ਲਿਆਉਣ ਦੀ ਦਿੱਤੀ ਹਦਾਇਤ

ਪਟਿਆਲਾ 17 ਜੁਲਾਈ (ਰੁਪਾਣਾ/ਦੀਪਕ ਜੈਚਕ): ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਆਦੇਸ਼ 'ਤੇ ਐਸ.ਡੀ.ਐਮ. ਗੁਰਦੇਵ ਸਿੰਘ ਨੇ ਅੱਜ ਜੇਲ੍ਹ ਰੋਡ ਅਤੇ ਸ੍ਰੀ ਦੁਖਨਿਵਾਰਨ ਸਾਹਿਬ ਨੇੜੇ ਟ੍ਰੈਫਿਕ ਦੀ ਸਥਿਤੀ ਅਤੇ ਐਲ.ਐਂਡ.ਟੀ. ਪਾਈਪਲਾਈਨ ਦੇ ਕੰਮ ਦੀ ਸਮੀਖਿਆ ਲਈ ਦੌਰਾ ਕੀਤਾ। ਉਹਨਾਂ ਪਾਣੀ ਦੀ ਪਾਈਪਲਾਈਨ ਨੂੰ ਟੋਰੈਂਟ ਗੈਸ ਪਾਈਪਲਾਈਨ ਦੇ ਨਾਲ ਨਾਲ ਪਵਿੱਤਰ ਹੰਸਲੀ ਨੂੰ ਪਾਰ ਕਰਨ ਦਾ ਮੌਕਾ ਵੀ ਦੇਖਿਆ। ਉਹਨਾਂ ਕਿਹਾ ਕਿ ਇਸ ਦੌਰੇ ਦਾ ਮੁੱਖ ਉਦੇਸ਼ ਇਲਾਕੇ ਵਿੱਚ ਚੱਲ ਰਹੇ ਕੰਮ ਕਾਰਨ ਟ੍ਰੈਫਿਕ ਵਿੱਚ ਪੈਦਾ ਹੋ ਰਹੀਆਂ ਸਮੱਸਿਆਵਾਂ ਦਾ ਹੱਲ ਕਰਨਾ ਅਤੇ ਕੰਮ ਨੂੰ ਨਿਰਧਾਰਿਤ ਸਮੇਂ ਵਿੱਚ ਮੁਕੰਮਲ ਕਰਵਾਉਣਾ ਹੈ। ਉਹਨਾਂ ਕਿਹਾ ਕਿ ਟ੍ਰੈਫਿਕ ਬੰਦ ਹੋਣ ਕਾਰਨ ਇਲਾਕੇ ਦੇ ਲੋਕਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਨਾਲ ਆਮ ਜਨਤਾ ਦੇ ਰੋਜ਼ਾਨਾ ਜੀਵਨ 'ਚ, ਸਕੂਲੀ ਬੱਚਿਆਂ ਦੇ ਸਕੂਲ ਜਾਣ, ਕਾਰੋਬਾਰੀ ਅਤੇ ਆਮ ਆਵਾਜਾਈ ਵਿੱਚ ਰੁਕਾਵਟ ਆ ਰਹੀ ਹੈ, ਜਿਸ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਵੱਲੋਂ ਇਸ ਮਸਲੇ ਨੂੰ ਹੱਲ ਕਰਨ ਲਈ ਜ਼ਰੂਰੀ ਕਦਮ ਚੁੱਕੇ ਜਾ ਰਹੇ ਹਨ। ਐਸ.ਡੀ.ਐਮ ਨੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਪਾਣੀ ਦੀ ਪਾਈਪਲਾਈਨ ਦੇ ਕੰਮ ਨੂੰ ਜਲਦ ਤੋਂ ਜਲਦ ਮੁਕੰਮਲ ਕੀਤਾ ਜਾਵੇ ਤਾਂ ਜੋ ਬੰਦ ਹੋਈ ਟ੍ਰੈਫਿਕ ਲੇਨ ਨੂੰ ਫਿਰ ਖੋਲ੍ਹਿਆ ਜਾ ਸਕੇ। ਐਸ.ਡੀ.ਐਮ. ਨੇ ਕੰਮ ਦੀ ਸਪੀਡ ਵਧਾਉਣ ਅਤੇ ਸਰਕਾਰੀ ਨਿਰਦੇਸ਼ਾਂ ਦਾ ਪਾਲਣਾ ਕਰਨ ਦੀ ਹਦਾਇਤ ਵੀ ਕੀਤੀ। ਐਸ ਡੀ ਐਮ ਨੇ ਕਿਹਾ ਕਿ ਸਰਕਾਰ ਇਲਾਕੇ ਦੇ ਲੋਕਾਂ ਦੀ ਸਹੂਲਤ ਲਈ ਹਰ ਸੰਭਵ ਕਦਮ ਚੁੱਕ ਰਹੀ ਹੈ। ਐਸ.ਡੀ.ਐਮ. ਨੇ ਅਧਿਕਾਰੀਆਂ ਨੂੰ ਸਖ਼ਤ ਹਦਾਇਤ ਕੀਤੀ ਕਿ ਪਾਈਪਲਾਈਨ ਦੇ ਕੰਮ ਦੀ ਨਿਗਰਾਨੀ ਸਖ਼ਤੀ ਨਾਲ ਕੀਤੀ ਜਾਵੇ ਅਤੇ ਕਿਸੇ ਵੀ ਤਰ੍ਹਾਂ ਦੀ ਦੇਰੀ ਨਾ ਕੀਤੀ ਜਾਵੇ। ਇਸ ਮੌਕੇ ਅਧਿਕਾਰੀਆਂ ਨੇ ਵੀ ਭਰੋਸਾ ਦਵਾਇਆ ਕਿ ਇਸ ਤਰ੍ਹਾਂ ਦੇ ਸਾਰੇ ਕੰਮ ਜਲਦੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪੂਰੇ ਕੀਤੇ ਜਾਣਗੇ ਤਾਂ ਜੋ ਲੋਕਾਂ ਨੂੰ ਆਰਾਮਦਾਇਕ ਜੀਵਨ ਦਿੱਤਾ ਜਾ ਸਕੇ। ਇਸ ਮੌਕੇ ਐਕਸੀਅਨ ਸੀਵਰੇਜ ਬੋਰਡ ਵਿਕਾਸ ਧਵਨ, ਐਸ.ਡੀ.ਓ. ਹਨੀਸ਼ ਕੁਮਾਰ, ਕੰਸਟਰਕਸ਼ਨ ਮੈਨੇਜਰ ਐਲ.ਐਂਡ.ਟੀ. ਟੋਰੈਂਟ ਗੈਸ ਦੇ ਪ੍ਰਤੀਨਿਧ ਸੰਜੀਵ ਸਿੰਘ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਸੜਕ ਹਾਦਸੇ 'ਚ ਜ਼ਖ਼ਮੀ

ਪਟਿਆਲਾ, 17 ਜੁਲਾਈ (ਵਿਨੋਦ ਸ਼ਰਮਾ) : ਥਾਣਾ ਅਨਾਜ ਮੰਡੀ ਪਟਿਆਲਾ ਪੁਲਿਸ ਕੋਲ ਰਜਿੰਦਰ ਸਿੰਘ ਪੁੱਤਰ ਹਰਨੇਕ ਸਿੰਘ ਵਾਸੀ ਫੱਗਣਮਾਜਰਾ ਨੇ ਕਾਰ ਦੇ ਡਰਾਈਵਰ ਹਰੀਪਾਲ ਸਿੰਘ ਵਾਸੀ ਪਿੰਡ ਚੰਨੂ ਥਾਣਾ ਲੰਬੀ ਜ਼ਿਲ੍ਹਾ ਮੁਕਤਸਰ ਸਾਹਿਬ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੇ ਚਾਚੇ ਦਾ ਲੜਕਾ ਲਖਵੀਰ ਸਿੰਘ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਬਾਰਨ ਪਾਸ ਜਾ ਰਿਹਾ ਸੀ, ਜਦੋਂ ਕਥਿਤ ਦੋਸ਼ੀ ਡਰਾਈਵਰ ਨੇ ਆਪਣੀ ਕਾਰ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਲਖਵੀਰ ਸਿੰਘ ਵਿੱਚ ਮਾਰੀ, ਜਿਸ ਕਾਰਨ ਉਸ ਦੇ ਕਾਫੀ ਸੱਟਾਂ ਲੱਗੀਆਂ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਗੱਜਣ ਸਿੰਘ 'ਆਪ' ਦੇ ਜ਼ਿਲ੍ਹਾ ਮੀਡੀਆ ਸਕੱਤਰ ਨਿਯੁਕਤ



ਪਟਿਆਲਾ, 17 ਜੁਲਾਈ (ਚ.ਨ.ਸ.) :ਗੱਜਣ ਸਿੰਘ ਜੋ ਕਿ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨਾਲ ਮੀਡੀਆ ਸਲਾਹਕਾਰ ਦੇ ਤੌਰ 'ਤੇ ਕੰਮ ਕਰ ਰਹੇ ਹਨ। ਉਨ੍ਹਾਂ ਨੂੰ ਆਮ ਆਦਮੀ ਪਾਰਟੀ ਵੱਲੋਂ ਜ਼ਿਲ੍ਹਾ ਪਟਿਆਲਾ ਦਾ ਮੀਡੀਆ ਸਕੱਤਰ ਨਿਯੁਕਤ ਕੀਤਾ ਹੈ। ਜ਼ਿਕਰਯੋਗ ਹੈ ਕਿ ਗੱਜਣ ਸਿੰਘ ਪੁਰਾਣੇ ਤਜਰਬੇਕਾਰ ਪ੍ਰੈਸ ਨਾਲ ਸਬੰਧਤ ਰਹੇ ਹਨ, ਉਹ ਪੰਜਾਬ ਰਾਜ ਬਿਜਲੀ ਬੋਰਡ ਤੋਂ ਡਿਪਟੀ ਡਾਇਰੈਕਟਰ ਲੋਕ ਸੰਪਰਕ ਰਿਟਾਇਰ ਹਨ, ਉਹਨਾਂ ਨੇ ਆਮ ਆਦਮੀ ਪਾਰਟੀ 2012 ਵਿੱਚ ਜੁਆਇਨ ਕੀਤੀ, ਲੰਬੇ ਸਮੇਂ ਤੋਂ ਪਾਰਟੀ ਨਾਲ ਜੁੜੇ ਹੋਏ ਹਨ। ਗੱਜਣ ਸਿੰਘ ਨੇ ਪਾਰਟੀ ਵੱਲੋਂ ਜ਼ਿਲ੍ਹੇ ਦਾ ਮੀਡੀਆ ਸਕੱਤਰ ਨਿਯੁਕਤ ਕਰਨ 'ਤੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਮਨੀਸ਼ ਸਿਸੋਦੀਆ ਪੰਜਾਬ ਦੇ ਇੰਚਾਰਜ ਅਤੇ ਡਾ. ਬਲਬੀਰ ਸਿੰਘ ਸਿਹਤ ਮੰਤਰੀ ਪੰਜਾਬ ਦਾ ਧੰਨਵਾਦ ਕੀਤਾ। ਇਸ ਦੇ ਨਾਲ ਹੀ ਮੀਡੀਆ ਮਾਲਵਾ ਈਸਟ ਜੋਨ ਦੇ ਇੰਚਾਰਜ ਹਰਪਾਲ ਜਨੇਜਾ, ਤੇਜਿੰਦਰ ਮਹਿਤਾ ਪਟਿਆਲਾ ਸ਼ਹਿਰੀ ਪ੍ਰਧਾਨ, ਸਿਹਤ ਮੰਤਰੀ ਦੇ ਆਫਿਸ ਇੰਚਾਰਜ ਜਸਵੀਰ ਸਿੰਘ ਗਾਂਧੀ ਅਤੇ ਈਸਟ ਜੋਨ ਮੀਡੀਆ ਸਕੱਤਰ ਮਹਿੰਦਰ ਮੋਹਨ ਸਿੰਘ ਦਾ ਵੀ ਧੰਨਵਾਦ ਕੀਤਾ।

## ਸੂਬੇ ਦੀ ਭਗਵੰਤ ਮਾਨ ਸਰਕਾਰ ਬਿਨ੍ਹਾਂ ਕਿਸੇ ਭੇਦ ਭਾਵ ਦੇ ਕਰ ਰਹੀ ਸੂਬੇ ਦਾ ਵਿਕਾਸ: ਬਰਾੜ



ਪਾਤੜਾਂ, 17 ਜੁਲਾਈ (ਹਰਮਿੰਦਰ ਕਰਤਾਰਪੁਰ): ਸੂਬੇ ਦੀ ਭਗਵੰਤ ਮਾਨ ਸਰਕਾਰ ਬਿਨ੍ਹਾਂ ਕਿਸੇ ਭੇਦ ਭਾਵ ਤੋਂ ਨਿਰਪੱਖਤਾ ਨਾਲ ਸੂਬੇ ਦਾ ਸਰਵਪੱਖੀ ਵਿਕਾਸ ਕਰਵਾਉਣ ਲਈ ਵਚਨਬੱਧ ਹੈ ਅਤੇ ਇਸ ਉਦੇਸ਼ ਦੀ ਪੂਰਤੀ ਹਿੱਤ ਹਰ ਵਿਧਾਨ ਸਭਾ ਹਲਕੇ ਅਧੀਨ ਆਉਂਦੇਸ਼ਹਿਰੀ ਤੇ ਦਿਹਾਤੀ ਖੇਤਰਾਂ ਵਿੱਚ ਵਿਕਾਸ ਕਾਰਜ ਪੂਰੇ ਜੰਗੀ ਪੱਧਰ ਉੱਪਰ ਕਰਵਾਏ ਜਾ ਰਹੇ ਹਨ। ਇਨ੍ਹਾਂ ਦਾ ਸ਼ਬਦਾਂ ਦਾ ਪ੍ਰਗਟਾਵਾ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਹਲਕਾ ਸ਼ੁਤਰਾਣਾ ਦੇ ਸੰਗਠਨ ਇੰਚਾਰਜ ਮਹਿੰਗਾ ਸਿੰਘ ਬਰਾੜ ਵੱਲੋਂ ਅੱਜ ਮਾਰਕੀਟ ਕਮੇਟੀ ਪਾਤੜਾਂ 'ਚ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ, ਪੰਜਾਬ ਦੀ ਅਜਿਹੀ ਪਹਿਲੀ ਸਰਕਾਰ ਹੈ, ਜਿਸ ਨੇ ਸਰਕਾਰੀ ਸਕੂਲਾਂ, ਹਸਪਤਾਲਾਂ ਅਤੇ ਨਹਿਰੀ ਰਜਬਾਹਿਆਂ ਦਾ ਨਵੀਨੀਕਰਨ ਕਰਵਾ ਕੇ ਸੂਬੇ ਦੇ ਲੋਕਾਂ ਨੂੰ ਵੱਡੀ ਸਹੂਲਤ ਦਿੱਤੀ ਹੈ ਤੇ ਕਿਸੇ ਵੀ ਸੂਬੇ ਦੀ ਪਹਿਚਾਣ ਉੱਥੋਂ ਦੇ ਲੋਕਾਂ ਦੀ ਸਿਹਤ, ਮਿਆਰੀ ਐਜੂਕੇਸ਼ਨ, ਪੀਣ ਵਾਲੇ ਸਾਫ ਸੁਥਰੇ ਪਾਣੀ ਨਾਲ ਹੁੰਦੀ ਹੈ ਤੇ ਇਹ ਸਾਰੀਆਂ ਸਹੂਲਤਾਂ ਸੂਬੇ ਦੀ ਭਗਵੰਤ ਮਾਨ ਸਰਕਾਰ ਵੱਲੋਂ ਲੋਕਾਂ ਨੂੰ ਪਹਿਲ ਦੇ ਆਧਾਰ ਉੱਪਰ ਮੁਹਈਆ ਕਰਵਾ ਦਿੱਤੀ ਗਈਆਂ ਹਨ। ਚੇਅਰਮੈਨ ਬਰਾੜ ਨੇ ਕਿਹਾ ਕਿ ਸੂਬੇ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਹਰ ਪਿੰਡ ਵਿੱਚ ਖੇਡ ਮੈਦਾਨ ਬਣਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਸਿਟੀ ਪਾਤੜਾਂ ਦੇ ਪ੍ਰਧਾਨ ਮਦਨ ਗੋਇਲ, ਪ੍ਰਧਾਨ ਪ੍ਰੀਤ ਗਿੱਲ,ਬੂਟਾ ਸਿੰਘ ਸ਼ੁਤਰਾਣਾ ਬਲਾਕ ਪ੍ਰਧਾਨ ਸ਼ੁਤਰਾਣਾ ਦਵਿੰਦਰ ਸਿੰਘ ਸੇਲਵਾਲਾ ਬਲਾਕ ਪ੍ਰਧਾਨ ਪਾਤੜਾਂ, ਕੁਲਦੀਪ ਸਿੰਘ ਥਿੰਦ, ਸਰਪੰਚ ਕਰਨੈਲ ਸਿੰਘ ਨਾਮਸੋਤ, ਡਾ. ਡੀਡੀ ਸਿੰਗਲਾ ਪ੍ਰਮੁੱਖ ਤੌਰ 'ਤੇ ਹਜ਼ਾਰ ਸਨ।

## ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਸਰਕਾਰ ਵੱਲੋਂ ਸਖ਼ਤ ਕਦਮ ਚੁੱਕੇ ਜਾ ਰਹੇ ਨੇ : ਦੇਵ ਮਾਨ



ਨਾਭਾ, 17 ਜੁਲਾਈ (ਬਲਜਿੰਦਰ ਮਾਨ) : ਨਾਭਾ ਬਲਾਕ ਦੇ ਪਿੰਡਾਂ ਵਿੱਚ , ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ,ਛੰਨਾਂ ਨੱਥੂਵਾਲੀਆ, ਖਿਜਰ ਪੁਰ ਅਤੇ ਝੰਬਾਲੀ ਖਾਸ ਵਿਖੇ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ ਨਾਭਾ ਨੇ ਪਹੁੰਚਕੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਾ ਮੁਕਤ ਪੰਜਾਬ ਕਰਨ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਜਿਸ ਤਹਿਤ ਪੰਜਾਬ ਪੁਲਿਸ ਵੱਲੋਂ ਨਸ਼ੇ ਦੇ ਸੁਦਾਗਰਾਂ ਨੂੰ ਫੜ ਕੇ ਜੇਲਾਂ ਵਿੱਚ ਭੇਜਿਆ ਜਾ ਰਿਹਾ ਹੈ ਅਤੇ ਜੋ ਵਿਅਕਤੀ ਨਸ਼ਾ ਛੱਡਣਾ ਚਾਹੁੰਦੇ ਹਨ ਉਨ੍ਹਾਂ ਨੂੰ ਨਸ਼ਾ ਮੁਕਤੀ ਕੇਂਦਰ ਵਿੱਚ ਦਾਖਲ ਕਰਵਾਇਆ ਜਾ ਰਿਹਾ ਹੈ। ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਦਾ ਸਾਥ ਦੇਣਾ ਚਾਹੀਦਾ ਹੈ। ਇਸ ਮੌਕੇ ਨਿਸ਼ਾਨ ਸਿੰਘ ਸੰਧੂ ਜ਼ਿਲ੍ਹਾ ਪ੍ਰਧਾਨ, ਇੰਦਰਜੀਤ ਸਿੰਘ ਸਿਆਲੂ ਯੂਥ ਪ੍ਰਧਾਨ ਘਨੌਰ, ਗੁਰਦੀਪ ਸਿੰਘ ਟਿਵਾਣਾ ਚੇਅਰਮੈਨ ਮਾਰਕੀਟ ਕਮੇਟੀ ਨਾਭਾ , ਗੁਰਦੀਪ ਸਿੰਘ ਦੀਪਾ ਰਾਮਗੜ੍ਹ ਚੇਅਰਮੈਨ ਮਾਰਕੀਟ ਕਮੇਟੀ ਭਾਦਸੋਂ , ਤੇਜਿੰਦਰ ਸਿੰਘ ਖਹਿਰਾ ਡਾਇਰੈਕਟਰ , ਸੰਤੋਖ ਸਿੰਘ ਸੂਬੇਦਾਰ, ਲੱਖੀ ਭਾਦਸੋਂ , ਸੁਰਿੰਦਰ ਕੌਰ ਸਰਪੰਚ , ਪ੍ਰਗਟ ਸਿੰਘ ਪੰਚ, ਗੁਰਚਰਨ ਸਿੰਘ ਪੰਚ, ਭੁਪਿੰਦਰ ਸਿੰਘ ਕੱਲਰ ਮਾਜਰੀ , ਦਲਜੀਤ ਸਿੰਘ ਰਾਇਮਲ ਮਾਜਰੀ , ਨਿਰਭੈ ਸਿੰਘ ਘੁੰਡਰ, ਭੁਪਿੰਦਰ ਸਿੰਘ ਸਰਪੰਚ , ਦਲਵੀਰ ਸਿੰਘ ਸਰਪੰਚ ਅਤੇ ਵੱਡੀ ਗਿਣਤੀ ਵਿੱਚ ਅਹੁਦੇਦਾਰ ਅਤੇ ਪਿੰਡ ਵਾਸੀ ਮੌਜੂਦ ਸਨ।

## ਨਸ਼ਿਆਂ ਦਾ ਜੜ੍ਹ ਤੋਂ ਖ਼ਾਤਮਾ ਕਰਨ ਲਈ ਹਰੇਕ ਪਿੰਡ ਵਾਸੀ ਨਸ਼ਾ ਵਿਰੋਧੀ ਮੁਹਿੰਮ ਦਾ ਹਿੱਸਾ ਬਣੇ : ਡਾ. ਬਲਬੀਰ ਸਿੰਘ



ਨਾਭਾ, 17 ਜੁਲਾਈ (ਗੁਰਚਰਨ ਸਿੰਘ ਚੌਧਰੀਮਾਜਰਾ) : ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸੂਬੇ ਭਰ ਵਿੱਚ ਚੱਲ ਰਹੀ ਨਸ਼ਾ ਮੁਕਤੀ ਯਾਤਰਾ ਦਾ ਦੂਜਾ ਪੜਾਅ ਪਟਿਆਲਾ ਜ਼ਿਲ੍ਹੇ 'ਚ ਸ਼ੁਰੂ ਹੋ ਗਿਆ ਹੈ, ਜਿਸ ਦੀ ਅਗਵਾਈ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਜਾਗਰੂਕਤਾ ਪ੍ਰੋਗਰਾਮ 'ਚ ਸ਼ਿਰਕਤ ਕਰਕੇ ਕੀਤੀ ਗਈ।ਪਟਿਆਲਾ ਜ਼ਿਲ੍ਹੇ ਦੇ ਪਿੰਡ ਨਵਾਂ ਫ਼ਤਿਹਪੁਰ, ਧਨੌਰੀ, ਧਨੌਰਾ ਤੇ ਦਿਆਗੜ੍ਹ ਪਿੰਡਾਂ ਦੇ ਲੋਕਾਂ ਨੂੰ ਨਸ਼ਿਆਂ ਖ਼ਿਲਾਫ਼ ਲਾਮਬੰਦ ਕਰਨ ਲਈ ਪੁੱਜੇ ਡਾ. ਬਲਬੀਰ ਸਿੰਘ ਨੇ ਕਿਹਾ ਕਿ ਨਸ਼ਿਆਂ ਦਾ ਜੜ੍ਹ ਤੋਂ ਖ਼ਾਤਮਾ ਕਰਨ ਲਈ ਹਰੇਕ ਪਿੰਡ ਵਾਸੀ ਨਸ਼ਿਆਂ ਖ਼ਿਲਾਫ਼ ਵਿੱਢੀ ਇਸ ਲੜਾਈ ਦਾ ਹਿੱਸਾ ਬਣਕੇ ਨਸ਼ਿਆਂ ਦਾ ਖ਼ਾਤਮਾ ਕਰਨ ਲਈ ਆਪਣਾ ਯੋਗਦਾਨ ਪਾਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਲਈ ਹਰੇਕ ਖੇਤਰ ਵਿੱਚ ਕ੍ਰਾਂਤੀਕਾਰੀ ਕਦਮ ਉਠਾਏ ਜਾ ਰਹੇ ਹਨ, ਇਸ ਲੜੀ ਤਹਿਤ ਨਸ਼ਿਆਂ ਦੇ ਕੋਹੜ ਦਾ ਖ਼ਾਤਮਾ ਕਰਨ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਰੰਗਲਾ ਪੰਜਾਬ ਬਣਨ ਲਈ ਨਸ਼ਿਆਂ ਦੇ ਕੋਹੜ ਦਾ ਜੜ੍ਹ ਤੋਂ ਖ਼ਾਤਮਾ ਜ਼ਰੂਰੀ ਹੈ। ਪਿੰਡ ਵਾਸੀਆਂ ਨੂੰ ਨਸ਼ਿਆਂ ਖ਼ਿਲਾਫ਼ ਇੱਕਜੁੱਟ ਹੋਣ ਦੀ ਸਹੁੰ ਚੁਕਾਉਂਦਿਆਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਹ ਲੜਾਈ ਸਾਡੀਆਂ ਆਉਣ ਵਾਲੀਆਂ ਪੀੜ੍ਹੀ ਦੇ ਸੁਰੱਖਿਅਤ ਭਵਿੱਖ ਦੀ ਲੜਾਈ ਹੈ, ਇਸ 'ਚ ਹਰੇਕ ਵਿਅਕਤੀ ਆਪਣਾ ਬਣਦਾ ਯੋਗਦਾਨ ਪਾਵੇ। ਉਨ੍ਹਾਂ ਹਾਜ਼ਰੀਨ ਨੂੰ ਅਪੀਲ ਕੀਤੀ ਕਿ ਨਸ਼ਿਆਂ ਦੇ ਆਦੀ ਵਿਅਕਤੀਆਂ ਦਾ ਨਸ਼ਾ ਛੁਡਵਾਉਣ ਲਈ ਉਨ੍ਹਾਂ ਨੂੰ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਲਿਆਂਦਾ ਜਾਵੇ। ਇਸ ਮੌਕੇ ਡੀ.ਐਸ.ਪੀ ਮਨੋਜ ਗੋਰਸੀ, ਡੀ.ਡੀ.ਪੀ.ਓ ਮਹਿੰਦਰਪਾਲ ਸਿੰਘ, ਬੀ.ਡੀ.ਪੀ.ਓ. ਬਲਜੀਤ ਸਿੰਘ ਸੋਹੀ, ਜੈ ਸ਼ੰਕਰ, ਹਰਪਾਲ ਸਿੰਘ ਵਿਰਕ ਸਮੇਤ ਵੱਡੀ ਗਿਣਤੀ ਪਿੰਡ ਵਾਸੀ ਮੌਜੂਦ ਸਨ।

### ਮਾਮਲਾ ਕਰੰਟ ਲੱਗਣ ਨਾਲ ਤਿੰਨ ਭੈਣਾਂ ਦੀ ਮੌਤ ਦਾ

## ਤਿੰਨੋਂ ਭੈਣਾਂ ਨੂੰ ਕਬਰਸਤਾਨ 'ਚ ਦਫਨਾਇਆ



ਸਮਾਣਾ, 17 ਜੁਲਾਈ (ਵਿਜੇ ਕੁਮਾਰ) : ਪਾਤੜਾਂ ਸ਼ਹਿਰ ਵਿੱਚ ਬੀਤੇ ਦਿਨੀਂ ਬਿਜਲੀ ਦਾ ਕਰੰਟ ਲੱਗਣ ਕਾਰਨ ਮੌਤ ਦੇ ਮੂੰਹ ਪਈਆਂ ਮੁਹੰਮਦ ਫਖਰੂਦੀਨ (ਵਾਸੀ ਬਿਹਾਰ) ਦੀਆਂ ਧੀਆਂ, ਤਿੰਨੋਂ ਮਾਸੂਮ ਸਕੀਆਂ ਭੈਣਾਂ ਨਗਮਾ ਖਾਤੂਨ (7), ਰੁਖਸਾਰ ਖਾਤੂਨ (5) ਅਤੇ ਖੁਸ਼ੀ ਖਾਤੂਨ (3) ਦੀਆਂ ਦੇਹਾਂ ਦਾ ਸਿਵਲ ਹਸਪਤਾਲ ਸਮਾਣਾ ਵਿੱਚ ਪੋਸਟਮਾਰਟਮ ਤੋਂ ਬਾਅਦ ਅੰਤਿਮ ਸਸਕਾਰ ਲਈ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤਾ ਗਿਆ। ਮ੍ਰਿਤਕ ਬੱਚੀਆਂ ਨੂੰ ਜੀਉਨਪੁਰਾ ਰੋਡ ਪਾਤੜਾਂ 'ਤੇ ਬਣੇ ਕਬਰਿਸਤਾਨ ਵਿੱਚ ਦਫਨਾ ਦਿੱਤਾ ਗਿਆ। ਇਸ ਮੌਕੇ ਪੁਲਿਸ ਅਤੇ ਪ੍ਰਸ਼ਾਸਨ ਦੇ ਅਧਿਕਾਰੀਆਂ ਤੋਂ ਇਲਾਵਾ ਸ਼ਹਿਰ ਦੇ ਪਤਵੰਤੇ ਵੀ ਮੌਜੂਦ ਸਨ। ਜ਼ਿਕਰਯੋਗ ਹੈ ਕਿ ਬੁੱਧਵਾਰ ਦੁਪਹਿਰ ਤੋਂ ਬਾਅਦ ਭਾਰੀ ਬਰਸਾਤ ਦੌਰਾਨ ਮਾਤਾ-ਪਿਤਾ ਦੀ ਗੈਰ-ਮੌਜੂਦਗੀ ਵਿੱਚ ਪਲਾਟ ਦੇ ਕਮਰੇ ਵਿੱਚ ਮੌਜੂਦ ਤਿੰਨੋਂ ਬੱਚੀਆਂ ਫਰਾਟਾ ਪੱਖੇ ਦੀ ਤਾਰ ਤੋਂ ਲੱਗੇ ਕਰੰਟ ਦੀ ਲਪੇਟ ਵਿੱਚ ਆਉਣ ਨਾਲ ਮੌਤ ਹੋ ਗਈਆਂ ਸਨ।

### ਨਸ਼ੇ ਕਰਨ ਦੇ ਆਦੀ ਵਿਅਕਤੀ ਵਿਰੁੱਧ ਮਾਮਲਾ ਦਰਜ

ਪਟਿਆਲਾ, 17 ਜੁਲਾਈ (ਵਿਨੋਦ ਸ਼ਰਮਾ) : ਥਾਣਾ ਲਾਹੋਰੀ ਗੇਟ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਵਿਸ਼ਾਲ ਕੁਮਾਰ ਵਾਸੀ ਗੋਪਾਲ ਕਲੋਨੀ ਨੇੜੇ ਗਊਸ਼ਾਲਾ ਵਿਰੁੱਧ ਧਾਰਾ 27, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਐਸ.ਆਈ ਚੈਨਸੁੱਖ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਦੋਰਾਨੇ ਗਸ਼ਤ ਪਰ ਸੀ, ਜੋ ਦੇਖਿਆ ਕਿ ਪੁਰਾਣੀ ਬੰਦ ਪਈ ਟੁੱਟੀ ਹੋਈ ਪਾਣੀ ਵਾਲੀ ਟੈਂਕੀ ਪਾਸ ਖੜ੍ਹੇ ਕਥਿਤ ਦੋਸ਼ੀ ਨੇ ਪੁਲਿਸ ਪਾਰਟੀ ਨੂੰ ਦੇਖ ਆਪਣੀ ਜੇਬ ਵਿੱਚੋਂ ਕੋਈ ਗੋਲੀ ਨੁਮਾ ਚੀਜ਼ ਕੱਢ ਕੇ ਮੂੰਹ ਵਿੱਚ ਪਾ ਲਈ, ਜੋ ਦੋਰਾਨੇ ਪੁਛਗਿੱਛ ਦੋਸ਼ੀ ਨੇ ਦੱਸਿਆ ਕਿ ਉਹ ਨਸ਼ੇ ਕਰਨ ਦਾ ਆਦੀ ਹੈ ਅਤੇ ਹੁਣ ਹੀ ਨਸ਼ੇ ਦੀ ਗੋਲੀ ਖਾਈ ਹੈ।

## ਨਿਸ਼ਾਨ ਸਿੰਘ ਸੰਧੂ ਦਾ ਜ਼ਿਲ੍ਹਾ ਪ੍ਰਧਾਨ ਬਣਨ 'ਤੇ ਵਿਧਾਇਕ ਦੇਵ ਮਾਨ ਵੱਲੋਂ ਸਨਮਾਨ



ਨਾਭਾ, 17 ਜੁਲਾਈ (ਬਲਜਿੰਦਰ ਮਾਨ) : ਪੰਜਾਬ ਦੇ ਨੌਜਵਾਨਾਂ ਨੂੰ ਰਾਜਨੀਤੀ ਵਿੱਚ ਅੱਗੇ ਲਿਆਉਣ ਲਈ ਆਮ ਆਦਮੀ ਪਾਰਟੀ ਵੱਲੋਂ ਮਿਹਨਤੀ ਵਰਕਰਾਂ ਨੂੰ ਅਹੁਦੇ ਦੇ ਕੇ ਸਨਮਾਨ ਕੀਤਾ ਜਾ ਰਿਹਾ ਹੈ । ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ ਨਾਭਾ ਵੱਲੋਂ ਨਵ ਨਿਯੁਕਤ ਯੂਥ ਜ਼ਿਲ੍ਹਾ ਦਿਹਾਤੀ ਪ੍ਰਧਾਨ ਨਿਸ਼ਾਨ ਸਿੰਘ ਸੰਧੂ ਦਾ ਵਿਧਾਇਕ ਦਫਤਰ ਨਾਭਾ ਵਿਖੇ ਸਨਮਾਨ ਕਰਨਾ ਉਪਰੰਤ ਕੀਤਾ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਹਰ ਮਿਹਨਤ ਕਰਨ ਵਾਲੇ ਵਿਅਕਤੀ ਨੂੰ ਅਹੁਦਿਆਂ ਨਾਲ ਨਿਵਾਜਿਆ ਜਾ ਰਿਹਾ ਹੈ ਆਉਣ ਵਾਲੇ ਦਿਨਾਂ ਵਿੱਚ ਹਲਕਾ ਨਾਭਾ ਦੇ ਯੂਥ ਆਗੂਆਂ ਨੂੰ ਅਹੁਦਿਆਂ ਨਾਲ ਨਿਵਾਜਿਆ ਜਾਵੇਗਾ। ਇਸ ਮੌਕੇ ਉਹਨਾਂ ਦੇ ਨਾਲ ਇੰਦਰਜੀਤ ਸਿੰਘ ਸਿਆਲੂ ਯੂਥ ਪ੍ਰਧਾਨ ਘਨੌਰ , ਗੁਰਦੀਪ ਸਿੰਘ ਟਿਵਾਣਾ ਚੇਅਰਮੈਨ ਮਾਰਕੀਟ ਕਮੇਟੀ ਨਾਭਾ , ਗੁਰਦੀਪ ਸਿੰਘ ਦੀਪਾ ਰਾਮਗੜ੍ਹ ਚੇਅਰਮੈਨ ਮਾਰਕੀਟ ਕਮੇਟੀ ਭਾਦਸੋਂ , ਤੇਜਿੰਦਰ ਸਿੰਘ ਖਹਿਰਾ ਡਾਇਰੈਕਟਰ ਯੂਥ ਡਿਵੈਲਪਮੈਂਟ ਬੋਰਡ, ਭੁਪਿੰਦਰ ਸਿੰਘ ਕੱਲਰ ਮਾਜਰੀ, ਦਿਲਜੀਤ ਸਿੰਘ ਰੈਮਿਲ ਮਾਜਰੀ, ਭੁਪਿੰਦਰ ਸਿੰਘ ਸਰਪੰਚ ਕਕਰਾਲਾ, ਦਲਵੀਰ ਸਿੰਘ ਸਰਪੰਚ ਗੁਜਰਹੇੜੀ, ਜਸਵੀਰ ਸਿੰਘ ਵਜੀਦਪੁਰ , ਮਨਪ੍ਰੀਤ ਸਿੰਘ ਕਾਲੀਆ, ਗੁਰਚਰਨ ਸਿੰਘ ਲੁਹਾਰ ਮਾਜਰਾ, ਹਰਮੀਕ ਸਿੰਘ ਬਾਜਵਾ, ਰਣਜੀਤ ਸਿੰਘ ਆਗੂ ਮੌਜੂਦ ਸਨ ।

## ਹਿਊਮਨ ਸਰਵਿਸ ਸੁਸਾਇਟੀ ਦੇ ਦਫ਼ਤਰ 'ਚ ਹੋਈ ਮੀਟਿੰਗ




ਪਟਿਆਲਾ, 17 ਜੁਲਾਈ (ਚ.ਨ.ਸ.) : ਹਿਊਮਨ ਸਰਵਿਸ ਸੁਸਾਇਟੀ ਦੇ ਮੁੱਖ ਦਫਤਰ ਨਸ਼ੇ ਖਿਲਾਫ ਵਿਸ਼ੇਸ਼ ਸਪੈਸ਼ਲ ਸੈਲ ਦੇ ਇੰਚਾਰਜ ਪਵਨ ਕੁਮਾਰ ਸ਼ਰਮਾ ਤੇ ਪੰਜਾਬ ਪ੍ਰਧਾਨ ਜਤਿੰਦਰ ਸ਼ਰਮਾ ਦੀ ਅਗਵਾਈ ਹੇਠ ਮੀਟਿੰਗ ਕੀਤੀ ਗਈ, ਜਿਸ ਵਿੱਚ ਨਸ਼ੇ ਦੇ ਮਾੜੇ ਪ੍ਰਭਾਵਾਂ ਦੀ ਜਾਣਕਾਰੀ ਦਿੱਤੀ ਗਈ ਤੇ ਅਗਰ ਕੋਈ ਨਸ਼ਾ ਕਰਨ ਦਾ ਮਰੀਜ ਹੈ ਉਸ ਦਾ ਮੁਫਤ ਇਲਾਜ ਕਰਵਾਇਆ ਜਾਵੇਗਾ। ਅਗਰ ਕੋਈ ਵੀ ਨਸ਼ਾ ਵੇਚਦਾ ਹੈ। ਉਸ ਦੀ ਜਾਣਕਾਰੀ ਦਿੱਤੀ ਜਾਵੇ ਉਹਨਾਂ ਦੇ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਾ ਸਮਗਲਰਾਂ ਦੀ ਸੂਚਨਾ ਪੁਲਿਸ ਨੂੰ ਦੇਣ ਲਈ ਅੱਗੇ ਆਉਣ ਤਾਂ ਹੀ ਅਸੀਂ ਪੰਜਾਬ ਨੂੰ ਨਸ਼ਾ ਮੁਕਤ ਬਣਾ ਸਕਾਂਗੇ। ਇਸ ਮੌਕੇ ਚੇਅਰਪ੍ਰਸਨ ਵਰਸ਼ਾ ਗੋਇਲ, ਪ੍ਰਿੰਸੀਪਲ ਅਨੀਤਾ ਗੋਲਡੀ ਵਾਲਿਆ ਬੋਕਸਰ ਸੂਰਜ ਸ਼ਰਮਾ ਕ੍ਰਿਸ਼ਨਾ ਪ੍ਰਧਾਨ ਰਾਜੇਸ਼ਵਰ ਰਾਮਪਾਲ ਨੰਦਾ ਦਵਿੰਦਰ ਸਿੰਘ ਚੱਡਾ ਤੋ ਹਰ ਪੰਤਵਤੇ ਸੱਜਣ ਮੌਜੂਦ ਰਹੇ।

## ਸਰਕਾਰੀ ਸਵੀਮਿੰਗ ਪੂਲ 'ਤੇ 15 ਲੱਖ ਖਰਚ ਕਰਕੇ ਅਤਿ ਆਧੁਨਿਕ ਸਹੂਲਤਾਂ ਨਾਲ ਲੈਸ ਕੀਤਾ ਜਾਵੇਗਾ: ਡੀ.ਸੀ.



ਪਟਿਆਲਾ, 17 ਜੁਲਾਈ (ਰੁਪਾਣਾ) : ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਪਟਿਆਲਾ ਦੇ ਸਰਕਾਰੀ ਸਵੀਮਿੰਗ ਪੂਲ 'ਤੇ ਪੰਜਾਬ ਸਰਕਾਰ 15 ਲੱਖ ਰੁਪਏ ਖਰਚ ਕਰਕੇ ਇਸ ਨੂੰ ਅਤਿ ਆਧੁਨਿਕ ਸਹੂਲਤਾਂ ਨਾਲ ਲੈਸ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸੰਬੰਧੀ ਟੈਂਡਰ ਜਾਰੀ ਹੋ ਚੁੱਕਾ ਹੈ, ਜਲਦੀ ਹੀ ਵਿਕਾਸ ਕਾਰਜ ਸ਼ੁਰੂ ਹੋ ਜਾਣਗੇ। ਡਿਪਟੀ ਕਮਿਸ਼ਨਰ ਇੱਥੇ ਨਗਰ ਨਿਗਮ ਦਫ਼ਤਰ ਦੇ ਬਿਲਕੁਲ ਸਾਹਮਣੇ ਸਥਿਤ ਸਰਕਾਰੀ ਸਵੀਮਿੰਗ ਪੂਲ ਵਿਖੇ ਮਾਧਵ ਕੇ. ਆਰ. ਜੀ. ਲਿਮਟਿਡ ਮੰਡੀ ਗੋਬਿੰਦਗੜ੍ਹ ਵੱਲੋਂ ਇੱਥੋਂ ਦੇ ਖਿਡਾਰੀਆਂ ਦੀ ਸਹੂਲਤ ਲਈ ਸਥਾਪਿਤ ਕੀਤੇ ਗਏ ਵਾਟਰ ਕੂਲਰ ਅਤੇ ਆਰ. ਓ. ਦਾ ਉਦਘਾਟਨ ਕਰਨ ਤੋਂ ਬਾਅਦ ਆਯੋਜਿਤ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ 15 ਲੱਖ ਰੁਪਏ ਦੇ ਨਾਲ ਲੜਕੀਆਂ ਅਤੇ ਲੜਕਿਆਂ ਦੇ ਵੱਖ ਵੱਖ ਵਾਸ਼ਰੂਮ ਅਤੇ ਇਕ ਨਵਾਂ ਹਾਲ ਬਣਾਇਆ ਜਾਵੇਗਾ। ਇਸ ਤੋਂ ਇਲਾਵਾ ਜ਼ਰੂਰਤ ਅਨੁਸਾਰ ਹੋਰ ਸਹੂਲਤਾਂ ਇਸ ਪੂਲ ਨੂੰ ਮੁਹੱਈਆ ਕਰਵਾਈਆਂ ਜਾਣਗੀਆਂ।ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਲਈ ਖੇਡਾਂ ਦੇ ਖੇਤਰ ਵਿਚ ਵੱਡੇ ਪੱਧਰ 'ਤੇ ਕਾਰਜ ਕੀਤੇ ਜਾ ਰਹੇ ਹਨ। ਇਸ ਦੌਰਾਨ ਉਨ੍ਹਾਂ ਨੇ ਸਵੀਮਿੰਗ ਪੂਲ ਕੰਪਲੈਕਸ ਦਾ ਦੌਰਾ ਕੀਤਾ ਅਤੇ ਕੋਚਾਂ ਨਾਲ ਗੱਲਬਾਤ ਕੀਤੀ।ਡਿਪਟੀ ਕਮਿਸ਼ਨਰ ਨੇ ਮਾਧਵ ਕੇ. ਆਰ. ਜੀ. ਲਿਮਟਿਡ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੇ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਹੁਣ ਪੰਜਾਬ ਦਾ ਭਲਾ ਚਾਹੁਣ ਵਾਲੇ ਲੋਕ, ਸਮਾਜਿਕ ਸੰਸਥਾਵਾਂ ਅਤੇ ਉਦਯੋਗ ਜਗਤ ਵੀ ਸਰਕਾਰ ਦੇ ਲੋਕ ਕਲਿਆਣ ਦੇ ਕੰਮਾਂ ਵਿਚ ਭਾਗੀਦਾਰ ਬਣ ਰਿਹਾ ਹੈ, ਜੋ ਕਿ ਸੂਬੇ ਲਈ ਬਹੁਤ ਹੀ ਸ਼ੁਭ ਸੰਕੇਤ ਹੈ। ਉਨ੍ਹਾਂ ਕਿਹਾ ਕਿ ਸਰਕਾਰ ਸਿੱਖਿਆ, ਸਿਹਤ ਅਤੇ ਸਪੋਰਟਸ ਦੇ ਖੇਤਰ ਵਿਚ ਵੱਡੇ ਪੱਧਰ 'ਤੇ ਕਾਰਜ ਕਰ ਰਹੀ ਹੈ। ਮੁੱਖ ਮੰਤਰੀ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਪਿੰਡਾਂ ਵਿਚ ਵੱਡੇ ਪੱਧਰ 'ਤੇ ਖੇਤ ਸਟੇਡੀਅਮ ਉਸਾਰੇ ਜਾਣਗੇ ਤਾਂ ਜੋ ਪੰਜਾਬ ਦੇ ਨੌਜਵਾਨਾਂ ਨੂੰ ਪਿੰਡ ਪੱਧਰ 'ਤੇ ਹੀ ਖੇਡ ਸਹੂਲਤਾਂ ਮਿਲ ਸਕਣ।ਉਨ੍ਹਾਂ ਕਿਹਾ ਕਿ ਪਟਿਆਲਾ ਸ਼ਹਿਰ ਸਪੋਰਟਸ ਦਾ ਵੱਡਾ ਕੇਂਦਰ ਹੈ। ਇਸ ਨੂੰ ਹੋਰ ਵਿਕਸਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਸਵੀਮਿੰਗ ਪੂਲ ਵਿਚ ਸਵੀਮਿੰਗ ਦੀ ਤਿਆਰੀ ਕਰ ਰਹੀਆਂ ਲੜਕੀਆਂ ਅਤੇ ਲੜਕਿਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਪੂਲ ਵਿੱਚੋਂ ਤੈਰਾਕੀ ਸਿੱਖ ਕੇ ਬੱਚੇ ਨੈਸ਼ਨਲ ਪੱਧਰ 'ਤੇ ਮੈਡਲ ਹਾਸਲ ਕਰ ਰਹੇ ਹਨ, ਜੋ ਕਿ ਪਟਿਆਲਾ ਲਈ ਮਾਣ ਵਾਲੀ ਗੱਲ ਹੈ।ਇਸ ਮੌਕੇ ਮਾਧਵ ਕੇ. ਆਰ. ਜੀ. ਲਿਮਟਿਡ ਵਲੋਂ ਪਹੁੰਚੇ ਸੀ. ਏ. ਰਾਜੀਵ ਗੋਇਲ ਨੇ ਕਿਹਾ ਕਿ ਉਨ੍ਹਾਂ ਦਾ ਗਰੁੱਪ ਇਸ ਤਰ੍ਹਾਂ ਦੇ ਸੇਵਾ ਕਾਰਜ ਕਰਦਾ ਰਹਿੰਦਾ ਹੈ। ਮਾਧਵ ਕੇ. ਆਰ. ਜੀ. ਵੱਲੋਂ ਸੀ. ਐਸ. ਆਰ. ਤਹਿਤ ਵੱਡੇ ਪੱਧਰ 'ਤੇ ਸੇਵਾ ਕਾਰਜ ਕੀਤੇ ਜਾ ਰਹੇ ਹਨ। ਇਸ ਮੌਕੇ ਪਟਿਆਲਾ ਜ਼ਿਲਾ ਸਵੀਮਿੰਗ ਐਸੋਸੀਏਸ਼ਨ ਦੇ ਸਕੱਤਰ ਸੰਦੀਪ ਕੌਰ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਵੀ ਦਿੱਤਾ ਗਿਆ। ਇਸ ਮੌਕੇ ਸਵੀਮਿੰਗ ਕੋਚ ਰਾਜਪਾਲ ਸਿੰਘ ਚਹਿਲ, ਰਾਜ ਕੁਮਾਰ ਰਾਜੂ, ਦੇਵ ਸ਼ਰਮਾ, ਜ਼ਿਲ੍ਹਾ ਸਵੀਮਿੰਗ ਐਸੋਸੀਏਸ਼ਨ ਦੇ ਪ੍ਰਧਾਨ ਮਹਿੰਦਰ ਸਿੰਘ ਸਿੱਧੂ, ਚੇਅਰਮੈਨ ਉਪਕਾਰ ਸਿੰਘ, ਜਨਰਲ ਸਕੱਤਰ ਸੰਦੀਪ ਕੌਰ, ਅਨੰਤਪਾਲ ਸਿੰਘ, ਗੁਰਪ੍ਰੀਤ ਸਿੰਘ, ਰਵਿੰਦਰਪਾਲ ਸਿੰਘ, ਅਸ਼ੋਕ ਸ਼ਰਮਾ ਸਾਬਕਾ ਡਿਪਟੀ ਡਾਇਰੈਕਟਰ ਸਪੋਰਟਸ ਅਥਾਰਟੀ ਆਫ ਇੰਡੀਆ, ਸੁੰਦਰ ਸ਼ਰਮਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਸਵੀਮਿੰਗ ਸਿੱਖਣ ਵਾਲੇ ਬੱਚੇ ਅਤੇ ਉਨ੍ਹਾਂ ਦੇ ਮਾਪੇ ਹਾਜ਼ਰ ਸਨ।

## ਕਿਸਾਨ ਕਾਂਗਰਸ ਦੀ ਮੀਟਿੰਗ 'ਚ ਅਹਿਮ ਵਿਚਾਰਾਂ



ਨਾਭਾ, 17 ਜੁਲਾਈ (ਬਲਜਿੰਦਰ ਮਾਨ) : ਪੰਜਾਬ ਪ੍ਰਧਾਨ ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹਰਵਿੰਦਰ ਸਿੰਘ ਖਨੌੜਾ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਅਤੇ ਸਤਵਿੰਦਰ ਸਿੰਘ ਬਿੱਟੂ ਪ੍ਰਧਾਨ, ਕਿਸਾਨ ਕਾਂਗਰਸ ਪਟਿਆਲਾ, ਦੀ ਰਹਿਨੁਮਾਈ ਹੇਠ ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਦਿਹਾਤੀ ਦੇ ਦਫਤਰ ਵਿਖੇ ਕਿਸਾਨ ਕਾਂਗਰਸ ਜ਼ਿਲ੍ਹਾ ਪਟਿਆਲਾ ਦੀ ਮੀਟਿੰਗ ਹੋਈ, ਜਿਸ ਵਿੱਚ ਸੀਨੀਅਰ ਕਾਂਗਰਸੀ ਅਤੇ ਕਿਸਾਨ ਕਾਂਗਰਸ ਦੇ ਸੀਨੀਅਰ, ਗੁਰਸ਼ਰਨ ਕੌਰ ਰੰਧਾਵਾ, ਰਸ਼ਪਾਲ ਸਿੰਘ ਜੋੜੇਮਾਜਰਾ, ਜੋਗਿੰਦਰ ਸਿੰਘ ਕਾਕੜਾ, ਗੌਰਵ ਸੰਧੂ, ਯਾਦਵਿੰਦਰ ਧਨੌਰੀ, ਰਤਨਜੀਤ ਜਾਹਲਾ, ਸਤਵਿੰਦਰ ਸਿੰਘ (ਸ਼ੈਲੀ), ਹਨੀ ਵੜੈਚ, ਰੇਖਾ ਗਰਵਾਲ, ਦੀਦਾਰ ਦੌਣ ਕਲਾ, ਬਲਦੇਵ ਰਾਜ ਬੱਤਾ, ਯਾਦਵਿੰਦਰ ਢੀਡਸਾ ਤੋਂ ਇਲਾਵਾ ਬੂਟਾ ਸਿੰਘ ਸਨੌਰ, ਹਰਪਾਲ ਸਿੰਘ ਸਮਾਣਾ, ਗੁਰਮੁਖ ਸਿੰਘ ਭੂੰਨਰੇੜੀ, ਸੁਖਜੀਤ ਰਾਜਪੁਰਾ, ਗੁਰਵਿੰਦਰ ਭੰਗੂ ਪਸਿਆਣਾ, ਅਮਰਜੀਤ ਸਿੰਘ, ਧਰਮਿੰਦਰ ਸਿੰਘ, ਪ੍ਰਭੂ ਜੋਤ ਸਿੰਘ, ਅਮਰਜੀਤ ਸਿੰਘ, ਬਲਾਕ ਪ੍ਰਧਾਨ ਜਿਲਾ ਕਿਸਾਨ ਕਾਂਗਰਸ ਦੇ ਅਹੁਦੇਦਾਰ ਸਾਹਿਬਾਨ ਨੇ ਵਿਸ਼ੇਸ਼ ਤੌਰ ਤੇ ਇਸ ਮੀਟਿੰਗ ਵਿੱਚ ਸ਼ਿਰਕਤ ਕੀਤੀ ਅਤੇ ਆਉਣ ਵਾਲੇ ਸਮੇਂ ਸਤਿਕਾਰਯੋਗ ਸੁਖਪਾਲ ਸਿੰਘ ਖੈਹਿਰਾ ਪ੍ਰਧਾਨ ਆਲ ਇੰਡੀਆ ਕਿਸਾਨ ਕਾਂਗਰਸ ਅਤੇ ਕਿਰਨਜੀਤ ਮਿੱਠਾ, ਪ੍ਰਧਾਨ ਕਿਸਾਨ ਕਾਂਗਰਸ ਪੰਜਾਬ ਦੀ ਅਗਵਾਈ ਵਿੱਚ ਕਿਸਾਨ ਕਾਂਗਰਸ ਅਤੇ ਪੰਜਾਬ ਵਿੱਚ ਕਾਂਗਰਸ ਪਾਰਟੀ ਨੂੰ ਹੋਰ ਮਜਜ਼ਬੂਤ ਕਰਨ ਵਿਚਾਰ ਕੀਤੀ, ਅਤੇ ਇਸ ਮੌਕੇ ਕਿਸਾਨ ਕਾਂਗਰਸ ਵੱਲੋਂ ਭਰੋਸਾ ਦਵਾਇਆ ਗਿਆ ਕੀ ਉਹ ਕਾਂਗਰਸ ਪਾਰਟੀ ਦੀ ਚੜ੍ਹਦੀਕਲਾ ਲਈ ਦਿਨ ਰਾਤ ਇੱਕ ਕਰਕੇ ਕੰਮ ਕਰਨਗੇ ।